PANJAB TIMES £2

# ਪੰਜਾਬ ਟਾਈਮਜ਼

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

3rd - 10th October 2024 • Issue No. 3050

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

## ਸਿੰਘ ਸਭਾ ਡਰਬੀ ਵਿਖੇ ਐਮ ਪੀ ਤਨਮਨਜੀਤ ਸਿੰਘ ਢੇਸੀ ਦੇ ਯਤਨਾਂ ਸਦਕਾ 10ਵੀਂ ਯੂ ਕੇ ਗੱਤਕਾ ਚੈਂਪੀਅਨਸ਼ਿਪ ਵਿੱਚ ਯੂ ਕੇ ਦੇ 9 ਗਤਕਾ ਅਖਾੜਿਆਂ ਦੇ ਗਤਕਾ ਬਾਜ਼ਾਂ ਨੇ ਗਤਕੇ ਦੇ ਜੌਹਰ ਦਿਖਾਏ














ਹੋਰ ਤਸਵੀਰਾਂ ਅੰਦਰ ਪੰਨਾ 2 'ਤੇ



ਤਸਵੀਰਾਂ: ਮਨਪ੍ਰੀਤ ਸਿੰਘ ਬੱਧਨੀ ਕਲਾਂ

# ਗਤਕਾ ਫੈਡਰੇਸ਼ਨ ਯੂ ਕੇ ਦੇ ਪ੍ਰਧਾਨ ਤੇ ਐਮ ਪੀ ਸ: ਤਨਮਨਜੀਤ ਸਿੰਘ ਢੇਸੀ ਵੱਲੋਂ ਸਿੰਘ ਸਭਾ ਗੁਰਦੁਆਰਾ ਡਰਬੀ ਦੇ ਸਹਿਯੋਗ ਨਾਲ ਕਰਵਾਈ ਗਈ 10ਵੀਂ ਗਤਕਾ ਚੈਂਪੀਅਨਸ਼ਿੱਪ ਵਿੱਚ ਭਾਗ ਲੈਣ ਵਾਲੇ ਗਤਕਾ ਅਖਾੜਿਆਂ ਦੀ ਹੌਸਲਾ ਅਫ਼ਜ਼ਾਈ ਲਈ ਦਿੱਤੇ ਵਿਸ਼ੇਸ਼ ਇਨਾਮ

ਇਸ ਮੌਕੇ ਪਹੁੰਚੇ 9 ਗੱਤਕਾ ਅਖਾੜਿਆਂ ਬਾਬਾ ਬੰਦਾ ਸਿੰਘ ਬਹਾਦਰ ਅਖਾੜਾ ਡਰਬੀ, ਦਮਦਮੀ ਟਕਸਾਲ ਅਖਾੜਾ ਡਰਬੀ, ਅਕਾਲੀ ਫੂਲਾ ਸਿੰਘ ਅਖਾੜਾ ਕਾਵੈਂਟਰੀ, ਅਕਾਲੀ ਬਾਬਾ ਅਜੀਤ ਸਿੰਘ ਅਖਾੜਾ ਮਾਨਚੈਸਟਰ, ਬਾਬਾ ਫਤਹਿ ਸਿੰਘ ਅਖਾੜਾ ਗਰੇਵਜੈਂਡ, ਬਾਬਾ ਫਤਹਿ ਸਿੰਘ ਅਖਾੜਾ ਵੂਲਿਚ, ਅਕਾਲੀ ਬਾਬਾ ਅਜੀਤ ਸਿੰਘ ਅਖਾੜਾ ਵਰਿੰਗਟਨ, ਬਾਬਾ ਫ਼ਤਹਿ ਸਿੰਘ ਅਖਾੜਾ ਲੇਟਨ, ਅਕਾਲ ਪੁਰਖ ਕੀ ਫੌਜ ਅਖਾੜਾ ਸਾਊਥੈਂਪਟਨ ਦੇ ਸਿੱਖ ਨੌਜਵਾਨਾਂ ਅਤੇ ਬੀਬੀਆਂ ਨੇ ਖਾਲਸਾਈ ਪ੍ਰੰਪਰਾਵਾਂ ਮੁਤਾਬਿਕ ਜੌਹਰ ਵਿਖਾਏ



# ਹੁਣ ਜਾਂ ਤਾਂ ਈਰਾਨ ਰਹੇਗਾ ਜਾਂ ਇਜ਼ਰਾਈਲ..ਯੁਧ ਤੇਜ ਹੋਣ ਦੀ ਸੰਭਾਵਨਾ

***ਨੇਤਨਯਾਹੂ ਨੇ ਕਿਹਾ- ਇਹ ਗਲਤੀ ਈਰਾਨ ਨੂੰ ਪਵੇਗੀ ਭਾਰੀ**
***ਟਰੰਪ ਅਨੁਸਾਰ .ਵਿਸ਼ਵ ਯੁੱਧ ਛਿੜਨ ਦੀਆਂ ਸੰਭਾਵਨਾਵਾਂ**






ਯਰੂਸ਼ਲਮ: ਕਿਸੇ ਵੀ ਸਮੇਂ ਇਜ਼ਰਾਈਲ ਅਤੇ ਈਰਾਨ ਵਿਚਕਾਰ ਇੱਕ ਵੱਡੀ ਜੰਗ ਛਿੜ ਸਕਦੀ ਹੈ। ਈਰਾਨ ਨੇ ਇਜ਼ਰਾਈਲ 'ਤੇ ਕਈ ਮਿਜ਼ਾਈਲ ਹਮਲੇ ਕੀਤੇ, ਜਿਸ ਤੋਂ ਬਾਅਦ ਹੁਣ ਇਜ਼ਰਾਈਲ ਨੇ ਜਵਾਬੀ ਕਾਰਵਾਈ ਕਰਨ ਦਾ ਅਹਿਦ ਲਿਆ ਹੈ। ਈਰਾਨੀ ਹਮਲੇ ਦੇ ਬਾਅਦ ਨੇਤਨਯਾਹੂ ਨੇ ਸੁਰੱਖਿਆ ਮੰਤਰੀ ਮੰਡਲ ਦੀ ਬੈਠਕ ਦੌਰਾਨ ਕਿਹਾ ਕਿ ਈਰਾਨ ਨੇ ਵੱਡੀ ਗਲਤੀ ਕੀਤੀ ਹੈ ਅਤੇ ਉਸ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ।

ਇਸ ਤੋਂ ਪਹਿਲਾਂ ਇਜ਼ਰਾਈਲ ਡਿਫੈਂਸ ਫੋਰਸਿਜ਼ (ਆਈ.ਡੀ.ਐੱਫ.) ਦੇ ਬੁਲਾਰੇ ਡੇਨੀਅਲ ਹਾਗਰੀ ਨੇ ਕਿਹਾ ਕਿ ਈਰਾਨ ਦਾ ਹਮਲਾ ਗੰਭੀਰ ਅਤੇ ਖਤਰਨਾਕ ਗਲਤੀ ਹੈ। ਉਸ ਨੂੰ ਨਤੀਜੇ ਭੁਗਤਣੇ ਪੈਣਗੇ। ਇਜ਼ਰਾਈਲ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੁਣ ਅਸੀਂ ਈਰਾਨ ਨੂੰ ਆਪਣੇ ਤਰੀਕੇ ਨਾਲ ਜਵਾਬ ਦੇਵਾਂਗੇ।

ਇਜ਼ਰਾਈਲ ਮੁਤਾਬਕ ਤੇਲ ਅਵੀਵ 'ਚ ਹੋਏ ਹਮਲੇ ਵਿਚ ਦੋ ਲੋਕ ਜ਼ਖਮੀ ਹੋਏ ਹਨ ਅਤੇ ਉੱਤਰੀ ਹਿੱਸੇ 'ਚ ਇਕ ਇਮਾਰਤ ਨੂੰ ਨੁਕਸਾਨ ਪਹੁੰਚਿਆ ਹੈ।

ਇਜ਼ਰਾਈਲ ਦੇ ਚੈਨਲ 13 ਟੀਵੀ ਦੀਆਂ ਖ਼ਬਰਾਂ ਨੇ ਦੱਸਿਆ ਕਿ ਈਰਾਨ ਤੋਂ ਘੱਟੋ-ਘੱਟ 200 ਬੈਲਿਸਟਿਕ ਮਿਜ਼ਾਈਲਾਂ ਦਾਗੀਆਂ ਗਈਆਂ, ਜਿਸ ਨਾਲ ਦੇਸ਼ ਭਰ ਵਿੱਚ ਸਾਇਰਨ ਵੱਜੇ ਅਤੇ ਲੱਖਾਂ ਵਸਨੀਕਾਂ ਨੂੰ ਪਨਾਹ ਲਈ ਭੇਜ ਦਿੱਤਾ ਗਿਆ। ਫੌਜ ਨੇ ਕਿਹਾ ਕਿ ਜ਼ਿਆਦਾਤਰ ਮਿਜ਼ਾਈਲਾਂ ਨੂੰ ਤਬਾਹ ਕਰ ਦਿੱਤਾ ਗਿਆ ਸੀ, ਪਰ ਦੇਸ਼ ਭਰ ਵਿੱਚ ਕਈ ਵੱਡੇ ਧਮਾਕਿਆਂ ਦੀ ਆਵਾਜ਼ ਸੁਣੀ ਗਈ ਸੀ।

ਇਸ ਦੌਰਾਨ ਇਜ਼ਰਾਈਲ ਦੇ ਰੱਖਿਆ ਮੰਤਰੀ ਯੋਵ ਗੈਲੈਂਟ ਨੇ ਕਿਹਾ ਕਿ ਅਸੀਂ ਈਰਾਨ ਦੀ ਇਸ ਗਲਤੀ ਨੂੰ ਮਾਫ ਨਹੀਂ ਕਰਾਂਗੇ। ਉਨ੍ਹਾਂ ਕਿਹਾ ਕਿ ਹੁਣ ਜਾਂ ਤਾਂ ਈਰਾਨ ਰਹੇਗਾ ਜਾਂ ਇਜ਼ਰਾਈਲ ਰਹੇਗਾ, ਹੁਣ ਈਰਾਨ ਨੂੰ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ।

### ਕਈ ਦੇਸ਼ਾਂ ਨੇ ਉਡਾਣਾਂ ਰੱਦ ਕਰ ਦਿੱਤੀਆਂ ਹਨ

ਇਜ਼ਰਾਈਲ 'ਚ ਅਜੇ ਤੱਕ ਕਿਸੇ ਜਾਨੀ ਨੁਕਸਾਨ ਦੀ ਕੋਈ ਤੁਰੰਤ ਰਿਪੋਰਟ ਨਹੀਂ ਹੈ। ਇਜ਼ਰਾਈਲ ਦੀ ਏਅਰਪੋਰਟ ਅਥਾਰਟੀ ਨੇ ਇੱਕ ਬਿਆਨ ਜਾਰੀ ਕਰਕੇ ਦੇਸ਼ ਦੇ ਹਵਾਈ ਖੇਤਰ ਨੂੰ ਬੰਦ ਕਰਨ ਦੀ ਘੋਸ਼ਣਾ ਕੀਤੀ, ਆਉਣ ਵਾਲੀਆਂ ਉਡਾਣਾਂ ਨੂੰ ਦੂਜੇ ਦੇਸ਼ਾਂ ਵੱਲ ਮੋੜਿਆ ਜਾ ਰਿਹਾ ਹੈ।

ਸਿਨਹੂਆ ਨਿਊਜ਼ ਏਜੰਸੀ ਦੀ ਰਿਪੋਰਟ ਮੁਤਾਬਕ ਗੁਆਂਢੀ ਦੇਸ਼ਾਂ ਜੌਰਡਨ ਅਤੇ ਇਰਾਕ ਨੇ ਵੀ ਸੁਰੱਖਿਆ ਚਿੰਤਾਵਾਂ ਦੇ ਕਾਰਨ ਉਡਾਣਾਂ ਲਈ ਆਪਣੇ ਹਵਾਈ ਖੇਤਰ ਨੂੰ ਅਸਥਾਈ ਤੌਰ 'ਤੇ ਬੰਦ ਕਰਨ ਅਤੇ ਹਵਾਈ ਆਵਾਜਾਈ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ ਹੈ।

### ਇਜ਼ਰਾਈਲ ਨੇ ਇਸ ਤਰ੍ਹਾਂ ਰੋਕੀ ਇਰਾਨ ਤੋਂ ਆਉਣ ਵਾਲੀ ਤਬਾਹੀ,

ਈਰਾਨ ਦੇ ਅਜਿਹੇ ਵੱਡੇ ਹਮਲੇ ਨੂੰ ਨਾਕਾਮ ਕਰਨ ਦਾ ਸਿਹਰਾ ਇਜ਼ਰਾਈਲ ਦੀ ਹਵਾਈ ਰੱਖਿਆ ਪ੍ਰਣਾਲੀ ਨੂੰ ਜਾਂਦਾ ਹੈ। ਸੋਸ਼ਲ ਮੀਡੀਆ 'ਤੇ ਕਈ ਵੀਡੀਓਜ਼ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ। ਇਨ੍ਹਾਂ ਵੀਡੀਓਜ਼ 'ਚ ਇਜ਼ਰਾਈਲ ਦੀ ਹਵਾਈ ਰੱਖਿਆ ਪ੍ਰਣਾਲੀ ਈਰਾਨੀ ਮਿਜ਼ਾਈਲਾਂ ਨੂੰ ਅਸਮਾਨ ਵਿਚ ਤਬਾਹ ਕਰ ਰਹੀ ਹੈ। ਹਾਲਾਂਕਿ, ਰੱਖਿਆ ਪ੍ਰਣਾਲੀ ਵੀ ਕੁਝ ਮਿਜ਼ਾਈਲਾਂ ਨੂੰ ਰੋਕ ਨਹੀ ਸਕਿਆ।ਇਜ਼ਰਾਈਲ ਦੇ ਸਰਗਰਮ ਆਇਰਨ ਡਾਨ ਅਤੇ ਐਰੋ-3 ਇੰਟਰਸੈਪਟਰ ਏਅਰ ਡਿਫੈਂਸ ਸਿਸਟਮ ਨੇ ਈਰਾਨੀ ਮਿਜ਼ਾਈਲਾਂ ਨੂੰ ਹਵਾ ਵਿਚ ਹੀ ਤਬਾਹ ਕਰ ਦਿੱਤਾ। ਇਸ ਤੋਂ ਇਲਾਵਾ ਅਮਰੀਕਾ ਨੇ ਈਰਾਨ ਦੀਆਂ ਕਈ ਮਿਜ਼ਾਈਲਾਂ ਨੂੰ ਡੇਗਣ ਵਿੱਚ ਵੀ ਇਜ਼ਰਾਈਲ ਦੀ ਮਦਦ ਕੀਤੀ।

### ਇਜ਼ਰਾਈਲੀ ਹਵਾਈ ਰੱਖਿਆ ਸਿਸਟਮ

**ਆਇਰਨ ਡੋਮ:** ਆਇਰਨ ਡੋਮ ਘੱਟ ਦੂਰੀ ਦੀਆਂ ਮਿਜ਼ਾਈਲਾਂ ਨੂੰ ਨਸ਼ਟ ਕਰਨ ਦੇ ਸਮਰੱਥ ਹੈ। ਇਸ ਪ੍ਰਣਾਲੀ ਦੀ ਮਦਦ ਨਾਲ ਇਜ਼ਰਾਈਲ 4-70 ਕਿਲੋਮੀਟਰ ਦੀ ਰੇਂਜ ਵਾਲੇ ਰਾਕੇਟ ਅਤੇ ਮਿਜ਼ਾਈਲਾਂ ਨੂੰ ਹਵਾ ਵਿਚ ਤਬਾਹ ਕਰ ਦਿੰਦਾ ਹੈ।

**ਡੇਵਿਡ ਸਲਿੰਗ:** ਇਸ ਰੱਖਿਆ ਪ੍ਰਣਾਲੀ ਵਿੱਚ ਮੱਧ ਦੂਰੀ ਦੀਆਂ ਮਿਜ਼ਾਈਲਾਂ ਅਤੇ ਰਾਕੇਟਾਂ ਨੂੰ ਹਵਾ ਵਿੱਚ ਹੀ ਨਸ਼ਟ ਕਰਨ ਦੀ ਤਾਕਤ ਹੈ। ਜੇਕਰ ਕੋਈ ਮਿਜ਼ਾਈਲ 40 ਤੋਂ 300 ਕਿਲੋਮੀਟਰ ਦੀ ਦੂਰੀ ਤੋਂ ਲਾਂਚ ਕੀਤੀ ਜਾਂਦੀ ਹੈ ਤਾਂ ਇਹ ਏਅਰ ਡਿਫੈਂਸ ਸਿਸਟਮ ਉਸ ਨੂੰ ਹਵਾ 'ਚ ਹੀ ਡੇਗ ਕਰਨ ਵਿਚ ਸਮਰੱਥ ਹੈ।

**ਐਰੋ-3 ਇੰਟਰਸੈਪਟਰ:** ਇਹ ਪ੍ਰਣਾਲੀ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਨੂੰ ਬੇਅਸਰ ਕਰ ਸਕਦੀ ਹੈ। ਜੇ 2,400 ਕਿਲੋਮੀਟਰ ਦੀ ਦੂਰੀ ਤੋਂ ਮਿਜ਼ਾਈਲ ਦਾਗੀ ਜਾਂਦੀ ਹੈ ਤਾਂ ਇਜ਼ਰਾਈਲ ਇਸ ਸਿਸਟਮ ਦੀ ਮਦਦ ਨਾਲ ਉਸ ਨੂੰ ਰੋਕਦਾ ਹੈ

### ਯੁੱਧ ਨੂੰ ਲੈ ਕੇ ਬਾਇਡੇਨ 'ਤੇ ਵਰ੍ਹੇ

ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਜ਼ਰਾਈਲ ਅਤੇ ਈਰਾਨ ਵਿਚਾਲੇ ਵਧਦੇ ਸੰਘਰਸ਼ ਨੂੰ ਲੈ ਕੇ ਬਾਇਡੇਨ ਅਤੇ ਕਮਲਾ ਹੈਰਿਸ 'ਤੇ ਤਿੱਖਾ ਹਮਲਾ ਕੀਤਾ। ਉਸ ਨੇ ਇਸ ਜੰਗ ਦੀ ਤੁਲਨਾ ਸਕੂਲ ਦੇ ਮੈਦਾਨ ਵਿੱਚ ਲੜ ਰਹੇ ਦੋ ਬੱਚਿਆਂ ਨਾਲ ਕੀਤੀ। ਉਨ੍ਹਾਂ ਕਿਹਾ ਕਿ ਈਰਾਨ ਵੱਲੋਂ ਮੰਗਲਵਾਰ ਨੂੰ ਇਜ਼ਰਾਈਲ 'ਤੇ ਰਾਕੇਟ ਹਮਲੇ ਵਰਗੀਆਂ ਘਟਨਾਵਾਂ ਕਦੇ ਨਹੀਂ ਵਾਪਰਨੀਆਂ ਚਾਹੀਦੀਆਂ ਸਨ ਅਤੇ ਅਮਰੀਕਾ ਨੂੰ ਵੀ ਸਹੀ ਭੂਮਿਕਾ ਨਿਭਾਉਣੀ ਚਾਹੀਦੀ ਸੀ।

ਅਮਰੀਕੀ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਉਮੀਦਵਾਰ ਟਰੰਪ ਨੇ ਕਿਹਾ ਕਿ ਇਹ ਵਾਕਈ ਬੁਰਾ ਹੈ ਪਰ ਇਹ ਵਿਵਾਦ ਹੁਣ ਖਤਮ ਹੋ ਜਾਣਾ ਚਾਹੀਦਾ ਹੈ। ਟਰੰਪ ਨੇ ਕਿਹਾ ਕਿ ਇਸ ਨੂੰ ਸਕੂਲ ਦੇ ਮੈਦਾਨ ਵਿਚ ਲੜ ਰਹੇ ਦੋ ਬੱਚਿਆਂ ਵਾਂਗ ਸਮਝਣਾ ਹੋਵੇਗਾ, ਜਿਨ੍ਹਾਂ ਨੂੰ ਕਈ ਵਾਰ ਤੁਹਾਨੂੰ ਕੁਝ ਸਮੇਂ ਲਈ ਇਕ ਪਾਸੇ ਛੱਡਣਾ ਪੈਂਦਾ ਹੈ।

### ਇਹ ਜੰਗ ਆਸਾਨੀ ਨਾਲ ਰੁਕਣ ਵਾਲੀ ਨਹੀਂ

ਟਰੰਪ ਨੇ ਕਿਹਾ ਕਿ ਇਹ ਭਿਆਨਕ ਜੰਗ ਹੈ। ਉਨ੍ਹਾਂ ਕਿਹਾ ਕਿ ਇਹ ਕੰਮ ਆਸਾਨੀ ਨਾਲ ਰੁਕਣ ਵਾਲਾ ਨਹੀਂ ਹੈ। ਟਰੰਪ ਨੇ ਕਿਹਾ ਕਿ ਅਮਰੀਕਾ ਨੂੰ ਹੁਣ ਮੱਧ ਪੂਰਬ ਵਿਚ ਧਿਆਨ ਵਧਾਉਣਾ ਹੋਵੇਗਾ।

### ਬਾਇਡੇਨ ਦੇ ਕਾਰਨ ਵਿਸ਼ਵਵਿਆਪੀ ਤਬਾਹੀ ਦਾ ਖ਼ਤਰਾ

ਹਮਲੇ ਤੋਂ ਤੁਰੰਤ ਬਾਅਦ, ਟਰੰਪ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਅਤੇ ਕਮਲਾ ਹੈਰਿਸ ਦੀ ਆਲੋਚਨਾ ਕੀਤੀ ਅਤੇ ਸਥਿਤੀ ਨੂੰ "ਗਲੋਬਲ ਤਬਾਹੀ ਦੇ ਬਹੁਤ ਨੇੜੇ" ਦੱਸਿਆ। ਸਾਬਕਾ ਰਾਸ਼ਟਰਪਤੀ ਨੇ ਕਿਹਾ ਕਿ ਮੈਂ ਲੰਬੇ ਸਮੇਂ ਤੋਂ ਤੀਜੇ ਵਿਸ਼ਵ ਯੁੱਧ ਬਾਰੇ ਗੱਲ ਕਰ ਰਿਹਾ ਹਾਂ ਅਤੇ ਮੈਂ ਭਵਿੱਖਬਾਣੀ ਨਹੀਂ ਕਰਨਾ ਚਾਹੁੰਦਾ ਕਿਉਂਕਿ ਭਵਿੱਖਬਾਣੀਆਂ ਹਮੇਸ਼ਾ ਸੱਚ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਦੁਨੀਆ ਤਬਾਹੀ ਦੇ ਬਹੁਤ ਨੇੜੇ ਹੈ।

ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਜਦੋਂ ਉਹ ਅਮਰੀਕੀ ਰਾਸ਼ਟਰਪਤੀ ਸਨ ਤਾਂ ਮੱਧ ਪੂਰਬ ਵਿੱਚ ਕੋਈ ਜੰਗ ਨਹੀਂ ਹੋਈ ਸੀ ਅਤੇ "ਈਰਾਨ ਪੂਰੀ ਤਰ੍ਹਾਂ ਕੰਟਰੋਲ ਵਿੱਚ ਸੀ।

### ਕੀ ਲਿਖਦੀ ਰਸ਼ੀਅਨ ਸਰਕਾਰੀ ਅਖਬਾਰ ਇਰਾਨ ਨੇ ਇਜਰਾਈਲ ਵਲੋਂ ਹਮਲਾ ਕਿਉਂ ਕੀਤਾ

ਰੂਸ ਇਰਾਨ ਦੇ ਹਕ ਵਿਚ ਹੈ।ਉਹ ਅਮਰੀਕਾ ਇਜਰਾਈਲ ਵਿਰੁਧ ਹੈ।ਉਸਦੀ ਸਰਕਾਰੀ ਅਖ਼ਬਾਰ ਰਟੀ ਨਟਏਰਨਓਟਿਨ-ਓਲ ਵਿਚ ਪ੍ਰਮੁਖਤਾ ਨਾਲ ਇਰਾਨ ਦਾ ਬਿਆਨ ਛਾਪਿਆ ਹੈ।ਈਰਾਨ ਨੇ ਦਾਅਵਾ ਕੀਤਾ ਹੈ ਕਿ ਮਿਜ਼ਾਈਲ ਹਮਲੇ ਗਾਜ਼ਾ ਅਤੇ ਲੇਬਨਾਨ ਵਿੱਚ ਇਜਰਾਈਲ ਡੀਫੈਂਸ ਦੁਆਰਾ ਕੀਤੇ ਗਏ "ਨਸਲਕੁਸ਼ੀ" ਦਾ ਜਵਾਬ ਸਨ।

ਪੰਜਾਬ ਟਾਈਮਜ ਦਾ ਪਖ ਹੈ ਕਿ ਇਜਰਾਈਲ ਇਰਾਨ ਦੇ ਹਮਲੇ ਦਾ ਜੁਆਬ ਦੇਣ ਲਈ ਉਤਾਰੂ ਹੈ।ਇਹ ਜੰਗ ਰੂਸ ਤੇ ਯੂਕਰੇਨ ਵਾਂਗ ਲੰਬੀ ਖਿਚੀ ਜਾ ਸਕਦੀ ਹੈ।ਕਿਉਂ ਜੰਗ ਵਿਚ ਹਾਰ ਜਿਤ ਕਦੇ ਨਹੀਂ ਹੁੰਦੀ।ਆਮ ਲੋਕਾਂ ਦਾ ਨੁਕਸਾਨ ਹੁੰਦਾ ਹੈ।ਮੌਤ ਦੇ ਵਪਾਰੀ ਕਾਰਪੋਰੇਟ ਜੋ ਮਨੁੱਖਤਾ ਦੇ ਖੂਨ ਦੇ ਪਿਆਸੇ ਹਨ ਉਹ ਹੋਰ ਧਨਾਢ ਹੁੰਦੇ ਹਨ।ਕਾਰਪੋਰੇਟ ਅਜਿਹੇ ਨਾਗ ਹਨ ਜੋ ਧਨ ਨਾਲ ਲਿਪਟੇ ਰਹਿੰਦੇ ਆਮ ਲੋਕਾਂ ਨੂੰ ਡੰਗਦੇ ਰਹਿੰਦੇ ਹਨ।ਇਹ ਜੰਗ ਦੀ ਕਹਾਣੀ ਵੀ ਅਜਿਹੀ ਹੈ। ਸਤਿਗੁਰੂ ਅਮਰਦਾਸ ਜੀ ਦਾ ਹੁਕਮ ਹੈ।

ਮ: ੩ ॥ ਮਾਇਆ ਹੋਈ ਨਾਗਨੀ,
ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ,
ਤਿਸ ਹੀ ਕਉ ਫਿਰਿ ਖਾਇ ॥

(ਸ਼੍ਰਘਘਸ਼ 510)

# 'ਪੰਜਾਬ 95' ਫ਼ਿਲਮ 'ਤੇ 120 ਕੱਟ ਲਗਾਉਣ ਨੂੰ ਲੈ ਕੇ ਜਥੇਦਾਰ ਰਘਬੀਰ ਸਿੰਘ ਵਲੋਂ ਸਖਤ ਇਤਰਾਜ਼

## ✪ ਸੈਂਸਰ ਬੋਰਡ ਦਾ ਇਕਪਾਸੜ ਤੇ ਟੀਰਾ ਨਜਰੀਆ






ਅੰਮ੍ਰਿਤਸਰ-ਭਾਈ ਜਸਵੰਤ ਸਿੰਘ ਖਾਲੜਾ 'ਤੇ ਬਣਾਈ ਗਈ ਬਾਓਪਿਕ ਦਲਜੀਤ ਦੌਸਾਂਝ ਦੀ 'ਪੰਜਾਬ 95 ਫ਼ਿਲਮ' 'ਤੇ ਸੈਂਸਰ ਬੋਰਡ ਵੱਲੋਂ 120 ਸੀਨਜ਼ 'ਤੇ ਕੱਟ ਲਗਾਏ ਗਏ ਹਨ। ਉਥੇ ਹੀ ਸੈਂਸਰ ਬੋਰਡ ਵੱਲੋਂ 'ਪੰਜਾਬ 95' ਫ਼ਿਲਮ 'ਤੇ 120 ਕੱਟ ਲਗਾਉਣ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਵਿਚ ਸਿੱਖਾਂ ਨਾਲ ਬੇਇਨਸਾਫ਼ੀ ਹੋ ਰਹੀ ਹੈ। ਉਨ੍ਹਾਂ ਕੰਗਨਾ ਰਣੌਤ ਦੀ ਫ਼ਿਲਮ 'ਐਮਰਜੈਂਸੀ' ਦਾ ਜ਼ਿਕਰ ਕਰਦਿਆਂ ਕਿਹਾ ਕਿ ਕੰਗਨਾ ਰੌਣਤ ਦੀ ਫ਼ਿਲਮ 'ਤੇ ਇੰਨੇ ਕੱਟ ਨਹੀਂ ਲਗਾਏ ਸਨ, ਜਿੰਨੇ 'ਪੰਜਾਬ 95' ਫ਼ਿਲਮ 'ਤੇ ਲਗਾਏ ਗਏ ਹਨ।

ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਜਸਵੰਤ ਸਿੰਘ ਖਾਲੜਾ ਨੇ ਸਿੱਖ ਕੌਮ ਲਈ ਬਹੁਤ ਵੱਡਾ ਕੰਮ ਕੀਤਾ ਹੈ। ਭਾਈ ਜਸਵੰਤ ਸਿੰਘ ਖਾਲੜਾ ਇਕ ਸੱਚਾਈ ਹਨ। ਜਸਵੰਤ ਸਿੰਘ ਖਾਲੜਾ ਉਹ ਸ਼ਖਸੀਅਤ ਸਨ, ਜਿਨ੍ਹਾਂ ਨੇ ਕਾਲੇ ਦੌਰ ਸਮੇਂ 25 ਹਜ਼ਾਰ ਲਾਸ਼ਾਂ ਨੂੰ ਲੱਭ ਕੇ ਉਨ੍ਹਾਂ ਦੇ ਵਾਰਸਾਂ ਹਵਾਲੇ ਕੀਤੀਆਂ ਸਨ ਅਤੇ ਉਨ੍ਹਾਂ ਦੀ ਪਛਾਣ ਜ਼ਾਹਰ ਕੀਤੀ ਸੀ।

ਜ਼ਿਕਰਯੋਗ ਹੈ ਕਿ ਦਿਲਜੀਤ ਦੋਸਾਂਝ ਦੀ ਆਉਣ ਵਾਲੀ ਫ਼ਿਲਮ 'ਪੰਜਾਬ 95' ਲੰਬੇ ਸਮੇਂ ਤੋਂ ਵਿਵਾਦਾਂ 'ਚ ਘਿਰੀ ਹੋਈ ਹੈ। ਫ਼ਿਲਮ 'ਚ ਦਿਲਜੀਤ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦਾ ਕਿਰਦਾਰ ਨਿਭਾਉਣ ਜਾ ਰਹੇ ਹਨ, ਜਿਸ ਨੇ 1984-1994 ਦੌਰਾਨ ਪੰਜਾਬ ਵਿਦਰੋਹ ਦੌਰਾਨ ਸਿੱਖ ਨੌਜਵਾਨਾਂ ਦੇ ਲਾਪਤਾ ਹੋਣ ਅਤੇ ਕਤਲ ਦੀ ਜਾਂਚ ਕੀਤੀ ਸੀ। ਸੰਵੇਦਨਸ਼ੀਲ ਮੁੱਦਿਆਂ ਦੇ ਕਾਰਨ ਸੈਂਸਰ ਬੋਰਡ ਨੇ ਫਿਲਮ ਵਿੱਚ 85 ਕੱਟਾਂ ਦੀ ਮੰਗ ਕੀਤੀ ਸੀ, ਹਾਲਾਂਕਿ ਹੁਣ ਰਿਵਾਈਜ਼ਡ ਕਮੇਟੀ ਨੇ 85 ਨਹੀਂ, ਸਗੋਂ 120 ਕੱਟਾਂ ਦਾ ਹੁਕਮ ਦਿੱਤਾ ਹੈ। ਕਮੇਟੀ ਨੂੰ ਫਿਲਮ ਦੇ ਟਾਈਟਲ ਨੂੰ ਲੈ ਕੇ ਵੀ ਸਮੱਸਿਆ ਹੈ, ਜਿਸ 'ਚ ਬਦਲਾਅ ਦੀ ਮੰਗ ਕੀਤੀ ਗਈ ਹੈ।

ਸੈਂਸਰ ਬੋਰਡ ਦੀ ਨਵੀਂ ਕਮੇਟੀ ਨੇ ਫਿਲਮ ਨਿਰਮਾਤਾਵਾਂ ਨੂੰ ਫਿਲਮ ਦੇ ਉਨ੍ਹਾਂ ਸਾਰੇ ਦ੍ਰਿਸ਼ਾਂ ਵਿਚ ਬਦਲਾਅ ਕਰਨ ਦੇ ਹੁਕਮ ਦਿੱਤੇ ਹਨ, ਜਿੱਥੇ ਪੰਜਾਬ ਅਤੇ ਇਸ ਦੇ ਜ਼ਿਲ੍ਹਾ ਤਰਨਤਾਰਨ ਦਾ ਜ਼ਿਕਰ ਕੀਤਾ ਗਿਆ ਹੈ। ਫਿਲਮ ਵਿੱਚ ਵਿਖਾਏ ਗਏ ਕੈਨੇਡਾ ਅਤੇ ਯੂ. ਕੇ. ਦੇ ਹਵਾਲੇ ਹਟਾਉਣ ਦੀ ਵੀ ਮੰਗ ਕੀਤੀ ਗਈ ਹੈ।

ਫ਼ਿਲਮ ਦਾ ਟਾਈਟਲ 'ਪੰਜਾਬ 95' ਰੱਖਿਆ ਗਿਆ ਹੈ। ਜਸਵੰਤ ਸਿੰਘ ਖਾਲੜਾ ਸਾਲ 1995 ਵਿੱਚ ਲਾਪਤਾ ਹੋ ਗਏ ਸਨ, ਇਸ ਲਈ ਸੈਂਸਰ ਬੋਰਡ ਕਮੇਟੀ ਨੇ ਸਿਰਲੇਖ ਬਦਲਣ ਦੀ ਮੰਗ ਕੀਤੀ ਸੀ। ਇਸ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ। ਕਮੇਟੀ ਮੰਗ ਕਰਦੀ ਹੈ ਕਿ ਫ਼ਿਲਮ ਦੇ ਮੁੱਖ ਕਿਰਦਾਰ ਜਸਵੰਤ ਸਿੰਘ ਖਾਲੜਾ ਦਾ ਨਾਂ ਵੀ ਬਦਲਿਆ ਜਾਵੇ। ਫਿਲਮ ਵਿੱਚੋਂ ਗੁਰਬਾਣੀ ਦੇ ਦ੍ਰਿਸ਼ ਵੀ ਹਟਾਉਣ ਲਈ ਕਿਹਾ।

ਖ਼ਬਰਾਂ ਮੁਤਾਬਕ ਫ਼ਿਲਮ ਨਿਰਮਾਤਾਵਾਂ ਨੇ ਸੈਂਸਰ ਬੋਰਡ ਵੱਲੋਂ ਕਹੇ ਗਏ ਬਦਲਾਅ 'ਤੇ ਇਤਰਾਜ਼ ਜਤਾਇਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਸਵੰਤ ਸਿੰਘ ਖਾਲੜਾ ਪੰਜਾਬ ਦੇ ਸਤਿਕਾਰਤ ਵਿਅਕਤੀ ਸਨ, ਜਿਨ੍ਹਾਂ 'ਤੇ ਇਹ ਫ਼ਿਲਮ ਬਣੀ ਹੈ। ਅਜਿਹੇ 'ਚ ਉਨ੍ਹਾਂ ਦਾ ਨਾਂ ਫ਼ਿਲਮ ਤੋਂ ਹਟਾਉਣਾ ਗਲਤ ਹੋਵੇਗਾ। ਤੁਹਾਨੂੰ ਦੱਸ ਦੇਈਏ ਕਿ ਫ਼ਿਲਮ 'ਪੰਜਾਬ 95' ਵਿਚ ਦਿਲਜੀਤ ਦੋਸਾਂਝ ਮੁੱਖ ਭੂਮਿਕਾ ਵਿਚ ਹਨ। ਫ਼ਿਲਮ ਰੋਨੀ ਸਕਰੂਵਾਲਾ ਦੁਆਰਾ ਨਿਰਮਤ ਹੈ ਅਤੇ ਹਨੀ ਤ੍ਰੇਹਨ ਦੁਆਰਾ ਡਾਇਰੈਕਟ ਕੀਤੀ ਗਈ ਹੈ।

# ਕੈਨੇਡਾ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨਾਲ ਛੇੜ-ਛਾੜ !

## ✪ ਫਲਸਤੀਨੀ ਨਾਗਰਿਕਾਂ 'ਤੇ ਲੱਗੇ ਇਲਜ਼ਾਮ, ਮੂੰਹ ਢੱਕ ਕੇ ਆਏ ਸਨ ਪ੍ਰਦਸ਼ਨਕਾਰੀ



ਬਰੰਪਟਨ-ਕੈਨੇਡਾ ਦੇ ਬ੍ਰੈਂਪਟਨ ਸ਼ਹਿਰ ਵਿੱਚ ਕੁਝ ਫਲਸਤੀਨੀਆਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੁਲਜ਼ਮਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ 'ਤੇ ਫਲਸਤੀਨੀ ਝੰਡਾ ਤੱਕ ਲਗਾ ਦਿੱਤਾ ਸੀ। ਕੈਨੇਡਾ ਦੇ ਪੱਤਰਕਾਰ ਵੱਲੋਂ ਅਜਿਹੀ ਹਰਕਤ ਕਰਨ ਵਾਲੇ ਨੂੰ 'ਜਿਹਾਦੀ' ਕਹਿਕੇ ਸੰਬੋਧਿਤ ਕੀਤਾ ਹੈ। ਵਾਇਰਲ ਵੀਡੀਓ 37 ਸੈਕੰਡ ਦਾ ਹੈ। ਜਿਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ 'ਤੇ ਚੜ੍ਹੇ 2 ਨੌਜਵਾਨ ਫਲਸਤੀਨ ਦਾ ਝੰਡਾ ਉਨ੍ਹਾਂ ਦੇ ਘੋੜੇ 'ਤੇ ਲੱਗਾ ਰਹੇ ਹਨ।

ਦੋਵਾਂ ਨੌਜਵਾਨਾਂ ਨੇ ਆਪਣੇ ਮੂੰਹ ਢੱਕੇ ਹੋਏ ਹਨ ਅਤੇ ਹੇਠਾਂ ਕਈ ਲੋਕ ਖੜੇ ਹਨ। ਇਸ ਤੋਂ ਇਲਾਵਾ ਇੱਕ ਵਿਅਕਤੀ ਕਿਸੇ ਕੱਪੜੇ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਘੋੜੇ 'ਤੇ ਕੱਪੜਾ ਬੰਨ੍ਹਦਾ ਹੋਇਆ ਨਜ਼ਰ ਆ ਰਿਹਾ ਹੈ। ਕਈ ਲੋਕਾਂ ਨੇ ਇਸ ਘਟਨਾ ਦਾ ਵੀਡੀਓ ਬਣਾਇਆ ਹੈ। ਸਾਰੇ ਮਾਮਲੇ ਦੀ ਕੈਨੇਡਾ ਪੁਲਿਸ ਨੂੰ ਜਾਣਕਾਰੀ ਦਿੱਤੀ ਗਈ ਹੈ। ਹੁਣ ਇਸ ਮਾਮਲੇ 'ਤੇ ਕੈਨੇਡਾ ਦੀ ਪੁਲਿਸ ਜਾਂਚ ਕਰ ਰਹੀ ਹੈ। ਪੁਲਿਸ ਵੱਲੋਂ ਇਸ ਮਾਮਲੇ ਵਿੱਚ ਹੁਣ ਤੱਕ ਕੋਈ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ।

# ਹਾਈਡ ਪਾਰਕ ਲੰਡਨ ਵਿਖੇ ਮਾਨਸਿਕ ਸਿਹਤ ਜਾਗਰੂਕਤਾ ਯਾਤਰਾ ਕੱਢੀ ਗਈ



ਭੁਪਿੰਦਰ ਸੰਧੂ ਦੀ ਅਗਵਾਈ ਵਿੱਚ ਹਾਈਡ ਪਾਰਕ ਲੰਡਨ ਵਿਖੇ ਮਾਨਸਿਕ ਸਿਹਤ ਯਾਤਰਾ ਵਿੱਚ ਹਿੱਸਾ ਲੈਣ ਵਾਲੀਆਂ ਸਖਸ਼ੀਅਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹਾਈਡ ਪਾਰਕ ਲੰਡਨ ਵਿੱਚ 10 ਕਿਲੋਮੀਟਰ 100 ਦਿਨ ਪੈਦਲ ਯਾਤਰਾ ਦੀ ਸਮਾਪਤੀ ਮੌਕੇ ਵਿਸ਼ੇਸ਼ ਇਕੱਤਰਤਾ ਕੀਤੀ ਗਈ। ਜਿਸ ਵਿੱਚ ਭਾਰਤੀ ਭਾਈਚਾਰੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਹੋਈਆਂ। ਇਸ ਯਾਤਰਾ ਭਾਰਤੀ ਭਾਈਚਾਰੇ ਵਿੱਚ ਮਾਨਸਿਕ ਸਿਹਤ ਸਮੱਸਿਆਵਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸੀ, ਜਿਸ ਦੀ ਅਗਵਾਈ ਮਾਈਂਡਫੁੱਲਨੈਸ ਕੋਚ ਭੁਪਿੰਦਰ ਸਿੰਘ ਸੰਧੂ ਨੇ ਕੀਤੀ। ਸੰਧੂ ਨੇ ਕਿਹਾ ਕਿ ਭਾਰਤੀ ਭਾਈਚਾਰੇ ਵਿੱਚ ਮਾਨਸਿਕ ਤਣਾਅ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਹਨ, ਲੇਕਨ ਭਾਰਤੀ ਲੋਕ ਅਕਸਰ ਇਸ ਬਾਬਤ ਗੱਲ ਨਹੀਂ ਕਰਦੇ, ਜਿਸ ਕਰਕੇ ਕਈ ਵਾਰ ਇਹ ਸਧਾਰਨ ਸਮੱਸਿਆਵਾਂ ਗੰਭੀਰ ਰੂਪ ਧਾਰਨ ਕਰ ਲੈਂਦੀਆਂ ਹਨ। ਉਹਨਾਂ ਕਿਹਾ ਕਿ ਇਹ ਯਾਤਰਾ ਸਵੈ ਖੋਜ਼ ਅਤੇ ਇਲਾਜ਼ ਅਧਾਰਿਤ ਸੀ। ਇਸ ਮੌਕੇ ਕਰਨ ਬੁਟਰ, ਗੋਗੀ ਚੰਡੀਗੜ੍ਹੀਆ, ਕੇਤਨ ਭਾਰਦਵਾਜ਼, ਭੁਪਿੰਦਰ ਸੋਹੀ ਆਦਿ ਨੇ ਵੀ ਸ਼ਮੂਲੀਅਤ ਕੀਤੀ।

# ਕੀ ਪੰਜਾਬ ਵਿਚ ਪੰਚਾਇਤਾਂ ਵਿਕਾਊ ਹਨ ?

## ✪ ਦੋ-ਦੋ ਕਰੋੜ ਵਿਚ ਵਿਕਣ ਲੱਗੀਆਂ ਸਰਪੰਚੀਆਂ, 'ਆਪ' ਆਗੂਆਂ ਵੱਲੋਂ ਚੋਣ ਕਮਿਸ਼ਨ ਨੂੰ ਸ਼ਿਕਾਇਤ ✪ ਪੰਜਾਬ ਵਿਚ ਇਸ ਵਾਰ ਸਰਬਸੰਮਤੀ ਨਾਲ ਪੰਚਾਇਤਾਂ ਚੁਣੀਆਂ ਜਾਣ ਲਗੀਆਂ







### ਖਾਸ ਰਿਪੋਟ

ਪਿੰਡਾਂ ਵਿਚ ਪੰਚਾਇਤਾਂ ਦੀਆਂ ਚੋਣਾਂ ਦਾ ਬਿਗਲ ਵੱਜ ਚੁੱਕਿਆ ਹੈ। ਇਹ ਚੋਣਾਂ ਲੜਨ ਦੇ ਚਾਹਵਾਨਾਂ ਵਲੋਂ ਤਿਆਰੀਆਂ ਆਰੰਭ ਦਿੱਤੀਆਂ ਗਈਆਂ ਹਨ। ਸਮੁੱਚੇ ਪੰਜਾਬ ਭਰ ਵਿੱਚ ਸਰਪੰਚਾਂ ਦੇ ਅਹੁਦੇ ਲਈ ਕੁੱਲ 784 ਅਤੇ ਪੰਚਾਂ ਲਈ ਕੁੱਲ 1446 ਨਾਮਜ਼ਦਗੀਆਂ ਦਾਖਲ ਕੀਤੀਆਂ ਗਈਆਂ ਹਨ। ਰਾਜ ਚੋਣ ਕਮਿਸ਼ਨ ਨੇ ਇਹ ਜਾਣਕਾਰੀ ਦਿੱਤੀ ਹੈ। ਨਾਮਜ਼ਦਗੀ ਪੱਤਰ 4 ਅਕਤੂਬਰ ਤੱਕ ਦਾਖਲ ਕੀਤੇ ਜਾਣੇ ਹਨ। ਆਖ਼ਰੀ ਦਿਨਾਂ 'ਚ ਨਾਮਜ਼ਦਗੀ ਪੱਤਰਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਵੇਗਾ।

ਪਿੰਡਾਂ ਵਿਚ ਵਿਆਹ ਵਰਗਾ ਮਾਹੌਲ ਬਣਦਾ ਜਾ ਰਿਹਾ ਹੈ, ਕਿਉਂਕਿ ਚੋਣਾਂ ਜਿੱਤਣ ਲਈ ਹਰ ਤਰ੍ਹਾਂ ਦੇ ਵਸੀਲੇ ਅਪਣਾਏ ਜਾਣਗੇ। ਵੋਟਾਂ ਆਪਣੇ ਹੱਕ 'ਚ ਭੁਗਤਾਉਣ ਲਈ ਵੱਡੀ ਪੱਧਰ 'ਤੇ ਨਸ਼ਿਆਂ ਦੀ ਵਰਤੋਂ ਵੀ ਕੀਤੀ ਜਾਵੇਗੀ। ਭਾਵੇਂ ਕਿ ਨਸ਼ਿਆਂ ਨੇ ਸਾਡਾ ਬੇੜਾ ਗਰਕ ਕਰ ਕੇ ਰੱਖ ਦਿੱਤਾ ਹੈ, ਪ੍ਰੰਤੂ ਫਿਰ ਵੀ ਇੱਥੇ ਇਹ ਵਰਤਾਰਾ ਜਾਰੀ ਹੈ।

ਚੋਣਾਂ ਦੌਰਾਨ ਆਪਸੀ ਭਾਈਚਾਰਕ ਸਾਂਝ ਨੂੰ ਵੀ ਢਾਹ ਲੱਗਦੀ ਹੈ। ਜਿਹੜੇ ਪਿੰਡ ਆਪਸੀ ਭਾਈਚਾਰਕ ਸਾਂਝਾਂ ਦੇ ਪ੍ਰਤੀਕ ਸਨ, ਹੁਣ ਉਹੀ ਪਿੰਡ ਇਨ੍ਹਾਂ ਚੋਣਾਂ ਵਿਚ ਲੜਾਈਆਂ-ਝਗੜਿਆਂ ਦਾ ਕੇਂਦਰ ਬਣ ਜਾਂਦੇ ਹਨ।

### ਪੰਚਾਇਤਾਂ ਦੀ ਲਗੀ ਬੋਲੀ, ਚੋਣ ਕਮਿਸ਼ਨ ਹਰਕਤ ਵਿਚ

ਇੱਕ ਪਾਸੇ ਜਿੱਥੇ ਧੜੇਬੰਦੀ ਕਰਕੇ ਝਗੜਿਆਂ ਤੇ ਸਰਬਸੰਮਤੀ ਨਾਲ ਪੰਚਾਇਤਾਂ ਦੀ ਚੋਣ ਦੀਆਂ ਖਬਰਾਂ ਆ ਰਹੀਆਂ ਹਨ, ਉੱਥੇ ਪੰਜਾਬ ਦੇ ਪੰਚਾਇਤੀ ਚੋਣਾਂ ਦੇ ਇਤਿਹਾਸ ਵਿਚ ਵਿਚ ਪਹਿਲੀ ਵਾਰ ਸਰਬ ਸੰਮਤੀ ਨਾਲ ਸਰਪੰਚ ਬਣਨ ਲਈ ਪਿੰਡਾਂ ਵਿਚ ਬੋਲੀ ਲੱਗਣ ਦਾ ਰੁਝਾਨ ਸਾਹਮਣੇ ਆਇਆ ਹੈ। ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਹਰਦੋਵਾਲ ਕਲਾਂ ਵਿਚ ਸਰਪੰਚ ਬਣਨ ਲਈ ਦੋ ਕਰੋੜ ਰੁਪਏ ਤੱਕ ਦੀ ਬੋਲੀ ਲਾਉਣ ਦਾ ਮਾਮਲਾ ਸੁਰਖ਼ੀਆਂ ਬਣਿਆ ਹੋਇਆ ਹੈ। ਭਾਜਪਾ ਆਗੂ ਆਤਮਾ ਸਿੰਘ ਨੇ ਹੁਣ ਤੱਕ ਦੀ ਸਭ ਤੋਂ ਵੱਧ ਬੋਲੀ ਲਗਾਈ ਹੈ। ਪਿੰਡ ਵਿੱਚ ਸਰਪੰਚ ਦੇ ਅਹੁਦੇ ਦੀ ਬੋਲੀ ਸਬੰਧੀ ਗੁਰਦੁਆਰਾ ਸਾਹਿਬ ਤੋਂ ਐਲਾਨ ਕੀਤਾ ਗਿਆ। ਇਸ ਤੋਂ ਬਾਅਦ ਇਹ ਪ੍ਰਕਿਰਿਆ ਸ਼ੁਰੂ ਹੋਈ। ਪਤਾ ਲੱਗਾ ਹੈ ਕਿ ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਦਾ ਕੋਈ ਵੀ ਨੁਮਾਇੰਦਾ ਬੋਲੀ ਦੇਣ ਲਈ ਅੱਗੇ ਨਹੀਂ ਆਇਆ।

ਉਧਰ ਗੁਰਦਾਸਪੁਰ ਦੇ ਡੀਸੀ ਉਮਾ ਸ਼ੰਕਰ ਗੁਪਤਾ ਨੇ ਮੀਡੀਆ ਵਿੱਚ ਖ਼ਬਰ ਆਉਣ ਤੋਂ ਬਾਅਦ ਆਪ ਇਸ ਦਾ ਨੋਟਿਸ ਲੈਂਦੇ ਹੋਏ ਏਡੀਸੀ ਨੂੰ ਜਾਂਚ ਦੇ ਨਿਰਦੇਸ਼ ਦੇ ਦਿੱਤੇ ਹਨ।

ਸਰਪੰਚੀ ਲਈ 2 ਕਰੋੜ ਦੀ ਬੋਲੀ ਲਗਾਉਣ ਵਾਲ ਆਤਮ ਸਿੰਘ ਹੁਣ 2 ਕਰੋੜ ਦੀ ਬੋਲੀ ਤੋਂ ਪਿੱਛ ਹੱਟਦੇ ਹੋਏ ਕਿਹਾ ਕਿ ਪਿੰਡ ਦੇ ਵਸਨੀਕ ਵੋਟਾਂ ਪਾਉਣੀਆਂ ਚਾਹੁੰਦੇ ਹਨ। ਹੁਣ ਬੋਲੀ ਦੇ ਪੈਸੇ ਨਹੀਂ ਦਿੱਤੇ ਜਾਣਗੇ।

ਇਸ ਤੋਂ ਪਹਿਲਾਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵਿਧਾਨ ਸਭਾ ਹਲਕਾ ਗਿੱਦੜਬਾਹਾ ਦੇ ਪਿੰਡ ਕੋਟਲੀ ਦੀ ਪੰਚਾਇਤ ਕੋਠੇ ਚੀਦਿਆਂਵਾਲੀ ਵਿਚ ਸਰਪੰਚ ਦੀ ਕੁਰਸੀ ਲਈ ਬੋਲੀ 35 ਲੱਖ ਪਹੁੰਚੀ ਸੀ।

ਮੋਹਰੀ ਅਹੁਦਿਆਂ ਲਈ ਬੋਲੀ ਦੇਣ ਦਾ ਅਮਲ 73ਵੀਂ ਸੰਵਿਧਾਨਕ ਸੋਧ ਦੀ ਉਲੰਘਣਾ ਹੈ ਜਿਸ ਤਹਿਤ ਪੰਚਾਇਤੀ ਨੁਮਾਇੰਦਿਆਂ ਲਈ ਸੁਤੰਤਰ ਅਤੇ ਵਾਜਬ ਢੰਗ ਨਾਲ ਚੋਣਾਂ ਕਰਾਉਣੀਆਂ ਲਾਜ਼ਮੀ ਹਨ ਅਤੇ ਨਾਲ ਹੀ ਇਹ ਪੰਜਾਬ ਪੰਚਾਇਤੀ ਰਾਜ ਐਕਟ ਦੀ ਵੀ ਉਲੰਘਣਾ ਹੈ ਜਿਸ ਤਹਿਤ ਵਿੱਤੀ ਬੋਲੀ ਲਈ ਕੋਈ ਥਾਂ ਨਹੀਂ ਹੈ ਸਗੋਂ ਵੋਟਾਂ ਪਵਾਉਣੀਆਂ ਜ਼ਰੂਰੀ ਹਨ।

ਇਸ ਖ਼ਬਰ ਦੇ ਨਸ਼ਰ ਹੋਣ ਤੋਂ ਬਾਅਦ ਆਗੂ ਵਿਰੋਧੀ ਧਿਰ ਪ੍ਰਤਾਪ ਸਿੰਘ ਬਾਜਵਾ ਨੇ ਇਸ ਨੂੰ ਓਪਨ ਕਰੱਪਸ਼ਨ ਦੱਸਿਆ ਸੀ ਅਤੇ ਵਿਜੀਲੈਂਸ ਤੋਂ ਜਾਂਚ ਦੀ ਮੰਗ ਕੀਤੀ ਸੀ।

ਆਪ ਨੇ ਪੰਚਾਇਤੀ ਚੋਣਾਂ ਤੋਂ ਪਹਿਲਾਂ ਸੂਬੇ ਵਿੱਚ ਕੁਝ ਥਾਵਾਂ 'ਤੇ ਸਰਪੰਚ ਤੇ ਪੰਚ ਦੀ ਚੋਣ ਲਈ ਚੱਲ ਰਹੀ ਖੁੱਲ੍ਹੀ ਨਿਲਾਮੀ ਦਾ ਵਿਰੋਧ ਕੀਤਾ ਹੈ। ਸੀਨੀਅਰ 'ਆਪ' ਆਗੂ ਅਤੇ ਸੂਬੇ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਵਫ਼ਦ ਨੇ ਰਾਜ ਚੋਣ ਕਮਿਸ਼ਨਰ ਨਾਲ ਮੁਲਾਕਾਤ ਕੀਤੀ ਤੇ ਗ਼ੈਰ-ਕਾਨੂੰਨੀ ਸਰਗਰਮੀਆਂ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਬਣਦੀ ਕਾਰਵਾਈ ਦੀ ਮੰਗ ਕੀਤੀ। ਪੰਜਾਬ ਰਾਜ ਚੋਣ ਕਮਿਸ਼ਨ ਨੇ ਪੰਚਾਇਤੀ ਚੋਣਾਂ ਵਿਚ ਸਰਪੰਚੀ ਦੇ ਅਹੁਦੇ ਦੀ ਨਿਲਾਮੀ ਦਾ ਸਖ਼ਤ ਨੋਟਿਸ ਲੈਂਦਿਆਂ ਡਿਪਟੀ ਕਮਿਸ਼ਨਰਾਂ ਤੋਂ ਰਿਪੋਰਟ ਤਲਬ ਕਰ ਲਈ ਹੈ। ਚੋਣ ਕਮਿਸ਼ਨ ਦੇ ਹੁਕਮਾਂ 'ਤੇ ਪੰਜਾਬ ਸਰਕਾਰ ਨੇ ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੀ ਥਾਂ ਪਰਮਵੀਰ ਸਿੰਘ ਨੂੰ ਨਵਾਂ ਡਿਪਟੀ ਕਮਿਸ਼ਨਰ ਤਾਇਨਾਤ ਕੀਤਾ ਗਿਆ ਹੈ। ਪੰਚਾਇਤ ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਵੱਲੋਂ ਇਹ ਪਹਿਲੀ ਵੱਡੀ ਕਾਰਵਾਈ ਕੀਤੀ ਗਈ ਹੈ।

### ਹਿੰਸਕ ਝੜਪਾਂ ਤੇ ਤਲਖੀ

ਕਈ ਥਾਵਾਂ 'ਤੇ ਪੰਚਾਇਤੀ ਚੋਣਾਂ ਨੂੰ ਲੈ ਕੇ ਹਿੰਸਕ ਘਟਨਾਵਾਂ ਹੋਣ ਦੀ ਵੀ ਸੂਚਨਾ ਹੈ। ਜ਼ੀਰਾ ਵਿਚ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਜਾ ਰਹੀਆਂ ਦੋ ਧਿਰਾਂ ਵਿੱਚ ਹਿੰਸਕ ਝੜਪ ਹੋਈ ਹੈ ਜਿਸ ਵਿਚ ਸਾਬਕਾ ਕਾਂਗਰਸੀ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਜ਼ਖ਼ਮੀ ਹੋਏ ਸਨ। ਗੁਰਦਾਸਪੁਰ ਵਿਚ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਜ਼ਿਲ੍ਹਾ ਪ੍ਰਸ਼ਾਸਨ ਖ਼ਿਲਾਫ਼ ਤਲਖ਼ੀ ਦਿਖਾਈ ਹੈ। ਇਵੇਂ ਹੀ ਪਟਿਆਲਾ ਦੇ ਭੁੱਨਰਹੇੜੀ ਬਲਾਕ ਵਿਚ ਬੀਡੀਪੀਓ ਅਤੇ ਕੁਝ ਲੋਕਾਂ ਦਰਮਿਆਨ ਤਲਖ਼ੀ ਹੋਈ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਸਰਬਸੰਮਤੀ ਨਾਲ ਚੋਣਾਂ ਚੁਣਨ ਵਾਲੇ ਪਿੰਡਾਂ ਨੂੰ 5 ਲੱਖ ਦੇਣ ਦਾ ਐਲਾਨ ਕੀਤਾ ਸੀ। ਪਰ ਪਿੰਡਾਂ ਵਿੱਚ ਕੁਝ ਹੋਰ ਹੀ ਖੇਡ ਸ਼ੁਰੂ ਹੋ ਗਿਆ।

ਪੰਚਾਇਤੀ ਚੋਣਾਂ ਲਈ ਇਕ ਪਾਸੇ ਜਿੱਥੇ ਸੂਬੇ ਭਰ ਵਿਚ ਨਾਮਜ਼ਦਗੀਆਂ ਦਾ ਅਮਲ ਜ਼ੋਰਾਂ 'ਤੇ ਚੱਲ ਰਿਹਾ ਹੈ, ਉੱਥੇ ਦੂਸਰੇ ਪਾਸੇ ਰਾਜ ਦੇ ਬਹੁਤੇ ਪਿੰਡਾਂ 'ਚ ਸਰਬਸੰਮਤੀ ਨਾਲ ਪੰਚਾਇਤਾਂ ਚੁਣਨ ਦਾ ਸਿਲਸਿਲਾ ਵੀ ਲਗਾਤਾਰ ਜਾਰੀ ਹੈ ਕਈ ਪਿੰਡਾਂ ਵਿਚ ਲੋਕਾਂ ਨੇ ਸਰਪੰਚ ਹੀ ਨਹੀਂ ਸਗੋਂ ਸਮੁੱਚੀ ਪੰਚਾਇਤ ਨੂੰ ਹੀ ਸਰਬਸੰਮਤੀ ਨਾਲ ਚੁਣ ਕੇ ਭਾਈਚਾਰਕ ਸਾਂਝ ਦੀ ਇਕ ਨਵੀਂ ਮਿਸਾਲ ਪੇਸ਼ ਕੀਤੀ ਹੈ ਕਿਹਾ ਜਾ ਰਿਹਾ ਹੈ ਕਿ ਸਰਬਸੰਮਤੀ ਨਾਲ ਹੋਣ ਵਾਲੀ ਪੰਚਾਇਤਾਂ ਦੀ ਚੋਣ ਪਿੰਡਾਂ ਵਿਚ ਧੜੇਬੰਦੀ ਨੂੰ ਹੀ ਖਤਮ ਨਹੀਂ ਕਰੇਗੀ, ਬਲਕਿ ਪਿਛਲੇ ਕਰੀਬ ਢਾਈ ਸਾਲਾਂ ਤੋਂ ਰੁਕੇ ਵਿਕਾਸ ਕੰਮਾਂ ਨੂੰ ਵੀ ਗਤੀ ਦੇ ਕੇ ਪਿੰਡਾਂ ਦੀ ਨੁਹਾਰ ਬਦਲਣ ਦੇ ਸਮਰੱਥ ਹੋਵੇਗੀ। ਓਧਰ ਪੰਜਾਬ ਸਰਕਾਰ ਨੇ ਵੀ ਸਰਬਸੰਮਤੀ ਨਾਲ ਪੰਚਾਇਤਾਂ ਦੀ ਚੋਣ ਨੂੰ ਉਤਸ਼ਾਹਿਤ ਕਰਨ ਲਈ ਅਜਿਹੀਆਂ ਪੰਚਾਇਤਾਂ ਨੂੰ 5 ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ ਹੈ ਪਰ ਰਾਜ ਦੇ ਬਹੁਤੇ ਪਿੰਡਾਂ ਵਿਚ ਸਰਬਸੰਮਤੀ ਨਾਲ ਚੁਣੇ ਜਾਣ ਵਾਲੇ ਸਰਪੰਚਾਂ ਵਲੋਂ ਜਿੱਥੇ ਆਪਣੇ ਪੱਧਰ 'ਤੇ ਹੀ ਪਿੰਡਾਂ ਦੇ ਵਿਕਾਸ ਲਈ ਕੋਲੋਂ ਪੈਸੇ ਖਰਚਣ ਦਾ ਐਲਾਨ ਕੀਤਾ ਜਾ ਰਿਹਾ ਹੈ, ਉੱਥੇ ਕਈ ਪਿੰਡਾਂ ਵਿਚ ਤਾਂ ਐਨ. ਆਰ. ਆਈਜ਼ ਵਲੋਂ ਵੀ ਸਰਬਸੰਮਤੀ ਨਾਲ ਚੁਣੀਆਂ ਜਾਣ ਵਾਲੀਆਂ ਪੰਚਾਇਤਾਂ ਨੂੰ ਪੂਰੇ ਸਹਿਯੋਗ ਦਾ ਭਰੋਸਾ ਦਿੱਤਾ ਜਾ ਰਿਹਾ ਹੈ। ਅਜਿਹੇ ਵਿਚ ਸਰਬਸੰਮਤੀ ਨਾਲ ਚੁਣੀਆਂ ਜਾਣ ਵਾਲੀਆਂ ਪੰਚਾਇਤਾਂ ਦੇ ਦੋਹੀਂ ਹੱਥੀਂ ਲੱਡੂ ਹੈ। ਇਕ ਤਾਂ ਸਰਬਸੰਮਤੀ ਨਾਲ ਚੁਣੇ ਜਾਣ ਵਾਲੇ ਸਰਪੰਚ ਤੇ ਪੰਚ ਪੰਚਾਇਤ ਚੋਣਾਂ 'ਤੇ ਹੋਣ ਵਾਲੇ ਵਾਧੂ ਖਰਚੇ ਤੋਂ ਬਚ ਜਾਣਗੇ ਤੇ ਦੂਸਰਾ ਪੰਚਾਇਤ ਬਣਦੇ ਹੀ ਸਰਕਾਰੀ ਤੇ ਗੈਰ ਸਰਕਾਰੀ ਗ੍ਰਾਂਟ ਦੇ ਨਾਲ ਪਿੰਡਾਂ ਵਿਚ ਵਿਕਾਸ ਕੰਮ ਸ਼ੁਰੂ ਕਰਵਾਕੇ ਲੋਕਾਂ ਦੀ ਵਾਹੋ ਵਾਹੀ ਖੱਟ ਸਕਣਗੇ। ਇਸ ਦੌਰਾਨ ਹੁਣ ਤੱਕ ਜਿਹੜੀਆਂ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਗਈਆਂ ਹਨ, ਉਨ੍ਹਾਂ ਵਿਚ ਜ਼ਿਲ੍ਹਾ ਰੋਪੜ ਦੇ ਪਿੰਡ ਦਾਊਦਪੁਰ ਖੁਰਦ ਅਤੇ ਮਾਲੇਵਾਲ, ਪਿੰਡ ਕਲਹੇੜੀ, ਪਿੰਡ ਭੱਟੋਂ, ਪਿੰਡ ਕੋਟਲਾ ਤੇ ਪਿੰਡ ਖੋਖਰਾਂ ਦੀ ਪੰਚਾਇਤ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੈ।

ਇਸੇ ਤਰ੍ਹਾਂ ਅੰਮ੍ਰਿਤਸਰ ਜ਼ਿਲ੍ਹੇ ਦੇ ਬਲਾਕ ਰਮਦਾਸ ਅਧੀਨ ਆਉਂਦੇ ਪਿੰਡ ਬਗਵਾਨਪੁਰ, ਪਿੰਡ ਪੰਡੋਰੀ ਅਤੇ ਵਿਧਾਨ ਸਭਾ ਹਲਕਾ ਰਾਜਾਸਾਂਸੀ ਦੇ ਪਿੰਡ ਜੱਜੇ, ਪਿੰਡ ਤੱਲੇ, ਪਿੰਡ ਜੱਟਾਂ ਤੇ ਸਰਹੱਦੀ ਪਿੰਡ ਛੰਨ ਕਲਾਂ ਦੀ ਵੀ ਸਮੁੱਚੀ ਪੰਚਾਇਤ ਸਰਬਸੰਮਤੀ ਨਾਲ ਚੁਣੀ ਗਈ ਹਾਲਾਂਕਿ ਬਲਾਕ ਰਮਦਾਸ ਦੇ ਹੀ ਪਿੰਡ ਕੋਟਲੀ ਸ਼ਾਹ ਹਬੀਬ 'ਚ ਬੇਸ਼ੱਕ ਸਮੁੱਚੀ ਪੰਚਾਇਤ 'ਤੇ ਸਹਿਮਤੀ ਨਹੀਂ ਬਣ ਸਕੀ ਪਰ ਪਿੰਡ ਵਾਸੀਆਂ ਨੇ ਸਹਿਮਤੀ ਨਾਲ ਪਿੰਡ ਦੇ ਸਰਪੰਚ ਦੀ ਚੋਣ ਕਰ ਲਈ ਜਦਕਿ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਡੇਹਰਾ ਸਾਹਿਬ ਦੀ ਸਮੁੱਚੀ ਪੰਚਾਇਤ ਵੀ ਪਿੰਡ ਵਾਸੀਆਂ ਨੇ ਗੁਰਦੁਆਰਾ ਸਾਹਿਬ ਵਿਖੇ ਇਕੱਠ ਕਰਕੇ ਸਰਬਸੰਮਤੀ ਨਾਲ ਚੁਣੀ ਲਈ। ਓਧਰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਖੁਸ਼ਹਾਲਪੁਰ ਦੀ ਪੰਚਾਇਤ ਵੀ ਸਰਬਸੰਮਤੀ ਨਾਲ ਚੁਣ ਲਈ ਗਈ। ਜ਼ਿਲ੍ਹਾ ਮੋਗਾ ਵਿਚ ਪੈਂਦੇ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਦੀ ਗ੍ਰਾਮ ਪੰਚਾਇਤ ਕੋਠੇ ਕਰਤਾਰ ਸਿੰਘ ਸਮਾਧ ਭਾਈ ਦੀ ਚੋਣ ਵੀ ਸਰਬਸੰਮਤੀ ਨਾਲ ਕਰਦੇ ਹੋਏ ਪਿੰਡ ਵਾਸੀਆਂ ਨੇ ਭਾਈਚਾਰਕ ਏਕਤਾ ਦਾ ਸਬੂਤ ਪੇਸ਼ ਕੀਤਾ। ਇਸੇ ਤਰ੍ਹਾਂ ਜ਼ਿਲ੍ਹਾ ਫਿਰੋਜ਼ਪੁਰ ਵਿਚ ਪੈਂਦੇ ਹਲਕਾ ਜਲਾਲਾਬਾਦ ਦੇ ਪਿੰਡ ਮੋਹਰ ਸਿੰਘ ਵਾਲਾ ਦੀ ਪੰਚਾਇਤ ਦੀ ਵੀ ਚੋਣ ਸਰਬਸੰਮਤੀ ਨਾਲ ਕੀਤੀ ਗਈ।

ਬਾਕੀ ਹਿਸਾ ਸਫ਼ਾ 48 ਤੇ ਪੜ੍ਹੋ

# ਜੇਕਰ ਟਰੰਪ ਇਹ ਚੋਣ ਨਹੀਂ ਜਿੱਤਦੇ ਤਾਂ ਇਹ ਅਮਰੀਕਾ ਦੀ ਆਖਰੀ ਚੋਣ ਹੋਵੇਗੀ

## ✪ ਐਲੋਨ ਮਸਕ ਦਾ ਦਾਅਵਾ ਕਿ ਅਮਰੀਕਾ ਦਾ ਲੋਕਤੰਤਰ ਖਤਰੇ ਵਿੱਚ

ਵਾਸ਼ਿੰਗਟਨ-ਟੇਸਲਾ ਅਤੇ ਸਪੇਸਐਕਸ ਦੇ ਮਾਲਕ ਅਰਬਪਤੀ ਕਾਰੋਬਾਰੀ ਐਲੋਨ ਮਸਕ ਨੇ ਅਮਰੀਕੀ ਰਾਸ਼ਟਰਪਤੀ ਚੋਣਾਂ ਨੂੰ ਲੈ ਕੇ ਦਾਅਵਾ ਕੀਤਾ ਕਿ ਜੇਕਰ ਡੋਨਾਲਡ ਟਰੰਪ ਇਹ ਚੋਣ ਨਹੀਂ ਜਿੱਤਦੇ ਤਾਂ ਇਹ ਅਮਰੀਕਾ ਦੀ ਆਖਰੀ ਚੋਣ ਹੋਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕਾ ਵਿੱਚ ਲੋਕਤੰਤਰ ਖਤਰੇ ਵਿੱਚ ਹੈ। ਮਸਕ ਨੇ ਦਾਅਵਾ ਕੀਤਾ ਕਿ ਡੈਮੋਕਰੇਟਸ ਇਸ ਚੋਣ ਵਿੱਚ ਬੇਨਿਯਮੀਆਂ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬਿਡੇਨ-ਹੈਰਿਸ ਪ੍ਰਸ਼ਾਸਨ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇ ਰਿਹਾ ਹੈ, ਜਿਸ ਨਾਲ ਉਨ੍ਹਾਂ ਨੂੰ ਆਪਣਾ ਵੋਟਰ ਬਣਾ ਰਿਹਾ ਹੈ।

ਮਸਕ ਨੇ ਟਵਿੱਟਰ ’ਤੇ ਇਕ ਪੋਸਟ ਦੇ ਜਵਾਬ ਵਿਚ ਲਿਖਿਆ, “ਬਹੁਤ ਘੱਟ ਅਮਰੀਕੀਆਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਜੇਕਰ ਟਰੰਪ ਨਹੀਂ ਚੁਣਿਆ ਗਿਆ, ਤਾਂ ਇਹ ਲੋਕਤੰਤਰ ਨੂੰ ਖ਼ਤਰੇ ਵਿਚ ਪਾਵੇਗਾ ਅਤੇ ਸਿਰਫ ਟਰੰਪ ਹੀ ਇਸ ਨੂੰ ਬਚਾ ਸਕਦੇ ਹਨ।” ਇਕ ਸਵਾਲ ਦੇ ਜਵਾਬ ’ਚ ਮਸਕ ਨੇ ਕਿਹਾ, “ਮੈਨੂੰ ਦੱਸਣਾ ਚਾਹੀਦਾ ਹੈ ਕਿ ਜੇਕਰ ਹਰ ਸਾਲ 20 ’ਚੋਂ 1 ਗੈਰ-ਕਾਨੂੰਨੀ ਨਾਗਰਿਕ ਵੀ ਅਮਰੀਕੀ ਨਾਗਰਿਕ ਬਣ ਜਾਂਦਾ ਹੈ, ਜਿਸ ਨੂੰ ਡੈਮੋਕ੍ਰੇਟ ਜਿੰਨੀ ਤੇਜ਼ੀ ਨਾਲ ਅੱਗੇ ਵਧਾ ਰਹੇ ਹਨ, ਤਾਂ 4 ਸਾਲਾਂ ਵਿਚ ਲਗਭਗ 20 ਲੱਖ ਸ਼ਰਨਾਰਥੀ ਨਵੇਂ ਕਾਨੂੰਨੀ ਵੋਟਰ ਹੋ ਜਾਣਗੇ।



ਟੇਸਲਾ ਅਤੇ ਸਪੇਸਐਕਸ ਦੇ ਮਾਲਕ ਨੇ ਕਿਹਾ, “ਸਵਿੰਗ ਰਾਜਾਂ ਵਿੱਚ ਵੋਟਿੰਗ ਦਾ ਅੰਤਰ ਅਕਸਰ 20 ਹਜ਼ਾਰ ਵੋਟਾਂ ਤੋਂ ਘੱਟ ਹੁੰਦਾ ਹੈ। ਇਸਦਾ ਮਤਲਬ ਹੈ ਕਿ ਜੇਕਰ “ਡੈਮੋਕਰੇਟਿਕ” ਪਾਰਟੀ ਸਫਲ ਹੁੰਦੀ ਹੈ, ਤਾਂ ਕੋਈ ਹੋਰ ਸਵਿੰਗ ਰਾਜ ਨਹੀਂ ਹੋਣਗੇ!” ਸਵਿੰਗ ਰਾਜਾਂ ਦਾ ਮਤਲਬ ਅਜਿਹੇ ਰਾਜ ਤੋਂ ਹੈ ਜਿੱਥੇ ਦੋ ਵੱਡੀਆਂ ਪਾਰਟੀਆਂ ਦਾ ਜਨ ਅਧਾਰ ਵੋਟਰਾਂ ਦੇ ਵਿਚਾਲੇ ਇੱਕੋ ਪੱਧਰ ਦਾ ਲੈਵਲ ਹੁੰਦਾ ਹੈ।” ਉਸਨੇ ਕਿਹਾ ਕਿ “ਬਿਡੇਨ ਅਤੇ ਹੈਰਿਸ ਪ੍ਰਸ਼ਾਸਨ ਪੈਨਸਿਲਵੇਨੀਆ, ਓਹੀਓ, ਵਿਸਕਾਨਸਿਨ ਅਤੇ ਐਰੀਜ਼ੋਨਾ ਵਰਗੇ ਸਵਿੰਗ ਰਾਜਾਂ ਵਿੱਚ “ਸ਼ਰਨਾਰਥੀਆਂ” ਨੂੰ ਸਿੱਧੇ ਭੇਜ ਰਹੇ ਹਨ। ਇਹ ਹਰ ਚੋਣ ਜਿੱਤਣ ਦਾ ਇੱਕ ਪੱਕਾ ਤਰੀਕਾ ਹੈ।”

ਮਸਕ ਨੇ ਕਿਹਾ, “ਇਸ ਤੋਂ ਬਾਅਦ, ਅਮਰੀਕਾ ਇਕ-ਪਾਰਟੀ ਰਾਜ ਬਣ ਸਕਦਾ ਹੈ ਅਤੇ ਲੋਕਤੰਤਰ ਖਤਮ ਹੋ ਜਾਵੇਗਾ। ਸਿਰਫ “ਚੋਣਾਂ” ਡੈਮੋਕ੍ਰੇਟਿਕ ਪਾਰਟੀ ਦੀਆਂ ਪ੍ਰਾਇਮਰੀਆਂ ਹੋਣਗੀਆਂ। 1986 ਦੀ ਮਾਫੀ ਤੋਂ ਬਾਅਦ ਕਈ ਸਾਲ ਪਹਿਲਾਂ ਕੈਲੀਫੋਰਨੀਆ ਵਿਚ ਅਜਿਹਾ ਹੋ ਚੁੱਕਾ ਹੈ। ਕੈਲੀਫੋਰਨੀਆ ਨੂੰ ਸਮਾਜਵਾਦ ਤੇ ਦਮ ਘੋਟੂ ਨੀਤੀਆਂ ਤੋਂ ਦੂਰ ਰਖਣ ਵਾਲੀ ਇਕੋ ਇਕ ਚੀਜ਼ ਹੈ ਕਿ ਕੈਲੀਫੋਰਨੀਆ ਛੱਡਕੇ ਅਮਰੀਕਾ ਵਿਚ ਰਹਿ ਸਕਦੇ ਹਨ। ਇੱਕ ਵਾਰ ਜਦੋਂ ਪੂਰਾ ਦੇਸ਼ ਇੱਕ ਪਾਰਟੀ ਦੇ ਨਿਯੰਤਰਣ ਵਿੱਚ ਆ ਜਾਵੇਗਾ ਤਾਂ ਕੋਈ ਰਸਤਾ ਨਹੀਂ ਬਚੇਗਾ। ਅਮਰੀਕਾ ਵਿਚ ਹਰ ਜਗਾ ਸੈਨ ਫਰੈਂਸਿਸਕੋ ਦੇ ਡਾਊਨਟਾਊਨ ਦੀ ਤਰ੍ਹਾਂ ਹੀ ਡਰਾਉਣਾ ਸੁਪਨਾ ਹੋਵੇਗਾ

## ਇੰਗਲੈਂਡ ਕਬੱਡੀ ਫੈਡਰੇਸ਼ਨ ਨੂੰ ਅਗਲੇ ਸਾਲ 2025 ਲਈ ਖਿਡਾਰੀ ਮੰਗਵਾਉਣ ਲਈ ਗ੍ਰਹਿ ਵਿਭਾਗ ਵੱਲੋਂ ਹਰੀ ਝੰਡੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਗਵਰਨਿੰਗ ਬਾਡੀ ਐਂਡੋਰਸਮੈਂਟ (ਜੀ ਬੀ ਈ) ਜਾਰੀ ਕਰਨ ਵਾਲੇ ਮਾਪਦੰਡਾਂ ਦੀ ਸਾਲਾਨਾ ਸਮੀਖਿਆ ਪ੍ਰਕ੍ਰਿਆ ਨੂੰ ਅਗਲੇ ਸਾਲ ਲਈ ਪ੍ਰਵਾਨਗੀ ਦੇ ਦਿੱਤੀ ਹੈ। ਜਿਸ ਤਹਿਤ ਕਬੱਡੀ ਸੀਜ਼ਨ 2025 ਦਾ ਸੀਜ਼ਨ ਸਮੇਂ ਸਿਰ ਸ਼ੁਰੂ ਹੋ ਸਕੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਫੈਡਰੇਸ਼ਨ ਨੇ ਦੱਸਿਆ ਕਿ ਗ੍ਰਹਿ ਵਿਭਾਗ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਫੈਡਰੇਸ਼ਨ ਦੇ ਰਜਿਸਟਰਡ ਕਲੱਬਾਂ ਨੂੰ ਪ੍ਰਸਤਾਵਿਤ ਮਾਪਦੰਡਾਂ ਦੀ ਸਮੀਖਿਆ ਕਰਨ ਲਈ ਦਿੱਤੇ ਸਮੇਂ ਤੋਂ ਬਾਅਦ ਗ੍ਰਹਿ ਵਿਭਾਗ ਨੇ ਅਗਲੇ 12 ਮਹੀਨਿਆਂ ਲਈ ਮਨਜ਼ੂਰੀ ਦੇ ਦਿੱਤੀ ਹੈ। ਜਿਕਰਯੋਗ ਹੈ ਕਿ ਫੈਡਰੇਸ਼ਨ ਅਤੇ ਗ੍ਰਹਿ ਵਿਭਾਗ ਦੇ ਨਿਰਧਾਰਤ ਨਿਯਮਾਂ ਦੀ ਪੂਰਤੀ ਕਰਨ ਵਾਲੇ ਕਬੱਡੀ ਕਲੱਬ ਹੀ ਉਕਤ ਨਿਯਮਾਂ ਤਹਿਤ ਬਾਹਰਲੇ ਦੇਸ਼ਾਂ ਤੋਂ ਖਿਡਾਰੀ ਮੰਗਵਾਉਂਦੇ ਹਨ, ਜੋ ਹਰ ਸਾਲ ਮਈ ਤੋਂ ਅਗਸਤ ਤੱਕ ਵੱਖ ਵੱਖ ਸ਼ਹਿਰਾਂ ਵਿੱਚ ਖੇਡੇ ਜਾਣ ਵਾਲੇ ਟੂਰਨਾਮੈਂਟਾਂ ਵਿੱਚ ਹਿੱਸਾ ਲੈਂਦੇ ਹਨ।

England Kabaddi Federation
Estd. 1968

ਇੰਗਲੈਂਡ ਕਬੱਡੀ ਫੈਡਰੇਸ਼ਨ ਲੋਗੋ

## ਸੇਵਾਮੁਕਤੀ ਦੇ ਬਾਵਜੂਦ ਇੰਸਪੈਕਟਰ ਦਾ ਸੇਵਾ ਵਿਸਤਾਰ ! ਹਾਈਕੋਰਟ ਨੇ ਪੰਜਾਬ ਸਰਕਾਰ ਤੋਂ ਮੰਗਿਆ ਸਪੱਸ਼ਟੀਕਰਨ

**ਮਾਮਲਾ ਬਿਸ਼ਨੋਈ ਇੰਟਰਵਿਊ ਦਾ**



ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਪੁਲਿਸ ਦੇ ਇੱਕ ਅਧਿਕਾਰੀ ਦੀ ਖਰੜ ਸੀਆਈਏ ਸਟਾਫ਼ ਵਿੱਚ ਨਿਯੁਕਤੀ ਅਤੇ ਸੇਵਾ ਵਿਸਤਾਰ ਨੂੰ ਲੈ ਕੇ ਸਵਾਲ ਖੜ੍ਹੇ ਕੀਤੇ ਹਨ, ਜਿੱਥੇ ਬਦਨਾਮ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਵਿਵਾਦਿਤ ਇੰਟਰਵਿਊ ਹੋਈ ਸੀ। ਅਦਾਲਤ ਨੇ ਪੰਜਾਬ ਸਰਕਾਰ ਤੋਂ ਪੁੱਛਿਆ ਹੈ ਕਿ ਸੇਵਾਮੁਕਤ ਅਧਿਕਾਰੀ ਇੰਸਪੈਕਟਰ ਸ਼ਿਵ ਕੁਮਾਰ ਨੂੰ ਸੇਵਾ ਵਿੱਚ ਵਾਧਾ ਕਰਕੇ ਉਸੇ ਅਹੁਦੇ ’ਤੇ ਕਿਉਂ ਰੱਖਿਆ ਗਿਆ, ਜਿੱਥੇ ਅਜਿਹੀਆਂ ਗਤੀਵਿਧੀਆਂ ਹੋ ਰਹੀਆਂ ਸਨ।

ਅਦਾਲਤ ਵੱਲੋਂ ਨਿਯੁਕਤ ਐਮੀਕਸ ਕਿਊਰੀ ਐਡਵੋਕੇਟ ਤਨੂ ਬੇਦੀ ਨੇ ਇਸ ਮਾਮਲੇ ’ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਨੇ ਅਦਾਲਤ ਨੂੰ ਦੱਸਿਆ ਕਿ ਬਿਸ਼ਨੋਈ ਨੂੰ ਲੰਬੇ ਸਮੇਂ ਤੋਂ ਸੀਆਈਏ ਸਟਾਫ਼ ਖਰੜ ਵਿੱਚ ਰੱਖਿਆ ਗਿਆ ਸੀ ਅਤੇ ਵਾਰ-ਵਾਰ ਰਿਮਾਂਡ ਲੈ ਕੇ ਉੱਥੇ ਰੱਖਿਆ ਗਿਆ ਸੀ। ਇਸ ’ਤੇ ਅਦਾਲਤ ਨੇ ਸਵਾਲ ਕੀਤਾ ਕਿ ਕੀ ਉਸ ਨੂੰ ਬਾਹਰੀ ਦਬਾਅ ਕਾਰਨ ਜਾਣਬੁੱਝ ਕੇ ਉੱਥੇ ਰੱਖਿਆ ਗਿਆ ਸੀ ਜਾਂ ਕੀ ਜਾਂਚ ਲਈ ਉਸ ਦੀ ਮੌਜੂਦਗੀ ਅਸਲ ਵਿੱਚ ਜ਼ਰੂਰੀ ਸੀ।


### ਸੇਵਾਮੁਕਤੀ ਤੋਂ ਬਾਵਜੂਦ ਤਾਇਨਾਤੀ ’ਤੇ ਸਵਾਲ

ਜਸਟਿਸ ਅਨੁਪਿੰਦਰ ਸਿੰਘ ਗਰੇਵਾਲ ਅਤੇ ਜਸਟਿਸ ਲਪਿਤਾ ਬੈਨਰਜੀ ਦੇ ਬੈਂਚ ਨੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ ਕਿ ਇੰਸਪੈਕਟਰ ਸ਼ਿਵ ਕੁਮਾਰ, ਜੋ ਸਾਲ 2023 ਵਿੱਚ ਸੇਵਾਮੁਕਤ ਹੋਣ ਵਾਲੇ ਸਨ, ਨੂੰ ਸੇਵਾ ਵਿੱਚ ਵਾਧਾ ਕਰਕੇ ਜਨਵਰੀ 2024 ਤੱਕ ਉਸੇ ਅਹੁਦੇ ’ਤੇ ਤਾਇਨਾਤ ਕਿਉਂ ਰੱਖਿਆ ਗਿਆ। ਅਦਾਲਤ ਨੇ ਕਿਹਾ ਕਿ ਇਹ ਇੱਕ ਗੰਭੀਰ ਮਾਮਲਾ ਹੈ ਅਤੇ ਸੂਬਾ ਸਰਕਾਰ ਨੂੰ ਇਸ ਗੱਲ ਦਾ ਸਪੱਸ਼ਟ ਜਵਾਬ ਦੇਣਾ ਹੋਵੇਗਾ ਕਿ ਇੰਸਪੈਕਟਰ ਸ਼ਿਵ ਨੂੰ ਸੇਵਾਮੁਕਤੀ ਤੋਂ ਬਾਅਦ ਵੀ ਸੀਆਈਏ ਸਟਾਫ ਖਰੜ ਵਿੱਚ ਕਿਉਂ ਰੱਖਿਆ ਗਿਆ।

### ਪੰਜਾਬ ਸਰਕਾਰ ਨੂੰ ਹਲਫ਼ਨਾਮਾ ਦਾਖ਼ਲ ਕਰਨ ਦੇ ਹੁਕਮ

ਐਡਵੋਕੇਟ ਜਨਰਲ (ਏਜੀ) ਪੰਜਾਬ ਨੇ ਅਦਾਲਤ ਨੂੰ ਦੱਸਿਆ ਕਿ ਜ਼ਿਲ੍ਹਾ ਐੱਸ. ਏ. ਐੱਸ. ਸ਼ਹਿਰ ਦੇ ਤਤਕਾਲੀ ਐਸਐਸਪੀ ਸਮੇਤ ਚਾਰ ਅਧਿਕਾਰੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ ਹਨ, ਜਿਨ੍ਹਾਂ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ। ਜੇਲ੍ਹ ਵਿੱਚ ਸੁਰੱਖਿਆ ਲਈ ਜੈਮਰ, ਏਆਈ ਆਧਾਰਿਤ ਸੀਸੀਟੀਵੀ ਕੈਮਰੇ, ਬਾਡੀ ਵਾਰਨ ਕੈਮਰੇ, ਐਕਸ-ਰੇ ਬੈਗੇਜ ਸਕੈਨਰ ਅਤੇ ਜੇਲ੍ਹ ਕੈਦੀ ਕਾਲਿੰਗ ਸਿਸਟਮ ਵਰਗੀਆਂ ਸਹੂਲਤਾਂ ਦੀ ਪ੍ਰਗਤੀ ਬਾਰੇ ਵੀ ਜਾਣਕਾਰੀ ਦਿੱਤੀ।

## Ranjit Singh Exhibition, London




A timely reminder for those in the UK or those with friends and family in the UK. Please do visit this wonderful exhibition which runs until the 20th Oct 2024 at the Wallace Collection, London.

A landmark exhibition, with loans from private collections as well as the British Museum, Louvre, Palace of Versailles, The Royal Collection, British Library and the V&A, to name a few.

Audio guides in both English and Punjabi.

# ਸ਼੍ਰੋਮਣੀ ਕਮੇਟੀ ਵਲੋਂ ਸ਼ਤਾਬਦੀਆਂ ਮੌਕੇ ਮਾਨ ਸਰਕਾਰ ਵਲੋਂ ਨਾਂ ਪੱਖੀ ਰਵੱਈਆ ਅਪਨਾਉਣ ਲਈ ਨਿੰਦਾ ਮਤਾ ਪਾਸ

## ✪ ਅਜਿਹਾ ਪਹਿਲੀ ਵਾਰ ਹੋਇਆ ਕਿ ਕਿਸੇ ਸਰਕਾਰ ਨੇ ਸ਼ਤਾਬਦੀਆਂ ਮੌਕੇ ਕੋਈ ਸਹਿਯੋਗ ਨਾ ਦਿੱਤਾ ਹੋਵੇ-ਧਾਮੀ



ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਬੀਤੇ ਦਿਨੀਂ ਹੋਈ ਇਕੱਤਰਤਾ ਦੌਰਾਨ ਕਈ ਅਹਿਮ ਮਤੇ ਪਾਸ ਕਰਨ ਦੇ ਨਾਲ ਭਗਵੰਤ ਮਾਨ ਸਰਕਾਰ ਵਲੋਂ 450 ਸਾਲਾ ਸ਼ਤਾਬਦੀਆਂ ਮੌਕੇ ਅਪਨਾਏ ਗਏ ਨਕਾਰਤਮਕ ਰਵੱਈਏ ਲਈ ਨਿੰਦਾ ਮਤਾ ਪਾਸ ਕੀਤਾ ਗਿਆ। ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਕਰੀਬ ਦੋ ਘੰਟੇ ਤੱਕ ਚੱਲੀ ਇਸ ਇਕੱਤਰਤਾ ਉਪਰੰਤ ਪ੍ਰਧਾਨ ਧਾਮੀ ਨੇ ਕਿਹਾ ਕਿ ਇਕੱਤਰਤਾ ਵਿਚ ਜਿਥੇ ਸ੍ਰੀ ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਪੁਰਬ ਦੇ 450 ਸਾਲਾ ਸ਼ਤਾਬਦੀ ਸਮਾਗਮਾਂ ਵਿਚ ਵੱਡੇ ਪੱਧਰ 'ਤੇ ਸਹਿਯੋਗ ਕਰਨ ਲਈ ਖ਼ਾਲਸਾ ਪੰਥ ਦੀਆਂ ਸਮੂਹ ਜਥੇਬੰਦੀਆਂ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ, ਕਾਰ ਸੇਵਾ ਵਾਲੇ ਮਹਾਂਪੁਰਸ਼ਾਂ, ਨਿਰਮਲੇ, ਉਦਾਸੀ, ਸਿੰਘ ਸਭਾ ਸੁਸਾਇਟੀਆਂ ਅਤੇ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ, ਉਥੇ ਅੰਤ੍ਰਿੰਗ ਕਮੇਟੀ ਨੇ ਇਨ੍ਹਾਂ 450 ਸਾਲਾ ਸ਼ਤਾਬਦੀ ਸਮਾਗਮਾਂ ਦੌਰਾਨ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਅਪਨਾਏ ਗਏ ਨਕਾਰਾਤਮਕ ਰਵੱਈਏ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ।

### ਨਵੰਬਰ 2025 'ਚ 350 ਸਾਲਾ ਸ਼ਤਾਬਦੀਆਂ ਮਨਾਉਣ ਦਾ ਫ਼ੈਸਲਾ

ਪ੍ਰਧਾਨ ਧਾਮੀ ਨੇ ਦੱਸਿਆ ਕਿ ਅਗਲੇ ਵਰ੍ਹੇ ਨਵੰਬਰ ਵਿਚ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਦੀ 350 ਸਾਲਾ ਸ਼ਤਾਬਦੀ ਅਤੇ ਸ੍ਰੀ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ 350 ਸਾਲਾ ਗੁਰਿਆਈ ਦਿਵਸ ਦੀਆਂ ਸ਼ਤਾਬਦੀਆਂ ਨੂੰ ਸਿੱਖ ਸੰਗਤਾਂ ਤੇ ਜਥੇਬੰਦੀਆਂ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਮਨਾਉਣ ਦਾ ਫ਼ੈਸਲਾ ਕੀਤਾ ਗਿਆ।

### ਕੰਗਨਾ ਦੀ ਫ਼ਿਲਮ ਪੰਜਾਬ 'ਚ ਨਾ ਚੱਲਣ ਦੇਣ ਦਾ ਫ਼ੈਸਲਾ

ਉਨ੍ਹਾਂ ਦੱਸਿਆ ਕਿ ਇਕੱਤਰਤਾ ਦੌਰਾਨ ਭਾਜਪਾ ਸੰਸਦ ਮੈਂਬਰ ਤੇ ਫਿਲਮ ਅਦਾਕਾਰ ਕੰਗਨਾ ਰਣੌਤ ਵਲੋਂ ਬਣਾਈ ਫ਼ਿਲਮ 'ਐਮਰਜੈਂਸੀ' ਨੂੰ ਮੁਲੋਂ ਰੱਦ ਕਰਨ ਦਾ ਮਤਾ ਪਾਸ ਕਰਦਿਆਂ ਸਰਕਾਰ ਨੂੰ ਇਸ 'ਤੇ ਪੂਰਨ ਰੋਕ ਲਗਾਉਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਇਸ ਫ਼ਿਲਮ ਵਿਚ ਸਿੱਖਾਂ ਨੂੰ ਬਦਨਾਮ ਕਰਨ ਦੇ ਨਾਲ-ਨਾਲ ਕੌਮੀ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਕਿਰਦਾਰਕੁਸ਼ੀ ਕੀਤੀ ਗਈ ਹੈ, ਜਿਸ ਨੂੰ ਸਿੱਖ ਕੌਮ ਬਰਦਾਸ਼ਤ ਨਹੀਂ ਕਰ ਸਕਦੀ ਤੇ ਪੰਜਾਬ ਅੰਦਰ ਕਿਸੇ ਵੀ ਕੀਮਤ 'ਤੇ ਇਸ ਫ਼ਿਲਮ ਨੂੰ ਨਹੀਂ ਚੱਲਣ ਦਿੱਤਾ ਜਾਵੇਗਾ।

### ਦਿੱਲੀ 'ਚ ਸਿੱਖ ਮਿਸ਼ਨ ਲਈ ਜ਼ਮੀਨ ਖਰੀਦਣ ਦਾ ਫ਼ੈਸਲਾ

ਅੰਤ੍ਰਿੰਗ ਕਮੇਟੀ ਦੇ ਹੋਰ ਫ਼ੈਸਲਿਆਂ ਬਾਰੇ ਉਨ੍ਹਾਂ ਦੱਸਿਆ ਕਿ ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਅਤਿ ਆਧੁਨਿਕ ਇਮਾਰਤ ਤਿਆਰ ਕਰਕੇ ਦਿੱਲੀ ਸਿੱਖ ਮਿਸ਼ਨ ਨੂੰ ਅਜ਼ਾਦਾਨਾ ਤੌਰ 'ਤੇ ਸਰਗਰਮ ਕਰਨ ਦਾ ਫ਼ੈਸਲਾ ਕੀਤਾ ਹੈ। ਦਿੱਲੀ ਵਿਖੇ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਦਾ ਸਿੱਖ ਮਿਸ਼ਨ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਵਿਖੇ ਕਾਰਜਸ਼ੀਲ ਹੈ ਪਰ ਹੁਣ ਲੋੜਾਂ ਨੂੰ ਮੁੱਖ ਰੱਖਦਿਆਂ ਜ਼ਮੀਨ ਖ਼ਰੀਦ ਕੇ ਨਵੀਂ ਇਮਾਰਤ ਤਿਆਰ ਕੀਤੀ ਜਾਵੇਗੀ, ਜਿਥੋਂ ਧਰਮ ਦੇ ਪ੍ਰਚਾਰ ਪ੍ਰਸਾਰ ਦੇ ਕਾਰਜ ਚਲਾਏ ਜਾਣਗੇ।

### ਕੌਣ-ਕੌਣ ਸ਼ਾਮਿਲ

ਇਕੱਤਰਤਾ 'ਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਲ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਗੁਰਬਖ਼ਸ਼ ਸਿੰਘ ਖਾਲਸਾ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਅੰਤ੍ਰਿੰਗ ਕਮੇਟੀ ਮੈਂਬਰ ਮੋਹਨ ਸਿੰਘ ਬੰਗੀ, ਜਸਮੇਰ ਸਿੰਘ ਲਾਛੜੂ, ਖੁਸ਼ਵਿੰਦਰ ਸਿੰਘ ਭਾਟੀਆ, ਇੰਦਰਮੋਹਨ ਸਿੰਘ ਲਖਮੀਰਵਾਲਾ, ਬੀਬੀ ਮਲਕੀਤ ਕੌਰ ਕਮਾਲਪੁਰ, ਅਮਰਜੀਤ ਸਿੰਘ ਭਲਾਈਪੁਰ, ਬੀਬੀ ਜਸਪਾਲ ਕੌਰ ਤੇ ਜਸਵੰਤ ਸਿੰਘ ਪੁੜੈਣ ਤੋਂ ਇਲਾਵਾ ਓ.ਐੱਸ. ਡੀ. ਸਤਬੀਰ ਸਿੰਘ ਧਾਮੀ, ਸਕੱਤਰ ਪ੍ਰਤਾਪ ਸਿੰਘ, ਸੁਖਮਿੰਦਰ ਸਿੰਘ ਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

### ਅਕਾਲੀ ਦਲ ਸੁਧਾਰ ਲਹਿਰ ਦੇ ਮੈਂਬਰਾਂ ਵਲੋਂ ਜਥੇਦਾਰਾਂ ਦੀ ਨਿਯੁਕਤੀ ਸੰਬੰਧੀ ਪੇਸ਼ ਕੀਤਾ ਮਤਾ

ਇਕੱਤਰਤਾ ਦੌਰਾਨ ਅਕਾਲੀ ਦਲ ਸੁਧਾਰ ਲਹਿਰ ਨਾਲ ਸੰਬੰਧਿਤ 5 ਅੰਤਿਰਿੰਗ ਕਮੇਟੀ ਮੈਂਬਰਾਂ ਵਲੋਂ ਜਸਵੰਤ ਸਿੰਘ ਪੁੜੈਣ ਨੇ ਇਕ ਮਤਾ ਪੇਸ਼ ਵੀ ਕੀਤਾ ਗਿਆ। ਇਸ ਮਤੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਬਾਕੀ ਤਖ਼ਤ ਸਹਿਬਾਨਾਂ ਦੇ ਜਥੇਦਾਰ ਸਹਿਬਾਨਾਂ ਦੀ ਨਿਯੁਕਤੀ ਅਤੇ ਉਨ੍ਹਾਂ ਨੂੰ ਹਟਾਉਣ ਬਾਰੇ ਪੁਰਾਤਨ ਪੰਥਕ ਰਹੁ ਰੀਤਾਂ ਮੁਤਾਬਿਕ ਕਰਨ ਦੀ ਮੰਗ ਕੀਤੀ ਗਈ। ਬਾਅਦ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ: ਪੁੜੈਣ ਨੇ ਕਿਹਾ ਕਿ ਇਸ ਮਤੇ ਵਿਚ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਦਮਦਮੀ ਟਕਸਾਲ, ਨਿਹੰਗ ਸਿੰਘ ਜਥੇਬੰਦੀਆਂ, ਸਿੰਘ ਸਭਾਵਾਂ, ਪੰਥਕ ਵਿਦਵਾਨਾਂ, ਸੰਪਰਦਾਵਾਂ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪੰਜ ਸਾਬਕਾ ਜਥੇਦਾਰਾਂ, ਸ਼੍ਰੋਮਣੀ ਕਮੇਟੀ ਦੇ ਪਿਛਲੇ ਪੰਜ ਸਾਬਕਾ ਪ੍ਰਧਾਨਾਂ ਆਦਿ ਨਾਲ ਸਲਾਹ ਮਸ਼ਵਰਾ ਕਰਕੇ ਤਿੰਨ ਨਾਵਾਂ ਦਾ ਪੈਨਲ ਅੰਤ੍ਰਿਗ ਕਮੇਟੀ ਕੋਲ ਭੇਜਿਆ ਜਾਵੇ ਤੇ ਅੰਤ੍ਰਿੰਗ ਕਮੇਟੀ ਵਲੋਂ ਉਨ੍ਹਾਂ 'ਚੋਂ ਮੈਰਿਟ 'ਤੇ ਜਥੇਦਾਰ ਸਾਹਿਬ ਦੀ ਨਿਯੁਕਤੀ ਹੋਣੀ ਚਾਹੀਦੀ ਹੈ। ਜਥੇਦਾਰ ਕੇਵਲ 70 ਸਾਲ ਤੱਕ ਸੇਵਾ ਨਿਭਾਅ ਸਕਣ।

ਉਨ੍ਹਾਂ ਦੋਸ਼ ਲਾਇਆ ਕਿ ਬਹੁਤ ਸਾਰੇ ਮੈਂਬਰਾਂ ਦੀ ਸਹਿਮਤੀ ਦੇ ਬਾਵਜੂਦ ਪ੍ਰਧਾਨ ਧਾਮੀ ਨੇ ਇਹ ਮਤਾ ਪਾਸ ਤੇ ਪ੍ਰਵਾਨ ਨਹੀਂ ਕੀਤਾ। ਇਸ ਮਤੇ 'ਤੇ ਸਭ ਪੁੜੈਣ ਤੋਂ ਇਲਾਵਾ ਜਸਮੇਰ ਸਿੰਘ ਲਾਛੜੂ, ਖੁਸ਼ਵਿੰਦਰ ਸਿੰਘ ਭਾਟੀਆ, ਇੰਦਰਮੋਹਨ ਸਿੰਘ, ਬੀਬੀ ਮਲਕੀਤ ਕੌਰ ਕਮਾਲਪੁਰ, ਬੀਬੀ ਜਸਪਾਲ ਕੌਰ ਆਦਿ ਅੰਤਿਰਿੰਗ ਕਮੇਟੀ ਮੈਂਬਰਾਂ ਦੇ ਵੀ ਦਸਤਖਤ ਸਨ।

# ਦਲ ਖ਼ਾਲਸਾ ਤੋਂ ਬਾਅਦ ਦਮਦਮੀ ਟਕਸਾਲ ਵੀ ਬੀਬੀ ਜਗੀਰ ਕੌਰ ਦੀ ਹਮਾਇਤ ਵਿਚ

## ✪ ਕਿਹਾ ਕਿ 'ਜਥੇਦਾਰ ਸਿੱਖ ਪੰਥ ਦੇ ਨਹੀਂ, ਬਲਕਿ ਬਾਦਲ ਪਰਿਵਾਰ ਦੇ ਹਨ!'



ਅੰਮ੍ਰਿਤਸਰ-ਦਮਦਮੀ ਟਕਸਾਲ ਅਜਨਾਲਾ ਦੇ ਮੁਖੀ ਅਮਰੀਕ ਸਿੰਘ ਨੇ ਬੀਬੀ ਜਗੀਰ ਕੌਰ ਨੂੰ ਤਲਬ ਕਰਨ ਨੂੰ ਲੈ ਕੇ ਅਕਾਲੀ ਦਲ 'ਤੇ ਨਿਸ਼ਾਨਾ ਲਗਾਇਆ ਹੈ। ਉਨ੍ਹਾਂ ਕਿਹਾ ਕਿ ਜੇ ਰੋਮਾਂ ਦੀ ਬੇਅਦਬੀ ਅਤੇ ਧੀ ਦਾ ਕਤਲ ਸਿੱਖ ਧਰਮ ਵਿੱਚ ਬੱਜਰ ਕੁਰਹਿਤ ਹੈ ਤਾਂ ਫਿਰ ਅਕਾਲੀ ਦਲ ਨੇ ਬੀਬੀ ਜਗੀਰ ਕੌਰ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕਿਉਂ ਬਣਾਇਆ?

ਟਕਸਾਲ ਮੁਖੀ ਨੇ ਕਿਹਾ ਕਿ ਜਥੇਦਾਰ ਸਿੱਖ ਪੰਥ ਦੇ ਨਹੀਂ, ਬਲਕਿ ਬਾਦਲ ਪਰਿਵਾਰ ਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਖ਼ੁਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ ਦੇ ਮਾਮਲੇ ਵਿੱਚ ਅਪਰਾਧੀ ਹੈ, ਜਦੋਂ ਤੱਕ ਇਹ ਆਪ ਆਪਣੇ ਗੁਨਾਹਾਂ ਨੂੰ ਨਹੀਂ ਬਖ਼ਸ਼ਾਉਂਦੇ, ਇਹ ਕਿਸੇ ਨੂੰ ਤਲਬ ਨਹੀਂ ਕਰ ਸਕਦੇ।

ਉੱਧਰ ਦਲ ਖ਼ਾਲਸਾ ਨੇ ਵੀ ਬੀਬੀ ਜਗੀਰ ਕੌਰ ਨੂੰ ਜਥੇਦਾਰ ਵੱਲੋਂ ਤਲਬ ਕਰਨ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਧਾਰੀ ਸਿੰਘ ਜਾਂ ਸਿੰਘਣੀ ਵੱਲੋਂ ਰੋਮਾਂ ਦੀ ਬੇਅਦਬੀ ਦੇ ਮਾਮਲੇ ਵਿੱਚ ਸਜ਼ਾ ਦੇਣ ਦਾ ਅਧਿਕਾਰ ਪੰਜ ਪਿਆਰਿਆਂ ਨੂੰ ਹੈ। ਦੂਜਾ ਕੁੜੀ ਮਾਰ ਦੀ ਪਰਿਭਾਸ਼ਾ ਗਰਭ ਵਿੱਚ ਧੀ ਦੇ ਕਤਲ ਨੂੰ ਲੈ ਕੇ ਦਿੱਤੀ ਗਈ ਸੀ, ਜਦਕਿ ਬੀਬੀ ਜਗੀਰ ਕੌਰ ਦਾ ਮਾਮਲਾ ਇਸਦੇ ਬਿਲਕੁਲ ਉਲਟ ਹੈ।

ਦਲ ਖ਼ਾਲਸਾ ਨੇ ਕਿਹਾ ਧੀ ਦੇ ਕਤਲ ਬਾਅਦ ਵੀ ਬੀਬੀ ਜਗੀਰ ਕੌਰ ਨੂੰ 2 ਵਾਰ ਸ਼੍ਰੋਮਣੀ ਦਾ ਪ੍ਰਧਾਨ ਬਣਾਇਆ ਗਿਆ। ਉਸ ਵੇਲੇ ਦੇ ਹਾਲਾਤਾਂ ਵਿੱਚ ਫਰਕ ਇਹ ਸੀ ਕਿ ਜਗੀਰ ਕੌਰ ਉਸ ਵੇਲੇ ਅਕਾਲੀ ਦਲ ਦੀ ਲੀਡਰਸ਼ਿੱਪ ਦੀ ਚਹੇਤੇ ਸਨ। ਅੱਜ ਉਸੇ ਲੀਡਰਸ਼ਿੱਪ ਲਈ ਚੁਣੌਤੀ ਬਣੇ ਹੋਏ ਹਨ।

ਦਲ ਖਾਲਸਾ ਨੇ ਕਿਹਾ ਸਾਲਾਂ ਬਾਅਦ ਸ੍ਰੀ ਅਕਾਲ ਤਖ਼ਤ ਮਾਮਲਾ ਆਉਣ ਪਿੱਛੇ ਇਰਾਦਾ ਅਤੇ ਨੀਅਤ ਮੰਦਭਾਵਨਾ ਵਾਲੀ ਹੈ। ਦਲ ਖਾਲਸਾ ਨੇ ਕਿਹਾ ਸਾਡੀ ਅਪੀਲ ਹੈ ਕਿ ਸ੍ਰੀ ਅਕਾਲ ਤਖਤ ਦੀ ਸਰਵਉੱਚਤਾ, ਸਿਧਾਂਤਾਂ ਅਤੇ ਮਰਿਆਦਾ ਨੂੰ ਪਾਟੋਧਾੜ ਦੇ ਸ਼ਿਕਾਰ ਅਕਾਲੀ ਧੜਿਆਂ ਦੀ ਸੌੜੀ ਸਿਆਸੀ ਖੇਡ ਤੋਂ ਉੱਤੇ ਅਤੇ ਪਾਕ ਰੱਖਿਆ ਜਾਵੇ।

**ਵਿਚਾਰ :-** ਸੱਚੀ ਗੱਲ ਕਹਿਣ ਤੋਂ ਪਹਿਲਾਂ ਜੇਕਰ ਵਾਰ ਵਾਰ ਉਸ ਨੂੰ ਤੋਲਿਆ ਜਾਵੇ ਤਾਂ ਉਸ ਦਾ ਵਜ਼ਨ ਘਟ ਜਾਂਦਾ ਹੈ।



ਰਜਿੰਦਰ ਸਿੰਘ ਪੁਰੇਵਾਲ

# ਆਖਰਕਾਰ ਭਾਜਪਾ ਦੀ ਡੁਬਦੀ ਬੇੜੀ ਨੂੰ ਬਲਾਤਕਾਰੀ ਸੌਦਾ ਸਾਧ ਦਾ ਸਹਾਰਾ

ਸਾਰੇ ਸਿਆਸੀ ਉਪਾਅ ਅਤੇ ਚੋਣ ਰਣਨੀਤੀ ਅਜ਼ਮਾਉਣ ਤੋਂ ਬਾਅਦ, ਭਾਜਪਾ ਨੂੰ ਆਖ਼ਰਕਾਰ ਸੌਦਾ ਸਾਧ ਦਾ ਸਮਰਥਨ ਮਿਲ ਰਿਹਾ ਹੈ। ਹਰਿਆਣਾ ਵਿੱਚ ਵੋਟਿੰਗ ਤੋਂ ਚਾਰ ਦਿਨ ਪਹਿਲਾਂ ਡੇਰਾ ਸੌਦਾ ਦੇ ਸੰਸਥਾਪਕ ਰਾਮ ਰਹੀਮ ਨੂੰ ਇੱਕ ਵਾਰ ਫਿਰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੈ। ਬਲਾਤਕਾਰ ਅਤੇ ਕਤਲ ਕੇਸ ਵਿੱਚ ਸਜ਼ਾ ਕੱਟ ਰਹੇ ਰਾਮ ਰਹੀਮ ਨੂੰ 1 ਅਕਤੂਬਰ ਨੂੰ 21 ਦਿਨਾਂ ਦੀ ਪੈਰੋਲ 'ਤੇ ਰਿਹਾਅ ਕੀਤਾ ਗਿਆ ਸੀ। ਇਸ ਵਾਰ ਰਾਮ ਰਹੀਮ ਨੂੰ ਪੈਰੋਲ 'ਤੇ ਰਿਹਾਅ ਕਰਨ 'ਚ ਨਾ ਸਿਰਫ਼ ਹਰਿਆਣਾ ਸਰਕਾਰ ਜਾਂ ਰੋਹਤਕ ਦੀ ਸੁਨਾਰੀਆ ਜੇਲ੍ਹ ਦਾ ਪ੍ਰਸ਼ਾਸਨ ਸ਼ਾਮਲ ਹੈ, ਸਗੋਂ ਅਦਾਲਤ ਅਤੇ ਚੋਣ ਕਮਿਸ਼ਨ ਵੀ ਸ਼ਾਮਲ ਹਨ। ਦੱਸਿਆ ਜਾ ਰਿਹਾ ਹੈ ਕਿ ਰਾਮ ਰਹੀਮ ਨੂੰ ਪੁੱਛਿਆ ਗਿਆ ਕਿ ਉਹ ਪੈਰੋਲ ਕਿਉਂ ਚਾਹੁੰਦਾ ਹੈ ਤਾਂ ਉਸ ਨੇ ਪੰਜ ਕਾਰਨ ਦੱਸੇ, ਜਿਨ੍ਹਾਂ 'ਤੇ ਅਦਾਲਤ ਨੇ ਚੋਣ ਕਮਿਸ਼ਨ ਨੂੰ ਵਿਚਾਰ ਕਰਨ ਲਈ ਕਿਹਾ ਅਤੇ ਚੋਣ ਕਮਿਸ਼ਨ ਨੇ ਵਿਚਾਰ ਕਰਨ ਤੋਂ ਬਾਅਦ ਪੈਰੋਲ ਨੂੰ ਮਨਜ਼ੂਰੀ ਦੇ ਦਿੱਤੀ। ਸੋਚੋ, ਸਾਡੇ ਦੇਸ਼ ਦੀਆਂ ਅਦਾਲਤਾਂ ਕਿੰਨੀਆਂ ਮਸੂਮ ਹਨ ਅਤੇ ਚੋਣ ਕਮਿਸ਼ਨ ਕਿੰਨਾ ਮਸੂਮ ਹੈ ?

ਇਸ ਮਸੂਮ ਚੋਣ ਕਮਿਸ਼ਨ ਨੇ ਬਲਾਤਕਾਰ ਅਤੇ ਕਤਲ ਦੇ ਦੋਸ਼ੀ ਰਾਮ ਰਹੀਮ ਨੂੰ ਪੈਰੋਲ ਦਿੰਦੇ ਹੋਏ ਤਿੰਨ ਸ਼ਰਤਾਂ ਲਗਾਈਆਂ ਸਨ। ਉਨ੍ਹਾਂ ਕਿਹਾ ਕਿ ਉਹ ਰਾਜਨੀਤਿਕ ਗਤੀਵਿਧੀਆਂ ਵਿੱਚ ਸ਼ਾਮਲ ਨਹੀਂ ਹੋਣਗੇ, ਸੋਸ਼ਲ ਮੀਡੀਆ ਵਿੱਚ ਪ੍ਰਚਾਰ ਨਹੀਂ ਕਰਨਗੇ ਅਤੇ ਹਰਿਆਣਾ ਵਿੱਚ ਨਹੀਂ ਰਹਿਣਗੇ। ਕੀ ਇਹ ਮੰਨਿਆ ਜਾ ਸਕਦਾ ਹੈ ਕਿ ਰਾਮ ਰਹੀਮ ਇਨ੍ਹਾਂ ਸ਼ਰਤਾਂ ਨੂੰ ਮੰਨ ਕੇ ਹਰਿਆਣਾ ਵਿਧਾਨ ਸਭਾ ਚੋਣਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ ? ਦੇਸ਼ ਦੇ ਚੋਣ ਕਮਿਸ਼ਨ ਨੂੰ ਛੱਡ ਕੇ ਇਸ ਧਰਤੀ 'ਤੇ ਕੋਈ ਵੀ ਇਸ ਗੱਲ 'ਤੇ ਵਿਸ਼ਵਾਸ ਨਹੀਂ ਕਰੇਗਾ। ਰਾਮ ਰਹੀਮ ਦਾ ਆਸ਼ਰਮ ਹਰਿਆਣਾ ਦੀ ਸਰਹੱਦ ਦੇ ਆਸ-ਪਾਸ ਹੈ। ਉਨ੍ਹਾਂ ਨੂੰ ਹਰਿਆਣਾ ਵਿਚ ਰਹਿਣ ਦੀ ਲੋੜ ਨਹੀਂ ਹੈ ਅਤੇ ਨਾ ਹੀ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਸੋਸ਼ਲ ਮੀਡੀਆ 'ਤੇ ਕੋਈ ਭਾਸ਼ਣ ਦੇਣ ਦੀ ਲੋੜ ਹੈ। ਰਾਮ ਰਹੀਮ ਦਾ ਸੰਦੇਸ਼ ਸ਼ਰਧਾਲੂਆਂ ਤੱਕ ਪਹੁੰਚਾਉਣ ਦਾ ਡੇਰੇ ਦਾ ਆਪਣਾ ਹੀ ਤਰੀਕਾ ਹੈ। ਉਹ ਉਪਦੇਸ਼ ਲਈ ਇਕੱਠੀ ਹੋਈ ਭੀੜ ਨੂੰ ਸਿੱਧਾ ਸੰਦੇਸ਼ ਦੇ ਸਕਦਾ ਹੈ, ਪਰ ਉਸ ਦੇ ਸੇਵਕ ਵੱਖ-ਵੱਖ ਤਰੀਕਿਆਂ ਨਾਲ ਉਸ ਦਾ ਸੰਦੇਸ਼ ਸ਼ਰਧਾਲੂਆਂ ਤੱਕ ਪਹੁੰਚਾਉਂਦੇ ਹਨ। ਇਸੇ ਕਾਰਨ ਉਸ ਨੂੰ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਹੈ। ਚੋਣ ਕਮਿਸ਼ਨ ਉਪਰ ਮੋਦੀ ਸਰਕਾਰ ਦਾ ਪ੍ਰਭਾਵ ਹੈ। ਇਸ ਕਾਰਣ ਉਸਨੇ ਇਸ ਪਖ ਨੂੰ ਅਖੌਂ ਪਰੌਖੇ ਕੀਤਾ

ਪਰ ਕੀ ਸੌਦਾ ਸਾਧ ਹਰਿਆਣਾ ਚੋਣਾਂ ਨੂੰ ਪ੍ਰਭਾਵਿਤ ਕਰੇਗਾ ? ਇਸ ਤੋਂ ਪਹਿਲਾਂ ਜਦੋਂ ਭਾਜਪਾ ਸਰਕਾਰ ਨੇ ਉਸ ਨੂੰ ਰਿਹਾਅ ਕੀਤਾ ਸੀ ਤਾਂ ਕੀ ਉਸ ਨੇ ਚੋਣਾਂ ਵਿੱਚ ਭਾਜਪਾ ਦੀ ਜਿੱਤ ਯਕੀਨੀ ਬਣਾਈ ਸੀ ? ਜੇਕਰ ਅਜਿਹਾ ਹੋਇਆ ਹੁੰਦਾ ਤਾਂ ਇਸ ਵਾਰ ਉਹ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਲਗਾਤਾਰ ਦੋ ਮਹੀਨੇ ਦੂਰ ਰਹਿ ਕੇ ਭਾਜਪਾ ਦੀ ਕਾਫੀ ਮਦਦ ਕਰ ਸਕਦਾ ਸੀ। ਉਸ ਨੂੰ 19 ਜਨਵਰੀ 2024 ਨੂੰ 60 ਦਿਨਾਂ ਦੀ ਪੈਰੋਲ ਮਿਲੀ ਸੀ। ਪਰ ਹਰਿਆਣਾ, ਪੰਜਾਬ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਰਗੇ ਇਸ ਦੇ ਪ੍ਰਭਾਵ ਵਾਲੇ ਖੇਤਰਾਂ ਵਿੱਚ ਭਾਜਪਾ ਦਾ ਬੁਰਾ ਹਾਲ ਹੋਇਆ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬਲਾਤਕਾਰੀ ਬਾਬਾ ਨਹਿਸ਼ੀ ਹੈ। ਹਰਿਆਣਾ ਵਿੱਚ ਭਾਜਪਾ ਦਾ ਉਲਟਾ ਸਿਆਸੀ ਨੁਕਸਾਨ ਹੋਵੇਗਾ।

ਰਾਮਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਮੁੱਖ ਚੋਣ ਕਮਿਸ਼ਨਰ ਨੂੰ ਪੱਤਰ ਲਿਖ ਕੇ ਸਿਰਸਾ ਡੇਰਾ ਮੁਖੀ ਦੀ ਪੈਰੋਲ ਦੀ ਅਰਜ਼ੀ ਰੱਦ ਕਰਨ ਦੀ ਮੰਗ ਕੀਤੀ ਹੈ। ਆਪਣੇ ਪੱਤਰ ਵਿੱਚ ਅੰਸ਼ੁਲ ਨੇ ਕਿਹਾ ਕਿ ਸੌਦਾ ਸਾਧ ਉਸਦੇ ਪਿਤਾ ਰਾਮਚੰਦਰ ਛਤਰਪਤੀ ਦੀ ਹੱਤਿਆ ਦੇ ਮਾਮਲੇ ਵਿੱਚ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਸਜ਼ਾ ਕੱਟ ਰਿਹਾ ਹੈ। ਇਸ ਤੋਂ ਇਲਾਵਾ ਉਸ ਵਿਰੁੱਧ ਪੰਜਾਬ ਵਿਚ ਸਾਧੂਆਂ ਨੂੰ ਨਿਪੁੰਸਕ ਬਣਾਉਣ ਅਤੇ ਬੇਅਦਬੀ ਕਰਨ ਦੇ ਮਾਮਲੇ ਅਦਾਲਤ ਵਿਚ ਵਿਚਾਰ ਅਧੀਨ ਹਨ। ਡੇਰਾ ਮੁਖੀ ਪਿਛਲੇ ਦੋ ਦਹਾਕਿਆਂ ਤੋਂ ਆਪਣੇ ਸਿਆਸੀ ਵਿੰਗ ਰਾਹੀਂ ਆਪਣੇ ਸ਼ਰਧਾਲੂਆਂ ਦੀਆਂ ਵੋਟਾਂ ਦੀ ਸੌਦੇਬਾਜ਼ੀ ਭਾਜਪਾ ਨਾਲ ਕਰ ਰਿਹਾ ਹੈ। ਪਿਛਲੇ ਦੋ ਸਾਲਾਂ ਵਿੱਚ ਹੀ ਉਸ ਨੂੰ 10 ਵਾਰ ਪੈਰੋਲ ਜਾਂ ਫਰਲੋ ਦਿੱਤੀ ਗਈ ਸੀ, ਜਿਸ ਤਹਿਤ ਉਹ 255 ਦਿਨ ਜੇਲ੍ਹ ਤੋਂ ਬਾਹਰ ਰਿਹਾ ਸੀ। ਉਹ ਹਰ ਚੋਣ ਵਾਂਗ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਹ ਕਿਸੇ ਖਾਸ ਸਿਆਸੀ ਪਾਰਟੀ ਨੂੰ ਫਾਇਦਾ ਪਹੁੰਚਾਉਣ ਲਈ ਆਪਣੇ ਸ਼ਰਧਾਲੂਆਂ ਨੂੰ ਸੰਦੇਸ਼ ਦੇ ਕੇ ਵੋਟਿੰਗ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਉਪਰੋਕਤ ਹਾਲਾਤਾਂ ਨੂੰ ਧਿਆਨ ਵਿੱਚ ਰੱਖਦਿਆਂ ਚੋਣ ਕਮਿਸ਼ਨ ਨੂੰ ਚਾਹੀਦਾ ਹੈ ਕਿ ਉਹ ਹਰਿਆਣਾ ਸਰਕਾਰ ਨੂੰ ਸੌਦਾ ਦੀ ਪੈਰੋਲ ਦੀ ਅਰਜ਼ੀ ਰੱਦ ਕਰਨ ਦੇ ਨਿਰਦੇਸ਼ ਦੇਵੇ ਅਤੇ ਇਸ ਤੋਂ ਇਲਾਵਾ ਨਿਰਪੱਖ ਵੋਟਾਂ ਦੇ ਹਿੱਤ ਵਿੱਚ ਡੇਰਾ ਸੌਦਾ ਦੀਆਂ ਸਿਆਸੀ ਗਤੀਵਿਧੀਆਂ ਦਾ ਨੋਟਿਸ ਲੈਂਦਿਆਂ ਕਾਰਵਾਈ ਕੀਤੀ ਜਾਵੇ।

ਪਰ ਇਨ੍ਹਾਂ ਚੋਣਾਂ ਦੌਰਾਨ ਭਾਜਪਾ ਦੇ ਨਾਲ-ਨਾਲ ਚੋਣ ਕਮਿਸ਼ਨ ਦੇ ਚਿਹਰੇ ਤੋਂ ਨਿਰਪੱਖਤਾ ਦਾ ਪਰਦਾ ਵੀ ਹਟ ਗਿਆ ਹੈ। ਲੋਕ ਇਹ ਸਮਝਣ ਲੱਗ ਪਏ ਹਨ ਕਿ ਕਤਲ ਅਤੇ ਬਲਾਤਕਾਰ ਦਾ ਦੋਸ਼ੀ ਗੁੰਡਾ ਸਾਧ, ਜੋ ਜੇਲ੍ਹ ਵਿੱਚ ਹੈ, ਨੂੰ ਬਿਨਾਂ ਕਾਰਣ ਚਾਰ ਸਾਲਾਂ ਵਿੱਚ 10 ਵਾਰ ਪੈਰੋਲ ਜਾਂ ਫਰਲੋ ਨਹੀਂ ਮਿਲ ਸਕਦੀ। ਪਰ ਭਾਜਪਾ ਇਸ ਬਦਨਾਮ ਸਾਧ ਕਾਰਣ ਕਲੰਕ ਖਟ ਰਹੀ ਹੈ।

-ਰਜਿੰਦਰ ਸਿੰਘ ਪੁਰੇਵਾਲ

## NEWS & VIEWS

# BRITISH SIKHS AND UK POLITICAL PARTIES



Gurmukh Singh OBE

In the last General Election, it was a matter of some satisfaction to see a full identity Sikh stand as a candidate for the Reform UK Party. That was his personal choice. Our concern here is that British Sikhs should take an interest in politics and be full participants in the UK political process and policies.
Sikhi *miri-piri* ideology should guide Sikh politics and not some assumed, taken-for-granted, loyalty to any particular political party. Agendas of parties keep changing. No party should take Sikh support for granted and Sikhs should feel free to join parties of own choice.

In the UK, traditionally, Sikhs have generally shown a leaning towards the Labour Party and social values. That is understandable because earning livelihood through honest labour (*kirat karni*) is a core Sikhi principle. It may be argued that Sikhi is closer to the *Labour Theory of Value* than exploitative type of capitalism. Ideologically, Sikh support is for the welfare system with a safety net for all, social justice and an *impartial* rule of law. Sikhi is not against doing well in life and building a sound economic family and community base. Sikhi is not against prosperity derived from hard work and advancement in all fields at personal, family, community and global levels.
Whether as members of political parties or from outside, Sikhs should support those objectives in political party manifestos which align with Sikhi thought, egalitarian and *Sarbat-da-bhalaa* values. That also means that Sikhs should join political parties of own choice and influence party policies towards Sikhi universal values and *Panth di Chardhi kalaa.* Accordingly, they should hold politicians accountable against those objectives. To some extent the *Sikh Reht Maryada*, gives pointers to these Panthic objectives.

In this connection, the feedback from diaspora contacts is that *The Sikh Manifesto 2015* (see footnote**), is the ideal introduction and blue-print which can be redrafted to accord with the Sikh political situation and need in any country. Much thought was put into the drafting of the document by a professional team. Regardless of the country the Sikhs live in, the spiritual as well as political reference point should always be Guru Granth-Panth represented by the Sovereignty of the Institution of Sri Akal Takh Sahib. About the Sovereignty of the Takht as an Institution, let us not forget the words pf Sirdar Kapur Singh: *When the Sikhs do not have a sovereign state of their own, the Golden Temple [Darbar Sahib] with its surrounding complex, continuously retains its theo-political status, which may be suppressed by the political power, compromised by individuals or questioned by politicians, but which remains and never can be extinguished, for, it is sui generis and inalienable, and imprescriptible.*

Sikhi is often validated by applying the ideologies of Western *isms*, for example, capitalism, socialism, Marxism, democracy etc when it should be the other way around. *Constant and evergreen Sikhi values should be applied to validate those parts of these systems acceptable to Sikhi thought.* Otherwise, over time all these systems have shown glaring flaws and bred discontent, controversy and conflict. None have brought us nearer to the human goal of an ideal society, the *halemi raj or begumpura*, envisaged in Gurbani.

So, such comparisons are false and mislead regarding the sovereignty of universal Sikh thought as preached by Gurbani and practised by Guru-Persons. Sikh politics can only be guided by Sikhi thought and as practised by the *Khalsa Raj* tradition. The above also gives pointers to the question of Sikh *self-determination* wherever they live.
**Google search *Sikh Manifesto 2015*

Gurmukh Singh OBE, Ret'd Principal Civil Servant (UK) sewauk2005@yahoo.co.uk

# ਪੰਜਾਬ ਵਿੱਚ ਕਾਂਗਰਸ ਛੱਡਣ ਵਾਲੇ ਆਗੂ ਸਿਆਸੀ ਘੁੰਮਣ ਘੇਰੀਆਂ ਵਿਚ ਫਸੇ

## ✪ ਨਹੀਂ ਦਿਖ ਰਿਹਾ ਭਾਜਪਾ ਵਿਚ ਕੋਈ ਸਿਆਸੀ ਭਵਿੱਖ ✪ ਸੁਨੀਲ ਜਾਖੜ ਦਾ ਅਸਤੀਫਾ ਭਾਜਪਾ ਲਈ ਮੁਸੀਬਤ ਬਣਿਆ

### ਖਾਸ ਖਬਰ



ਪੰਜਾਬ ਵਿੱਚ ਕਾਂਗਰਸ ਪਾਰਟੀ ਦੇ ਜਿਹੜੇ ਆਗੂ ਪਾਰਟੀ ਛੱਡ ਕੇ ਗਏ ਸਨ, ਉਹ ਅੱਜ ਮੁਸੀਬਤ ਜਾਂ ਦੁਚਿੱਤੀ ਵਿੱਚ ਹਨ। ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਕਿ ਕੀ ਕੀਤਾ ਜਾਵੇ? ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਣ ਵਾਲੇ ਆਗੂ ਆਪਣੇ ਸਿਆਸੀ ਭਵਿੱਖ ਨੂੰ ਲੈਕੇ ਪਰੇਸ਼ਾਨ ਹਨ। ਹਾਲਾਂਕਿ ਅਜਿਹਾ ਨਹੀਂ ਹੈ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਆਗੂ ਸਹਿਜ ਹਨ। ਲੋਕ ਸਭਾ ਚੋਣਾਂ ਤੋਂ ਪਹਿਲਾਂ ਕੁਝ ਆਗੂ ਕਾਂਗਰਸ ਛੱਡ ਕੇ 'ਆਪ' ਵਿੱਚ ਸ਼ਾਮਲ ਹੋਏ ਅਤੇ ਚੋਣ ਵੀ ਲੜੇ ਪਰ ਜਿੱਤ ਨਾ ਸਕੇ। ਉਦੋਂ ਤੋਂ ਉਨ੍ਹਾਂ ਦੀ ਆਮ ਆਦਮੀ ਪਾਰਟੀ ਵਿੱਚ ਕੋਈ ਦਿਲਚਸਪੀ ਨਹੀਂ ਰਹੀ।

ਕਾਂਗਰਸ ਛੱਡ ਕੇ 'ਆਪ' 'ਚ ਸ਼ਾਮਲ ਹੋਏ ਡਾ: ਰਾਜਕੁਮਾਰ ਚੱਬੇਵਾਲ ਹੁਸ਼ਿਆਰਪੁਰ ਤੋਂ ਚੋਣ ਜਿੱਤੇ, ਪਰ ਗੁਰਪ੍ਰੀਤ ਸਿੰਘ ਜੀਪੀ ਫ਼ਤਹਿਗੜ੍ਹ ਸਾਹਿਬ ਤੋਂ ਚੋਣ ਲੜੇ ਅਤੇ ਹਾਰ ਗਏ । ਹੁਣ ਕਿਹਾ ਜਾ ਰਿਹਾ ਹੈ ਕਿ ਉਹ ਮੁੜ ਕਾਂਗਰਸ ਵਿਚ ਵਾਪਸੀ ਦਾ ਰਾਹ ਲੱਭ ਰਹੇ ਹਨ।

ਪਰ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਕਾਂਗਰਸੀ ਆਗੂਆਂ ਦੀ ਵੱਡੀ ਸਮੱਸਿਆ ਇਹ ਹੈ ਕਿ ਉਨ੍ਹਾਂ ਆਪਣੀ ਸਿਆਸੀ ਭਵਿੱਖ ਉਜਲਾ ਨਹੀਂ ਦਿਖ ਰਿਹਾ। ਜੇਕਰ ਸੂਬੇ ਵਿਚ 2027 ਦੌਰਾਨ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਤਾਂ ਉਨ੍ਹਾਂ ਨੂੰ ਆਪਣੀ ਰਣਨੀਤੀ ਤਿਆਰ ਕਰਨੀ ਪਵੇਗੀ। ਉਹ ਸਮਝ ਗਏ ਹਨ ਕਿ ਪੰਜਾਬ ਵਿਚ ਅਜੇ ਭਾਜਪਾ ਦਾ ਰਾਜਨੀਤਕ ਭਵਿੱਖ ਨਹੀਂ ਹੈ। ਆਮ ਆਦਮੀ ਪਾਰਟੀ ਅਤੇ ਕਾਂਗਰਸ ਹੀ ਪੰਜਾਬ ਰਾਜਨੀਤੀ ਉਪਰ ਭਾਰੂ ਹੈ। ਅਕਾਲੀ ਦਲ ਦਾ ਭਵਿੱਖ ਅਜੇ ਡਾਵਾਂਡੋਲ ਹੈ।

ਜ਼ਿਕਰਯੋਗ ਹੈ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾ ਕੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਸੀ। ਉਸ ਤੋਂ ਬਾਅਦ ਕੈਪਟਨ ਨੇ ਪਾਰਟੀ ਛੱਡ ਦਿੱਤੀ ਅਤੇ ਫਿਰ ਉਨ੍ਹਾਂ ਦੇ ਕਰੀਬੀਆਂ ਵੱਲੋਂ ਪਾਰਟੀ ਛੱਡਣ ਦਾ ਸਿਲਸਿਲਾ ਸ਼ੁਰੂ ਹੋ ਗਿਆ, ਜੋ ਲੋਕ ਸਭਾ ਚੋਣਾਂ ਤੱਕ ਜਾਰੀ ਰਿਹਾ।

ਕੈਪਟਨ ਅਤੇ ਉਸ ਦਾ ਸਾਥ ਛੱਡਣ ਵਾਲੇ ਸਾਰੇ ਨੇਤਾ ਜਾਂ ਤਾਂ ਵਿਧਾਨ ਸਭਾ ਵਿੱਚ ਹਾਰ ਗਏ ਜਾਂ ਲੋਕ ਸਭਾ ਚੋਣਾਂ ਵਿੱਚ ਹਾਰ ਗਏ। ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਰੇ ਰਵਨੀਤ ਸਿੰਘ ਬਿੱਟੂ ਨੂੰ ਕੇਂਦਰੀ ਮੰਤਰੀ ਬਣਾ ਕੇ ਰਾਜ ਸਭਾ ਭੇਜਣ ਦਾ ਫੈਸਲਾ ਕੀਤਾ ਗਿਆ ਅਤੇ ਮੰਤਰੀ ਵੀ ਬਣਾਇਆ ਗਿਆ। ਜਦਕਿ ਜਾਖੜ ਨੂੰ ਇਹ ਵਾਅਦਾ ਕੀਤਾ ਗਿਆ ਸੀ ਪਰ ਬੀਜੇਪੀ ਨੇ ਇਸ ਨੂੰ ਪੂਰਾ ਨਹੀਂ ਕੀਤਾ। ਇਸ ਨਾਲ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਆਗੂਆਂ ਵਿਚ ਬਿਟੂ ਨੂੰ ਲੈਕੇ ਹਾਈਕਮਾਂਡ ਨਾਲ ਨਰਾਜਗੀ ਦਾ ਮਾਹੌਲ ਬਣਿਆ ਹੋਇਆ ਹੈ।

ਹੁਣੇ ਹੀ ਜਦੋਂ ਇਹ ਖ਼ਬਰ ਆਈ ਕਿ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਅਸਤੀਫ਼ਾ ਦੇ ਦਿੱਤਾ ਹੈ ਤਾਂ ਹੈਰਾਨੀ ਦੀ ਗੱਲ ਨਹੀਂ ਰਹੀ। ਹਾਲਾਂਕਿ ਬਾਅਦ ਵਿਚ ਭਾਜਪਾ ਨੇ ਕਿਹਾ ਕਿ ਉਨ੍ਹਾਂ ਨੇ ਅਸਤੀਫਾ ਨਹੀਂ ਦਿੱਤਾ ਹੈ। ਪਰ ਸੁਨੀਲ ਜਾਖੜ ਨੇ ਖੁਦ ਸਥਿਤੀ ਸਪੱਸ਼ਟ ਨਹੀਂ ਕੀਤੀ ਹੈ।

ਕੈਪਟਨ ਦੇ ਪੂਰੇ ਪਰਿਵਾਰ ਅਤੇ ਉਨ੍ਹਾਂ ਦੇ ਕਰੀਬੀ ਸੁਨੀਲ ਜਾਖੜ ਨੂੰ ਭਾਜਪਾ ਤੋਂ ਕੋਈ ਉਮੀਦ ਨਜ਼ਰ ਨਹੀਂ ਆ ਰਹੀ। ਕੈਪਟਨ ਅਮਰਿੰਦਰ ਸਿੰਘ ਬਿਮਾਰ ਹਨ ਅਤੇ ਸਰਗਰਮ ਸਿਆਸਤ ਕਰਨ ਦੇ ਸਮਰੱਥ ਨਹੀਂ ਹਨ। ਉਨ੍ਹਾਂ ਦੀ ਪਤਨੀ ਪ੍ਰਨੀਤ ਕੌਰ ਨੇ ਪਟਿਆਲਾ ਸੀਟ ਤੋਂ ਲੋਕ ਸਭਾ ਚੋਣ ਲੜੀ ਸੀ ਪਰ ਤੀਜੇ ਨੰਬਰ 'ਤੇ ਰਹੀ।

'ਆਪ' ਤੋਂ ਕਾਂਗਰਸ ਵਿਚ ਆਏ ਧਰਮਵੀਰ ਗਾਂਧੀ ਨੇ ਚੋਣ ਜਿੱਤੀ। ਉਨ੍ਹਾਂ ਨੂੰ ਉਮੀਦ ਸੀ ਕਿ ਭਾਜਪਾ ਉਨ੍ਹਾਂ ਨੂੰ ਕਿਤੇ ਨਾ ਕਿਤੇ ਜਗ੍ਹਾ ਦੇਵੇਗੀ ਪਰ ਇਸ ਨੇ ਬਿੱਟੂ ਨੂੰ ਚੁਣਿਆ।

ਇਸੇ ਤਰ੍ਹਾਂ ਕੈਪਟਨ ਦੇ ਪੁੱਤਰ ਰਣਇੰਦਰ ਸਿੰਘ ਦੀ ਭਾਜਪਾ ਵਿੱਚ ਕੋਈ ਭੂਮਿਕਾ ਤੈਅ ਨਹੀਂ ਹੈ। ਉਹ ਕਾਂਗਰਸ ਦੀ ਟਿਕਟ 'ਤੇ ਦੋ ਵਾਰ ਚੋਣ ਲੜ ਚੁੱਕੇ ਹਨ। ਇਸ ਲਈ ਭਾਵੇਂ ਕੈਪਟਨ ਪਰਿਵਾਰ ਹੋਵੇ ਜਾਂ ਜਾਖੜ ਪਰਿਵਾਰ, ਹਰ ਕੋਈ ਭਾਜਪਾ ਵਿਚ ਆਪਣੀ ਸਥਿਤੀ ਨੂੰ ਲੈ ਕੇ ਦੁਚਿੱਤੀ ਵਿਚ ਹੈ ਅਤੇ 2027 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਪਣੀ ਪੁਜੀਸ਼ਨ ਬਣਾਉਣ ਦੀ ਕੋਸ਼ਿਸ਼ ਵਿਚ ਹੈ। ਪੰਜਾਬ ਭਾਜਪਾ ਦੇ ਆਗੂ ਵੀ ਕਾਂਗਰਸ ਤੋਂ ਆਏ ਲੀਡਰਾਂ ਨੂੰ ਪਸੰਦ ਨਹੀਂ ਕਰ ਰਹੇ।

ਦੂਸਰੇ ਪਾਸੇ ਪੰਜਾਬ ਦੇ ਪ੍ਰਮੁੱਖ ਨੇਤਾ ਦਲ ਬਦਲੀ ਕਰ ਕੇ ਗਏ ਨੇਤਾਵਾਂ ਨੂੰ ਕਾਂਗਰਸ ਵਿਚ ਲੈਣ ਨੂੰ ਤਿਆਰ ਨਹੀਂ। ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ, ਰਾਜਾ ਵੜਿੰਗ ਪਹਿਲਾਂ ਹੀ ਇਹ ਬਿਆਨ ਦੇ ਚੁਕੇ ਹਨ।

### ਹਰਿਆਣਾ ਚੋਣਾਂ ਤੋਂ ਬਾਅਦ ਜਾਖੜ 'ਤੇ ਫ਼ੈਸਲਾ ਲਵੇਗੀ ਭਾਜਪਾ

ਭਾਰਤੀ ਜਨਤਾ ਪਾਰਟੀ ਹੁਣ ਹਰਿਆਣਾ ਤੇ ਜੰਮੂ-ਕਸ਼ਮੀਰ ਚੋਣਾਂ ਤੋਂ ਬਾਅਦ ਪਾਰਟੀ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਦੇ ਅਸਤੀਫੇ ਦੀ ਪੇਸ਼ਕਸ਼ 'ਤੇ ਫ਼ੈਸਲਾ ਲਵੇਗੀ। ਇਨ੍ਹੀਂ ਦਿਨੀਂ ਪਾਰਟੀ ਹਾਈਕਮਾਂਡ ਦਾ ਧਿਆਨ ਇਨ੍ਹਾਂ ਦੋਵਾਂ ਰਾਜਾਂ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵੱਲ ਹੈ। ਹਾਲਾਂਕਿ ਪਾਰਟੀ ਜਾਖੜ ਦੇ ਅਸਤੀਫ਼ੇ ਦੀ ਪੇਸ਼ਕਸ਼ ਬਾਰੇ ਜਲਦਬਾਜ਼ੀ ਵਿਚ ਕੋਈ ਫ਼ੈਸਲਾ ਨਹੀਂ ਲੈਣਾ ਚਾਹੁੰਦੀ। ਕਿਉਂਕਿ ਭਾਜਪਾ ਨੇ ਕਿਸੇ ਹੋਰ ਪਾਰਟੀ ਦੇ ਆਗੂ ਨੂੰ ਜਥੇਬੰਦੀ ਵਿਚ ਸੂਬੇ ਦੀ ਜ਼ਿੰਮੇਵਾਰੀ ਸੌਂਪ ਕੇ ਜਾਖੜ 'ਤੇ ਤਜਰਬਾ ਕੀਤਾ ਸੀ।

ਪਾਰਟੀ ਜਾਖੜ ਨੂੰ ਲੈ ਕੇ ਵੀ ਦੁਚਿੱਤੀ ਵਿਚ ਹੈ ਕਿਉਂਕਿ ਜੇਕਰ ਉਹ ਉਨ੍ਹਾਂ ਦਾ 'ਅਸਤੀਫ਼ਾ' ਸਵੀਕਾਰ ਕਰ ਲੈਂਦੀ ਹੈ ਤਾਂ ਇਸ ਦਾ ਅਸਰ ਭਾਜਪਾ ਦੇ ਪੰਜਾਬ ਵਿਚ ਇਕੱਲਿਆਂ ਚੱਲਣ ਦੇ ਫ਼ੈਸਲੇ 'ਤੇ ਪਵੇਗਾ। ਕਿਉਂਕਿ ਸ਼੍ਰੋਮਣੀ ਅਕਾਲੀ ਦਲ ਨਾਲ ਗਠਜੋੜ ਹੋਣ ਕਾਰਨ ਭਾਜਪਾ ਸਿਰਫ਼ 23 ਸੀਟਾਂ 'ਤੇ ਹੀ ਚੋਣ ਲੜਦੀ ਰਹੀ। ਜਿਸ ਕਾਰਨ ਭਾਜਪਾ ਦਾ ਪੂਰੇ ਪੰਜਾਬ ਵਿਚ ਵਿਸਥਾਰ ਨਹੀਂ ਹੋ ਸਕਿਆ, ਖ਼ਾਸ ਕਰ ਕੇ ਪੇਂਡੂ ਖੇਤਰਾਂ ਵਿਚ। ਭਾਜਪਾ ਨੇ ਲੋਕ ਸਭਾ ਚੋਣਾਂ ਵਿਚ ਸ਼ਾਮਲ ਹੋਣ ਲਈ ਦੂਜੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਨਾਲ ਮਿਲਾਇਆ।

ਅਜਿਹੇ ਵਿਚ ਜੇਕਰ ਭਾਜਪਾ ਜਾਖੜ ਦੇ ਪ੍ਰਸਤਾਵ ਨੂੰ ਸਵੀਕਾਰ ਕਰਦੀ ਹੈ ਤਾਂ ਇਸ ਦਾ ਅਸਰ ਦੂਜੀਆਂ ਪਾਰਟੀਆਂ ਤੋਂ ਆਉਣ ਵਾਲੇ ਨੇਤਾਵਾਂ 'ਤੇ ਪਵੇਗਾ। ਉਨ੍ਹਾਂ ਵਿਚ ਬੇਭਰੋਸਗੀ ਦੀ ਭਾਵਨਾ ਪੈਦਾ ਹੋਵੇਗੀ। ਇਸ ਦੇ ਨਾਲ ਹੀ ਜੇਕਰ ਪਾਰਟੀ ਜਾਖੜ ਦੇ ਅਸਤੀਫ਼ੇ ਦੇ ਪ੍ਰਸਤਾਵ ਨੂੰ ਰੱਦ ਕਰਦੀ ਹੈ ਤਾਂ ਇਸ ਦਾ ਅਸਰ ਪੰਜਾਬ ਭਾਜਪਾ ਦੇ ਪੁਰਾਣੇ ਆਗੂਆਂ 'ਤੇ ਪਵੇਗਾ। ਕਿਉਂਕਿ ਪੁਰਾਣੇ ਆਗੂ ਖੁੱਲ੍ਹੇਆਮ ਕਹਿ ਰਹੇ ਹਨ ਕਿ ਦੂਜੀਆਂ ਪਾਰਟੀਆਂ ਦੇ ਆਗੂਆਂ ਨੂੰ ਉਨ੍ਹਾਂ 'ਤੇ ਲਾਇਆ ਗਿਆ ਸੀ।

ਇਸ ਕਾਰਣ ਭਾਜਪਾ ਦੂਹਰੇ ਸਿਆਸੀ ਸੰਕਟ ਵਿਚ ਫਸੀ ਹੋਈ ਹੈ। ਪੰਜਾਬ ਦੇ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਪੰਜਾਬ ਦੇ ਮੁਹਾਵਰੇ ਤੇ ਸਿਆਸਤ ਨੂੰ ਸਮਝਣ ਵਾਲਾ ਕੋਈ ਨੇਤਾ ਨਹੀਂ ਹੈ। ਪਰ ਬਿੱਟੂ ਨੂੰ ਮੰਤਰੀ ਬਣਾਕੇ ਭਾਜਪਾ ਨੇ ਪੰਜਾਬ ਵਿਚ ਆਪਣੀ ਸਿਆਸਤ ਵਿਗਾੜ ਲਈ ਹੈ।

## ਰਿਵਾਲਵਰ ਸਾਫ ਕਰਦਿਆਂ ਗੋਵਿੰਦਾ ਦੀ ਲੱਤ ਵਿਚ ਲੱਗੀ ਗੋਲੀ, ਆਈਸੀਯੂ ਵਿਚ ਦਾਖਲ



ਨਵੀਂ ਦਿੱਲੀ-ਬਾਲੀਵੁੱਡ ਐਕਟਰ ਅਤੇ ਸ਼ਿਵ ਸੈਨਾ ਨੇਤਾ ਗੋਵਿੰਦਾ ਨੂੰ ਬੀਤੇ ਦਿਨੀਂ ਆਪਣੀ ਹੀ ਰਿਵਾਲਵਰ ਨਾਲ ਲੱਤ ਵਿਚ ਗੋਲੀ ਲੱਗੀ, ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ। ਜਾਣਕਾਰੀ ਮੁਤਾਬਕ ਅਦਾਕਾਰ ਅਤੇ ਸ਼ਿਵ ਸੈਨਾ ਨੇਤਾ ਗੋਵਿੰਦਾ ਕੋਲਕਾਤਾ ਲਈ ਰਵਾਨਾ ਹੋਣ ਵਾਲੇ ਸਨ। ਉਹ ਕੇਸ ਵਿੱਚ ਆਪਣਾ ਲਾਇਸੈਂਸੀ ਰਿਵਾਲਵਰ ਰੱਖ ਰਿਹਾ ਸੀ ਕਿ ਅਚਾਨਕ ਉਸ ਦੇ ਹੱਥ ਵਿੱਚੋਂ ਬੰਦੂਕ ਡਿੱਗ ਗਈ ਅਤੇ ਗੋਲੀ ਲੱਗਣ ਕਾਰਨ ਗੋਲੀ ਉਸ ਦੀ ਲੱਤ ਵਿੱਚ ਲੱਗ ਗਈ। ਇਸ ਕਾਰਨ ਉਸ ਨੂੰ ਆਪਣੀ ਹੀ ਬੰਦੂਕ ਨਾਲ ਗੋਲੀ ਲੱਗ ਗਈ। ਗੋਵਿੰਦਾ ਦੇ ਮੈਨੇਜਰ ਸ਼ਸ਼ੀ ਸਿਨਹਾ ਨੇ ਦੱਸਿਆ ਕਿ ਡਾਕਟਰ ਨੇ ਅਦਾਕਾਰ ਦੀ ਲੱਤ ਤੋਂ ਗੋਲੀ ਕੱਢ ਦਿੱਤੀ ਹੈ। ਉਹ ਹੁਣ ਬਿਲਕੁਲ ਠੀਕ ਹੈ। ਹਾਲਾਂਕਿ ਫਿਲਹਾਲ ਉਹ ਹਸਪਤਾਲ ਵਿਚ ਹੀ ਹੈ।

# ਜੱਜਾਂ ਦੀ ਕਮੀ ਕਾਰਣ ਨਿਆਂ ਸੰਕਟ ਨਾਲ ਜੂਝ ਰਿਹਾ ਪੰਜਾਬ ਤੇ ਹਰਿਆਣਾ ਹਾਈ ਕੋਰਟ

**✪ 4,33,253 ਕੇਸਾਂ ਦਾ ਬੈਕਲਾਗ, ਪਿਛਲੇ ਸਾਲ ਨਵੰਬਰ ਮਹੀਨੇ ਤੋਂ ਬਾਅਦ ਕੋਈ ਨਵੀਂ ਨਿਯੁਕਤੀ ਨਹੀਂ ਹੋਈ ✪ 54 ਜੱਜਾਂ ਨਾਲ ਚਲਾਇਆ ਜਾ ਰਿਹਾ ਏ ਕੰਮ ਜਦੋਂ ਕਿ ਪ੍ਰਵਾਨਿਤ ਗਿਣਤੀ 85 ਜੱਜਾਂ ਦੀ**


## ਖਾਸ ਖਬਰ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਡੇ ਸੰਕਟ ਨਾਲ ਜੂਝ ਰਿਹਾ ਹੈ। ਇਸੇ ਹਫ਼ਤੇ ਇੱਕ ਜੱਜ ਦੀ ਸੇਵਾਮੁਕਤੀ ਹੋਈ ਹੈ ਤੇ ਪਿਛਲੇ ਸਾਲ ਨਵੰਬਰ ਮਹੀਨੇ ਤੋਂ ਬਾਅਦ ਕੋਈ ਨਵੀਂ ਨਿਯੁਕਤੀ ਨਹੀਂ ਹੋਈ। ਅਦਾਲਤ ਪਹਿਲਾਂ ਹੀ 31 ਜੱਜਾਂ ਦੀ ਕਮੀ ਨਾਲ ਜੂਝ ਰਹੀ ਹੈ। ਇਹ ਸਿਰਫ 54 ਜੱਜਾਂ ਨਾਲ ਕੰਮ ਕਰ ਰਿਹਾ ਹੈ ਜਦੋਂ ਕਿ ਪ੍ਰਵਾਨਿਤ ਗਿਣਤੀ 85 ਜੱਜਾਂ ਦੀ ਹੈ। ਜੱਜਾਂ ਦੀ ਇਸ ਘਾਟ ਕਾਰਨ 4,33,253 ਕੇਸਾਂ ਦਾ ਬੈਕਲਾਗ ਹੋ ਗਿਆ ਹੈ, ਜਿਸ ਵਿੱਚ ਜੀਵਨ ਅਤੇ ਆਜ਼ਾਦੀ ਨਾਲ ਸਬੰਧਤ 1,61,362 ਅਪਰਾਧਿਕ ਮਾਮਲੇ ਸ਼ਾਮਲ ਹਨ। ਸਾਰੀਆਂ ਸ਼੍ਰੇਣੀਆਂ ਦੇ 1,12,754 (26 ਪ੍ਰਤੀਸ਼ਤ) ਕੇਸ 10 ਸਾਲਾਂ ਤੋਂ ਪੈਂਡਿੰਗ ਹਨ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ 85 ਜੱਜਾਂ ਦੀ ਪ੍ਰਵਾਨਿਤ ਗਿਣਤੀ ਦੇ ਮੁਕਾਬਲੇ ਸਿਰਫ 54 ਜੱਜਾਂ ਨਾਲ ਕੰਮ ਕਰ ਰਿਹਾ ਹੈ ,ਕਿਉਂਕਿ ਪਿਛਲੇ ਸਾਲ ਨਵੰਬਰ ਤੋਂ ਕੋਈ ਨਵੀਂ ਨਿਯੁਕਤੀ ਨਹੀਂ ਕੀਤੀ ਗਈ ਹੈ। ਜਸਟਿਸ ਰਿਤੂ ਟੈਗੋਰ 28 ਸਤੰਬਰ ਨੂੰ ਸੇਵਾਮੁਕਤੀ ਦੀ ਉਮਰ ਪੂਰੀ ਹੋਣ 'ਤੇ ਸੇਵਾਮੁਕਤ ਹੋ ਗਏ ਹਨ, ਜਦੋਂ ਕਿ ਇਸ ਸਾਲ ਦੋ ਹੋਰ ਜੱਜਾਂ ਸਮੇਤ ਪੰਜ ਹੋਰ ਜੱਜ 2025 ਤੱਕ ਸੇਵਾਮੁਕਤ ਹੋਣ ਵਾਲੇ ਹਨ।

ਜ਼ਿਲ੍ਹਾ ਅਤੇ ਸੈਸ਼ਨ ਜੱਜਾਂ ਦੀ ਸ਼੍ਰੇਣੀ ਵਿੱਚੋਂ 15 ਜੱਜ ਤਰੱਕੀ ਲਈ ਯੋਗ ਹਨ, ਪਰ ਕਰੀਬ ਅੱਠ ਮਹੀਨਿਆਂ ਤੋਂ ਰੈਗੂਲਰ ਚੀਫ਼ ਜਸਟਿਸ ਦੀ ਅਣਹੋਂਦ ਕਾਰਨ ਉਨ੍ਹਾਂ ਦੀਆਂ ਨਿਯੁਕਤੀਆਂ ਰੁਕੀਆਂ ਹੋਈਆਂ ਹਨ। ਇਹ ਅਹੁਦਾ ਪਿਛਲੇ ਸਾਲ ਅਕਤੂਬਰ ਵਿੱਚ ਜਸਟਿਸ ਰਵੀ ਸ਼ੰਕਰ ਝਾਅ ਦੇ ਸੇਵਾਮੁਕਤ ਹੋਣ ਤੋਂ ਬਾਅਦ ਖਾਲੀ ਪਿਆ ਸੀ।

ਕੇਂਦਰ ਦੀ ਤਰਫੋਂ ਦੇਰੀ ਤੋਂ ਬਾਅਦ ਲੰਬੇ ਸਮੇਂ ਤੋਂ ਖ਼ਾਲੀ ਅਹੁਦੇ 'ਤੇ ਅੰਤ ਵਿੱਚ ਜਸਟਿਸ ਸ਼ੀਲ ਨਾਗੂ ਨੇ ਜੁਲਾਈ ਵਿੱਚ ਚੀਫ਼ ਜਸਟਿਸ ਵਜੋਂ ਸਹੁੰ ਚੁੱਕੀ। ਪਰ ਚੀਜ਼ਾਂ ਅੱਗੇ ਨਹੀਂ ਵਧ ਸਕੀਆਂ, ਜ਼ਾਹਰ ਤੌਰ 'ਤੇ ਹਾਈ ਕੋਰਟ ਦੇ ਸਭ ਤੋਂ ਸੀਨੀਅਰ ਜੱਜ, ਜਸਟਿਸ ਜੀਐਸ ਸੰਧਾਵਾਲੀਆ ਨੂੰ ਪਹਿਲਾਂ ਮੱਧ ਪ੍ਰਦੇਸ਼ ਹਾਈ ਕੋਰਟ ਅਤੇ ਫਿਰ ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਚੀਫ਼ ਜਸਟਿਸ ਵਜੋਂ ਉੱਚਾ ਚੁੱਕਣ ਦੀ ਬਾਅਦ ਵਿੱਚ ਸੁਪਰੀਮ ਕੋਰਟ ਦੁਆਰਾ ਸਿਫਾਰਸ਼ ਕੀਤੀ ਗਈ ਸੀ। ਪਰ ਕੇਂਦਰ ਵੱਲੋਂ ਇਸ ਬਾਰੇ ਅਜੇ ਸੂਚਿਤ ਨਹੀਂ ਕੀਤਾ ਗਿਆ ਹੈ।



ਵਕੀਲਾਂ ਨੂੰ ਜੱਜਾਂ ਵਜੋਂ ਤਰੱਕੀ ਦੇਣ ਦੀ ਅੰਤਮ ਸਿਫ਼ਾਰਸ਼ ਹਾਈ ਕੋਰਟ ਕੌਲਿਜੀਅਮ ਦੁਆਰਾ ਇੱਕ ਸਾਲ ਤੋਂ ਵੱਧ ਸਮਾਂ ਪਹਿਲਾਂ ਕੀਤੀ ਗਈ ਸੀ, ਜਿਸ ਨੇ ਵਿਚਾਰ ਲਈ ਨਾਮ ਸੁਪਰੀਮ ਕੋਰਟ ਕਾਲਜੀਅਮ ਨੂੰ ਭੇਜੇ ਸਨ। ਇਸ ਦੀ ਬਜਾਏ ਪੰਜ ਦੀ ਤਰੱਕੀ ਦੀ ਸਿਫਾਰਿਸ਼ ਕੀਤੀ। ਪਰ ਕੇਂਦਰ ਨੇ ਤਿੰਨ ਦੀਆਂ ਨਿਯੁਕਤੀਆਂ ਨੂੰ ਨੋਟੀਫਾਈ ਕਰ ਦਿੱਤਾ। ਇਸ ਨੇ ਐਡਵੋਕੇਟ ਹਰਮੀਤ ਸਿੰਘ ਗਰੇਵਾਲ ਅਤੇ ਦੀਪਇੰਦਰ ਸਿੰਘ ਨਲਵਾ ਦੇ ਨਾਵਾਂ ਵਿਰੁੱਧ ਕਾਰਵਾਈ ਨਹੀਂ ਕੀਤੀ। ਸੁਪਰੀਮ ਕੋਰਟ ਕਾਲੇਜੀਅਮ ਨੇ 17 ਅਕਤੂਬਰ, 2023 ਨੂੰ ਉਸ ਦੀ ਤਰੱਕੀ ਬਾਰੇ ਆਪਣੀ ਸਿਫ਼ਾਰਸ਼ ਦੁਹਰਾਈ, ਪਰ ਉਸ ਦੀਆਂ ਨਿਯੁਕਤੀਆਂ ਲੰਬਿਤ ਹਨ।

ਸੁਪਰੀਮ ਕੋਰਟ ਕਾਲੇਜੀਅਮ ਨੇ ਵੀ ਜਨਵਰੀ ਵਿੱਚ ਐਡਵੋਕੇਟ ਰੋਹਿਤ ਕਪੂਰ ਨੂੰ ਤਰੱਕੀ ਦੇਣ ਦੀ ਸਿਫਾਰਿਸ਼ ਕੀਤੀ ਸੀ। ਹਾਈ ਕੋਰਟ ਕਾਲੇਜੀਅਮ ਨੇ ਅਸਲ ਵਿੱਚ 21 ਅਪ੍ਰੈਲ, 2023 ਨੂੰ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਅਤੇ ਰਾਜਪਾਲਾਂ ਦੀ ਸਹਿਮਤੀ ਨਾਲ ਉਨ੍ਹਾਂ ਦੇ ਨਾਮ ਦਾ ਪ੍ਰਸਤਾਵ ਕੀਤਾ ਸੀ। ਇਸ ਦੇ ਬਾਵਜੂਦ ਅਜੇ ਤੱਕ ਨਿਯੁਕਤੀ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਹੈ।

ਇੰਨੀ ਵੱਡੀ ਤਾਦਾਦ ਵਿੱਚ ਜੱਜਾਂ ਦੀ ਕਮੀ, ਲੱਖਾਂ ਦੀ ਗਿਣਤੀ ਵਿੱਚ ਕੇਸਾਂ ਦਾ ਸੁਣਵਾਈ ਅਧੀਨ ਹੋਣਾ, ਸਰਕਾਰ ਲਈ ਇਸ ਦਾ ਅਹਿਮ ਹੱਲ ਲੱਭਣਾ, ਇਸ ਦੀ ਨਿਰਪੱਖਤਾ ਤੇ ਅਜਾਦ ਹੋਂਦ ਨੂੰ ਬਰਕਰਾਰ ਰੱਖਣਾ ਮੁੱਖ ਜਿੰਮੇਵਾਰੀ ਹੈ ਤਾਂ ਜੋ ਲੋਕਾਂ ਨੂੰ ਆਪਣੀ ਕਨੂੰਨੀ ਪ੍ਰਕਿਰਿਆ ਤੇ ਵਿਸ਼ਵਾਸ਼ ਬਣ ਸਕੇ। ਨਿਆਂਪਾਲਿਕਾ ਦੀ ਅਸਥਰਿਤਾ ਦੇਸ਼ ਦੀ ਸਥਿਰਤਾ ਤੇ ਵੀ ਪ੍ਰਸ਼ਨ ਚਿੰਨ ਖੜਾ ਕਰਦੀ ਹੈ। ਜੱਜਾਂ ਦੀ ਵਰਤਮਾਨ ਸੰਖਿਆ ਮਾਤਰ ਉਨ੍ਹਾਂ ਮੁਕਦਮਿਆਂ ਨੂੰ ਹੀ ਸੁਣ ਸਕਦੀ ਹੈ ਜਿਹੜੇ ਨਵੇਂ ਦਾਇਰ ਹੁੰਦੇ ਹਨ। ਲੰਬਿਤ ਪਏ ਮੁਕਦਮਿਆਂ ਦੀ ਸੁਣਵਾਈ ਲਈ ਹੋਰ ਵਧੇਰੇ ਜੱਜਾਂ ਲੋੜੀਂਦੇ ਹਨ। ਇਸ ਸਮੇਂ ਜੱਜਾਂ ਉਪਰ ਕੰਮ ਦਾ ਭਾਰੀ ਬੋਝ ਹੈ। ਇਸ ਬੋਝ ਨੂੰ ਵੀ ਹਲਕਾ ਕੀਤਾ ਜਾਣਾ ਚਾਹੀਦਾ ਹੈ।

# ਸ਼੍ਰੋਮਣੀ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਕੌਰ ਬੀਬੀ ਜਗੀਰ ਕੌਰ ਦੇ ਹੱਕ ਵਿਚ ਡਟੀ

ਮਾਮਲਾ ਬੀਬੀ ਜਗੀਰ ਕੌਰ ਨੂੰ ਅਕਾਲ ਤਖਤ ਉਪਰ ਤਲਬ ਕਰਨ ਦਾ

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਤੇ ਸਾਬਕਾ ਕੈਬਨਿਟ ਮੰਤਰੀ ਬੀਬੀ ਜਗੀਰ ਕੌਰ ਨੂੰ ਨੋਟਿਸ ਜਾਰੀ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦੇਣ ਲਈ ਕਿਹਾ ਸੀ। ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਕਿਰਨਜੋਤ ਕੌਰ ਨੇ ਬੀਬੀ ਜਗੀਰ ਕੌਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤੇ ਜਾਣ 'ਤੇ ਸਵਾਲ ਖੜੇ ਕੀਤੇ ਹਨ।



ਉਨ੍ਹਾਂ ਨੇ ਕਿਹਾ ਕਿ ਸਿੱਖ ਨਿੱਜੀ ਕੰਮ ਜਾਂ ਕੁਰਹਿਤਾਂ ਲਈ ਆਪਣੇ ਗੁਰੂ ਪ੍ਰਤੀ ਜ਼ਿੰਮੇਵਾਰ ਹਨ, ਕਿਸੇ ਵਿਅਕਤੀ ਨੂੰ ਨਹੀਂ, ਭਾਵੇਂ ਉਹ ਅਕਾਲ ਤਖ਼ਤ ਦਾ ਜਥੇਦਾਰ ਹੀ ਕਿਉਂ ਨਾ ਹੋਵੇ। ਇਤਿਹਾਸ ਵਿੱਚ ਕਦੇ ਵੀ ਕਿਸੇ ਔਰਤ ਨੂੰ ਰੋਮ ਦੀ ਬੇਅਦਬੀ ਜਾਂ ਦਾੜ੍ਹੀ ਦੇ ਕੇਸਾਂ ਦੀ ਬੇਅਦਬੀ ਲਈ ਕਿਸੇ ਮਰਦ ਨੂੰ ਤੁਰੰਤ ਸਪੱਸ਼ਟੀਕਰਨ ਦੇਣ ਲਈ ਤਲਬ ਨਹੀਂ ਕੀਤਾ ਗਿਆ। ਇਸ ਨਵੀਂ ਘੜੀ ਪੈੜ ਦਾ ਵਿਰੋਧ ਕਰਨਾ ਜ਼ਰੂਰੀ ਹੈ ਕਿਉਂਕਿ ਇਹ ਜਥੇਦਾਰਾਂ ਦੇ ਦਾਇਰੇ ਵਿੱਚ ਨਹੀਂ ਹੈ। ਅਕਾਲ ਤਖ਼ਤ 'ਤੇ ਸਿਰਫ਼ ਸੰਪਰਦਾਇਕ ਕੌਮੀ ਮੁੱਦੇ ਹੀ ਵਿਚਾਰੇ ਜਾ ਸਕਦੇ ਹਨ, ਨਿੱਜੀ ਨਹੀਂ।

ਉਨ੍ਹਾਂ ਨੇ ਕਿਹਾ ਕਿ ਵੈਸੇ ਤਾਂ "ਗੁਰਸਿੱਖਾਂ" ਅਤੇ ਉਨ੍ਹਾਂ ਦੀਆਂ ਧੀਆਂ, ਭੈਣਾਂ ਅਤੇ ਮਾਵਾਂ ਦੇ ਮੂੰਹ ਵੱਲ ਦੇਖੋ ਜੋ ਔਰਤਾਂ ਵਿਰੁੱਧ ਮਾੜੀ ਰਾਜਨੀਤੀ ਕਰ ਰਹੇ ਹਨ ਤਾਂ ਜੋ ਉਹਨਾਂ ਨੂੰ ਸਮਝ ਆ ਸਕੇ ਕਿ ਉਹਨਾਂ ਨੇ ਕਿੰਨਾ ਸੰਤਾਪ ਭੋਗਿਆ ਹੈ।

ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਕਿਸੇ ਖਾਸ ਵਿਅਕਤੀ ਖਿਲਾਫ ਕੀਤੀ ਗਈ ਸ਼ਿਕਾਇਤ ਨੂੰ ਕੂੜੇਦਾਨ ਵਿੱਚ ਸੁੱਟ ਕੇ ਸ਼ਿਕਾਇਤਕਰਤਾ ਨੂੰ ਗੁਰਮਤਿ ਸਿਧਾਂਤ ਦਾ ਸਬਕ ਸਿਖਾਉਣਾ ਚਾਹੀਦਾ ਸੀ, ਸਿੱਖਾਂ ਵਿੱਚ ਘਟੀਆ ਰਾਜਨੀਤੀ ਦਾ ਪ੍ਰਭਾਵ ਨਹੀਂ ਦੇਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਬੀਬੀ ਜਗੀਰ ਕੌਰ ਖਿਲਾਫ ਸ਼ਿਕਾਇਤ ਇੱਕ ਨਵੀਂ ਲੀਹ ਹੈ। ਅਕਾਲ ਤਖ਼ਤ ਤੋਂ ਕਦੇ ਵੀ ਨਿੱਜੀ ਕੁਰਹਿਤ ਜਾਂ ਨਿੱਜੀ ਕਮੀਆਂ ਵੱਲ ਧਿਆਨ ਨਹੀਂ ਦਿੱਤਾ ਗਿਆ। ਸਪੱਸ਼ਟ ਤੌਰ 'ਤੇ ਇਹ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਹੈ ਅਤੇ "ਮਨੁੱਖਾਂ" ਲਈ ਸ਼ਰਮਨਾਕ ਹੈ ਜੋ ਇੰਨੇ ਹੇਠਾਂ ਝੁਕ ਗਏ ਹਨ। ਇੱਕ ਅੰਮ੍ਰਿਤਧਾਰੀ ਗੁਰੂ ਅਤੇ ਉਸਦੇ ਜ਼ਮੀਰ ਨੂੰ ਜਵਾਬਦੇਹ ਹੈ, ਹੋਰ ਕੋਈ ਨਹੀਂ। ਜਥੇਦਾਰ ਅਕਾਲ ਤਖ਼ਤ ਵੀ ਨਹੀਂ। ਜਥੇਦਾਰ ਜੀ ਨੂੰ "ਸ਼ਿਕਾਇਤ" ਨੂੰ ਕੂੜੇਦਾਨ ਵਿੱਚ ਸੁੱਟ ਦੇਣਾ ਚਾਹੀਦਾ ਸੀ ਅਤੇ ਸ਼ਿਕਾਇਤ ਕਰਨ ਵਾਲਿਆਂ ਨੂੰ "ਮਰਯਾਦਾ" ਸਿਖਾਉਣਾ ਚਾਹੀਦਾ ਸੀ।

# ਜਥੇਦਾਰ ਵਡਾਲਾ ਨੇ ਕਿਹਾ ਕਿ ਸਿਆਸੀ ਦਬਾਅ ਅਧੀਨ ਅਕਾਲ ਤਖਤ ਸਾਹਿਬ ਤੋਂ ਪੱਖਪਾਤ ਨਾ ਹੋਵੇ



ਜਲੰਧਰ-ਇਸ ਨੋਟਿਸ ਬਾਰੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂਆਂ ਨੇ ਜਲੰਧਰ ਵਿਖੇ ਇਕ ਪ੍ਰੈੱਸ ਕਾਨਫਰੰਸ ਕੀਤੀ, ਜਿਸ ਵਿਚ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਸਿਰਮੌਰ ਸੰਸਥਾ ਹੈ, ਇਸ ਲਈ ਉੱਥੇ ਤੇ ਉੱਥੋਂ ਦੇ ਫ਼ੈਸਲਿਆਂ ਵਿਚ ਕਿਸੇ ਤਰ੍ਹਾਂ ਦੀ ਕੋਈ ਰਾਜਨੀਤੀ ਨਹੀਂ ਹੋਣੀ ਚਾਹੀਦੀ। ਉਨ੍ਹਾਂ ਕਿਹਾ ਕਿ ਕਿਸੇ ਤਰ੍ਹਾਂ ਦੇ ਸਿਆਸੀ ਦਬਾਅ ਹੇਠ ਆ ਕੇ ਅਕਾਲ ਤਖ਼ਤ ਦੇ ਫ਼ੈਸਲਿਆਂ ਵਿਚ ਕੋਈ ਵੀ ਪੱਖਪਾਤ ਨਹੀਂ ਹੋਣਾ ਚਾਹੀਦਾ।

ਉਨ੍ਹਾਂ ਬੀਬੀ ਜਗੀਰ ਕੌਰ ਬਾਰੇ ਬੋਲਦਿਆਂ ਕਿਹਾ ਕਿ ਉਨ੍ਹਾਂ ਨੇ ਸਿੱਖਾਂ ਲਈ ਬਹੁਤ ਕੁਰਬਾਨੀਆਂ ਦਿੱਤੀਆਂ ਹਨ ਤੇ ਉਹ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਵੀ ਰਹਿ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਬੀਬੀ ਜਗੀਰ ਕੌਰ ਤੋਂ ਉਸ ਮਾਮਲੇ 'ਚ ਸਪੱਸ਼ਟੀਕਰਨ ਮੰਗਿਆ ਗਿਆ ਹੈ, ਜਿਸ ਵਿਚ ਉਨ੍ਹਾਂ ਨੂੰ ਸਾਲ 2018 'ਚ ਹੀ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਬਰੀ ਕਰ ਦਿੱਤਾ ਗਿਆ ਸੀ, ਪਰ ਹੁਣ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੋਂ ਐਨ ਪਹਿਲਾਂ ਅਜਿਹਾ ਨੋਟਿਸ ਜਾਰੀ ਕਰਨਾ ਕਿਸੇ ਸਾਜ਼ਿਸ਼ ਦਾ ਹਿੱਸਾ ਲੱਗ ਰਿਹਾ ਹੈ।

ਜਿਸ ਕੇਸ ਵਿਚ ਉਹ ਪਹਿਲਾਂ ਹੀ ਬਰੀ ਹੋ ਚੁੱਕੇ ਹਨ, ਉਸ ਮਾਮਲੇ 'ਚ ਉਨ੍ਹਾਂ ਨੂੰ 'ਕਾਤਲ' ਨਹੀਂ ਕਿਹਾ ਜਾ ਸਕਦਾ।

# ਭਾਈ ਅੰਮ੍ਰਿਤਪਾਲ ਸਿੰਘ ਦੀ ਟੀਮ ਬਣਾਏਗੀ ਨਵੀਂ ਖੇਤਰੀ ਰਾਜਸੀ ਪਾਰਟੀ

## ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੀਤੀ ਅਰਦਾਸ, ਅੰਮ੍ਰਿਤ ਪਾਲ ਸਿੰਘ ਨੇ ਜੇਲ ਵਿਚੋਂ ਭੇਜਿਆ ਸੁਨੇਹਾ

ਅੰਮ੍ਰਿਤਸਰ-ਅਸਾਮ ਦੀ ਡਿਬੜੂਗੜ੍ਹ ਜੇਲ੍ਹ ਵਿਚ ਐੱਨ.ਐੱਸ.ਏ. ਤਹਿਤ ਨਜ਼ਰਬੰਦ ਤੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਟੀਮ ਨੇ ਬੀਤੇ ਦਿਨੀਂ ਪੰਥ ਅਤੇ ਪੰਜਾਬ ਦੇ ਸਰੋਕਾਰਾਂ ਦੀ ਪੂਰਤੀ ਅਤੇ ਦਰਪੇਸ਼ ਚੁਣੌਤੀਆਂ ਨਾਲ ਨਜਿੱਠਣ ਲਈ ਖੇਤਰੀ ਰਾਜਸੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭਾਈ ਅੰਮ੍ਰਿਤਪਾਲ ਸਿੰਘ ਦੀ ਦਸਤਾਰ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਸੰਬੰਧੀ ਰੱਖੇ ਸਮਾਗਮ ਉਪਰੰਤ ਭਾਈ ਅੰਮਿਬਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਕਿਹਾ ਸੀ ਕਿ ਪੰਜਾਬ ਨਾਲ ਆਰਥਿਕ, ਧਾਰਮਿਕ ਤੇ ਸਾਮਾਜਿਕ ਪੱਧਰ 'ਤੇ ਲਗਾਤਾਰ ਧੱਕਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦਿੱਲੀ ਦੀ ਕਠਪੁਤਲੀ ਬਣੇ ਹੋਏ ਹਨ ਅਤੇ ਦੂਸਰੀਆਂ ਸਾਰੀਆਂ ਸਿਆਸੀ ਧਿਰਾਂ ਨੇ ਵੀ ਪੰਜਾਬ ਦੇ ਹਿੱਤਾਂ ਦੀ ਪ੍ਰਵਾਹ ਨਹੀਂ ਕੀਤੀ।

ਜੇਲ੍ਹਾਂ 'ਚ ਬੰਦੀ ਸਿੱਖਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ, ਨੌਜਵਾਨਾਂ 'ਤੇ ਜਬਰ ਜ਼ੁਲਮ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨ ਡਿਬੜੂਗੜ੍ਹ ਜੇਲ੍ਹ ਵਿਖੇ ਭਾਈ ਅੰਮਿਬਪਾਲ ਸਿੰਘ ਨਾਲ ਮੁਲਾਕਾਤ ਦੌਰਾਨ ਮਸ਼ਵਰਾ ਕਰਨ ਉਪਰੰਤ ਪੰਜਾਬ ਵਿਚ ਨਵੀਂ ਖੇਤਰੀ ਰਾਜਸੀ ਪਾਰਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ, ਜਿਸ ਦੀ ਗੁਰੂ ਸਾਹਿਬ ਤੋਂ ਆਗਿਆ ਲੈਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਇਹ ਪਾਰਟੀ ਧਰਮ, ਜਾਤ ਤੋਂ ਉੱਪਰ ਉੱਠ ਕੇ ਪੰਜਾਬ ਦੀ ਭਲਾਈ ਲਈ ਕਾਰਜ ਕਰੇਗੀ, ਜਿਸ ਦਾ ਨਾਂਅ ਵੱਖ-ਵੱਖ ਸਿਆਸੀ, ਸਮਾਜਿਕ, ਧਾਰਮਿਕ ਧਿਰਾਂ ਨਾਲ ਗੱਲਬਾਤ



ਕਰਕੇਵਡੇ ਇਕਠ ਵਿਚ ਰੱਖਿਆ ਜਾਵੇਗਾ। ਇਸ ਮੌਕੇ ਭਾਈ ਅੰਮਿਬਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ, ਚਾਚਾ ਸੁਖਚੈਨ ਸਿੰਘ, ਸੁਖਵਿੰਦਰ ਸਿੰਘ ਅਗਵਾਨ, ਗੁਰਸੇਵਕ ਸਿੰਘ ਜਵਾਹਰਕੇ, ਭਾਈ ਚਮਕੌਰ ਸਿੰਘ ਆਦਿ ਮੌਜੂਦ ਸਨ।

ਇੱਕ ਟਵੀਟ ਕਰਦਿਆਂ ਅੰਮ੍ਰਿਤ ਪਾਲ ਸਿੰਘ ਨੇ ਕਿਹਾ ਕਿ ਮੇਰੇ ਪਿਤਾ ਭਾਈ ਭਾਈ ਤਰਸੇਮ ਸਿੰਘ ਜੀ ਵੱਲੋਂ ਆਪਣੇ ਸਾਥੀਆਂ ਨਾਲ ਮਿਲ ਕੇ ਨਵੀਂ ਪੰਥਕ ਸਿਆਸੀ ਪਾਰਟੀ ਬਣਾਉਣ ਦਾ ਐਲਾਨ ਕੀਤਾ ਗਿਆ ਹੈ। ਪੰਥ-ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਹੱਲ ਹੋਣ ਦੀ ਥਾਂ ਹੋਰ ਤੀਬਰਤਾ ਨਾਲ ਪੰਥ ਨੂੰ ਦਰਪੇਸ਼ ਹੋ ਰਹੀਆਂ ਹਨ। ਪਿੱਛੇ ਝਾਤ ਮਾਰੀਏ ਤੇ ਇਹ ਸਪੱਸ਼ਟ ਹੈ ਕਿ ਨਾ ਤਾਂ ਮੌਜੂਦਾ ਪੰਥਕ ਅਤੇ ਨਾ ਹੀ ਗੈਰ-ਪੰਥਕ ਸਿਆਸੀ ਧਿਰਾਂ ਪੰਥ ਪੰਜਾਬ ਦੇ ਕਿਸੇ ਵੀ ਮੁੱਦੇ ਨੂੰ ਸਹੀ ਢੰਗ ਨਾਲ ਹੱਲ ਕਰ ਸਕੀਆਂ ਹਨ। ਸ਼੍ਰੀ ਅਕਾਲ ਤਖਤ ਸਾਹਿਬ ਤੋਂ ਗੁਰੂ ਮਹਾਰਾਜ ਜੀ ਦੇ ਓਟ ਆਸਰੇ ਨਾਲ ਅਸੀਂ ਜਲਦ ਹੀ ਨਵੀਂ ਪੰਥਕ ਸਿਆਸੀ ਪਾਰਟੀ ਦਾ ਨਾਮ 'ਤੇ ਢਾਂਚੇ ਦਾ ਐਲਾਨ ਕਰਾਂਗੇ।

ਯਾਦ ਰਹੇ ਕਿ ਐਮਪੀ ਅੰਮ੍ਰਿਤਪਾਲ ਸਿੰਘ ਨੂੰ ਮਾਰਚ 2023 ਵਿੱਚ ਐਨਐਸਏ ਦਾ ਦੋਸ਼ ਲਾਇਆ ਗਿਆ ਸੀ ਅਤੇ ਉਸਨੂੰ ਡਿਬਰੂਗੜ੍ਹ ਜੇਲ੍ਹ ਭੇਜਿਆ ਗਿਆ ਸੀ, ਇਸ ਵਾਰ ਫਿਰ ਐਨਐਸਏ ਇੱਕ ਸਾਲ ਲਈ ਵਧਾ ਦਿੱਤਾ ਗਿਆ ਸੀ। ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਹਨ, ਜਿਨ੍ਹਾਂ ਨੇ ਆਜ਼ਾਦ ਉਮੀਦਵਾਰ ਵਜੋਂ ਵੱਡੇ ਫਰਕ ਨਾਲ ਚੋਣ ਜਿੱਤੀ ਸੀ, ਪਰ ਇਸ ਦੇ ਬਾਵਜੂਦ ਉਨ੍ਹਾਂ 'ਤੇ ਐਨ.ਐਸ.ਏ ਵਧਾ ਦਿਤੀ ਸੀ।

### ਜੇਲ੍ਹ ਵਿਚੋਂ ਅੰਮ੍ਰਿਤਪਾਲ ਸਿੰਘ ਦਾ ਵੱਡਾ ਸੁਨੇਹਾ

ਪੰਜਾਬ ਦੇ ਵਾਰਿਸ ਦੇ ਮੁਖੀ ਅਤੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਨਵੀਂ ਪਾਰਟੀ ਬਣਾਉਣ ਤੇ ਲੋਕ ਲਹਿਰ ਚਲਾਉਣ ਲਈ ਖੁਦ ਜੇਲ੍ਹ ਚੋਂ ਭੇਜਿਆ ਸੰਦੇਸ਼ ਭੇਜਿਆ ਹੈ। ਵਾਰਿਸ ਪੰਜਾਬ ਦੇ ਮੀਡੀਆ ਐਡਵਾਇਜ਼ਰ ਇਮਾਨ ਸਿੰਘ ਖਾਰਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਇੱਕ ਟਵੀਟ ਰਾਂਹੀ ਕਿਹਾ ਕਿ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਬੰਦ ਭਾਈ ਅੰਮ੍ਰਿਤਪਾਲ ਸਿੰਘ ਨੇ ਆਪਣੀ ਪਤਨੀ ਦੇ ਹੱਥ ਪੰਜਾਬ ਦੇ ਲਈ ਇੱਕ ਸੰਦੇਸ਼ ਭੇਜਿਆ ਹੈ।

ਖਾਰਾ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਆਉਣ ਵਾਲੇ 15-20 ਦਿਨਾਂ ਦੇ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਦੇ ਜੋ 10 ਸਾਥੀ ਡਿਬਰੂਗੜ ਜੇਲ੍ਹ ਵਿੱਚ ਬੰਦ ਹਨ ਅਤੇ 30 ਤੋਂ 35 ਸਾਥੀ ਸੈਂਟਰਲ ਜੇਲ੍ਹ ਅੰਮ੍ਰਿਤਸਰ ਵਿਖੇ ਬੰਦ ਹਨ, ਉਨ੍ਹਾਂ ਵੱਲੋਂ ਪੰਜਾਬ ਦੇ ਹਿੱਤਾਂ ਦੇ ਲਈ, ਪੰਜਾਬ ਦੇ ਹੱਕਾਂ ਦੇ ਲਈ ਅਤੇ ਪੰਜਾਬ ਦੇ ਲੋਕਾਂ ਦੀ ਸੇਵਾ ਦੇ ਲਈ ਇੱਕ ਲੋਕ ਲਹਿਰ, ਇੱਕ ਪੰਥਕ ਧਿਰ ਦਾ ਐਲਾਨ ਹੋ ਜਾ ਰਿਹਾ ਹੈ।

ਖਾਰਾ ਮੁਤਾਬਕ ਅੰਮ੍ਰਿਤਪਾਲ ਨੇ ਪੰਜਾਬ ਦੇ ਸਮਾਜ ਸੇਵੀ ਅਤੇ ਪੰਜਾਬ ਦੇ ਹੱਕਾਂ ਦੇ ਲਈ ਬੋਲਣ ਵਾਲਿਆਂ ਅਤੇ ਪੰਥ ਦੀ ਗੱਲ ਕਰਨ ਵਾਲੀਆਂ ਖੇਤਰੀ ਅਤੇ ਪੰਥਕ ਪਾਰਟੀਆਂ ਅਤੇ ਕਿਸਾਨ ਆਗੂਆਂ ਨੂੰ ਬੇਨਤੀ ਕਰਦਿਆਂ ਇਸ ਲੋਕ ਲਹਿਰ ਦਾ ਹਿੱਸਾ ਬਣਨ ਲਈ ਕਿਹਾ ਹੈ।

ਖਾਰਾ ਨੇ ਕਿਹਾ ਕਿ ਇਸ ਪਾਰਟੀ ਦਾ ਮੰਤਵ ਪੰਜਾਬ ਦੇ ਹੱਕਾਂ ਹਕੂਕਾਂ ਲਈ ਸੰਘਰਸ਼ ਲੜਨਾ ਹੈ। ਪੰਥ ਪੰਜਾਬ ਦੀਆਂ ਮੰਗਾਂ ਤੇ ਹੱਕਾਂ ਦੀ ਪੂਰਤੀ ਲਈ ਇਕ ਮਤਾ ਵੀ ਸੰਗਤਾ ਅੱਗੇ ਛੇਤੀ ਪੇਸ਼ ਕਰਾਂਗੇ ਜੋ ਪੰਜਾਬ ਲਈ ਵੱਧ ਅਧਿਕਾਰਾਂ ਦੀ ਲੜਾਈ ਦਾ ਅਧਾਰ ਬਣੇਗਾ। ਵੱਖ ਵੱਖ ਮੁੱਦਿਆਂ ਤੇ ਸੰਘਰਸ਼ ਕਰ ਰਹੀਆਂ ਧਿਰਾਂ ਨੂੰ ਇਕ ਨਿਸ਼ਾਨ ਹੇਠਾਂ ਇਕੱਠੇ ਕਰਕੇ ਇਸ ਸੰਗਰਸ਼ ਨੂੰ ਲੋਕ ਲਹਿਰ ਬਣਾਇਆ ਜਾਵੇਗਾ। ਖਾਰਾ ਨੇ ਕਿਹਾ ਕਿ ਇਹ ਪਾਰਟੀ ਪੰਜਾਬ ਦੇ ਆਮ ਲੋਕਾਂ ਦੀ ਨੁਮਾਇੰਦਗੀ ਕਰੇਗੀ ਅਤੇ ਲੋਕਾਂ ਦੇ ਛੋਟੇ ਤੋਂ ਛੋਟੇ ਮਸਲੇ ਅਤੇ ਵੱਡੇ ਤੋਂ ਵੱਡੇ ਹੱਕ ਦੀ ਗੱਲ ਕਰੇਗੀ।

## ਹਿਜ਼ਬੁੱਲਾ ਦਾ ਸਫਾਇਆ ਕਰਨ ਲਈ ਇਜ਼ਰਾਈਲ ਫੌਜ ਲਿਬਨਾਨ ਦੀ ਹੱਦ ਵਿਚ ਦਾਖਲ

ਬੇਰੂਤ-ਇਜ਼ਰਾਈਲ ਨੇ ਈਰਾਨ ਸਮਰਥਿਤ ਜਿਹਾਦੀ ਸੰਗਠਨ ਹਿਜ਼ਬੁੱਲਾ ਦੇ ਖਾਤਮੇ ਲਈ ਲਿਬਨਾਨ 'ਤੇ ਆਪਣੇ ਹਵਾਈ ਹਮਲੇ ਤੇਜ਼ ਕਰ ਦਿੱਤੇ ਹਨ। ਹਿਜ਼ਬੁੱਲਾ ਚੀਫ ਹਸਨ ਨਸਰੁੱਲਾ ਨੂੰ ਮਿਜ਼ਾਈਲ ਅਟੈਕ ਵਿਚ ਮਾਰਨ ਤੋਂ ਬਾਅਦ ਹੁਣ ਇਜ਼ਰਾਈਲੀ ਸੈਨਾ ਨੇ ਵੱਡੇ ਪੱਧਰ 'ਤੇ ਜ਼ਮੀਨੀ ਸੈਨਾ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਸਨੇ ਹਿਜ਼ਬੁੱਲਾ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਇਜ਼ਰਾਈਲੀ ਸੈਨਾ ਹੁਣ ਗਾਜ਼ਾ ਪੱਟੀ 'ਚ ਹਮਾਸ ਖਿਲਾਫ਼ ਜੰਗ ਰੋਕ ਕੇ ਹਿਜ਼ਬੁੱਲਾ 'ਤੇ ਧਿਆਨ ਕੇਂਦਰਿਤ ਕੀਤਾ ਹੈ।

## ਮਹਾਰਾਸ਼ਟਰ ਸਰਕਾਰ ਨੇ ਦੇਸੀ ਗਾਂ ਨੂੰ 'ਰਾਜ ਮਾਤਾ-ਗਊ ਮਾਤਾ' ਦਾ ਦਰਜਾ ਦਿਤਾ

ਮੁੰਬਈ-ਮਹਾਰਾਸ਼ਟਰ 'ਚ ਏਕਨਾਥ ਸ਼ਿੰਦੇ ਸਰਕਾਰ ਨੇ ਦੇਸੀ ਗਾਂ ਨੂੰ ਮਾਤਾ ਦਾ ਦਰਜਾ ਦਿੱਤਾ ਹੈ। ਅਜਿਹਾ ਕਰਨ ਵਾਲਾ ਮਹਾਰਾਸ਼ਟਰ ਦੇਸ਼ ਦਾ ਪਹਿਲਾ ਸੂਬਾ ਹੈ। ਸਰਕਾਰ ਨੇ ਬੀਤੇ ਦਿਨੀਂ ਕੈਬਨਿਟ ਦੀ ਬੈਠਕ ਵਿਚ ਇਹ ਫ਼ੈਸਲਾ ਲਿਆ। ਮਹਾਯੁਤੀ ਸਰਕਾਰ ਨੇ ਇਸ ਸੰਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਸ਼ਿੰਦੇ ਨੇ ਕਿਹਾ ਕਿ ਦੇਸੀ ਗਾਵਾਂ ਸਾਡੇ ਕਿਸਾਨਾਂ ਲਈ ਵਰਦਾਨ ਹਨ। ਇਸ ਲਈ ਅਸੀਂ ਉਨ੍ਹਾਂ ਨੂੰ 'ਰਾਜ ਮਾਤਾ' ਦਾ ਦਰਜਾ ਦੇਣ ਦਾ ਫ਼ੈਸਲਾ ਕੀਤਾ ਹੈ।



## ਭਾਰਤ ਇਸਲਾਮੀ ਜਿਹਾਦ ਦੇ ਮਸਲੇ ਉਪਰ ਇਜਰਾਈਲ ਦਾ ਹਮਾਇਤੀ

### ✪ ਦੁਨੀਆ ਵਿਚ ਅੱਤਵਾਦ ਲਈ ਕੋਈ ਥਾਂ ਨਹੀਂ-ਮੋਦੀ



ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਇਜ਼ਰਾਈਲੀ ਹਮਰੁਤਬਾ ਬੈਂਜਾਮਿਨ ਨੇਤਨਯਾਹੂ ਨਾਲ ਪੱਛਮੀ ਏਸ਼ੀਆਵਿ'ਚ ਹਾਲ ਹੀ ਦੇ ਘਟਨਾਕ੍ਰਮ ਬਾਰੇ ਗੱਲ ਕੀਤੀ ਤੇ ਜ਼ੋਰ ਦੇ ਕੇ ਕਿਹਾ ਕਿ ਸਾਡੀ ਦੁਨੀਆ ਵਿਚ ਅੱਤਵਾਦ ਲਈ ਕੋਈ ਥਾਂ ਨਹੀਂ ਹੈ। ਮੋਦੀ ਨੇ ਕਿਹਾ ਕਿ ਖੇਤਰੀ ਤਣਾਅ ਨੂੰ ਰੋਕਣਾ ਤੇ ਸਾਰੇ ਬੰਧਕਾਂ ਦੀ ਸੁਰੱਖਿਅਤ ਰਿਹਾਈ ਨੂੰ ਯਕੀਨੀ ਬਣਾਉਣਾ ਮਹੱਤਵਪੂਰਨ ਹੈ। ਮੋਦੀ ਨੇ 'ਐਕਸ' 'ਤੇ ਕਿਹਾ ਕਿ ਭਾਰਤ ਸ਼ਾਂਤੀ ਤੇ ਸਥਿਰਤਾ ਦੀ ਜਲਦ ਬਹਾਲੀ ਲਈ ਯਤਨਾਂ ਦਾ ਸਮਰਥਨ ਕਰਨ ਲਈ ਵਚਨਬੱਧ ਹੈ। ਹਾਲਾਂਕਿ ਪ੍ਰਧਾਨ ਮੰਤਰੀ ਮੋਦੀ ਨੇ ਕਿਸੇ ਖਾਸ ਘਟਨਾ ਦਾ ਜ਼ਿਕਰ ਨਹੀਂ ਕੀਤਾ। ਪਿਛਲੇ ਹਫ਼ਤੇ ਲਿਬਨਾਨ 'ਚ ਇਜ਼ਰਾਈਲੀ ਹਮਲਿਆਂ ਵਿਚ ਹਿਜ਼ਬੁੱਲ੍ਹਾ ਜਿਹਾਦੀ ਸਮੂਹ ਦੇ 7 ਉੱਚ ਪੱਧਰੀ ਕਮਾਂਡਰ ਤੇ ਅਧਿਕਾਰੀ ਮਾਰੇ ਗਏ ਸਨ, ਜਿਸ ਵਿਚ ਸਮੂਹ ਦੇ ਨੇਤਾ ਹਸਨ ਨਸਰੱਲਾਹ ਵੀ ਸ਼ਾਮਿਲ ਸੀ। 7 ਅਕਤੂਬਰ ਨੂੰ ਗਾਜ਼ਾ ਤੋਂ ਇਜ਼ਰਾਈਲ ਵਿਚ ਹਮਾਸ ਦੇ ਹਮਲੇ ਤੋਂ ਬਾਅਦ ਹਿਜ਼ਬੁੱਲਾ ਉੱਤਰੀ ਇਜ਼ਰਾਈਲ ਵਿਚ ਰਾਕੇਟ ਤੇ ਮਿਜ਼ਾਈਲਾਂ ਦਾਗ ਰਿਹਾ ਸੀ, ਜਿਸ ਕਾਰਨ ਉਥੇ ਜੰਗ ਲੱਗ ਗਈ।

# ਕੈਬਨਿਟ ਵਜ਼ੀਰਾਂ ਦੇ ਮੈਡੀਕਲ ਖ਼ਰਚਿਆਂ ਵਿਚ ਵੱਡੀ ਕਮੀ ਆਈ

## ✪ ਸਰਕਾਰੀ ਖਜਾਨੇ ਉਪਰ ਬੋਝ ਘਟਿਆ ✪ ਬਾਦਲ ਪਰਿਵਾਰ ਨੇ ਸਭ ਤੋਂ ਵੱਧ ਮੈਡੀਕਲ ਖ਼ਰਚਾ ਲੈਕੇ ਪੰਜਾਬ ਦਾ ਖਜਾਨਾ ਉਜਾੜਿਆ






ਚੰਡੀਗੜ੍ਹ-ਪੰਜਾਬ ਸਰਕਾਰ ਦੇ ਖ਼ਜ਼ਾਨੇ ਨੂੰ ਵਰ੍ਹਿਆਂ ਮਗਰੋਂ ਸਾਹ ਆਇਆ ਹੈ ਕਿਉਂਕਿ ਕੈਬਨਿਟ ਵਜ਼ੀਰਾਂ ਦੇ ਮੈਡੀਕਲ ਖ਼ਰਚਿਆਂ ਵਿਚ ਵੱਡੀ ਕਮੀ ਆਈ ਹੈ। ਬੇਸ਼ੱਕ ਹੁਣ ਮੁੱਖ ਮੰਤਰੀ ਭਗਵੰਤ ਮਾਨ ਦੇ ਇਲਾਜ 'ਤੇ ਵਿਰੋਧੀ ਸੁਰਾਂ ਉੱਠੀਆਂ ਹਨ ਪ੍ਰੰਤੂ ਮੈਡੀਕਲ ਖ਼ਰਚੇ ਵਿਚ ਭਾਰੀ ਕਟੌਤੀ ਦਰਜ ਕੀਤੀ ਗਈ ਹੈ। 'ਆਪ' ਸਰਕਾਰ ਦੇ ਬੀਤੇ ਢਾਈ ਸਾਲਾਂ ਦੌਰਾਨ ਮੁੱਖ ਮੰਤਰੀ ਅਤੇ ਵਜ਼ੀਰਾਂ ਦਾ ਮੈਡੀਕਲ ਖ਼ਰਚਾ ਸਿਰਫ਼ ਪੌਣੇ ਦਸ ਲੱਖ ਰੁਪਏ ਖ਼ਜ਼ਾਨੇ ਵਿਚੋਂ ਤਾਰਿਆ ਗਿਆ ਹੈ। ਵੱਡੀ ਗੱਲ ਇਹ ਕਿ ਮੁੱਖ ਮੰਤਰੀ ਤੋਂ ਇਲਾਵਾ ਸਿਰਫ਼ ਚਾਰ ਵਜ਼ੀਰਾਂ ਨੇ ਹੀ ਮੈਡੀਕਲ ਖ਼ਰਚਾ ਲਿਆ ਹੈ।

ਵੇਰਵਿਆਂ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਢਾਈ ਵਰ੍ਹਿਆਂ ਵਿਚ ਚਾਰ ਲੱਖ ਰੁਪਏ ਦਾ ਮੈਡੀਕਲ ਬਿੱਲ ਲਿਆ ਹੈ। ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਪਹਿਲੇ ਨੰਬਰ 'ਤੇ ਹਨ ਜਿਨ੍ਹਾਂ 4.25 ਲੱਖ ਦਾ ਮੈਡੀਕਲ ਬਿੱਲ ਖ਼ਜ਼ਾਨੇ 'ਚੋਂ ਲਿਆ ਹੈ। ਸਾਬਕਾ ਮੰਤਰੀ ਅਨਮੋਲ ਗਗਨ ਮਾਨ ਨੇ 1.10 ਲੱਖ ਅਤੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ 38 ਹਜ਼ਾਰ ਰੁਪਏ ਦਾ ਇਲਾਜ ਕਰਾਇਆ ਹੈ। ਸਾਬਕਾ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਮੈਡੀਕਲ ਬਿੱਲ ਵਜੋਂ 2500 ਰੁਪਏ ਵਸੂਲੇ ਹਨ। ਮੌਜੂਦਾ ਸਮੇਂ 15 ਕੈਬਨਿਟ ਮੰਤਰੀ ਹਨ ਅਤੇ 'ਆਪ' ਸਰਕਾਰ ਪਹਿਲਾਂ ਸੱਤ ਵਜ਼ੀਰਾਂ ਦੀ ਛੁੱਟੀ ਵੀ ਕਰ ਚੁੱਕੀ ਹੈ। ਮਤਲਬ ਇਹ ਕਿ ਡੇਢ ਦਰਜਨ ਵਜ਼ੀਰਾਂ ਨੇ ਕੋਈ ਮੈਡੀਕਲ ਖ਼ਰਚਾ ਨਹੀਂ ਲਿਆ ਹੈ। ਹਾਲੇ ਤੱਕ 'ਆਪ' ਸਰਕਾਰ ਦੇ ਕਿਸੇ ਵਿਧਾਇਕ ਜਾਂ ਵਜ਼ੀਰ ਨੇ ਆਪਣਾ ਇਲਾਜ ਵਿਦੇਸ਼ ਵਿਚੋਂ ਨਹੀਂ ਕਰਾਇਆ ਹੈ। ਕਈ ਵਜ਼ੀਰਾਂ ਨੇ ਦਲੀਲ ਦਿੱਤੀ ਕਿ 'ਆਪ' ਸਰਕਾਰ 'ਚ ਜ਼ਿਆਦਾ ਨੌਜਵਾਨ ਮੰਤਰੀ ਹਨ, ਜਿਸ ਕਰਕੇ ਮੈਡੀਕਲ ਖ਼ਰਚਾ ਬਹੁਤਾ ਨਹੀਂ ਹੈ। ਉਹ ਇਹ ਵੀ ਆਖਦੇ ਹਨ ਕਿ ਛੋਟੇ-ਛੋਟੇ ਬਿੱਲਾਂ ਦਾ ਖ਼ਰਚਾ ਉਹ ਪੱਲਿਓਂ ਹੀ ਕਰ ਲੈਂਦੇ ਹਨ।

ਪਿਛਾਂਹ ਝਾਤ ਮਾਰਦੇ ਹਨ ਤਾਂ ਤਤਕਾਲੀ ਸਰਕਾਰਾਂ ਦੇ ਮੁੱਖ ਮੰਤਰੀਆਂ ਅਤੇ ਵਜ਼ੀਰਾਂ ਨੇ ਇਲਾਜ ਲਈ ਵਿਦੇਸ਼ ਨੂੰ ਚੁਣਿਆ ਸੀ। ਬਾਦਲ ਪਰਿਵਾਰ ਨੇ ਸਭ ਤੋਂ ਵੱਧ ਮੈਡੀਕਲ ਖ਼ਰਚਾ ਲਿਆ। ਬਾਦਲ ਪਰਿਵਾਰ ਨੇ ਮਾਰਚ 1998 ਤੋਂ ਲੈ ਕੇ 20 ਫਰਵਰੀ, 2017 ਤੱਕ ਸਰਕਾਰੀ ਖ਼ਜ਼ਾਨੇ 'ਚੋਂ 4.98 ਕਰੋੜ ਰੁਪਏ ਮੈਡੀਕਲ ਬਿੱਲਾਂ ਦੇ ਲਏ ਹਨ। ਬਾਦਲ ਪਰਿਵਾਰ ਦੇ ਮੈਂਬਰਾਂ ਨੇ ਅਮਰੀਕਾ 'ਚੋਂ ਆਪਣਾ ਇਲਾਜ ਕਰਾਇਆ ਸੀ। ਮਰਹੂਮ ਮੁੱਖ ਮੰਤਰੀ ਬਾਦਲ ਨੇ ਤਾਂ ਕੰਨਾਂ ਤੋਂ ਸੁਣਨ ਵਾਲੀਆਂ ਦੋ ਮਸ਼ੀਨਾਂ ਦੇ ਵੀ 36 ਹਜ਼ਾਰ ਰੁਪਏ ਵਸੂਲੇ ਸਨ। ਦੂਜੇ ਨੰਬਰ 'ਤੇ ਸਾਬਕਾ ਮੁੱਖ ਮੰਤਰੀ ਮਰਹੂਮ ਹਰਚਰਨ ਸਿੰਘ ਬਰਾੜ ਦਾ ਪਰਿਵਾਰ ਆਉਂਦਾ ਹੈ ਜਿਨ੍ਹਾਂ ਦੇ ਮੈਂਬਰਾਂ ਦੇ ਇਲਾਜ 'ਤੇ ਖ਼ਜ਼ਾਨੇ 'ਚੋਂ 4.72 ਕਰੋੜ ਰੁਪਏ ਖ਼ਰਚੇ ਗਏ ਸਨ। ਬਰਾੜ ਪਰਿਵਾਰ ਦੇ ਮਰਹੂਮ ਕੰਵਰਜੀਤ ਸਿੰਘ ਬਰਾੜ, ਗੁਰਬਿੰਦਰ ਕੌਰ ਬਰਾੜ, ਬਬਲੀ ਬਰਾੜ ਅਤੇ ਕਰਨ ਕੌਰ ਦੇ ਇਲਾਜ ਦਾ ਮੈਡੀਕਲ ਖ਼ਰਚਾ ਸ਼ਾਮਲ ਹੈ। ਇਸ ਪਰਿਵਾਰ ਨੇ ਅਮਰੀਕਾ 'ਚੋਂ ਇਲਾਜ ਕਰਾਇਆ ਹੈ।



ਸਰਕਾਰੀ ਖ਼ਜ਼ਾਨੇ 'ਚੋਂ ਤਤਕਾਲੀ ਵਜ਼ੀਰ ਸ਼ਰਨਜੀਤ ਸਿੰਘ ਢਿੱਲੋਂ ਨੇ 21.09 ਲੱਖ, ਤੇਜ ਪ੍ਰਕਾਸ਼ ਸਿੰਘ ਨੇ 29.60 ਲੱਖ ਅਤੇ ਵਿਧਾਇਕ ਰਣਜੀਤ ਸਿੰਘ ਤਲਵੰਡੀ ਨੇ 42.26 ਲੱਖ ਰੁਪਏ ਮੈਡੀਕਲ ਖ਼ਰਚੇ ਵਜੋਂ ਵਸੂਲ ਕੀਤੇ ਸਨ। ਇਨ੍ਹਾਂ ਤਿੰਨੋਂ ਆਗੂਆਂ ਨੇ ਅਮਰੀਕਾ 'ਚੋਂ ਇਲਾਜ ਕਰਾਇਆ ਸੀ। ਚੌਧਰੀ ਸਵਰਨਾ ਰਾਮ ਵੀ ਇਲਾਜ ਲਈ ਅਮਰੀਕਾ ਗਏ ਸਨ। ਸਿਹਤ ਵਿਭਾਗ ਨੇ ਵਿਦੇਸ਼ੀ ਇਲਾਜ ਬਾਰੇ ਕਈ ਮਨਜ਼ੂਰੀਆਂ 'ਚ ਸਪੱਸ਼ਟ ਕੀਤਾ ਸੀ ਕਿ ਇਲਾਜ ਦੇਸ਼ ਵਿਚ ਉਪਲੱਬਧ ਹੈ ਪ੍ਰੰਤੂ ਨਵੀਨਤਮ ਇਲਾਜ ਅਮਰੀਕਾ ਵਿਚ ਹੈ। ਇਸੇ ਤਰ੍ਹਾਂ ਰਣਜੀਤ ਸਿੰਘ ਬ੍ਰਹਮਪੁਰਾ ਦੀ ਪਤਨੀ ਦੇ ਮੁਹਾਲੀ ਦੇ ਫੋਰਟਿਸ 'ਚੋਂ ਹੋਏ ਇਲਾਜ 'ਤੇ 4.32 ਲੱਖ ਰੁਪਏ ਤਾਰੇ ਗਏ ਸਨ ਜਦੋਂ ਕਿ ਗੁਲਜ਼ਾਰ ਸਿੰਘ ਰਣੀਕੇ ਦੇ ਦਿੱਲੀ ਤੇ ਮੁੰਬਈ ਵਿਚ ਹੋਏ ਇਲਾਜ 'ਤੇ 3.23 ਲੱਖ ਰੁਪਏ ਦੇ ਮੈਡੀਕਲ ਬਿੱਲ ਦਿੱਤੇ ਗਏ ਸਨ।

ਸਾਬਕਾ ਮੰਤਰੀ ਲਾਲ ਸਿੰਘ ਨੇ ਵੀ ਮੁਹਾਲੀ ਦੇ ਫੋਰਟਿਸ 'ਚੋਂ ਇਲਾਜ ਕਰਾਇਆ ਅਤੇ ਖ਼ਜ਼ਾਨੇ 'ਚੋਂ 3.20 ਲੱਖ ਦੇ ਬਿੱਲ ਵਸੂਲ ਕੀਤੇ ਸਨ। ਮਰਹੂਮ ਜਥੇਦਾਰ ਤੋਤਾ ਸਿੰਘ ਦੇ ਨੋਇਡਾ 'ਚ ਹੋਏ ਇਲਾਜ 'ਤੇ 3.26 ਲੱਖ ਖ਼ਰਚਾ ਆਇਆ ਸੀ ਜਦੋਂ ਕਿ ਤਤਕਾਲੀ ਮੰਤਰੀ ਸੁਰਜੀਤ ਸਿੰਘ ਰੱਖੜਾ ਦੀ ਪਤਨੀ ਦੇ ਮੈਕਸ ਹਸਪਤਾਲ, ਦਿੱਲੀ ਵਿਚ ਚੱਲੇ ਇਲਾਜ ਦਾ 2.06 ਲੱਖ ਦਾ ਖ਼ਰਚਾ ਖ਼ਜ਼ਾਨੇ 'ਚੋਂ ਤਾਰਿਆ ਗਿਆ ਸੀ। ਓ.ਪੀ. ਸੋਨੀ ਨੇ ਆਪਣੇ ਮਾਤਾ-ਪਿਤਾ ਦਾ ਇਲਾਜ ਮੁਹਾਲੀ 'ਚੋਂ ਕਰਾਇਆ ਹੈ ਜਿਸ ਦਾ ਮੈਡੀਕਲ ਬਿੱਲ 3.77 ਲੱਖ ਰੁਪਏ ਸਰਕਾਰ ਨੇ ਤਾਰਿਆ। ਤਤਕਾਲੀ ਮੰਤਰੀ ਬ੍ਰਹਮ ਮਹਿੰਦਰਾ ਨੇ ਵੀ ਆਪਣੇ ਇਲਾਜ ਦਾ ਪਹਿਲਾਂ 18 ਲੱਖ ਰੁਪਏ ਦਾ ਬਿੱਲ ਅਤੇ ਮੁੜ ਸੋਧ ਕੇ ਅੱਠ ਲੱਖ ਦਾ ਬਿੱਲ ਸਰਕਾਰ ਕੋਲ ਜਮ੍ਹਾ ਕਰਾਇਆ ਸੀ। ਕਰੋਨਾ ਸਮੇਂ ਗੁਰਪ੍ਰੀਤ ਸਿੰਘ ਕਾਂਗੜ ਦਾ ਇਲਾਜ ਵੀ ਮੁਹਾਲੀ ਦੇ ਪ੍ਰਾਈਵੇਟ ਹਸਪਤਾਲ ਵਿਚ ਚੱਲਿਆ ਸੀ। ਤਤਕਾਲੀ ਮੁੱਖ ਸੰਸਦੀ ਸਕੱਤਰ ਮਹਿੰਦਰ ਕੌਰ ਜੋਸ਼ ਨੂੰ ਦੰਦਾਂ ਦੀ ਖ਼ਰੀਦ ਲਈ ਸਰਕਾਰ ਨੇ 225 ਰੁਪਏ ਦੇਣ ਦੀ ਪੇਸ਼ਕਸ਼ ਕੀਤੀ ਸੀ ਜੋ ਉਨ੍ਹਾਂ ਠੁਕਰਾ ਦਿੱਤੀ ਸੀ। ਸਰਕਾਰੀ ਖ਼ਜ਼ਾਨੇ 'ਚੋਂ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਦੇ ਇਲਾਜ 'ਤੇ ਸਾਲ 2007-08 ਤੋਂ 2021-22 ਤੱਕ 23.50 ਕਰੋੜ ਰੁਪਏ ਖ਼ਰਚੇ ਗਏ ਸਨ। ਪਿਛਲੇ ਕਈ ਸਾਲਾਂ ਤੋਂ ਕਿਸੇ ਵੀ ਵਿਧਾਇਕ ਜਾਂ ਵਜ਼ੀਰ ਨੇ ਅਜਿਹੀ ਮਿਸਾਲ ਪੈਦਾ ਨਹੀਂ ਕੀਤੀ ਕਿ ਉਸ ਵੱਲੋਂ ਸਰਕਾਰੀ ਹਸਪਤਾਲ 'ਚੋਂ ਇਲਾਜ ਕਰਾਇਆ ਗਿਆ ਹੋਵੇ। ਕੈਬਨਿਟ ਵਜ਼ੀਰਾਂ ਨੂੰ 'ਪੰਜਾਬ ਸਟੇਟ ਲੈਜਿਸਲੇਚਰ ਆਫੀਸਰਜ਼, ਮਨਿਸਟਰਜ਼ ਐਂਡ ਮੈਂਬਰਜ਼ (ਮੈਡੀਕਲ ਫੈਸਿਲਟੀਜ਼) ਰੂਲਜ਼-1966' ਤਹਿਤ ਮੈਡੀਕਲ ਖ਼ਰਚੇ ਦੀ ਪੂਰਤੀ ਕੀਤੀ ਜਾਂਦੀ ਹੈ। ਕੈਪਟਨ ਸਰਕਾਰ ਸਮੇਂ ਪੰਜਾਬ ਕੈਬਨਿਟ ਨੇ 18 ਮਾਰਚ, 2017 ਨੂੰ ਫ਼ੈਸਲਾ ਕਰਕੇ ਵਿਧਾਇਕਾਂ ਅਤੇ ਵਜ਼ੀਰਾਂ ਦਾ ਮੈਡੀਕਲ ਖ਼ਰਚਾ 'ਸਿਹਤ ਬੀਮਾ ਸਕੀਮ' ਦੇ ਜ਼ਰੀਏ ਕਰਨ ਦਾ ਫ਼ੈਸਲਾ ਲਿਆ ਸੀ ਪ੍ਰੰਤੂ ਇਹ ਅਮਲ ਵਿਚ ਨਹੀਂ ਆ ਸਕਿਆ ਸੀ।

### ਵਜ਼ੀਰਾਂ ਦੇ ਡਾਕਟਰੀ ਖ਼ਰਚ ਦੀ ਕੋਈ ਸੀਮਾ ਨਹੀਂ

ਕੈਬਨਿਟ ਮੰਤਰੀਆਂ ਅਤੇ ਵਿਧਾਇਕਾਂ ਦੇ ਡਾਕਟਰੀ ਖ਼ਰਚੇ ਦੀ ਕੋਈ ਸੀਮਾ ਨਹੀਂ ਹੈ। ਇਸੇ ਤਰ੍ਹਾਂ ਜੇਲ੍ਹਾਂ ਦੇ ਬੰਦੀਆਂ ਦੀ ਇਲਾਜ ਲਈ ਵੀ ਕੋਈ ਖ਼ਰਚੇ ਦੀ ਹੱਦ ਤੈਅ ਨਹੀਂ ਹੈ। ਸਰਕਾਰੀ ਮੁਲਾਜ਼ਮਾਂ ਅਤੇ ਅਫ਼ਸਰਾਂ ਲਈ ਬਕਾਇਦਾ ਸੀਮਾ ਹੈ। ਪਹਿਲਾਂ ਵਿਧਾਇਕਾਂ ਲਈ 1 ਜਨਵਰੀ, 1998 ਤੋਂ 22 ਅਪਰੈਲ, 2003 ਤੱਕ 250 ਰੁਪਏ ਪ੍ਰਤੀ ਮਹੀਨਾ ਮੈਡੀਕਲ ਭੱਤਾ ਮਿਲਦਾ ਸੀ। ਸੂਬਾ ਸਰਕਾਰ ਨੇ 20 ਫਰਵਰੀ, 2004 ਨੂੰ ਵਿਧਾਇਕਾਂ ਤੇ ਵਜ਼ੀਰਾਂ ਲਈ ਮੈਡੀਕਲ ਖ਼ਰਚੇ ਦੀ ਸੀਮਾ ਨੂੰ ਖੋਲ੍ਹ ਦਿੱਤਾ।

## ਚੋਣ ਕਮਿਸ਼ਨ ਨੇ ਸੌਦਾ ਸਾਧ ਦੀ ਪੈਰੋਲ ਨੂੰ ਦਿੱਤੀ ਮਨਜ਼ੂਰੀ



ਨਵੀਂ ਦਿੱਲੀ-ਚੋਣ ਕਮਿਸ਼ਨ ਨੇ ਡੇਰਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਪੈਰੋਲ ਨੂੰ ਮਨਜ਼ੂਰੀ ਦੇ ਦਿੱਤੀ ਹੈ, ਇਹ ਪੈਰੋਲ ਕੁਝ ਸ਼ਰਤਾਂ ਤਹਿਤ ਦਿੱਤੀ ਗਈ ਹੈ। ਇਸ ਦੌਰਾਨ ਡੇਰਾ ਮੁਖੀ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਕਿਸੇ ਵੀ ਪਾਰਟੀ ਲਈ ਪ੍ਰਚਾਰ ਨਹੀਂ ਕਰ ਸਕੇਗਾ ਤੇ ਨਾ ਹੀ ਸੋਸ਼ਲ ਮੀਡੀਆ ਰਾਹੀਂ ਵੋਟਾਂ ਮੰਗ ਸਕੇਗਾ। ਚੋਣ ਕਮਿਸ਼ਨ ਨੇ ਸ਼ਰਤ ਇਹ ਵੀ ਲਾਈ ਹੈ ਕਿ ਜੇਲ੍ਹ 'ਚੋਂ ਬਾਹਰ ਆਉਣ 'ਤੇ ਉਹ ਹਰਿਆਣਾ 'ਚ ਨਹੀਂ ਰਹੇਗਾ। ਦੱਸਣਾ ਬਣਦਾ ਹੈ ਕਿ ਡੇਰਾ ਮੁਖੀ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ 20 ਦਿਨ ਦੀ ਪੈਰੋਲ ਮੰਗੀ ਸੀ, ਜਿਸ ਤੋਂ ਬਾਅਦ ਹਰਿਆਣਾ ਸਰਕਾਰ ਨੇ ਇਹ ਮਾਮਲਾ ਚੋਣ ਕਮਿਸ਼ਨ ਕੋਲ ਵਿਚਾਰਨ ਲਈ ਭੇਜ ਦਿੱਤਾ ਸੀ ਤੇ ਹੁਣ ਚੋਣ ਕਮਿਸ਼ਨ ਨੇ ਡੇਰਾ ਮੁਖੀ ਦੀ ਪੈਰੋਲ ਨੂੰ ਸ਼ਰਤਾਂ ਤਹਿਤ ਮਨਜ਼ੂਰੀ ਦੇ ਦਿੱਤੀ ਹੈ। ਦੱਸਣਾ ਬਣਦਾ ਹੈ ਕਿ ਡੇਰਾ ਮੁਖੀ ਜਬਰ ਜਨਾਹ ਦੇ ਮਾਮਲੇ ਵਿਚ ਜੇਲ੍ਹ 'ਚ ਸਜ਼ਾ ਕੱਟ ਰਿਹਾ ਹੈ। ਚੋਣ ਕਮਿਸ਼ਨ ਨੇ ਹਰਿਆਣਾ ਸਰਕਾਰ ਨੂੰ ਕਿਹਾ ਹੈ ਕਿ ਜੇ ਡੇਰਾ ਮੁਖੀ ਇਨ੍ਹਾਂ 'ਚੋਂ ਕਿਸੇ ਵੀ ਸ਼ਰਤ ਦਾ ਉਲੰਘਣ ਕਰਦਾ ਹੈ ਤਾਂ ਉਸ ਦੀ ਪੈਰੋਲ ਰੱਦ ਕਰ ਦਿੱਤੀ ਜਾਵੇਗੀ।

# ਇਜਰਾਈਲ ਦੇ ਨਿਸ਼ਾਨੇ ਉਪਰ ਜਿਹਾਦੀ ਖਾੜਕੂਵਾਦ, ਹਮਲੇ ਜਾਰੀ

## ✪ ਹਿਜਬੁਲਾ ਦਾ ਕਮਾਂਡਰ ਹਸਨ ਬੇਟੀ ਜ਼ੈਨਬ ਸਮੇਤ ਇਜਰਾਈਲ ਦੇ ਹਮਲੇ ਵਿਚ ਮਾਰਿਆ ਗਿਆ ✪ ਹਿਜਬੁਲਾ ਦੀ ਸੀਨੀਅਰ ਕਮਾਂਡ ਇਜਰਾਈਲੀ ਬੰਬ ਧਮਾਕਿਆਂ ਵਿਚ ਖਤਮ ✪ ਇਹ ਜੰਗ ਪੱਛਮ ਤੇ ਇਸਲਾਮ ਵਿਚਾਲੇ ਵੱਡਾ ਤਣਾਅ ਪੈਦਾ ਕਰੇਗੀ

### ਕਵਰ ਸਟੋਰੀ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916




ਇਜਰਾਈਲ ਨੇ ਹਿਜਬੁਲਾ ਨੂੰ ਮਿਟਾਉਣ ਲਈ ਲੇਬਨਾਨ ਉਪਰ ਹਮਲੇ ਪੇਜਰ ਧਮਾਕਿਆਂ ਬਾਅਦ ਹੋਰ ਤੇਜ ਕਰ ਦਿਤੇ ਹਨ ਤੇ ਐਲਾਨ ਕੀਤਾ ਕਿ ਉਹ ਲੈਬਨਾਨ ਅੰਦਰ ਵੜੇਗਾ। ਇਸ ਮਹੀਨੇ ਦੌਰਾਨ ਇਜਰਾਈਲ ਨੇ ਕਈ ਹਿਜਬੁਲਾ ਦੇ ਕਮਾਂਡਰ ਇਬਰਾਹੀਮ ਕੁਬੇਸੀ, ਇਬਰਾਹੀਮ ਅਕੀਲ, ਫੁਆਦ ਸ਼ੁਕਰ ਠੋਕ ਦਿਤੇ ਹਨ, ਪਰ ਹਿਜਬੁਲਾ ਇਜਰਾਈਲ ਦਾ ਮੁਕਾਬਲਾ ਕਰਨ ਤੋਂ ਅਸਮਰਥ ਸਿਧ ਹੋ ਰਿਹਾ ਹੈ।

ਇਜ਼ਰਾਈਲ ਨੇ ਬੀਤੇ ਹਫਤੇ ਲੇਬਨਾਨ ਦੀ ਰਾਜਧਾਨੀ ਬੇਰੂਤ ਦੇ ਦਹੀਹ ਵਿਚ ਇਕ ਵੱਡਾ ਹਵਾਈ ਹਮਲਾ ਕੀਤਾ ਸੀ। ਹਮਲੇ ਵਿੱਚ ਲੇਬਨਾਨੀ ਸਮੂਹ ਹਿਜ਼ਬੁੱਲਾ ਦਾ ਹੈੱਡਕੁਆਰਟਰ ਤਬਾਹ ਹੋ ਗਿਆ ਸੀ। ਇਸ ਵਿਚ 6 ਲੋਕਾਂ ਦੀ ਮੌਤ ਹੋ ਗਈ ਸੀ। ਅਮਰੀਕੀ ਨਿਊਜ਼ ਵੈੱਬਸਾਈਟ ਐਕਸੀਓਸ ਨੇ ਇਕ ਇਜ਼ਰਾਈਲੀ ਸੂਤਰ ਦਾ ਹਵਾਲਾ ਦਿੰਦੇ ਹੋਏ ਦਾਅਵਾ ਕੀਤਾ ਸੀ ਕਿ ਇਹ ਹਮਲਾ ਹਿਜ਼ਬੁੱਲਾ ਨੇਤਾ ਹਸਨ ਨਸਰੱਲਾ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਸੀ। ਨਸਰੁੱਲਾ ਇਸ ਵਿਚ ਮਾਰਿਆ ਗਿਆ। ਸਮਝਿਆ ਜਾਂਦਾ ਹੈ ਕਿ ਹਿਜ਼ਬੁੱਲਾ ਮੁਖੀ ਹਸਨ ਨਸਰੁੱਲਾ ਦੇ ਦੱਖਣੀ ਬੈਰੂਤ ਵਿਚ ਸਥਿਤ ਹੈੱਡਕੁਆਰਟਰ 'ਚ ਮੌਜੂਦ ਹੋਣ ਦੀ ਸੂਚਨਾ ਇਜ਼ਰਾਈਲ ਨੂੰ ਇਕ ਈਰਾਨੀ ਜਾਸੂਸ ਤੋਂ ਮਿਲੀ ਸੀ, ਜਿਸ ਤੋਂ ਬਾਅਦ ਹਮਲੇ ਲਈ ਤੁਰੰਤ ਮਿਸ਼ਨ ਤਿਆਰ ਕੀਤਾ ਗਿਆ। ਅਮਰੀਕਾ ਵਿਚ ਮੌਜੂਦ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਤੁਰੰਤ ਇਸ ਮਿਸ਼ਨ ਨੂੰ ਹਰੀ ਝੰਡੀ ਦੇ ਦਿੱਤੀ ਸੀ।

ਨੇਤਨਯਾਹੂ ਦੀ ਮਨਜ਼ੂਰੀ ਮਿਲਦਿਆਂ ਹੀ ਕੁਝ ਮਿੰਟਾਂ ਦੇ ਅੰਦਰ ਇਜ਼ਰਾਈਲ ਦੀ ਹਵਾਈ ਫੌਜ ਨੇ ਹਿਜ਼ਬੁੱਲਾ ਹੈੱਡਕੁਆਰਟਰ ਦੀ ਸੱਤ ਮੰਜ਼ਿਲਾ ਇਮਾਰਤ ਨੂੰ ਨਿਸ਼ਾਨਾ ਬਣਾਉਂਦਿਆਂ ਬੰਬ ਸੁੱਟੇ। ਨਸਰੁੱਲਾ ਇਸੇ ਇਮਾਰਤ ਦੀ ਬੇਸਮੈਂਟ ਵਿਚ ਆਪਣੇ ਸਾਥੀਆਂ ਨਾਲ ਮੀਟਿੰਗ ਕਰ ਰਿਹਾ ਸੀ।

ਇਜ਼ਰਾਈਲੀ ਫੌਜ ਦੇ ਬੁਲਾਰੇ ਲੈਫਟੀਨੈਂਟ ਕਰਨਲ ਨਦਾਵ ਸ਼ੋਸ਼ਾਨੀ ਨੇ ਟਵਿੱਟਰ 'ਤੇ ਐਲਾਨ ਕੀਤਾ, "ਹਿਜ਼ਬੁੱਲਾ ਚੀਫ ਹਸਨ ਨਸਰੱਲਾਹ ਬੇਟੀ ਜ਼ੈਨਬ ਨਸਰੱਲਾਹ, ਹਿਜ਼ਬੁੱਲਾ ਦੇ ਦੱਖਣੀ ਫਰੰਟ ਕਮਾਂਡਰ ਅਲੀ ਕਰਾਕੀ ਅਤੇ ਹੋਰ ਸੀਨੀਅਰ ਕਮਾਂਡਰਾਂ ਸਮੇਤ ਇਸ ਹਮਲੇ ਵਿਚ ਮਾਰਿਆ ਗਿਆ ਸੀ। ਇਜ਼ਰਾਇਲੀ ਹਮਲਿਆਂ ਵਿਚ ਹਿਜ਼ਬੁੱਲਾ ਦੀ ਸੈਕਿੰਡ ਇਨ ਕਮਾਂਡ ਵੀ ਤਬਾਹ ਹੋ ਚੁਕੀ ਹੈ।

ਨਸਰੁੱਲਾ ਦੀ ਮੌਤ ਦੀਆਂ ਖਬਰਾਂ ਸਾਹਮਣੇ ਆਉਣ ਤੋਂ ਬਾਅਦ, ਹਿਜ਼ਬੁੱਲਾ ਨੇ ਹਸਨ ਨਸਰੱਲਾ ਦੀ ਮੌਤ ਬਾਰੇ ਪੁਸ਼ਟੀ ਕਰ ਦਿਤੀ ਹੈ। ਇਸ ਮੌਤ ਨਾਲ ਪੱਛਮੀ ਏਸ਼ੀਆ



ਵਿਚ ਤਣਾਅ ਵਧ ਸਕਦਾ ਹੈ।

### ਇਜ਼ਰਾਈਲੀ ਹਮਲੇ 'ਚ ਹਿਜ਼ਬੁੱਲਾ ਦਾ ਇਕ ਹੋਰ ਸੀਨੀਅਰ ਕਮਾਂਡਰ ਹਲਾਕ

ਇਜ਼ਰਾਈਲੀ ਫ਼ੌਜ ਨੇ ਹੁਣੇ ਜਿਹੇ ਦਾਅਵਾ ਕੀਤਾ ਕਿ ਉਸ ਨੇ ਇਕ ਹਵਾਈ ਹਮਲੇ ਵਿਚ ਹਿਜ਼ਬੁੱਲਾ ਦੇ ਇਕ ਹੋਰ ਪ੍ਰਮੁੱਖ ਨੇਤਾ ਹਿਜ਼ਬੁੱਲਾ ਦੀ ਕੇਂਦਰੀ ਕੌਂਸਲ ਦਾ ਉਪ ਮੁਖੀ ਨਬੀਲ ਕਾਉਕ ਨੂੰ ਮਾਰ ਦਿੱਤਾ ਹੈ । ਲਿਬਨਾਨ ਦੇ ਹਥਿਆਰਬੰਦ ਸ਼ੀਆ ਸੰਗਠਨ ਹਿਜ਼ਬੁੱਲਾ ਨੇ ਕਾਉਕ ਦੀ ਮੌਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਹਾਲ ਹੀ ਦੇ ਦਿਨਾਂ 'ਚ ਇਜ਼ਰਾਈਲੀ ਹਮਲਿਆਂ 'ਚ ਉਸ ਦਾ ਚੋਟੀ ਦਾ 7ਵਾਂ ਕਮਾਂਡਰ ਮਾਰਿਆ ਗਿਆ ਹੈ। ਕਾਉਕ ਹਿਜ਼ਬੁੱਲਾ ਦਾ ਇਕ ਅਨੁਭਵੀ ਮੈਂਬਰ ਸੀ ਅਤੇ ਇਸ ਤੋਂ ਪਹਿਲਾਂ ਦੱਖਣੀ ਲਿਬਨਾਨ ਵਿਚ ਹਿਜ਼ਬੁੱਲਾ ਦੇ ਫ਼ੌਜੀ ਕਮਾਂਡਰ ਵਜੋਂ ਕੰਮ ਕਰ ਚੁੱਕਾਹੈ। ਅਮਰੀਕਾ ਨੇ 2020 ਵਿਚ ਉਸ ਦੇ ਖ਼ਿਲਾਫ਼ ਪਾਬੰਦੀਆਂ ਦਾ ਐਲਾਨ ਕੀਤਾ ਸੀ।

### ਹਾਸ਼ਮ ਸਫੀਦੀਨ ਹਸਨ ਨਸਰੁੱਲਾ ਦੀ ਲਵੇਗਾ ਥਾਂ

ਨਸਰੁੱਲਾ ਦੀ ਮੌਤ ਤੋਂ ਬਾਅਦ ਹਿਜ਼ਬੁੱਲਾ ਦੇ ਨਵੇਂ ਮੁਖੀ ਲਈ ਹਾਸ਼ਮ ਸਫੀਦੀਨ ਦਾ ਨਾਂ ਸਭ ਤੋਂ ਅੱਗੇ ਹੈ। ਹਾਸ਼ਮ ਸਫੀਦੀਨ ਸਾਬਕਾ ਹਿਜ਼ਬੁੱਲਾ ਮੁਖੀ ਨਸਰੁੱਲਾ ਦਾ ਚਚੇਰਾ ਭਰਾ ਹੈ। ਹਿਜ਼ਬੁੱਲਾ ਦੀ ਕਾਰਜਕਾਰੀ ਕੌਂਸਲ ਦੇ ਮੁਖੀ ਵਜੋਂ, ਸਫੀਦੀਨ ਹਿਜ਼ਬੁੱਲਾ ਦੇ ਰਾਜਨੀਤਿਕ ਮਾਮਲਿਆਂ ਦੀ ਨਿਗਰਾਨੀ ਕਰਦਾ ਹੈ। ਹਾਸ਼ਮ ਜੇਹਾਦ ਕੌਂਸਲ 'ਤੇ ਵੀ ਬੈਠਦਾ ਹੈ, ਜੋ ਸਮੂਹ ਦੇ ਫੌਜੀ ਕਾਰਵਾਈਆਂ ਦਾ ਪ੍ਰਬੰਧਨ ਕਰਦਾ ਹੈ। ਸਫੀਦੀਨ ਆਪਣੇ ਆਪ ਨੂੰ ਇੱਕ ਮੌਲਵੀ ਦੱਸਦਾ ਹੈ ਜੋ ਹਰ ਸਮੇਂ ਕਾਲੀ ਪੱਗ ਬੰਨ੍ਹਦਾ ਹੈ ਅਤੇ ਇਸਲਾਮ ਦੇ ਪੈਗੰਬਰ ਮੁਹੰਮਦ ਦੇ ਵੰਸ਼ਜ ਹੋਣ ਦਾ ਦਾਅਵਾ ਵੀ ਕਰਦਾ ਹੈ। ਸਮਝਿਆ ਜਾਂਦਾ ਹੈ ਕਿ ਈਰਾਨ ਹਿਜ਼ਬੁੱਲਾ ਨੂੰ ਨਿਯੰਤਰਿਤ ਅਤੇ ਵਿੱਤ ਪ੍ਰਦਾਨ ਕਰਦਾ ਹੈ। ਹਾਸ਼ਮ ਦੇ ਈਰਾਨ ਨਾਲ ਬਹੁਤ ਚੰਗੇ ਸਬੰਧ ਮੰਨੇ ਜਾਂਦੇ ਹਨ, ਕਿਉਂਕਿ ਉਸ ਨੇ ਉੱਥੇ ਪੜ੍ਹਾਈ ਵੀ ਕੀਤੀ ਸੀ। ਮੰਨਿਆ ਜਾ ਰਿਹਾ ਹੈ ਕਿ ਈਰਾਨ ਨਾਲ ਬਿਹਤਰ ਸਬੰਧਾਂ ਕਾਰਨ ਉਸ ਦਾ ਨੇਤਾ ਬਣਨਾ ਤੈਅ ਹੈ।

ਯੂ.ਐੱਸ. ਸਟੇਟ ਡਿਪਾਰਟਮੈਂਟ ਨੇ 2017 ਵਿਚ ਹਾਸ਼ਮ ਨੂੰ ਅੱਤਵਾਦੀ ਐਲਾਨਿਆ ਸੀ।

### ਜੰਗ ਰੁਕਣ ਦੀ ਸੰਭਾਵਨਾ ਨਹੀਂ

ਦੂਜੇ ਪਾਸੇ ਅਮਰੀਕਾ ਇਸ ਤਣਾਅ ਤੋਂ ਘਬਰਾਇਆ ਇਜਰਾਈਲ ਨੂੰ ਅਜਿਹਾ ਕਰਨ ਤੋਂ ਰੋਕ ਰਿਹਾ ਹੈ ਤੇ ਦੂਜੇ ਪਾਸੇ ਉਸਨੂੰ ਹਥਿਆਰ ਵੀ ਸਪਲਾਈ ਕਰ ਰਿਹਾ ਹੈ। ਪਰ ਅਮਰੀਕਾ ਦਾ ਦੋਹਰਾ ਵਰਤਾਰਾ ਇਜਰਾਈਲ ਨੂੰ ਇਨ੍ਹਾਂ ਹਮਲਿਆਂ ਲਈ ਉਤਸ਼ਾਹ ਦੇ ਰਿਹਾ ਹੈ। ਇਜਰਾਈਲ ਇਸਲਾਮੀ ਦਹਿਸ਼ਤਗਰਦੀ ਲਈ ਕਾਲ ਬਣਕੇ ਛਾਅ ਰਿਹਾ ਹੈ। ਪਰ ਇਸ ਜੰਗ ਵਿਚ ਆਮ ਲੋਕਾਂ, ਬੱਚਿਆਂ, ਇਸਤਰੀਆਂ ਦਾ ਘਾਣ ਹੋ ਰਿਹਾ ਹੈ। ਇਸ ਕਾਰਣ ਇਸਲਾਮੀ ਮੁਲਕਾਂ ਵਿਚ ਇਜਰਾਈਲ ਵਿਰਧ ਖਾਸਾ ਰੋਸ ਪਾਇਆ ਜਾ ਰਿਹਾ ਜੋ ਵਿਸ਼ਵ ਸ਼ਾਂਤੀ ਲਈ ਖਤਰਾ ਬਣ ਗਿਆ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ ਅਮਰੀਕਾ ਇਜਰਾਈਲ ਦੀ ਫੌਜੀ ਮਦਦ ਕਰ ਰਿਹਾ ਹੈ। ਇਹ ਯੁਧ ਰੁਕਣ ਵਾਲਾ ਨਹੀਂ ਜਾਪਦਾ। ਇੰਜ ਜਾਪਦਾ ਹੈ ਕਿ ਇਹ ਜੰਗ ਪੱਛਮ ਤੇ ਇਸਲਾਮ ਵਿਚਾਲੇ ਵੱਡਾ ਤਣਾਅ ਪੈਦਾ ਕਰੇਗੀ। ਇਜ਼ਰਾਈਲ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਇੱਛੁਕ ਤੌਰ 'ਤੇ ਆਪਣੇ ਜੰਗਬਾਜ਼ ਰਵੱਈਏ ਨੂੰ ਬਦਲ ਲਵੇਗਾ। ਅਮਰੀਕਾ ਤੇ ਪੱਛਮੀ ਦੇਸਾਂ ਵਲੋਂ ਇਜ਼ਰਾਈਲ ਨੂੰ ਖੁੱਲ੍ਹੀ ਛੋਟ ਦੇਣ ਦਾ ਮਤਲਬ ਹੈ- ਦੁਨੀਆ ਦੀ ਬਰਬਾਦੀ ਨੂੰ ਸੱਦਾ ਦੇਣਾ ਅਤੇ ਦੁਨੀਆ ਜਿੰਨੀ ਛੇਤੀ ਇਸ ਗੱਲ ਦਾ ਅਹਿਸਾਸ ਕਰ ਲਵੇਗੀ, ਓਨਾ ਹੀ ਚੰਗਾ ਹੈ।

### ਕੌਣ ਸੀ ਹੁਸਨ

ਹਸਨ ਨਸਰੱਲਾ 1992 ਤੋਂ ਲੈਬਨਾਨ ਦੀ ਸਭ ਤੋਂ ਮਜ਼ਬੂਤ ਰਾਜਨੀਤਕ ਅਤੇ ਫੌਜੀ ਤਾਕਤ ਹਿਜ਼ਬੁੱਲਾ ਦਾ ਮੁਖੀ ਰਿਹਾ ਹੈ। ਹਸਨ ਨਸਰੱਲਾ ਨਾ ਸਿਰਫ਼ ਲੇਬਨਾਨ ਵਿੱਚ ਸਗੋਂ ਪੱਛਮੀ ਏਸ਼ੀਆ ਵਿੱਚ ਵੀ ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਸੀ। ਸੱਯਦ ਹਸਨ ਨਸਰੱਲਾ ਦਾ ਜਨਮ 1960 ਵਿੱਚ ਬੇਰੂਤ ਵਿੱਚ ਇੱਕ ਗਰੀਬ ਸ਼ੀਆ ਪਰਿਵਾਰ ਵਿੱਚ ਹੋਇਆ ਸੀ। ਬਚਪਨ ਤੋਂ ਹੀ ਇਸਲਾਮ ਧਰਮ ਵੱਲ ਝੁਕਾਅ ਰੱਖਣ ਵਾਲਾ ਹਸਨ 1975 ਵਿੱਚ ਸ਼ੁਰੂ ਹੋਏ ਲੇਬਨਾਨ ਦੀ ਘਰੇਲੂ ਜੰਗ ਤੋਂ ਬਹੁਤ ਪ੍ਰਭਾਵਿਤ ਸੀ। ਉਹ ਇਜ਼ਰਾਈਲੀ ਕਬਜ਼ੇ ਦਾ ਵਿਰੋਧ ਕਰਨ ਲਈ ਸ਼ੀਆ ਮਿਲੀਸ਼ੀਆ ਅਮਲ ਅਤੇ ਫਿਰ ਹਿਜ਼ਬੁੱਲਾ ਵਿੱਚ ਸ਼ਾਮਲ ਹੋ ਗਿਆ।

1992 ਵਿੱਚ, ਇਜ਼ਰਾਈਲੀ ਬਲਾਂ ਨੇ ਹਿਜ਼ਬੁੱਲਾ ਦੇ ਤਤਕਾਲੀ ਨੇਤਾ ਸੱਯਦ ਅੱਬਾਸ ਮੌਸਾਵੀ ਦੀ ਹੱਤਿਆ ਕਰ ਦਿੱਤੀ ਸੀ। ਇਸ ਤੋਂ ਬਾਅਦ ਹਸਨ ਨਸਰੱਲਾ ਨੇਹਿਜਬੁਲਾ ਦੀ ਅਗਵਾਈ ਸੰਭਾਲੀ ਅਤੇ ਹਿਜ਼ਬੁੱਲਾ ਦੀ ਫੌਜੀ ਸਮਰੱਥਾ ਅਤੇ ਰਾਜਨੀਤਿਕ ਪ੍ਰਭਾਵ ਨੂੰ ਵਧਾਇਆ। ਹਿਜ਼ਬੁੱਲਾ ਨੇ ਲੇਬਨਾਨ ਵਿੱਚ 2018 ਦੀਆਂ ਸੰਸਦੀ ਚੋਣਾਂ ਵਿੱਚ ਜ਼ਬਰਦਸਤ ਜਿੱਤ ਦਰਜ ਕੀਤੀ ਸੀ। ਨਸਰੁੱਲਾ ਦੀ ਅਗਵਾਈ ਵਿੱਚ ਹਿਜ਼ਬੁੱਲਾ ਦੀ ਰਾਜਨੀਤਿਕ ਅਤੇ ਫੌਜੀ ਸ਼ਕਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ। 2021 ਦੇ ਇੱਕ ਭਾਸ਼ਣ ਵਿੱਚ, ਨਸਰੱਲਾਹ ਨੇ ਦਾਅਵਾ ਕੀਤਾ ਸੀ ਕਿ ਹਿਜ਼ਬੁੱਲਾ ਕੋਲ 100,000 ਲੜਾਕੇ ਹਨ, ਜੋ ਵਿਸ਼ਵ ਪੱਧਰ 'ਤੇ ਸਭ ਤੋਂ ਸ਼ਕਤੀਸ਼ਾਲੀ ਗੈਰ-ਰਾਜੀ ਹਥਿਆਰਬੰਦ ਸਮੂਹਾਂ ਵਿੱਚੋਂ ਇੱਕ ਹਥਿਆਰਬੰਦ ਜਥੇਬੰਦੀ ਹੈ। ਹਿਜ਼ਬੁੱਲਾ ਨੂੰ ਇਸ ਖੇਤਰ ਵਿੱਚ 'ਵਿਰੋਧ ਦੇ ਧੁਰੇ' ਵਜੋਂ ਜਾਣਿਆ ਜਾਂਦਾ ਹੈ। ਹਿਜ਼ਬੁੱਲਾ ਨੂੰ ਅਮਰੀਕਾ, ਬ੍ਰਿਟੇਨ, ਜਰਮਨੀ, ਆਸਟ੍ਰੇਲੀਆ, ਕੈਨੇਡਾ, ਖਾੜੀ ਸਹਿਯੋਗ ਪਰਿਸ਼ਦ ਅਤੇ ਜ਼ਿਆਦਾਤਰ ਅਰਬ ਲੀਗ ਨੇ ਅੱਤਵਾਦੀ ਸੰਗਠਨ ਘੋਸ਼ਿਤ ਕੀਤਾ ਹੋਇਆ ਹੈ।

ਨਸਰੱਲਾ ਦਾ ਪ੍ਰਭਾਵ ਫੌਜ ਉਪਰ ਵੀ ਹੈ। ਉਸਦੀ ਅਗਵਾਈ ਵਿੱਚ, ਹਿਜ਼ਬੁੱਲਾ ਲੇਬਨਾਨ ਦੀ ਰਾਜਨੀਤੀ ਵਿੱਚ ਇੱਕ ਪ੍ਰਮੁੱਖ ਖਿਡਾਰੀ ਬਣ ਗਿਆ ਸੀ। 1992 ਤੋਂ ਲੈਬਨਾਨ ਦੀਆਂ ਸੰਸਦੀ ਚੋਣਾਂ ਵਿੱਚ ਇਸਦੀ ਭਾਗੀਦਾਰੀ ਨੇ ਇਸਦੀ ਰਾਜਨੀਤਿਕ ਸਥਿਤੀ ਨੂੰ ਮਜ਼ਬੂਤ ਕੀਤਾ ਸੀ। ਨਸਰੱਲਾ ਨੂੰ ਲੇਬਨਾਨ ਦੇ ਸ਼ੀਆ ਭਾਈਚਾਰੇ ਵਿੱਚ ਬਹੁਤ ਅਹਿਮ ਮੰਨਿਆ ਜਾਂਦਾ ਸੀ।ਉਸ ਦੀ ਅਗਵਾਈ ਵਿਚ ਹਿਜ਼ਬੁੱਲਾ ਵੀ ਇਜ਼ਰਾਈਲ ਨਾਲ ਲਗਾਤਾਰ ਸੰਘਰਸ਼ ਵਿਚ ਰਿਹਾ ਸੀ। ਇਜਰਾਈਲ ਨਾਲ ਟਕਰਾਅ ਕਾਰਣ ਉਸਦੇ ਸਮਰਥਕਾਂ ਵਿੱਚ ਨਸਰੁੱਲਾ ਦੀ ਪ੍ਰਸਿੱਧੀ ਨੂੰ ਵਧਾ ਦਿੱਤਾ ਸੀ, ਖਾਸ ਤੌਰ 'ਤੇ ਉਨ੍ਹਾਂ ਲੋਕਾਂ ਵਿੱਚ ਜੋ ਹਿਜ਼ਬੁੱਲਾ ਨੂੰ ਇਜ਼ਰਾਈਲੀ ਕਬਜ਼ੇ ਦੇ ਵਿਰੁੱਧ ਨਾਇਕ ਦੇ ਪ੍ਰਤੀਕ ਵਜੋਂ ਦੇਖਦੇ ਸਨ।

### ਈਰਾਨੀ ਕਮਾਂਡਰ ਖਮੇਨੀ ਇਜਰਾਈਲੀ ਦਹਿਸ਼ਤ ਕਾਰਣ ਲੁਕਿਆ

ਨਿਊਯਾਰਕ ਟਾਈਮਜ਼ ਨੇ ਸੂਤਰਾਂ ਦੇ ਹਵਾਲੇ ਤੋਂ ਕਿਹਾ ਕਿ ਹਸਨ ਨਸਰੱਲਾ ਦੀ ਮੌਤ ਤੋਂ ਬਾਅਦ ਅਲੀ ਖਮੇਨੀ ਨੇ ਤਹਿਰਾਨ ਵਿਚ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਅਧਿਕਾਰੀਆਂ ਨਾਲ ਬੈਠਕ ਕੀਤੀ। ਇਸ ਬੈਠਕ ਤੋਂ ਬਾਅਦ ਹੀ ਖਮੇਨੀ ਨੂੰ ਸੁਰੱਖਿਅਤ ਸਥਾਨ 'ਤੇ ਭੇਜਣ ਦਾ ਫੈਸਲਾ ਕੀਤਾ ਗਿਆ। ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਕਚੀ ਨੇ ਇਜ਼ਰਾਈਲ 'ਤੇ ਅਮਰੀਕੀ ਬੰਕਰ ਬਸਟਰ ਬੰਬਾਂ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਹੈ। ਈਰਾਨ ਦੇ ਰਾਸ਼ਟਰਪਤੀ ਮਹਿਮੂਦ ਪੇਜ਼ੇਸਕੀਅਨ ਨੇ ਬੇਰੂਤ 'ਤੇ ਹਮਲੇ ਨੂੰ ਘੋਰ ਯੁੱਧ ਅਪਰਾਧ ਦੱਸਿਆ ਹੈ। ਇਹ ਵੀ ਦੋਸ਼ ਲਗਾਏ ਕਿ ਅਮਰੀਕਾ ਇਸ ਵਿਚ ਮਦਦ ਕਰ ਰਿਹਾ ਹੈ। ਈਰਾਨ ਦੇ ਸੁਪਰੀਮ ਲੀਡਰ ਦੇ ਸਲਾਹਕਾਰ ਅਲੀ ਲਾਰੀਜਾਨੀ ਨੇ ਕਿਹਾ ਕਿ ਨਸਰੁੱਲਾ ਦੀ ਹੱਤਿਆ ਬਾਰੇ ਸੰਭਾਵਨਾਵਾਂ ਦੇ ਵਿਚਕਾਰ, ਲਾਰੀਜਾਨੀ ਨੇ ਕਿਹਾ, 'ਹੱਤਿਆਵਾਂ ਨਾਲ ਇਜ਼ਰਾਈਲ ਦੀਆਂ ਸਮੱਸਿਆਵਾਂ ਹੱਲ ਨਹੀਂ ਹੋਣਗੀਆਂ। ਮਾਰੇ ਗਏ ਹਿਜਬੁਲਾ ਆਗੂਆਂ ਦੀ ਥਾਂ ਹੋਰ ਆਗੂ ਲੈ ਲੈਣਗੇ।' ਲਾਰੀਜਾਨੀ ਨੇ ਕਿਹਾ ਕਿ ਹਿਜਬੁਲਾ ਦੇ ਕੋਲ ਮਜ਼ਬੂਤ ਕਮਾਂਡਰ ਅਤੇ ਕਾਡਰ ਹਨ।

ਅਕਾਲ ਸਹਾਇ ॥

# ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਲੈਸਟਰ ਦੀ ਨਵੀਂ ਚੁਣੀ ਗਈ ਪ੍ਰਬੰਧਕ ਕਮੇਟੀ ਵੱਲੋਂ


President
S. Gurnam Singh

## ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਸ਼ੁਕਰਾਨਾ ਅਤੇ ਲੈਸਟਰ ਦੀਆਂ ਸਮੂਹ ਸੰਗਤਾਂ ਤੇ ਸਹਿਯੋਗੀਆਂ ਦਾ

# ਹਾਰਦਿਕ ਧੰਨਵਾਦ




Vice President
Sukhjinder Singh Lubaana


Genral Secretary
Satwinder Singh Deol



Treasure
Parmjit Singh Rai


Assist. Treasurer
Deep Singh Kaila


Education Sec.
Jetinder Kaur Sangha


Librarian
Amritpal Singh


Assist Gen. Secretary
Tarsem Singh Dhadwaar


Stage Secretary
Mukhtair Singh Gosal


ਗੁਰੂ ਰੂਪ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਅਸੀਂ ਤੀਰ ਗਰੁੱਪ ਲੈਸਟਰ ਦੇ ਸਾਰੇ ਮੈਂਬਰ ਅਤੇ ਸਮਰਥਕ ਲੈਸਟਰ ਸ਼ਾਇਰ ਦੀ ਸਮੁੱਚੀ ਸੰਗਤ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਨਾ ਚਾਹੁੰਦੇ ਹਾਂ, ਜਿਹਨਾਂ ਨੇ ਨਿਮਾਣਿਆਂ ਨੂੰ ਮਾਣ ਬਖਸ਼ ਕੇ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਜੀ ਦੇ ਅਸਥਾਨਾਂ ਦੀ ਸੇਵਾ ਸੰਭਾਲ ਦੀ ਸਾਨੂੰ ਮੁੜ ਬਖਸ਼ਿਸ਼ ਕੀਤੀ ਹੈ। ਅਸੀਂ ਉਸ ਵਾਹਿਗੁਰੂ ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਕਰਦੇ ਹਾਂ ਕਿ ਆਪ ਜੀ ਵੱਲੋਂ ਦਿੱਤੀ ਜ਼ਿੰਮੇਵਾਰੀ ਪੂਰੀ ਤਨਦੇਹੀ ਤੇ ਗੁਰਮਤਿ ਅਨੁਸਾਰ ਨਾਲ ਨਿਭਾਅ ਸਕੀਏ। ਅਸੀਂ ਸ਼ੇਰ ਸੰਗਤ ਗਰੁੱਪ ਦਾ ਵੀ ਦਿੱਲ ਦੀਆਂ ਗਹਿਰਾਈਆਂ ਤੋਂ ਵਿਸ਼ੇਸ਼ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਸਾਨੂੰ ਪੂਰਨ ਸਮਰਥਨ ਦਿੱਤਾ ਤੇ ਗੁਰੂ ਘਰ ਦੀ ਸੇਵਾ ਸੰਗਤਾਂ ਦੇ ਸਹਿਯੋਗ ਅਤੇ ਗੁਰੂ ਦੀ ਕਿਰਪਾ ਨਾਲ ਸਾਨੂੰ ਬਖਸ਼ੀ ਹੈ। ਆਪ ਸਭ ਨੇ ਗੁਰੂ ਘਰ ਵਿਖੇ ਚੱਲ ਰਹੀਆਂ ਸੇਵਾਵਾਂ ਵਿੱਚ ਬੀਤੇ ਸਮੇਂ ਵਿੱਚ ਬਹੁਤ ਯੋਗਦਾਨ ਪਾਇਆ ਹੈ, ਜਿਸ ਸਦਕਾ ਆਪਾਂ ਬਹੁਤ ਸਾਰੇ ਕਾਰਜ ਮੁਕੰਮਲ ਕਰ ਸਕੇ ਹਾਂ। ਹੁਣ ਵੀ ਸਾਨੂੰ ਸੰਗਤਾਂ ਪਾਸੋਂ ਪੂਰੀ ਉਮੀਦ ਹੈ ਕਿ ਆਪ ਜੀ ਰਹਿੰਦੀਆਂ ਸੇਵਾਵਾਂ ਵਿੱਚ ਵੀ ਪਹਿਲਾਂ ਵਾਂਗ ਵੱਧ ਚੜ੍ਹ ਕੇ ਨਵੀਂ ਬਣੀ ਕਮੇਟੀ ਨੂੰ ਪੂਰਾ ਸਹਿਯੋਗ ਦਿਓਗੇ ਤਾਂ ਕਿ ਗੁਰੂ ਘਰ ਵਿਖੇ ਸੰਗਤਾਂ ਨੂੰ ਗੁਰੂ ਆਸ਼ੇ ਅਨੁਸਾਰ ਸੇਵਾਵਾਂ ਮਿਲ ਸਕਣ।


Assist Stage Sec.
Harminder Singh


Maintenance Sec
Jagdeep Singh


Store & Kitchen Sec.
Bibi Harbans Kaur Gill


Sports Secretary
Jatinder Singh Chahal


Kartar Singh
Bring Member


Jaspal Singh
Hundal Member


Amrik Singh
Member


Mandeep Singh
Member


RajManvinder Singh
Kang Spokesman
Teer Group

## ਬੇਨਤੀ ਕਰਤਾ – ਪ੍ਰਬੰਧਕ ਕਮੇਟੀ, ਸਮੂਹ ਸੇਵਾਦਾਰ, ਤੀਰ ਗਰੁੱਪ ਲੈਸਟਰ

ਜਾਰੀ ਕਰਤਾ: ਚੇਅਰਮੈਨ ਬਰਿੰਦਰ ਸਿੰਘ ਲੱਫਰ: 07460 380205 - ਰਾਜ ਮਨਵਿੰਦਰ ਸਿੰਘ ਕੰਗ: 07869 113379

| | | | |
|---|---|---|---|
| ਪ੍ਰਧਾਨ: ਸ: ਗੁਰਨਾਮ ਸਿੰਘ 078634 764 903 | ਜ: ਸੈਕਟਰੀ: ਸਤਵਿੰਦਰ ਸਿੰਘ ਦਿਓਲ 07877 889 115 | ਸਟੇਜ ਸੈਕਟਰੀ: ਮੁਖਤਿਆਰ ਸਿੰਘ 07414 760 222 | ਖਜ਼ਾਨਚੀ: ਪਰਮਜੀਤ ਸਿੰਘ ਰਾਏ 07817 276 158 |

# GURU TEG BAHADUR GURDWARA, LEICESTER

106 EAST PARK ROAD LEICESTER, LE5 4QB. TEL: 0116 2742453 / www.leicestergurdwara.com

# ਸਿੰਘ ਸਭਾ ਡਰਬੀ ਵਿਖੇ ਐਮ ਪੀ ਤਨਮਨਜੀਤ ਸਿੰਘ ਢੇਸੀ ਦੇ ਯਤਨਾਂ ਸਦਕਾ 10ਵੀਂ ਯੂ ਕੇ ਗੱਤਕਾ ਚੈਂਪੀਅਨਸ਼ਿਪ ਕਰਵਾਈ ਗਈ




10ਵੀਂ ਯੂ ਕੇ ਗੱਤਕਾ ਚੈਂਪੀਅਨਸ਼ਿਪ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਨੌਜਵਾਨਾਂ ਅਤੇ ਬੀਬੀਆਂ ਨਾਲ ਐਮ ਪੀ ਢੇਸੀ ਅਤੇ ਪ੍ਰਬੰਧਕ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਬਾਬਾ ਬੰਦਾ ਸਿੰਘ ਬਹਾਦਰ ਹਾਲ ਵਿੱਚ 10ਵੀਂ ਯੂ ਕੇ ਗੱਤਕਾ ਚੈਂਪੀਅਨਸ਼ਿਪ ਮੌਕੇ ਵੱਖ ਵੱਖ ਸ਼ਹਿਰਾਂ ਤੋਂ ਪਹੁੰਚੇ 9 ਗੱਤਕਾ ਅਖਾੜਿਆਂ ਬਾਬਾ ਬੰਦਾ ਸਿੰਘ ਬਹਾਦਰ ਗਤਕਾ ਅਖਾੜਾ ਡਰਬੀ, ਦਮਦਮੀ ਟਕਸਾਲ ਅਖਾੜਾ ਡਰਬੀ, ਅਕਾਲੀ ਫੂਲਾ ਸਿੰਘ ਅਖਾੜਾ ਕਾਵੈਂਟਰੀ, ਅਕਾਲੀ ਬਾਬਾ ਅਜੀਤ ਸਿੰਘ ਅਖਾੜਾ ਮਾਨਚੈਸਟਰ, ਬਾਬਾ ਫਤਹਿ ਸਿੰਘ ਅਖਾੜਾ ਗਰੇਵਜੈਂਡ, ਬਾਬਾ ਫਤਹਿ ਸਿੰਘ ਅਖਾੜਾ ਵੂਲਿਚ, ਅਕਾਲੀ ਬਾਬਾ ਅਜੀਤ ਸਿੰਘ ਅਖਾੜਾ ਵਰਿੰਗਟਨ, ਬਾਬਾ ਫ਼ਤਹਿ ਸਿੰਘ ਅਖਾੜਾ ਲੇਟਨ, ਅਕਾਲ ਪੁਰਖ ਕੀ ਫੌਜ ਅਖਾੜਾ ਸਾਊਥੈਂਪਟਨ ਦੇ ਸਿੱਖ ਨੌਜਵਾਨਾਂ ਅਤੇ ਬੀਬੀਆਂ ਨੇ ਖਾਲਸਾਈ ਪ੍ਰੰਪਰਾਵਾਂ ਮੁਤਾਬਿਕ ਜੌਹਰ ਵਿਖਾਏ।***

ਸ਼ਬਦ ਕੀਰਤਨ ਅਤੇ ਅਰਦਾਸ ਤੋਂ ਉਪਰੰਤ ਗੱਤਕਾ ਮੁਕਾਬਲਿਆਂ ਦੀ ਸ਼ੁਰੂਆਤ ਕੀਤੀ। ਇਹਨਾਂ ਮੁਕਾਬਲਿਆਂ ਵਿੱਚ ਵੱਖ ਵੱਖ ਉਮਰ ਦੇ ਬੱਚਿਆਂ, ਬੀਬੀਆਂ ਅਤੇ ਮਰਦਾਂ ਦੇ ਮੁਕਾਬਲੇ ਕਰਵਾਏ ਗਏ। ਜਿਹਨਾਂ ਵਿੱਚੋਂ 12 ਤੋਂ 14 ਸਾਲ ਦੇ ਮੁਕਾਬਲੇ 'ਚੋਂ ਦਮਦਮੀ ਟਕਸਾਲ ਦੀ ਟੀਮ ਪਹਿਲੇ ਅਤੇ ਅਕਾਲੀ ਬਾਬਾ ਅਜੀਤ ਸਿੰਘ ਅਖਾੜਾ ਮਾਨਚੈਸਟਰ ਦੂਜੇ ਸਥਾਨ ਤੇ ਅਤੇ ਲੜਕੀਆਂ 'ਚੋਂ ਅਕਾਲੀ ਫੂਲਾ ਸਿੰਘ ਕਵੈਂਟਰੀ ਦੀ ਗੁਰਸੁਖਮਨ ਕੌਰ ਪਹਿਲੇ ਅਤੇ ਅਕਾਲੀ ਬਾਬਾ ਅਜੀਤ ਸਿੰਘ ਵਾਰਿੰਗਟਨ ਦੀ ਜੀਆ ਕੌਰ ਦੂਜੇ ਸਥਾਨ ਤੇ ਰਹੀ। 15 ਤੋਂ 17 ਉਮਰ ਦੇ ਲੜਕੀਆਂ ਦੇ ਮੁਕਾਬਲੇ 'ਚੋਂ ਦਮਦਮੀ ਟਕਸਾਲ ਡਰਬੀ ਜੇਤੂ ਅਤੇ ਬਾਬਾ ਬੰਦਾ ਸਿੰਘ ਬਹਾਦਰ ਡਰਬੀ ਦੀ ਟੀਮ ਉੱਪ ਜੇਤੂ ਰਹੀ, ਲੜਕਿਆਂ 'ਚੋਂ ਬਾਬਾ ਬੰਦਾ ਸਿੰਘ ਬਹਾਦਰ ਟੀਮ ਜੇਤੂ ਅਤੇ ਦਮਦਮੀ ਟਕਸਾਲ ਡਰਬੀ ਦੀ ਟੀਮ ਉੱਪ ਜੇਤੂ ਰਹੀ। ਬੀਬੀਆਂ ਦੇ ਮੁਕਾਬਲੇ 'ਚੋਂ ਦਮਦਮੀ ਟਕਸਾਲ ਡਰਬੀ ਪਹਿਲੇ ਅਤੇ ਬਾਬਾ ਫਤਹਿ ਸਿੰਘ ਅਖਾੜਾ ਗ੍ਰੇਵਜ਼ੈਂਡ ਦੂਜੇ ਸਥਾਨ ਤੇ ਰਹੀ, ਮਰਦਾਂ ਦੇ ਮੁਕਾਬਲੇ 'ਚੋਂ ਦਮਦਮੀ ਟਕਸਾਲ ਡਰਬੀ ਦੇ ਸਿੰਘਾਂ ਨੇ ਪਹਿਲਾ ਅਤੇ ਦੂਜਾ ਇਨਾਮ ਜਿੱਤਿਆ।

ਸ: ਜਗਜੀਤ ਸਿੰਘ ਕੈਨੇਡਾ ਅਤੇ ਉਸਤਾਦ ਰਣਜੀਤ ਸਿੰਘ ਨੇ ਵੀ ਗੱਤਕੇ ਦੇ ਜੌਹਰ ਵਿਖਾਏ। ਗੱਤਕਾ ਫੈਡਰੇਸ਼ਨ ਯੂ ਕੇ ਦੇ ਪ੍ਰਧਾਨ ਐਮ ਪੀ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਲਗਾਤਾਰ ਗੱਤਕਾ ਚੈਂਪੀਅਨਸ਼ਿਪ ਕਰਵਾਈ ਜਾ ਰਹੀ ਹੈ। ਉਹਨਾਂ ਗੁਰਦੁਆਰਾ ਸਿੰਘ ਸਭਾ ਡਰਬੀ, ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਡਰਬੀ, ਨੈਸ਼ਨਲ ਸਿੱਖ ਮਿਊਜ਼ੀਅਮ ਦੇ ਸੇਵਾਦਾਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੱਤਕਾ ਕਲਾ ਅਤੇ ਸ਼ਾਸ਼ਤਰ ਵਿੱਦਿਆ ਨੂੰ ਹੋਰ ਪ੍ਰਫੁਲਤ ਕਰਨ ਲਈ ਅਜੇ ਬਹੁਤ ਕੁਝ ਕਰਨ ਦੀ ਲੋੜ ਹੈ ਅਤੇ ਅਸੀਂ ਇਸ ਲਈ ਯਤਨ ਕਰ ਰਹੇ ਹਾਂ।

ਇਸ ਮੌਕੇ ਯੂ ਕੇ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਹਰਮਨ ਸਿੰਘ ਜੌਹਲ, ਸ: ਜਸਪਾਲ ਸਿੰਘ ਢੇਸੀ, ਸ: ਰਾਜਿੰਦਰ ਸਿੰਘ ਪੁਰੇਵਾਲ, ਡਾ: ਰਣਜੀਤ ਸਿੰਘ ਵਿਰਕ, ਜਸਬੀਰ ਸਿੰਘ ਢਿੱਲੋਂ ਮੁੱਖ ਸੇਵਾਦਾਰ ਗੁਰਦੁ-ਆਰਾ ਗੁਰੂ ਅਰਜਨ ਦੇਵ ਜੀ, ਸੁਖਦੇਵ ਸਿੰਘ ਅਟਵਾਲ, ਕੌਂਸਲਰ ਬਲਬੀਰ ਸਿੰਘ ਸੰਧੂ, ਡਾ: ਦਲਜੀਤ ਸਿੰਘ ਵਿਰਕ, ਰਮਿੰਦਰ ਸਿੰਘ ਪੰਚ ਪ੍ਰਧਾਨੀ ਯੂ ਕੇ, ਬੌਬੀ ਜੁਟਲਾ ਸਲੋਹ, ਮਨਪ੍ਰੀਤ ਸਿੰਘ ਖਾਲਸਾ ਡਰਬੀ, ਬਿਕਰਮਜੀਤ ਸਿੰਘ, ਅਜੈਬ ਸਿੰਘ ਗਰਚਾ ਆਦਿ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਐਮ ਪੀ ਕੈਥਰਿਨ ਐਕਿੰਸਨ, ਐਮ ਪੀ ਬਾਗੀ ਸ਼ੰਕਰ, ਕੌਂਸਲਰ ਹਰਦਿਆਲ ਸਿੰਘ ਢੀਂਡਸਾ ਸਾਬਕਾ ਪੁਲਿਸ ਅਤੇ ਅਪਰਾਧ ਕਮਿਸ਼ਨਰ, ਕੌਂਸਲਰ ਹਰਜਿੰਦਰ ਸਿੰਘ ਗਹੀਰ, ਕੌਂਸਲਰ ਗੁਰਕਿਰਨ ਕੌਰ, ਉੱਘੇ ਗਾਇਕ ਨਿਰਮਲ ਸਿੱਧੂ, ਲੇਖਕ ਅਸ਼ੋਕ ਬਾਂਸਲ, ਸੋਖਾ ਢੇਸੀ, ਨਿਸ਼ਾਨ ਸਿੰਘ ਸਲੋਹ, ਤਰਨਜੀਤ ਸਿੰਘ ਢੇਸੀ ਬ੍ਰਮਿੰਘਮ, ਹਰਜਿੰਦਰ ਸਿੰਘ ਮੰਡੇਰ, ਸਰਬਜੀਤ ਸਿੰਘ, ਤਰਲੋਚਨ ਸਿੰਘ ਵਿਰਕ, ਬਲਜੀਤ ਸਿੰਘ, ਦਲਜੀਤ ਸਿੰਘ ਡਰਬੀ, ਭਾਈ ਲਖਵੀਰ ਸਿੰਘ, ਮਨਪ੍ਰੀਤ ਸਿੰਘ ਬੱਧਨੀ ਕਲਾਂ, ਅਮਨਜੀਤ ਸਿੰਘ ਖਹਿਰਾ ਜੰਨ ਸ਼ਕਤੀ, ਅਕਾਲ ਚੈਨਲ, ਸਿੱਖ ਚੈਨਲ ਆਦਿ ਉਚੇਚੇ ਤੌਰ 'ਤੇ ਪਹੁੰਚੇ।


## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**
**ਜਾਣਕਾਰੀ ਲਈ ਸੰਪਰਕ: 01332 372 851 M: 07966 388 388**



## VACANCIES
## JSR CONTRACTS LTD.

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**CONSTRUCTION BUILDERS REQUIRED ON VARIOUS SITES IN UK**

**Job Description:** In this role as an experienced builder, a diverse set of responsibilities during the job consists of 37.5 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. Annual pay is - £31,000

**Person must have CSCS, CCDO, IPAF, Driving Licence, IPAF, SSSTS, Asbestos Awareness and Manual Handling.**
**Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਬਰਤਾਨੀਆ ਦਾ ਆਖਰੀ ਕੋਲਾ-ਚਾਲਿਤ ਪਾਵਰ ਪਲਾਂਟ ਹੋਇਆ ਬੰਦ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦਾ ਆਖਰੀ ਕੋਲਾ-ਚਾਲਿਤ ਪਾਵਰ ਪਲਾਂਟ ਸੋਮਵਾਰ ਰਾਤ ਨੂੰ ਬੰਦ ਹੋ ਗਿਆ ਹੈ, ਜਿਸ ਨਾਲ ਉਦਯੋਗਿਕ ਕ੍ਰਾਂਤੀ ਨੂੰ ਜਨਮ ਦੇਣ ਵਾਲੀ ਦੇਸ਼ ਦੀ ਕੋਲਾ ਊਰਜਾ ਦੀ 142 ਸਾਲ ਪੁਰਾਣੀ ਪ੍ਰਣਾਲੀ ਦਾ ਵੀ ਅੰਤ ਹੋ ਜਾਵੇਗਾ। 1967 ਤੋਂ ਮੱਧ ਇੰਗਲੈਂਡ ਵਿੱਚ ਚੱਲ ਰਹੇ ਰੈਟਕਲਿਫ-ਆਨ-ਸੋਰ ਸਟੇਸ਼ਨ ਅੱਧੀ ਰਾਤ ਨੂੰ ਆਪਣੀ ਆਖਰੀ ਸ਼ਿਫਟ ਤੋਂ ਬਾਅਦ ਹਮੇਸ਼ਾ ਲਈ ਬੰਦ ਹੋ ਗਿਆ।**

ਯੂ.ਕੇ ਸਰਕਾਰ ਨੇ 2030 ਤੱਕ ਦੇਸ਼ ਦੀ ਸਾਰੀ ਊਰਜਾ ਨੂੰ ਨਵਿਆਉਣਯੋਗ ਸਰੋਤਾਂ ਤੋਂ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਕੋਲੇ ਨਾਲ ਚੱਲਣ ਵਾਲੇ ਪਾਵਰ ਪਲਾਂਟ ਦੇ ਬੰਦ ਹੋਣ ਨੂੰ ਮੀਲ ਪੱਥਰ ਵਜੋਂ ਸ਼ਲਾਘਾ ਕੀਤੀ। ਊਰਜਾ ਮੰਤਰੀ ਮਾਈਕਲ ਸ਼ੈਂਕਸ ਨੇ ਕਿਹਾ,



ਰੈਟਕਲਿਫ-ਆਨ-ਸੋਰ ਸਟੇਸ਼ਨ

"ਪਲਾਂਟ ਦਾ ਬੰਦ ਹੋਣਾ ਇੱਕ ਯੁੱਗ ਦੇ ਅੰਤ ਨੂੰ ਦਰਸਾਉਂਦਾ ਹੈ ਅਤੇ ਕੋਲਾ ਕਰਮਚਾਰੀ 140 ਸਾਲਾਂ ਤੋਂ ਵੱਧ ਸਮੇਂ ਤੋਂ ਸਾਡੇ ਦੇਸ਼ ਨੂੰ ਬਿਜਲੀ ਪ੍ਰਦਾਨ ਕਰਨ ਦੇ ਆਪਣੇ ਕੰਮ 'ਤੇ ਮਾਣ ਮਹਿਸੂਸ ਕਰ ਸਕਦੇ ਹਨ। ਇੱਕ ਦੇਸ਼ ਦੇ ਤੌਰ 'ਤੇ ਅਸੀਂ ਪੀੜ੍ਹੀਆਂ ਦੇ ਰਿਣੀ ਹਾਂ।" ਉਹਨਾਂ ਕਿਹਾ ਕਿ ਕੋਲੇ ਦਾ ਯੁੱਗ ਭਾਵੇਂ ਖ਼ਤਮ ਹੋ ਰਿਹਾ ਹੈ, ਪਰ ਸਾਡੇ ਦੇਸ਼ ਲਈ ਚੰਗੀ ਊਰਜਾ ਦੀਆਂ ਨੌਕਰੀਆਂ ਦਾ ਇੱਕ ਨਵਾਂ ਦੌਰ ਸ਼ੁਰੂ ਹੋ ਰਿਹਾ ਹੈ। 1990 ਵਿੱਚ ਬਰਤਾਨੀਆ ਵਿੱਚ ਬਿਜਲੀ ਪੈਦਾ ਕਰਨ ਲਈ ਕੋਲੇ ਵਰਤੋਂ ਘੱਟ ਕਰਨੀ ਸ਼ੁਰੂ ਕਰ ਦਿੱਤੀ ਸੀ। ਜਿਸ ਲਈ ਗੈਸਾਂ ਦਾ ਪ੍ਰਯੋਗ ਕਰਨਾ ਸ਼ੁਰੂ ਕਰ ਦਿੱਤਾ ਸੀ। ਪਰ 2012 ਤੱਕ ਦੇਸ਼ ਲਈ 39 ਫੀਸਦੀ ਬਿਜਲੀ ਕੋਲੇ ਤੋਂ ਤਿਆਰ ਕੀਤੀ ਜਾਂਦੀ ਰਹੀ ਹੈ।

# ਐਮ ਪੀ ਢੇਸੀ ਨੇ ਰੀਫੌਰਮ ਪਾਰਟੀ ਦੇ ਨੇਤਾ ਨੂੰ ਵੀ ਹਲਕੇ ਦੇ ਲੋਕਾਂ ਨਾਲ ਰਾਬਤਾ ਰੱਖਣ ਦੀ ਦਿੱਤੀ ਸਲਾਹ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਪਹਿਲੇ ਦਸਤਾਰਧਾਰੀ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਰਿਫੌਰਮ ਪਾਰਟੀ ਦੇ ਨੇਤਾ ਨਾਈਜੇਲ ਫਰੇਜ਼ ਨੂੰ ਸਲਾਹ ਦਿੱਤੀ ਹੈ ਕਿ ਉਹ ਆਪਣੇ ਹਲਕੇ ਦੇ ਲੋਕਾਂ ਨਾਲ ਰਾਬਤਾ ਕਾਇਮ ਰੱਖਣ ਅਤੇ ਉਹਨਾਂ ਦੀਆਂ ਦੁੱਖ ਤਕਲੀਫਾ ਸੁਣਨ। ਐਮ ਪੀ ਢੇਸੀ ਨੇ ਕਿਹਾ ਕਿ ਨਸਲੀ ਦੰਗਿਆਂ ਤੋਂ ਬਾਅਦ ਜਦੋਂ ਮੈਨੂੰ ਜਾਨੋ ਮਾਰਨ ਦੀਆਂ ਧਮਕੀਆਂ ਮਿਲੀਆਂ ਸਨ, ਤਾਂ ਮੈਨੂੰ ਅਤੇ ਮੇਰੀ ਟੀਮ ਨੂੰ ਲੋਕਾਂ ਤੋਂ ਦੂਰ ਰੱਖਣ ਦੀ ਕੋਸ਼ਿਸ਼ ਸੀ। ਪਰ ਪੁਲਿਸ ਦੀ ਸੁਰੱਖਿਆ ਹੇਠ ਉਹ ਲੋਕਾਂ ਨੂੰ ਮਿਲਦੇ ਰਹੇ ਅਤੇ ਉਹਨਾਂ ਦੇ ਕੰਮ ਕਾਰ ਕਰਦੇ ਰਹੇ ਹਨ ਅਤੇ ਕਰ ਰਹੇ ਹਨ। ਐਮ ਪੀ ਢੇਸੀ ਨੇ ਕਿਹਾ ਕਿ ਉਹਨਾਂ ਨੂੰ ਇੱਕ ਸਿੱਖ ਅਤੇ ਇੱਕ ਬਰਤਾਨਵੀ ਹੋਣ ਤੇ ਮਾਣ ਹੈ। ਐਮ ਪੀ ਢੇਸੀ ਨੇ ਐਮ ਪੀ ਨਾਈਜੇਲ ਫਰੇਜ਼ ਵੱਲੋਂ ਆਪਣੇ ਹਲਕੇ ਏਸੇਕਸ ਵਿੱਚ ਮੀਟਿੰਗਾਂ ਨਾ ਕਰਨ, ਲੋਕਾਂ ਦੀ ਗੱਲ ਨਾ ਸੁਣਨ ਦੀ ਆਲੋਚਨਾ ਕੀਤੀ ਹਨ। ਕਿਹਾ ਜਾ ਰਿਹਾ ਹੈ ਕਿ ਨਾਈਜੇਲ ਫਰੇਜ਼ ਅਮਰੀਕਾ ਵਿੱਚ ਰਾਸ਼ਟਰਪਤੀ ਚੋਣਾਂ ਮੌਕੇ ਅਮਰੀਕਾ ਵਿੱਚ ਹਨ। ਕਿਉਂਕਿ ਉਹਨਾਂ ਨੂੰ ਹਮਲੇ ਦਾ ਖ਼ਤਰਾ ਹੈ।



ਐਮ ਪੀ ਤਨਮਨਜੀਤ ਸਿੰਘ ਢੇਸੀ


GSD

GSD ESTATE AGENTS

RESIDENTIAL & COMMERCIAL PROPERTY EXPERTS

SALES • LETTINGS • MANAGEMENT

EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ

ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?

ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*

Director: Mr Gurjeet Singh Dhariwal

Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved



ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)

UK's FIRST ASIAN MARRIAGE BUREAU

Guaranteed introduction service - Since 1972

HINDU & SIKH SINGLES MEET-UP LUNCH
SATURDAY 23RD NOVEMBER 2024 IN HOUNSLOW

An opportunity to meet a number of other like-minded singletons under one roof & maybe meet a potential partner

Tickets: Non-members: £42.50
Members/Non-Members (Early Bird booking by 31/10/24) - £37.50

Inclusive of 3-course vegetarian lunch & soft drinks

Please call for further details or to book your place

OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com

Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

ਮਾਮਲਾ ਬੀਬੀ ਜਗੀਰ ਕੌਰ ਨੂੰ ਅਕਾਲ ਤਖਤ ਸਾਹਿਬ ਉਪਰ ਤਲਬ ਕਰਨ ਦਾ

# ਅਕਾਲ ਤਖਤ ਸਾਹਿਬ ਦੀਆਂ ਮਹਾਨ ਪਰੰਪਰਾਵਾਂ ਨੂੰ ਢਾਹ ਲਗਾਉਣ ਦੀਆਂ ਕੋਸ਼ਿਸ਼ਾਂ ਕਿਉਂ ਜਾਰੀ ਨੇ ?

## ✪ ਕਿਉਂ ਦੁਹਰਾਇਆ ਜਾ ਰਿਹਾ ਗਿਆਨੀ ਗੁਰਬਚਨ ਸਿੰਘ ਵਾਲਾ ਇਤਿਹਾਸ ✪ ਗੁਨਾਹਗਾਰ ਲੀਡਰਸ਼ਿਪ ਨੂੰ ਬਚਾਉਣ ਦੀਆਂ ਚਾਲਾਂ ਮੁੜ ਰਚੀਆਂ ਜਾਣ ਲੱਗੀਆਂ-ਬੁੱਧੀਜੀਵੀਆਂ ਦਾ ਇਤਰਾਜ਼

### ਕਵਰ ਸਟੋਰੀ

ਪ੍ਰੋਫੈਸਰ ਬਲਵਿੰਦਰ ਪਾਲ ਸਿੰਘ



ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਕਾਲੀ ਦਲ ਨੂੰ ਤਬਾਹ ਕਰਨ ਵਾਲੀ ਗੁਨਾਹਗਾਰ ਅਕਾਲੀ ਲੀਡਰਸ਼ਿਪ ਤੇ ਬਾਦਲ ਪਰਿਵਾਰ ਉਪਰ ਸਖਤ ਕਾਰਵਾਈ ਕਰਨ ਦੀ ਥਾਂ ਤੇ ਅਕਾਲੀ ਦਲ ਦਲ ਅਕਾਲ ਤਖਤ ਤੋਂ ਪੁਨਰ ਸਿਰਜਣਾ ਕਰਨ ਲਈ ਪੰਥਕ ਇਕਠ ਬੁਲਾਉਣ ਦੀ ਥਾਂ ਇਸ ਸਾਰੇ ਮਸਲੇ ਨੂੰ ਤਾਰਪੀਡੋ ਕਰਨ ਲਈ ਗੈਰਸਿਧਾਂਤਕ, ਗੈਰ ਸਿਖ ਮਰਿਯਾਦਾ ਵਾਲੇ ਕੇਸ ਦੀ ਸੁਣਵਾਈ ਕਰਕੇ ਅਕਾਲ ਤਖਤ ਸਾਹਿਬ ਦੀ ਮਹਾਨ ਪਰੰਪਰਾਵਾਂ ਨੂੰ ਗਿਆਨੀ ਗੁਰਬਚਨ ਸਿੰਘ ਵਾਂਗ ਢਾਹ ਲਗਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ

ਪੰਥਕ ਹਲਕਿਆਂ ਨੂੰ ਸ਼ੱਕ ਹੈ ਕਿ ਇਹ ਸਭ ਕੁਝ ਬਾਦਲ ਪਰਿਵਾਰ ਦਾ ਵਰਤਾਰਾ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਆਪਣੀ ਸਿਆਸਤ ਅਨੁਸਾਰ ਮੁੜ ਚਲਾਇਆ ਜਾਵੇ। ਇਸ ਦੇ ਰੁਝਾਨ ਸ਼ੁਰੂ ਹੋ ਚੁਕੇ ਹਨ। ਸਰਦਾਰ ਗੁਰਤੇਜ ਸਿੰਘ ਆਈਏਐਸ ਅਨੁਸਾਰ ਗਿਆਨੀ ਗੁਰਬਚਨ ਸਿੰਘ ਵਾਲਾ ਸਿਖ ਪਰੰਪਰਾਵਾਂ ਨੂੰ ਢਾਹ ਲਗਾਉਣ ਵਾਲਾ ਇਤਿਹਾਸ ਮੁੜ ਦੁਹਰਾਇਆ ਜਾ ਸਕਦਾ ਹੈ।


ਹੁਣੇ ਜਿਹੇ ਅਕਾਲ ਤਖਤ ਦੇ ਜਥੇਦਾਰ ਵਲੋਂ ਬੀਬੀ ਜਗੀਰ ਕੌਰ ਨੂੰ ਆਪਣੀ ਧੀ ਦੀ ਮੌਤ ਦੇ ਮਾਮਲੇ ਵਿੱਚ 2000 ਦੌਰਾਨ ਦਰਜ ਹੋਏ ਕੇਸ ਵਿਚੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਬਰੀ ਕੀਤੇ ਜਾਣ ਤੋਂ ਛੇ ਸਾਲ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਨੂੰ ਨੋਟਿਸ ਜਾਰੀ ਕਰਕੇ ਕੁਝ ਬਾਦਲ ਦਲ ਦੇ ਨਾਲ ਸਬੰਧਿਤ ਵਿਅਕਤੀਆਂ ਵੱਲੋਂ ਮਿਲੀ ਸ਼ਿਕਾਇਤ ਤੇ ਰੋਮਾਂ ਦੀ ਬੇਅਦਬੀ 'ਤੇ 7 ਦਿਨਾਂ ਦੇ ਅੰਦਰ ਸਪੱਸ਼ਟੀਕਰਨ ਮੰਗਿਆ ਹੈ। ਸਰਦਾਰ ਗੁਰਤੇਜ ਸਿੰਘ ਅਨੁਸਾਰ ਜਦ ਕਿ ਜਥੇਦਾਰ ਅਕਾਲ ਤਖਤ ਦੇ ਦੋਵੇਂ ਨੁਕਤੇ ਸਿਖ ਮਰਿਯਾਦਾ, ਅਕਾਲ ਤਖਤ ਸਾਹਿਬ ਦੇ ਸਿਧਾਂਤ ਅਨੁਸਾਰ ਨੀਵੇਂ ਤੇ ਕੂੜ ਪੱਧਰ ਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇੰਜ ਜਾਪਦਾ ਹੈ ਕਿ ਬਾਦਲ ਦਲ ਦੇ ਮਹਾਰਥੀਆਂ ਨੇ ਬੀਬੀ ਜਾਗੀਰ ਕੌਰ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਵਿਚ ਕੈਂਡੀਡੇਟ ਬਣਨ ਤੋਂ ਰੋਕਣ ਲਈ ਤੇ ਸੁਖਬੀਰ ਬਾਦਲ ਨੂੰ ਦੋਸ਼ਾਂ ਤੋਂ ਬਚਾਉਣ ਲਈ ਇਹ ਨੀਵੇਂ ਪੱਧਰ ਦੀ ਸਿਆਸੀ ਖੇਡ ਖੇਡੀ ਗਈ ਹੈ। ਇਸ ਸਿਆਸੀ ਖੇਡ ਵਿਚ ਜਥੇਦਾਰ ਰਘਬੀਰ ਸਿੰਘ ਨੂੰ ਵਰਤਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਅਕਾਲ ਤਖਤ ਸਾਹਿਬ ਦੀਆਂ ਮਹਾਨ ਪਰੰਪਰਾਵਾਂ ਨੂੰ ਢਾਹ ਲਗਾਉਣ ਦਾ ਖਤਰਾ ਪੈਦਾ ਹੋ ਗਿਆ ਹੈ। ਸਰਦਾਰ ਗੁਰਤੇਜ ਸਿੰਘ ਨੇ ਸੁਆਲ ਉਠਾਇਆ ਕਿ ਜਥੇਦਾਰ ਰਘਬੀਰ



ਸਿੰਘ ਨੇ ਇਹ ਨੋਟਿਸ ਭੇਜਣ ਤੋਂ ਪਹਿਲਾਂ ਬਾਕੀ ਸਿੰਘ ਸਾਹਿਬਾਨਾਂ ਨਾਲ ਸਲਾਹ ਕੀਤੀ ਹੈ ?

ਸਿਖ ਬੁਧਜੀਵੀ ਸਰਦਾਰ ਹਰਸਿਮਰਨ ਸਿੰਘ ਆਖਦੇ ਹਨ ਕਿ ਸਾਡੀ ਇਨਫਰਮੇਸ਼ਨ ਅਨੁਸਾਰ ਜਥੇਦਾਰ ਅਕਾਲ ਤਖਤ ਸਾਹਿਬ ਨੇ ਇਹ ਮਸਲਾ ਕਿਸੇ ਹੋਰ ਸਿੰਘ ਸਾਹਿਬਾਨ ਨਾਲ ਨਹੀਂ ਵਿਚਾਰਿਆ ਗਿਆ। ਉਨ੍ਹਾਂ ਦਾ ਕਹਿਣਾ ਹੈ ਕਿ ਜਥੇਦਾਰ ਅਕਾਲ ਤਖਤ ਸਾਹਿਬ ਦੇ ਇਸ ਪੈਂਤੜੇ ਬਾਰੇ ਸਿਖ ਪੰਥ ਵਿਚ ਭਾਰੀ ਨਰਾਜ਼ਗੀ ਹੈ ਕਿ ਜਥੇਦਾਰ ਅਕਾਲ ਤਖਤ ਗੁਨਾਹਗਾਰ ਅਕਾਲੀ ਲੀਡਰਸ਼ਿਪ ਨੂੰ ਸਜ਼ਾ ਦੇਣ ਤੇ ਸ਼੍ਰੋਮਣੀ ਅਕਾਲੀ ਦਲ ਦੀ ਮੁੜ ਬਹਾਲੀ ਕਰਨ ਤੇ ਇਸ ਬਾਰੇ ਸਿਖ ਪੰਥ ਦਾ ਨੁਮਾਇੰਦਾ ਇਕਠ ਬੁਲਾਉਣ ਦੀ ਥਾਂ ਬਾਦਲ ਪਰਿਵਾਰ ਦਾ ਪ੍ਰਭਾਵ ਕਬੂਲ ਰਹੇ ਹਨ ਜਿਸ ਕਾਰਣ ਅਕਾਲ ਤਖਤ ਸਾਹਿਬ ਦੀਆਂ ਪਰੰਪਰਾਵਾਂ ਨੂੰ ਮੁੜ ਢਾਹ ਲਗਾਉਣ ਦਾ ਖਤਰਾ ਪੈਦਾ ਹੋ ਗਿਆ ਹੈ। ਇਸ ਨਾਲ ਸਿਖ ਪੰਥ ਵਿਚ ਭਾਰੀ ਰੋਸ ਫੈਲੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਜਥੇਦਾਰ ਅਕਾਲ ਤਖਤ ਦਾ ਕਾਰਜ ਕਿਸੇ ਪਰਿਵਾਰ ਦੀ ਹਸਤੀ ਨੂੰ ਬਚਾਉਣਾ ਨਹੀਂ, ਅਕਾਲ ਤਖਤ ਤੇ ਪੰਥਕ ਪਰੰਪਰਾਵਾਂ ਦੀ ਰਾਖੀ ਕਰਨਾ ਹੈ। ਇਥੇ ਜ਼ਿਕਰਯੋਗ ਹੈ ਕਿ ਬੀਬੀ ਜਾਗੀਰ ਕੌਰ 16 ਮਾਰਚ 1999 ਦੌਰਾਨ ਸ਼੍ਰੋਮਣੀ ਕਮੇਟੀ ਦੀ ਪਹਿਲੀ ਇਸਤਰੀ ਪ੍ਰਧਾਨ ਬਣੀ ਸੀ। ਫਿਰ ਨਵੰਬਰ 2000 ਦੌਰਾਨ,2004 ਵਿਚ ਫਿਰ ਚੋਣ ਲੜੀ 2011 ਦੀ ਵੀ ਚੋਣ ਲੜੀ।

ਬੀਬੀ ਜਗੀਰ ਕੌਰ ਨੂੰ 2018 ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਆਪਣੀ ਧੀ ਹਰਪ੍ਰੀਤ ਕੌਰ ਦੇ ਕਤਲ ਦੇ ਮਾਮਲੇ ਤੋਂ ਬਰੀ ਕਰ ਦਿੱਤਾ ਸੀ।ਉਸ ਤੋਂ ਬਾਅਦ, ਉਸਨੇ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਖਡੂਰ ਸਾਹਿਬ ਤੋਂ 2019 ਦੀ ਲੋਕ ਸਭਾ ਚੋਣ ਲੜੀ, ਅਤੇ ਅਗਲੇ ਸਾਲ ਉਸਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਸੀ। ਸੁਆਲ ਇਹ ਪੈਦਾ ਹੁੰਦਾ ਹੈ ਕੀ ਉਸ ਸਮੇਂ ਅਕਾਲੀ ਦਲ ਦੇ ਮਹਾਰਥੀਆਂ, ਸਿੰਘ ਸਾਹਿਬਾਨਾਂ ਨੂੰ ਇਹ ਚੇਤੇ ਕਿਉਂ ਨਹੀਂ ਸੀ ਕਿ ਬੀਬੀ ਜਾਗੀਰ ਕੌਰ ਉਪਰ ਕੁੜੀ ਮਾਰ ਦੇ ਦੋਸ਼



ਹਨ ਜਾਂ ਉਸਨੇ ਕੇਸਾਂ ਦੀ ਬੇਅਦਬੀ ਕੀਤੀ ਹੈ। ਉਸਨੂੰ ਇਹ ਪੰਥ ਦੀਆਂ ਅਹਿਮ ਜ਼ਿੰਮੇਵਾਰੀਆਂ ਕਿਉਂ ਦਿਤੀਆਂ ਗਈਆਂ।

ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਪ੍ਰਧਾਨ ਸਿਖ ਸੇਵਕ ਸੁਸਾਇਟੀ ਦਾ ਕਹਿਣਾ ਹੈ ਕਿ ਜਦੋਂ ਅਕਾਲ ਤਖਤ ਸਾਹਿਬ ਉਪਰ ਸਿਖ ਪੰਥ ਦੀ ਹਸਤੀ, ਗੁਨਾਹਗਾਰ ਲੀਡਰਸ਼ਿਪ ਤੇ ਪੰਥਕ ਸੰਕਟ ਦਾ ਅਹਿਮ ਕੇਸ ਚਲ ਰਿਹਾ ਹੈ ਤਾਂ ਇਹੋ ਜਿਹੀ ਬੇਬੁਨਿਆਦ ਅਰਜੀ ਸਵੀਕਾਰ ਨਹੀਂ ਕਰਨੀ ਚਾਹੀਦੀ ਸੀ। ਦੂਸਰਾ ਉਨ੍ਹਾਂ ਨੂੰ ਰਹਿਤਨਾਮਿਆਂ ਤੇ ਅਕਾਲ ਤਖਤ ਸਾਹਿਬ ਦੀ ਪੰਥਕ ਮਰਿਯਾਦਾ ਅਨੁਸਾਰ ਬੀਬੀ ਜਗੀਰ ਕੌਰ ਉਪਰ ਕੁੜੀ ਮਾਰ ਦੋਸ਼ ਨਹੀਂ ਬਣਦਾ ਸੀ। ਜਦ ਇਹ ਮਸਲਾ ਅਦਾਲਤ ਵਿਚ ਬੀਬੀ ਜਿਤ ਚੁਕੀ ਹੈ ਤਾਂ ਅਕਾਲ ਤਖਤ ਸਾਹਿਬ ਉਪਰ ਵਿਚਾਰਕੇ ਅਦਾਲਤੀ ਸਿਸਟਮ ਵਿਚ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ ਸੀ। ਜੇਕਰ ਕੋਈ ਹਾਈਕੋਰਟ ਤੇ ਸੁਪਰੀਮ ਕੋਰਟ ਵਿਚ ਇਸ ਬਾਰੇ ਸ਼ਿਕਾਇਤ ਕਰ ਦੇਵੇ ਤਾਂ ਜਥੇਦਾਰ ਜੀ ਕੀ ਜਵਾਬ ਦੇਣਗੇ ?

ਬੀਬੀ ਜਾਗੀਰ ਕੌਰ ਨੇ ਇਸ ਮਸਲੇ ਨੂੰ ਆਪਣੇ ਵਿਰੋਧੀਆਂ ਦੀ ਸਾਜ਼ਿਸ਼ ਕਰਾਰ ਦਿੱਤਾ ਜੋ "ਮੈਨੂੰ ਸਿਆਸੀ ਅਤੇ ਸਮਾਜਿਕ ਤੌਰ 'ਤੇ ਮਾਰਨਾ ਚਾਹੁੰਦੇ ਹਨ"। ਉਨ੍ਹਾਂ ਕਿਹਾ ਕਿ ਮੇਰੇ ਅਤੇ ਬਾਗੀ ਕੈਂਪ ਦੇ ਹੋਰ ਅਕਾਲੀ ਆਗੂਆਂ ਵਿਰੁੱਧ ਸ਼ਿਕਾਇਤਾਂ ਪਿੱਛੇ ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਹੱਥ ਹੈ। ਬੀਬੀ ਜਗੀਰ ਕੌਰ ਨੇ ਕਿਹਾ ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨਤਾ ਦੇ ਉਲਟ ਇਸ ਪੱਤਰ ਨੂੰ ਜਾਰੀ ਕੀਤਾ ਗਿਆ ਹੈ ਮੈਂ ਇਸ ਦਾ ਜਵਾਬ ਆਪ ਨਿੱਜੀ ਤੌਰ 'ਤੇ ਪੇਸ਼ ਹੋ ਕੇ ਦੇਵਾਂਗੀ।

ਉਨ੍ਹਾਂ ਇਲਜ਼ਾਮ ਲਗਾਇਆ ਕਿ ਗੁਰਚਰਨ ਸਿੰਘ ਟੌਹੜਾ ਦੀ ਜਨਮ ਸ਼ਤਾਬਦੀ ਦੇ ਇਕੱਠ ਨੂੰ ਵੇਖ ਕੇ ਸੁਖਬੀਰ ਸਿੰਘ ਬਾਦਲ, ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਅਤੇ ਉਨ੍ਹਾਂ ਦੇ ਹਮਾਇਤੀ ਘਬਰਾ ਗਏ ਤੇ ਅਕਾਲ ਤਖਤ ਸਾਹਿਬ ਨੂੰ ਗਲਤ ਤੇ ਝੂਠੀਆਂ ਸ਼ਿਕਾਇਤਾਂ ਕਰਵਾਈਆਂ। ਦੋ ਮਹੀਨੇ ਪਹਿਲਾਂ, ਜਦੋਂ ਮੈਂ ਉਨ੍ਹਾਂ ਦੇ ਨਾਲ ਸੀ, ਸਭ ਠੀਕ ਸੀ। ਜੇ ਤੁਸੀਂ ਮੈਨੂੰ ਦੋਸ਼ੀ ਮੰਨਦੇ ਹੋ ਤਾਂ ਮੈਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕਿਉਂ ਬਣਾਇਆ ? ਬੀਬੀ ਜਗੀਰ ਕੌਰ ਨੇ ਪੁਛਿਆ, ਮੈਨੂੰ ਦੱਸਿਆ ਜਾਵੇ ਕਿਹੜੀ ਜਥੇਬੰਦੀਆਂ ਨੇ ਮੇਰੀ ਸ਼ਿਕਾਇਤ ਕੀਤੀ ਹੈ। ਉਨ੍ਹਾਂ ਕਿਹਾ 24 ਸਾਲ ਦੇ ਅੰਦਰ ਮੈਂ ਕਿੰਨੀ ਵਾਰ ਚੋਣਾਂ ਲੜੀਆਂ ਹਨ ਕਿੰਨੀ ਵਾਰ ਸਿੰਘ ਸਾਹਿਬ ਚੋਣਾਂ ਵਿੱਚ ਬੈਠੇ ਹਨ ਅੱਜ ਉਨ੍ਹਾਂ ਨੂੰ ਯਾਦ ਆਇਆ ਹੈ, ਮੈਂ ਕਿਹੜਾ ਬੁਰਕਾ ਪਾਕੇ ਜਾਂਦੀ ਸੀ। ਤੁਸੀਂ ਮੈਨੂੰ ਵਿਧਾਨ ਸਭਾ ਅਤੇ ਸੰਸਦੀ ਚੋਣਾਂ ਵਿੱਚ ਕਿਉਂ ਉਤਾਰਿਆ ? ਕੀ ਉਨ੍ਹਾਂ ਕੋਲ ਮੇਰੇ 'ਤੇ ਲਗਾਏ ਗਏ ਦੋਸ਼ਾਂ ਬਾਰੇ ਮੇਰੇ ਵਿਰੁੱਧ ਕੋਈ ਸਬੂਤ ਹੈ ?"

ਉਸਨੇ ਕਿਹਾ ਕਿ ਉਨ੍ਹਾਂ (ਬਾਦਲ ਕੈਂਪ) ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੀਆਂ ਚੋਣਾਂ ਤੋਂ ਪਹਿਲਾਂ ਮੈਨੂੰ ਬਦਨਾਮ ਕਰਨ ਲਈ ਮੇਰੇ ਵਿਰੁੱਧ ਇਹ ਸ਼ਿਕਾਇਤ ਕੀਤੀ ਹੈ ਤਾਂ ਜੋ ਮੈਂ ਉਨ੍ਹਾਂ ਨੂੰ ਚੁਣੌਤੀ ਨਾ ਦੇ ਸਕਾਂ। ਪਰ ਉਹ ਇਨ੍ਹਾਂ ਘਟੀਆ ਚਾਲਾਂ ਵਿੱਚ ਸਫਲ ਨਹੀਂ ਹੋਣਗੇ।

ਸਿਖ ਪੰਥ ਦੇ ਬੋਧਿਕ ਹਲਕਿਆਂ ਦਾ ਮੰਨਣਾ ਹੈ ਕਿ ਜਥੇਦਾਰ ਅਕਾਲ ਤਖਤ ਨੂੰ ਅਜਿਹੇ ਝੂਠੇ ਮੁਦੇ ਤਿਆਗਕੇ ਪੰਥਕ ਕੇਸ ਉਪਰ ਕਾਰਵਾਈ ਕਰਨੀ ਚਾਹੀਦੀ ਹੈ,ਗੁਨਾਹਗਾਰ ਅਕਾਲੀ ਲੀਡਰਸ਼ਿਪ ਨੂੰ ਸਖਤ ਰਾਜਨੀਤਕ ਸਜ਼ਾ ਦੇਣੀ ਚਾਹੀਦੀ ਹੈ ਜਿਸ ਕਾਰਣ ਅਕਾਲੀ ਦਲ ਦੀ ਸਿਆਸੀ ਨਸਲਕੁਸ਼ੀ ਹੋਈ ਤੇ ਸਿਖ ਪੰਥ ਨਾਲ ਧ੍ਰੋਹ ਕਮਾਇਆ ਗਿਆ। ਇਸ ਵਿਚ ਬਾਦਲ ਪਰਿਵਾਰ ਹੀ ਨਹੀਂ, ਗਿਆਨੀ ਗੁਰਬਚਨ ਸਿੰਘ, ਗੁਰਮੁਖਿ ਸਿੰਘ, ਇਕਬਾਲ ਸਿੰਘ ਵੀ ਦੋਸ਼ੀ ਹਨ। ਇਨ੍ਹਾਂ ਨੂੰ ਹਾਲੇ ਤਕ ਅਕਾਲ ਤਖਤ ਸਾਹਿਬ ਤਲਬ ਕਿਉਂ ਨਹੀਂ ਕੀਤਾ ਗਿਆ। ਇਸ ਕੇਸ ਨੂੰ ਹੱਲ ਕਰਨ ਵਿਚ ਦੇਰੀ ਕਿਉਂ ?

ਕਿਉਂ ਨਹੀਂ ਪ੍ਰਕਾਸ਼ ਸਿੰਘ ਬਾਦਲ ਨੂੰ ਫਖਰੇ ਕੌਮ ਅਵਾਰਡ ਜੋ ਅਕਾਲ ਤਖਤ ਸਾਹਿਬ ਵਲੋਂ ਦਿਤਾ ਗਿਆ ,ਵਾਪਸ ਲਿਆ ਜਾ ਰਿਹਾ। ਜਦ ਕਿ ਇਸ ਸਬੰਧ ਵਿਚ ਆਪ ਜੀ ਕੋਲ ਕਾਰਵਾਈ ਲਈ ਅਰਜ਼ੀਆਂ ਭੇਜੀਆਂ ਜਾ ਚੁਕੀਆਂ ਹਨ। ਕਿਉਂ ਨਹੀਂ ਇਸ ਬਾਰੇ ਨੁਮਾਇੰਦਾ ਪੰਥਕ ਇਕਠ ਬੁਲਾਕੇ ਪੰਥਕ ਫੈਸਲੇ ਕਿਉਂ ਨਹੀਂ ਕੀਤੇ ਜਾ ਰਹੇ।

ਸਰਦਾਰ ਗੁਰਤੇਜ ਸਿੰਘ ਆਈਏਐਸ ਨੇ ਜਥੇਦਾਰ ਅਕਾਲ ਤਖਤ ਨੂੰ ਅਪੀਲ ਕਰਦਿਆਂ ਕਿਹਾ ਕਿ ਜਥੇਦਾਰ ਜੀ ਜਾਂ ਸੁਖਬੀਰ ਸਿੰਘ ਬਾਦਲ ਤੇ ਗੁਨਾਹਗਾਰ ਲੀਡਰਸ਼ਿਪ ਬਚਾ ਲਵੋ ਜਾਂ ਪੰਥਕ ਪਰੰਪਰਾਵਾਂ ਦਾ ਪਾਲਣ ਕਰਕੇ ਅਕਾਲੀ ਦਲ ਪੰਥ ਦੀ ਝੋਲੀ ਵਿਚ ਪਾਉ। ਦੂਸਰਾ ਕੋਈ ਰਸਤਾ ਨਹੀਂ ਹੈ। ਇਹ ਫੈਸਲਾ ਤੁਸੀਂ ਕਰਨਾ ਹੈ ਕਿ ਤੁਸੀਂ ਅਕਾਲ ਤਖਤ ਸਾਹਿਬ ਦੇ ਮਹਾਨ ਜਥੇਦਾਰਾਂ ਬਾਬਾ ਸਾਹਿਬ ਸਿੰਘ ਬੇਦੀ ਤੇ ਅਕਾਲੀ ਫੂਲਾ ਸਿੰਘ ਵਾਂਗ ਪੰਥ ਦੀ ਸ਼ਾਨ ਰਖਣੀ ਹੈ, ਇਤਿਹਾਸ ਸਿਰਜਣਾ ਹੈ ਜਾਂ ਗਿਆਨੀ ਗੁਰਬਚਨ ਸਿੰਘ ਦੇ ਉਜੜੇ ਰਾਹ ਵਲ ਜਾਣਾ ਹੈ।

# ਡੌਂਕੀ ਲਗਾਕੇ ਇਟਲੀ ਆਏ 3 ਭਾਰਤੀ ਨੌਜਵਾਨਾਂ ਨੂੰ ਪਾਕਿਸਤਾਨੀ ਗਿਰੋਹ ਨੇ ਕੀਤਾ ਅਗਵਾ

## ✪ ਨੌਜਵਾਨਾਂ ਦੇ ਮਾਪਿਆਂ ਤੋਂ 15000 ਯੂਰੋ ਮੰਗੀ ਫਿਰੌਤੀ, ਇਟਲੀ ਪੁਲਸ ਨੇ ਇਸ ਗੌਰਖ ਧੰਦੇ ਦਾ ਕੀਤਾ ਪਰਦਾਫਾਸ਼

ਮਿਲਾਨ ਇਟਲੀ (ਗੁਰਸ਼ਰਨ ਸਿੰਘ ਸੋਨੀ)-ਆਪਣੇ ਦੇਸ਼ ਵਿੱਚ ਕੰਮ ਨਾਲ ਹੋਣ ਕਾਰਨ ਤੇ ਘਰ ਦੀ ਗਰੀਬੀ ਦੂਰ ਕਰਨ ਅਕਸਰ ਏਸ਼ੀਅਨ ਦੇਸ਼ਾਂ ਦੇ ਨੌਜਵਾਨਾਂ ਕਰਜ਼ਾ ਚੁੱਕ ਵਿਦੇਸ਼ਾਂ ਨੂੰ ਕੂਚ ਕਰ ਰਹੇ ਹਨ ਇਹਨਾਂ ਵਿਚੋਂ ਭਾਰਤੀ ਤੇ ਪਾਕਿਸਤਾਨੀ ਲੱਖਾਂ ਰੁਪਏ ਏਜੰਟਾਂ ਨੂੰ ਦੇਣ ਵਾਲਿਆਂ ਵਿੱਚ ਮੋਹਰੀ ਹਨ। ਇਹ ਨੌਜਵਾਨ ਜਿਹੜੇ ਕੁਝ ਕਾਨੂੰਨੀ ਤੇ ਕੁਝ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣ ਲਈ ਮਜ਼ਬੂਰ ਹਨ ਕਈ ਵਾਰ ਵਿਦੇਸ਼ਾਂ ਵਿੱਚ ਲਾਚਾਰੀ ਦੇ ਚੱਲਦਿਆਂ ਗਲਤ ਲੋਕਾਂ ਦੇ ਧੱਕੇ ਚੜ੍ਹ ਜਾਂਦੇ ਹਨ ਜਿਸ ਨਾਲ ਇਹਨਾਂ ਨੌਜਵਾਨਾਂ ਨੂੰ ਵੱਡੀ ਮੁਸੀਬਤ ਝੱਲਣੀ ਪੈਂਦੀ ਹੈ।

ਅਜਿਹਾ ਹੀ ਵਾਕਿਆ ਇਟਲੀ ਦੇ ਸ਼ਹਿਰ ਤਰੀਏਸਤੇ ਦੇਖਣ ਨੂੰ ਮਿਲਿਆ ਜਿੱਥੇ 3 ਭਾਰਤੀ ਨੌਜਵਾਨਾਂ ਨੂੰ ਇੱਕ ਪਾਕਿਸਤਾਨੀ ਗਿਰੋਹ ਦੇ ਲੋਕਾਂ ਨੇ ਪਹਿਲਾਂ ਕੁੱਟਿਆ ਤੇ ਫਿਰ ਬੰਦੀ ਬਣਾ ਲਿਆ। ਬੰਦੀ ਬਣਾਉਣ ਤੋਂ ਬਾਅਦ ਇਸ ਪਾਕਿਸਤਾਨੀ ਗਿਰੋਹ ਦੇ ਲੋਕਾਂ ਨੇ ਭਾਰਤੀ ਨੌਜਵਾਨਾਂ ਦੇ ਘਰ ਫੋਨ ਕੀਤਾ ਤੇ ਕਿਹਾ ਕਿ ਤੁਹਾਡੇ ਮੁੰਡੇ ਉਨ੍ਹਾਂ ਕੋਲ ਕੈਦ ਹਨ ਜੇਕਰ ਇਹਨਾਂ ਨੂੰ ਉਹ ਛੁੱਡਵਾਉਣਾ ਚਾਹੁੰਦੇ ਹੋ ਤਾਂ ਉਹਨਾਂ ਇੱਕ ਬੰਦੇ ਦਾ 15000 ਯੂਰੋ ਦੀ ਫਿਰੌਤੀ ਦੱਸੇ ਵਿਦੇਸ਼ੀ ਬੈਂਕ ਖਾਤਿਆਂ ਵਿੱਚ




ਜਮ੍ਹਾਂ ਕਰਵਾਉਣ। ਭਾਰਤ ਵਿੱਚ ਇਹਨਾਂ 3 ਨੌਜਵਾਨਾਂ ਦੇ ਮਾਪੇ ਇਸ ਫੋਨ ਤੋਂ ਬਾਅਦ ਬਹੁਤ ਹੀ ਘਬਰਾ ਗਏ ਤੇ ਸਹਿਮੇ ਹੋਇਆਂ ਉਹਨਾਂ ਇਟਲੀ ਵਿੱਚ ਆਪਣੀ ਰਿਸ਼ਤੇਦਾਰ ਇੱਕ ਔਰਤ (ਜੋ ਕਿ ਲੰਬਾਰਦੀਆ ਸੂਬੇ ਵਿੱਚ ਰਹਿੰਦੀ ਹੈ) ਨੂੰ ਫੋਨ ਕਰਕੇ ਸਾਰੀ ਘਟਨਾ ਦੱਸੀ। ਇਟਲੀ ਰਹਿੰਦੀ ਭਾਰਤੀ ਔਰਤ ਬਹੁਤ ਹੀ ਸਮਝਦਾਰ ਤੇ ਦਲੇਰ ਸੀ ਉਸ ਨੇ ਬਿਨ੍ਹਾਂ ਦੇਰ ਕੀਤੇ ਇਸ ਸਾਰੇ ਛੜਯੰਤਰ ਦੀ ਜਾਣਕਾਰੀ ਤਰੀਏਸਤੇ ਪੁਲਸ ਦੇ ਹੈੱਡਕੁਆਟਰ ਨੂੰ ਦੇ ਦਿੱਤੀ ਬਸ ਫਿਰ ਕੀ ਸੀ ਤਰੀਏਸਤੇ ਪੁਲਸ ਦੀ ਵਿਸੇ ਚੈੱਕ ਦਸਤਾ ਟੀਮ ਨੇ ਸਾਰਾ ਸ਼ਹਿਰ ਛਾਣ ਦਿੱਤਾ ਤੇ ਕੁਝ ਘੰਟਿਆਂ ਵਿੱਚ ਇਹ 3 ਭਾਰਤੀ ਨੌਜਵਾਨ ਜਿਹੜੇ ਕਿ ਗੈਰ-ਕਾਨੂੰਨੀ ਢੰਗ ਨਾਲ ਡੌਂਕੀ ਲਗਾ ਇਟਲੀ ਦਾਖਲ ਹੋਏ ਸਨ ਉਹਨਾਂ ਨੂੰ ਪਾਕਿਸਤਾਨੀ ਗਿਰੋਹ ਦੀ ਕੈਦ ਵਿੱਚ ਆਜ਼ਾਦ ਕਰਵਾ ਲਿਆ। ਪੁਲਸ ਅਨੁਸਾਰ ਇਹ 3 ਭਾਰਤੀ ਪਾਕਿਸਤਾਨੀ ਗਿਰੋਹ ਨੇ ਗਰੀਬਾਲਦੀ ਚੌਂ ਦੀ ਇੱਕ ਬਹੁ-ਮੰਜ਼ਿਲੀ ਇਮਾਰਤ ਦੇ ਇੱਕ ਘਰ ਵਿੱਚ ਕੈਦ ਕੀਤੇ ਸਨ ਜਿਹੜਾ ਕਿ ਉਹਨਾਂ ਕਿਰਾਏ ਉੱਤੇ ਲਿਆ ਹੋਇਆ ਹੈ ਜਦੋਂ ਕਿ ਘਰ ਦੇ ਮਾਲਕ ਨੂੰ ਉਹਨਾਂ ਦੇ ਗੋਰਖ ਧੰਦੇ ਦੀ ਕੋਈ ਜਾਣਕਾਰੀ ਨਹੀਂ ਕਿਉਂਕਿ ਮਕਾਨ ਮਾਲਿਕ ਜਿਹੜਾ ਕਿ ਵਿਦੇਸ਼ੀ ਮੂਲ ਦਾ ਹੈ ਉਹ ਤਰੀਏਸਤੇ ਸ਼ਹਿਰ ਨਹੀਂ ਸਗੋਂ ਪੋਰਦੀਨੋਨੇ ਕੰਮ ਕਰਦਾ ਹੈ। ਪੁਲਸ ਨੇ 2 ਪਾਕਿਸਤਾਨੀ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਜਿਹਨਾਂ ਕੋਲ ਕੁਝ ਚਾਕੂ ਤੇ ਹੋਰ ਗੈਰ-ਕਾਨੂੰਨੀ ਸਮਾਨ ਵੀ ਬਰਾਮਦ ਹੋਇਆ ਹੈ। ਤਰੀਏਸਤੇ ਦੀ ਪੁਲਸ ਅਨੁਸਾਰ ਇਹਨਾਂ ਅਗਵਾਕਾਰ ਪਾਕਿਸਤਾਨੀ ਨੂੰ ਜਿਹਨਾਂ ਇਹ ਗੰਭੀਰ ਅਪਰਾਧ ਕਰਦਿਆਂ ਫਿਰੌਤੀ ਦੀ ਮੰਗ ਕੀਤੀ ਅਜਿਹੇ ਅਪਰਾਧਾਂ ਲਈ 25 ਤੋਂ 30 ਸਾਲ ਤੱਕ ਦੀ ਕੈਦ ਹੈ ਇਹ ਸਰਕਾਰੀ ਵਕੀਲ ਫੇਦੇਰੀਕੋ ਫਰੇਸਾ ਦਾ ਤਕਾਜਾ ਹੈ।ਉਹ ਭਾਰਤੀ ਔਰਤ ਜਿਸ ਨੇ ਪੁਲਸ ਨੂੰ ਇਸ ਸਾਰੇ ਘਟਨਾਕ੍ਰਮ ਦੀ ਜਾਣਕਾਰੀ ਦਿੱਤੀ ਦੇ ਵਿਸੇ ਧੰਨਵਾਦੀ ਹਨ ਜਿਸ ਦੀ ਸਮਝਦਾਰੀ ਨਾਲ ਇਸ ਅਪਰਾਧ ਨੂੰ ਨੱਥ ਪਾਈ ਜਾ ਸਕੀ ਹੈ। ਇਸ ਪਾਕਿਸਤਾਨੀ ਗਿਰੋਹ ਵਿੱਚ ਕਿੰਨੇ ਬੰਦੇ ਹਨ ਤੇ ਇਹਨਾਂ ਹੋਰ ਕੀ ਅਪਰਾਧ ਕੀਤੇ ਇਸ ਦੀ ਬਾਰੀਕੀ ਨਾਲ ਪੁਲਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਇਟਲੀ ਦੀਆਂ ਕਈ ਜਨਤਕ ਜੱਥੇਬੰਦੀਆਂ ਨੇ ਇਸ ਘਟਨਾ ਦੀ ਨਿਖੇਧੀ ਕੀਤੀ ਹੈ।

# INSIDE HAITI GANG VIOLENCE

Another heart wrenching overview from Haiti. Once again a distressing picture of chaotic situation in Haiti as we look about ongoing challenges faced by Haitians people. It's hard not to feel a profound sense of empthy for those enduring this daily nightmare, the question that lingers in my mind is a familiar one why? The answer, unfortunately, traces back to a common root that perpetuates suffering disproportionatley across the impoverished world. The idea that some lives matter less is the root of all that's wrong with the world. The lives of countless underestimated Haitian citizens lost this year seems to matter less, and the blatant injustice is undeniably at the heart of what amiss. Many of us abroad in the uk looking at the turmoil unfolding



on the people of Haiti, acknowledging the powerful impact of both action and inaction on this dire circumstances. The resilience spirit of the Haiti citizens is evident, they have the potential to put and end to the distressing situation described by the UN as carnage, change will undoubtedly come sooner than later. Communciaters about humantrain issues are consistently disappointed in how quickly media and people who consume media lose interest in man made disasters like war and political instability, in places like Ukraine, Sudan and Haiti and other places. The challenges people face are caused by humans. Sometimes the situation are politically complicated with the lack of clear cut heros and villains often the people most impacted by the crisis are black or brown people who live in remote corners of the world that most uk people never visit or heard off. All of these factors make it tough to sustain the interest of western media and their audience. But that doesn't mean that horrors are less real or the humanitarian needs are any less pressing. In the face of adversity, theres hope a brighter future built upon principles of equity social justice and peace. Let's remember that every life holds immeasurable value, and by recognising the truth, along with the power of unity. We take a step towards healing the worlds wounds.



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

**From : LAMBARDAR DHARMVEER SINGH CLAIRE COVENTRY**

ਮਾਮਲਾ ਬੇਅੰਤ ਸਿੰਘ ਹੱਤਿਆਕਾਂਡ ਦਾ

# ਕੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਖਤਮ ਹੋ ਸਕਦੀ ਹੈ ?

## ✪ ਸੁਪਰੀਮ ਕੋਰਟ ਮੁੜ ਵਿਚਾਰ ਕਰੇਗੀ ਇਹ ਕੇਸ

### ਵਿਸ਼ੇਸ਼ ਰਿਪੋਟ

ਸੁਪਰੀਮ ਕੋਰਟ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆਕਾਂਡ ਵਿਚ ਸੇਧਾ ਲਗਾਉਣ ਵਾਲੇ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਸਬੰਧੀ ਮਾਮਲੇ 'ਤੇ ਮੁੜ ਸੁਣਵਾਈ ਲਈ ਤਿਆਰ ਹੋ ਗਈ ਹੈ। ਸੁਪਰੀਮ ਕੋਰਟ ਨੇ 16 ਮਹੀਨੇ ਪਹਿਲਾਂ ਉਸਦੀ ਸਜ਼ਾ ਨੂੰ ਘੱਟ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਸਟਿਸ ਬੀਆਰ ਗਵਈ ਦੀ ਅਗਵਾਈ ਵਾਲੇ ਬੈਂਚ ਨੇ ਕੇਂਦਰ ਤੇ ਪੰਜਾਬ ਸਰਕਾਰ ਨੂੰ ਰਾਜੋਆਣਾ ਦੀ ਨਵੀਂ ਪਟੀਸ਼ਨ 'ਤੇ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ। ਰਾਜੋਆਣਾ ਨੇ 25 ਮਾਰਚ, 2012 ਨੂੰ ਰਹਿਮ ਦੀ ਅਪੀਲ ਦਾਖਲ ਕੀਤੀ ਸੀ ਤੇ ਹਾਲੇ ਤੱਕ ਕੇਂਦਰ ਉਸ 'ਤੇ ਫ਼ੈਸਲਾ ਨਹੀਂ ਲੈ ਸਕਿਆ।

ਭਾਈ ਰਾਜੋਆਣਾ ਪਿਛਲੇ 28 ਸਾਲਾਂ ਤੋਂ ਜੇਲ੍ਹ ਵਿਚ ਬੰਦ ਹੈ। ਜ਼ਿਕਰਯੋਗ ਹੈ ਕਿ 1995 'ਚ ਪੰਜਾਬ ਸਕੱਤਰੇਤ ਦੇ ਬਾਹਰ ਹੋਏ ਬੰਬ ਧਮਾਕੇ 'ਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ 16 ਹੋਰ ਲੋਕਾਂ ਦੀ ਮੌਤ ਹੋ ਗਈ ਸੀ। ਇਕ ਵਿਸ਼ੇਸ਼ ਅਦਾਲਤ ਨੇ 2007 ਵਿਚ ਭਾਈ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਉਸਦੀ ਰਹਿਮ ਦੀ ਅਪੀਲ ਪਿਛਲੇ 12 ਸਾਲਾਂ ਤੋਂ ਲਟਕ ਰਹੀ ਹੈ।

3 ਮਈ, 2023 ਨੂੰ ਸੁਪਰੀਮ ਕੋਰਟ ਨੇ ਉਸਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਕੇਂਦਰ ਨੂੰ ਉਸਦੀ ਰਹਿਮ ਦੀ ਅਪੀਲ 'ਤੇ ਫ਼ੈਸਲਾ ਕਰਨ ਲਈ ਕਿਹਾ ਸੀ। ਬੈਂਚ ਨੇ ਕਿਹਾ ਕਿ ਅਸੀਂ ਦੇਖਿਆ ਹੈ ਕਿ ਗ੍ਰਹਿ ਮੰਤਰਾਲੇ ਆਪਣੀਆਂ ਵੱਖ ਵੱਖ ਬ੍ਰਾਂਚਾਂ ਤੋਂ ਪ੍ਰਾਪਤ ਰਿਪੋਰਟਾਂ ਦੇ ਆਧਾਰ 'ਤੇ ਇਸ ਸੱਟੇ 'ਤੇ ਪਹੁੰਚਿਆ ਹੈ ਕਿ ਇਸ ਫ਼ੈਸਲੇ ਨੂੰ ਮੁਲਤਵੀ ਕੀਤਾ ਜਾ ਸਕਦਾ ਹੈ ਕਿ ਇਸਦਾ ਰਾਸ਼ਟਰੀ ਸੁਰੱਖਿਆ 'ਤੇ ਪ੍ਰਭਾਵ ਪਵੇਗਾ ਤੇ ਦੇਸ਼ ਤੇ ਕਾਨੂੰਨ ਦੀ ਸਥਿਤੀ ਪ੍ਰਭਾਵਿਤ ਹੋਵੇਗੀ।


ਕੋਰਟ ਨੇ ਕਿਹਾ ਸੀ ਕਿ ਇਸ ਸਥਿਤੀ ਵਿਚ ਕੇਂਦਰ ਵਲੋਂ ਫ਼ੈਸਲੇ ਨੂੰ ਮੁਲਤਵੀ ਕਰਨ 'ਤੇ ਅਦਾਲਤ ਕੋਈ ਫ਼ੈਸਲਾ ਕਰਨ ਲਈ ਅਧਿਕਾਰ ਨਹੀਂ ਰੱਖਦੀ। ਅਜਿਹੇ ਸੰਵੇਦਨਸ਼ੀਲ ਮੁੱਦਿਆਂ 'ਤੇ ਫ਼ੈਸਲਾ ਕਰਨਾ ਕਾਰਜਪਾਲਿਕਾ ਦੇ ਅਧਿਕਾਰ ਖੇਤਰ ਵਿਚ ਹੈ। ਅਜਿਹੇ ਵਿਚ ਅਦਾਲਤ ਅੱਗੇ ਕੋਈ ਆਦੇਸ਼ ਜਾਰੀ ਨਹੀਂ ਕਰ ਸਕਦੀ।

ਆਪਣੀ ਨਵੀਂ ਪਟੀਸ਼ਨ ਵਿਚ ਰਾਜੋਆਣਾ ਨੇ ਕਿਹਾ ਕਿ ਪਟੀਸ਼ਨਰ ਦੀ ਪਹਿਲੀ ਪਟੀਸ਼ਨ ਦਾ ਨਿਪਟਾਰਾ ਹੋਏ ਲਗਪਗ ਇਕ ਸਾਲ ਤੇ ਚਾਰ ਮਹੀਨੇ ਬੀਤ ਚੁੱਕੇ ਹਨ ਤੇ ਉਸਦੀ ਕਿਸਮਤ 'ਤੇ ਫ਼ੈਸਲਾ ਹਾਲੇ ਵੀ ਅਨਿਸ਼ਚਿਤਤਾ ਦੇ ਬੱਦਲ ਵਿਚ ਲਟਕਿਆ ਹੋਇਆ ਹੈ ਜਿਸ ਨਾਲ ਪਟੀਸ਼ਨਰ ਨੂੰ ਡੂੰਘਾ ਮਾਨਸਿਕ ਧੱਕਾ ਲੱਗਾ ਹੈ ਤੇ ਉਸਨੂੰ ਚਿੰਤਾ ਹੋ ਰਹੀ ਹੈ। ਉਸਨੇ ਕਿਹਾ ਹੈ ਕਿ ਉਹ ਧਾਰਾ 32 ਤਹਿਤ ਅਦਾਲਤ ਨੂੰ ਮਿਲੀਆਂ ਸ਼ਕਤੀਆਂ ਦੇ ਤਹਿਤ ਹੀ ਰਾਹਤ ਦੀ ਮੰਗ ਕਰ ਰਿਹਾ ਹੈ।

ਇਹ ਦਲੀਲ ਦਿੰਦੇ ਹੋਏ ਰਾਜੋਆਣਾ 28 ਸਾਲ ਤੋਂ ਜ਼ਿਆਦਾ ਸਮੇਂ ਤੋਂ ਜੇਲ੍ਹ ਵਿਚ ਹੈ ਤੇ 17 ਸਾਲਾਂ ਤੋਂ ਮੌਤ ਦੀ ਸਜ਼ਾ 'ਤੇ ਹੈ। ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਦੋਸ਼ੀ ਵਲੋਂ ਦਲੀਲ ਦਿੱਤੀ ਕਿ ਉਸਨੂੰ ਰਾਸ਼ਟਰੀ ਸੁਰੱਖਿਆ ਦੇ ਆਧਾਰ 'ਤੇ ਅਣਮਿੱਥੇ ਸਮੇਂ ਤੱਕ ਇੰਤਜ਼ਾਰ ਨਹੀਂ ਕਰਾਇਆ ਜਾ ਸਕਦਾ।



### ਅਕਾਲ ਤਖਤ ਸਾਹਿਬ ਤੋਂ ਜ਼ਿੰਦਾ 'ਸ਼ਹੀਦ' ਦਾ ਦਰਜਾ



23 ਮਾਰਚ 2012: ਅਕਾਲ ਤਖ਼ਤ ਵਲੋਂ ਬਲਵੰਤ ਸਿੰਘ ਰਾਜੋਆਣਾ ਨੂੰ 'ਜ਼ਿੰਦਾ ਸ਼ਹੀਦ' ਦਾ ਸਨਮਾਨ ਦਿੱਤਾ ਗਿਆ, ਜਿਸ ਨੂੰ ਲੈਣ ਤੋਂ ਉਨ੍ਹਾਂ ਨੇ ਇਨਕਾਰ ਕਰ ਦਿੱਤਾ ਪਰ ਬਾਅਦ 'ਚ 27 ਮਾਰਚ ਨੂੰ ਉਨ੍ਹਾਂ ਨੇ ਇਹ ਦਰਜਾ ਸਵੀਕਾਰ ਕਰ ਲਿਆ। ਰਾਜੋਆਣਾ ਨੇ ਕਿਹਾ ਸੀ ਇਹ ਸਨਮਾਨ ਉਨ੍ਹਾਂ ਨੂੰ ਆਪਣੇ ਟੀਚੇ ਲਈ ਹੋਰ ਮਜ਼ਬੂਤ ਬਣਾਵੇਗਾ। ਰਾਜੋਆਣਾ ਦੇ ਨਾਲ ਹੀ ਦਿਲਾਵਰ ਸਿੰਘ ਨੂੰ ਵੀ 'ਜ਼ਿੰਦਾ ਸ਼ਹੀਦ' ਐਲਾਨਿਆ ਸੀ। ਇਸ ਦਾ ਬੇਅੰਤ ਸਿੰਘ ਦੇ ਪੋਤਰੇ ਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਵਿਰੋਧ ਵੀ ਕੀਤਾ ਸੀ।

### ਬਲਵੰਤ ਸਿੰਘ ਦੀ ਬੇਅੰਤ ਸਿੰਘ ਕਤਲ ਕਾਂਡ ਵਿਚ ਭੂਮਿਕਾ ਤੇ ਰਿਹਾਈ ਦੀ ਪੰਥਕ ਮੰਗ

ਬਲਵੰਤ ਸਿੰਘ ਰਾਜੋਆਣਾ ਦਾ ਜਨਮ 23 ਅਗਸਤ 1967 ਨੂੰ ਪਿੰਡ ਰਾਜੋਆਣਾ ਕਲਾਂ, ਲੁਧਿਆਣਾ, ਪੰਜਾਬ ਵਿੱਚ ਹੋਇਆ ਸੀ। ਜੀਐਚਜੀ ਖਾਲਸਾ ਕਾਲਜ, ਲੁਧਿਆਣਾ ਤੋਂ ਆਪਣੀ ਪੜ੍ਹਾਈ ਪੂਰੀ ਕੀਤੀ ਅਤੇ 1 ਅਕਤੂਬਰ 1987 ਨੂੰ ਪੰਜਾਬ ਪੁਲਿਸ ਵਿੱਚ ਭਰਤੀ ਹੋ ਗਿਆ। ਬਲਵੰਤ ਸਿੰਘ ਦੇ ਪਿਤਾ ਮਲਕੀਤ ਸਿੰਘ ਨੂੰ ਖਾੜਕੂਆਂ ਨੇ ਮਾਰ ਦਿੱਤਾ ਸੀ। ਇਸੇ ਦੌਰਾਨ ਇੱਕ ਮਾਮਲੇ ਵਿੱਚ ਬਲਵੰਤ ਸਿੰਘ ਦੇ ਦੋਸਤ ਹਰਪਿੰਦਰ ਸਿੰਘ ਉਰਫ ਗੋਲਡੀ ਨੂੰ ਪੰਜਾਬ ਪੁਲਿਸ ਨੇ ਗੋਲੀ ਮਾਰ ਦਿੱਤੀ ਸੀ। ਇਸ ਤੋਂ ਬਾਅਦ 1993 ਵਿੱਚ ਬਲਵੰਤ ਸਿੰਘ ਰਾਜੋਆਣਾ ਨੂੰ ਗੋਲਡੀ ਦੇ ਮਾਤਾ-ਪਿਤਾ ਜਸਵੰਤ ਸਿੰਘ ਅਤੇ ਸੁਰਜੀਤ ਕੌਰ ਨੇ ਕਾਨੂੰਨੀ ਤੌਰ 'ਤੇ ਗੋਦ ਲਿਆ ਸੀ।

### ਇਸ ਤਰ੍ਹਾਂ ਹੋਇਆ ਸੀ ਸਾਬਕਾ ਮੁੱਖ ਮੰਤਰੀ ਦਾ ਕਤਲ

31 ਅਗਸਤ 1995 ਨੂੰ ਦਿਲਾਵਰ ਸਿੰਘ ਨੇ 1.5 ਕਿਲੋਗ੍ਰਾਮ ਵਿਸਫੋਟਕ ਆਪਣੀ ਕਮਰ ਦੀ ਬੈਲਟ ਨਾਲ ਬੰਨ੍ਹਿਆ ਅਤੇ ਬਲਵੰਤ ਸਿੰਘ ਰਾਜੋਆਣਾ ਦੇ ਨਾਲ ਦਿੱਲੀ ਲਾਇਸੈਂਸ ਪਲੇਟ ਨਾਲ ਚਿੱਟੇ ਅੰਬੈਸਡਰ ਵਿੱਚ ਸਕੱਤਰੇਤ ਕੰਪਲੈਕਸ ਪਹੁੰਚਿਆ। ਦਿਲਾਵਰ ਅਤੇ ਬਲਵੰਤ ਨੇ ਕਥਿਤ ਤੌਰ 'ਤੇ ਇਹ ਫੈਸਲਾ ਕਰਨ ਲਈ ਸਿੱਕਾ ਸੁੱਟਿਆ ਸੀ ਕਿ ਆਤਮਘਾਤੀ ਹਮਲਾਵਰ ਕੌਣ ਬਣੇਗਾ। ਇਸ ਸਿੱਕੇ ਦੇ ਟਾਸ ਵਿੱਚ ਇਹ ਤੈਅ ਕੀਤਾ ਗਿਆ ਸੀ ਕਿ ਆਤਮਘਾਤੀ ਹਮਲਾਵਰ ਨੂੰ ਬਚਾਇਆ ਜਾਵੇਗਾ।

ਸ਼ਾਮ 5.10 ਵਜੇ ਤਿੰਨ ਗੋਰੇ ਅੰਬੈਸਡਰ ਬੇਅੰਤ ਸਿੰਘ ਨੂੰ ਚੁੱਕਣ ਲਈ ਸਕੱਤਰੇਤ ਕੰਪਲੈਕਸ ਦੇ ਵੀਆਈਪੀ ਪੋਰਟੀਕੋ ਨੇੜੇ ਰੁਕੇ। ਜਿਵੇਂ ਹੀ ਬੇਅੰਤ ਸਿੰਘ ਕਾਰ ਵਿੱਚ ਚੜ੍ਹਨ ਹੀ ਵਾਲਾ ਸੀ, ਦਿਲਾਵਰ ਆਪਣੀ ਬੁਲੇਟ ਪਰੂਫ ਕਾਰ ਵੱਲ ਵਧਿਆ ਅਤੇ ਬੰਬ ਦਾ ਬਟਨ ਦਬਾ ਦਿੱਤਾ। ਇਸ ਧਮਾਕੇ ਵਿੱਚ 3 ਭਾਰਤੀ ਕਮਾਂਡੋਆਂ ਸਮੇਤ 17 ਹੋਰ ਲੋਕ ਮਾਰੇ ਗਏ ਸਨ।

ਬਲਵੰਤ ਸਿੰਘ ਰਾਜੋਆਣਾ ਵੱਲੋਂ ਅਦਾਲਤ ਵਿੱਚ ਦਿੱਤੇ ਬਿਆਨਾਂ ਮੁਤਾਬਕ, ਉਹ 1984 ਦੇ ਘਲੂਘਾਰਾ ਅਤੇ ਫਿਰ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇਣ ਕਾਰਨ ਨਿਰਾਸ਼ ਹੋ ਕੇ ਖ਼ਾਲਿਸਤਾਨ ਲਹਿਰ ਵਿਚ ਸ਼ਾਮਲ ਹੋ ਗਏ ਸਨ। ਅਦਾਲਤ ਵਿੱਚ ਦਿੱਤੇ ਹਲਫ਼ੀਆ ਬਿਆਨ ਵਿਚ ਭਾਈ ਰਾਜੋਆਣਾ ਨੇ ਸਾਫ਼ ਕਿਹਾ ਸੀ ਕਿ ਉਹ ਬੇਅੰਤ ਸਿੰਘ ਕਤਲ ਕਾਂਡ ਵਿਚ ਸ਼ਾਮਲ ਸਨ। ਜਾਂਚ ਏਜੰਸੀਆਂ ਨੇ ਦਾਅਵਾ ਕੀਤਾ ਸੀ ਕਿ ਰਾਜੋਆਣਾ ਮਨੁੱਖੀ ਬੰਬ ਬਣੇ ਦਿਲਾਵਰ ਸਿੰਘ ਦੇ ਪਿੱਛੇ ਸਨ, ਜੇਕਰ ਉਹ ਅਸਫ਼ਲ ਹੋ ਜਾਂਦਾ ਤਾਂ ਰਾਜੋਆਣਾ ਨੇ ਮਨੁੱਖੀ ਬੰਬ ਵਜੋਂ ਹਮਲਾ ਕਰਨਾ ਸੀ। ਭਾਵੇਂ ਕਿ ਜਾਂਚ ਏਜੰਸੀਆਂ ਦੇ ਇਸ ਦਾਅਵੇ ਨੂੰ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਰੱਦ ਕਰਦੀ ਰਹੀ ਹੈ। ਪਰ ਰਾਜੋਆਣਾ ਨੇ ਆਪਣਾ ਦੋਸ਼ ਕਬੂਲਦਿਆਂ ਕੇਸ ਦੀ ਪੈਰਵੀ ਤੋਂ ਇਨਕਾਰ ਕਰ ਦਿੱਤਾ ਸੀ। ਰਾਜੋਆਣਾ ਦੀ ਫਾਂਸੀ ਨੂੰ ਰੁਕਵਾਉਣ ਲਈ ਸ਼੍ਰੋਮਣੀ ਕਮੇਟੀ ਨੇ ਕੇਸ ਦੀ ਪੈਰਵੀ ਕੀਤੀ ਸੀ।

ਰਾਜੋਆਣਾ ਨੂੰ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਬੇਅੰਤ ਸਿੰਘ ਮਾਮਲੇ ਵਿਚ ਇੱਕ ਅਗਸਤ 2007 ਨੂੰ ਫ਼ਾਸੀ ਦੀ ਸਜ਼ਾ ਸੁਣਾਈ ਸੀ। ਇਸ ਤੋਂ ਬਾਅਦ ਰਾਜੋਆਣਾ ਨੇ ਹਾਈਕੋਰਟ ਵਿੱਚ ਅਪੀਲ ਕਰਨ ਤੋਂ ਇਨਕਾਰ ਇਹ ਕਹਿ ਕੇ ਕਰ ਦਿੱਤਾ ਸੀ ਕਿ ਉਨ੍ਹਾਂ ਨੂੰ ਭਾਰਤੀ ਨਿਆਂ ਪ੍ਰਣਾਲੀ ਵਿਚ ਭਰੋਸਾ ਨਹੀਂ ਹੈ।

ਰਾਜੋਆਣਾ ਨੂੰ 31 ਮਾਰਚ 2012 ਨੂੰ ਫਾਂਸੀ ਦਿੱਤੀ ਜਾਣੀ ਸੀ ਪਰ ਸ਼੍ਰੋਮਣੀ ਕਮੇਟੀ, ਅਕਾਲੀ ਦਲ, ਸਿੱਖ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਮਾਫ਼ ਕਰਨ ਲਈ ਤਿੱਖੀ ਮੁਹਿੰਮ ਚਲਾਈ ਸੀ।

ਭਾਵੇਂ ਅਕਾਲੀ ਦਲ ਨੂੰ ਇਸ ਮੁੱਦੇ ਉੱਤੇ ਭਾਜਪਾ ਦਾ ਇਸ ਮਾਮਲੇ ਵਿੱਚ ਸਾਥ ਨਹੀਂ ਮਿਲਿਆ ਸੀ ਪਰ ਤਤਕਾਲੀ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਗ੍ਰਹਿ ਮੰਤਰਾਲੇ ਦੀ ਸਿਫ਼ਾਰਿਸ਼ ਉੱਤੇ ਰਾਜੋਆਣਾ ਦੀ ਫਾਂਸੀ ਦੀ ਸਜ਼ਾ (28 ਮਾਰਚ 2012) ਨੂੰ ਅਣਮਿੱਥੇ ਸਮੇਂ ਲਈ ਟਾਲ ਦਿੱਤੀ ਸੀ।

### ਸਿੱਖ ਪੰਥ ਵਲੋਂ ਰਿਹਾਈ ਲਈ ਉੱਠਦੀ ਰਹੀ ਮੰਗ

2019 ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਮੌਕੇ ਕੇਂਦਰ ਸਰਕਾਰ ਨੇ 8 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ ਸੀ। ਇਸ ਦੇ ਨਾਲ ਹੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਮਾਫ਼ ਕਰਕੇ ਉਮਰ ਕੈਦ ਵਿਚ ਬਦਲਣ ਦੇ ਹੁਕਮ ਦਿੱਤੇ ਸਨ।

ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਟਵੀਟ ਕਰਕੇ ਰਿਹਾਈ ਤੇ ਸਜ਼ਾ ਮਾਫ਼ੀ ਦਾ ਸਵਾਗਤ ਕੀਤਾ ਸੀ।

ਬੇਅੰਤ ਸਿੰਘ ਦੇ ਪੋਤਰੇ ਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਰਾਜੋਆਣਾ ਨੂੰ ਮਾਫ਼ੀ ਦੇਣ ਦਾ ਵਿਰੋਧ ਕੀਤਾ ਸੀ।

ਅਪ੍ਰੈਲ 2022 ਦੇ ਸ਼ੁਰੂਆਤੀ ਦਿਨਾਂ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਕੇ ਬਲਵੰਤ ਸਿੰਘ ਰਾਜੋਆਣਾ ਨੂੰ ਜੇਲ੍ਹ ਤੋਂ ਰਿਹਾਅ ਕਰਵਾਉਣ ਦੀ ਮੰਗ ਕੀਤੀ ਸੀ।

ਉਸ ਵੇਲੇ ਸੁਖਬੀਰ ਬਾਦਲ ਦੀ ਦਲੀਲ ਸੀ ਕਿ ਰਾਜੋਆਣਾ ਦੀ ਫਾਂਸੀ ਕੇਂਦਰ ਸਰਕਾਰ ਨੇ ਉਮਰ ਕੈਦ ਵਿਚ ਬਦਲ ਦਿੱਤੀ ਸੀ ਅਤੇ ਬਲਵੰਤ ਸਿੰਘ ਰਾਜੋਆਣਾ 26 ਸਾਲ ਜੇਲ੍ਹ ਵਿਚ ਗੁਜ਼ਾਰ ਚੁੱਕੇ ਹਨ, ਜੋ ਉਮਰ ਕੈਦ ਤੋਂ ਵੱਧ ਹੈ। ਇਸ ਲਈ ਉਨ੍ਹਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

# ਨਿਊਡ ਹੋ ਕੇ ਵੀਡੀਓ ਕਰਨ ਵਾਲੀਆਂ ਔਰਤਾਂ ਕਰਦੀਆਂ ਨੇ ਬਲੈਕਮੇਲ, ਠੱਗਾਂ ਤੋਂ ਬਚੋ

ਕਰਾਈਮ ਨਿਊਜ਼

## ✪ ਠੱਗਾਂ ਦਾ ਮੁਕਾਬਲਾ ਕਰੋ, ਧਮਕੀਆਂ ਦੀ ਪ੍ਰਵਾਹ ਨਾ ਕਰੋ

ਮੁੱਲਾਂਪੁਰ ਦਾਖਾ-ਅਲਫ ਨੰਗੀਆਂ ਹੋ ਕੇ ਤੁਹਾਨੂੰ ਵੀਡੀਓ ਕਾਲ ਕਰਨ ਵਾਲੀਆਂ ਸੁੰਦਰੀਆਂ ਇਕ ਮਿੰਟ ਵਿਚ ਹੀ ਤੁਹਾਡੇ ਨਾਲ ਵੀਡੀਓ ਕਾਲ ਕਰ ਕੇ ਤੁਹਾਨੂੰ ਇੰਝ ਬਲੈਕਮੇਲ ਕਰਦੀਆਂ ਹਨ ਕਿ ਜਿਵੇਂ ਤੁਸੀਂ ਹੀ ਉਸ ਨੂੰ ਵੀਡੀਓ ਕਾਲ ਕੀਤੀ ਹੋਵੇ। ਜਿੰਨੀ ਦੇਰ ਤੱਕ ਆਮ ਆਦਮੀ ਕੁਝ ਸਮਝ ਪਾਉਂਦਾ ਹੈ, ਇੰਨੇ ਵਿਚ ਤਾਂ ਉਹ ਕੰਮ ਵੀ ਕਰ ਜਾਂਦੀਆਂ ਹਨ। ਚਾਹੇ ਤੁਸੀਂ ਨਿਰਵਸਤਰ ਹੋਵੋ ਜਾਂ ਨਾ ਹੋਵੋ, ਉਨ੍ਹਾਂ ਨੇ ਤੁਹਾਨੂੰ ਦੋਵੇਂ ਤਰ੍ਹਾਂ ਨਾਲ ਜਾਲ ਵਿਚ ਫਸਾ ਲੈਣਾ ਹੈ ਕਿਉਂਕਿ ਉਹ ਖੁਦ ਨੰਗੀਆਂ ਹੋ ਕੇ ਆਪਣੇ ਗੁਪਤ ਅੰਗ ਨਾਲ ਛੇੜਛਾੜ ਕਰਦੀਆਂ ਹਨ ਅਤੇ ਤੁਹਾਨੂੰ ਭਰਮਾਉਂਦੀਆਂ ਹਨ।

ਜੇਕਰ ਤੁਹਾਡੇ ਕੱਪੜੇ ਵੀ ਪੂਰੇ ਪਾਏ ਹਨ ਤਾਂ ਵੀ ਤੁਹਾਨੂੰ ਦੋਸ਼ੀ ਠਹਿਰਾਉਂਦੀਆਂ ਹਨ ਕਿਉਂਕਿ ਤੁਸੀਂ ਜਦੋਂ ਮੋਬਾਈਲ 'ਤੇ ਵੇਖ ਰਹੇ ਹੁੰਦੇ ਹੋ ਤਾਂ ਉਹ ਨਿਰਵਸਤਰ ਹੋ ਕੇ ਵੀਡੀਓ ਬਣਾ ਲੈਂਦੀਆਂ ਹਨ ਤੇ ਫਿਰ ਆਪਣੇ ਮੱਕੜ ਜਾਲ 'ਚ ਫਸਾਉਣ ਲਈ ਸਾਈਬਰ ਕ੍ਰਾਈਮ ਦੇ ਇਕ ਜਾਅਲੀ ਆਈ. ਪੀ. ਐੱਸ. (ਆਪਣੇ ਸਾਥੀ) ਅਫਸਰ ਤੋਂ ਤੁਹਾਨੂੰ ਕਾਲ ਕਰਵਾਉਂਦੀਆਂ ਹਨ।

ਜਾਅਲੀ ਆਈ. ਪੀ. ਐੱਸ. ਕਿਸੇ ਈਮਾਨਦਾਰ ਭੱਦਰਪੁਰਸ਼ ਪੁਲਸ ਅਫਸਰ ਦੀ ਡੀ. ਪੀ. ਲਗਾ ਕੇ ਤੁਹਾਨੂੰ ਫੋਨ ਕਰਦਾ ਹੈ ਕਿ ਮੈਂ ਆਈ. ਪੀ. ਐੱਸ. ਅਫਸਰ ਸਾਈਬਰ ਕ੍ਰਾਈਮ ਸੈੱਲ ਦਿੱਲੀ ਤੋਂ ਬੋਲ ਰਿਹਾ ਹਾਂ। ਮੇਰੇ ਕੋਲ ਤੁਹਾਡੇ ਖਿਲਾਫ ਇਕ ਕੰਪਲੇਂਟ ਆਈ ਹੈ। ਮੈਂ ਉਸ ਦੀ ਇਨਵੈਸਟੀਗੇਸ਼ਨ ਕਰ ਰਿਹਾ ਹਾਂ, ਤੁਸੀਂ ਇਕ ਲੜਕੀ ਨਾਲ ਸੋਸ਼ਲ ਮੀਡੀਆ ਰਾਹੀਂ ਵੀਡੀਓ ਸੈਕਸ ਕੀਤਾ ਹੈ। ਜਲਦੀ ਹੀ ਇਕ ਪੁਲਸ ਪਾਰਟੀ ਤੁਹਾਨੂੰ ਗ੍ਰਿਫਤਾਰ ਕਰਨ ਲਈ ਭੇਜ ਰਿਹਾ ਹਾਂ।

ਆਮ ਆਦਮੀ ਆਈ. ਪੀ. ਐੱਸ. ਦੀ ਇਸ ਕਾਲ ਤੋਂ ਡਰ ਜਾਂਦਾ ਹੈ। ਫਿਰ ਕੰਮ ਲੈਣ-ਦੇਣ ਦੇ ਚੱਕਰ 'ਚ ਪੈ ਜਾਂਦਾ ਹੈ। ਤੁਹਾਡੇ ਨਾਲ ਸੌਦੇਬਾਜ਼ੀ ਤਹਿਤ ਕਿਹਾ ਜਾਂਦਾ ਕਿ ਜੇਕਰ ਤੁਸੀਂ ਬਚਣਾ ਹੈ ਤਾਂ ਇੰਨੇ ਪੈਸੇ ਫਲਾਣੇ ਅਕਾਊਂਟ 'ਚ ਟ੍ਰਾਂਸਫਰ ਕਰ ਦਿਓ। ਤੇਰਾ ਕੇਸ ਰਫਾ-ਦਫਾ ਕਰ ਦੇਵਾਂਗਾ। ਨਹੀਂ ਤਾਂ ਮਜਬੂਰਨ ਤੈਨੂੰ ਗ੍ਰਿਫਤਾਰ ਕਰਨਾ ਪਵੇਗਾ, ਜਿਸ ਨਾਲ ਤੇਰੀ ਸਮਾਜ ਅਤੇ ਰਿਸ਼ਤੇਦਾਰਾਂ ਵਿਚ ਬਦਨਾਮੀ ਹੋਵੇਗੀ।

ਇਸ ਡਰ ਕਾਰਨ ਪਹਿਲਾਂ ਆਮ ਆਦਮੀ ਅੰਦਰੋ-ਅੰਦਰੀ ਝੂਰਦਾ ਹੈ ਅਤੇ ਕਿਸੇ ਨੂੰ ਆਪਬੀਤੀ ਦੱਸਣ ਤੋਂ ਵੀ ਡਰਦਾ ਹੈ ਅਤੇ ਫਿਰ ਇਸ ਲੋਟੂ ਟੋਲੇ ਦਾ ਸ਼ਿਕਾਰ ਬਣ ਜਾਂਦਾ ਹੈ।



### ਵੀਡੀਓ ਚਲਦੀ 'ਤੇ ਤੁਸੀਂ ਨਹੀਂ ਮਾਰ ਸਕਦੇ ਸਕ੍ਰੀਨਸ਼ਾਟ

ਤੁਹਾਡੇ ਮੋਬਾਈਲ 'ਤੇ ਵੀਡੀਓ ਕਾਲ ਚੱਲਦੀ ਹੈ ਤਾਂ ਤੁਸੀਂ ਉਸ ਦਾ ਸਕ੍ਰੀਨਸ਼ਾਟ ਵੀ ਨਹੀਂ ਮਾਰ ਸਕਦੇ ਕਿਉਂਕਿ ਇਹ ਇੰਨੇ ਸ਼ਾਤਰ ਦਿਮਾਗ ਦੇ ਲੁਟੇਰੇ ਹਨ ਕਿ ਇਨ੍ਹਾਂ ਨੇ ਸਕ੍ਰੀਨ ਕੈਪਚਰ ਵੀ ਬਲੌਕਡ ਕੀਤਾ ਹੋਇਆ ਹੈ।

### ਨਿਊਡ ਕਾਲ ਕਰਨ ਵਾਲੀ ਹੁਸੀਨਾ ਫਿਰ ਵੱਖਰੇ ਮੋਬਾਇਲ ਨੰਬਰ ਤੋਂ ਕਰਦੀ ਹੈ ਮੈਸੇਜ ਭੇਜ ਕੇ ਤੁਹਾਨੂੰ ਬਲੈਕਮੇਲ

ਜਿਸ ਹਸੀਨਾ ਨੇ ਤੁਹਾਨੂੰ ਜਿਹੜੇ ਮੋਬਾਈਲ ਨੰਬਰ 'ਤੇ ਵੀਡੀਓ ਕਾਲ ਕਰ ਕੇ ਵੀਡੀਓ ਕਲਿੱਪ ਬਣਾਏ ਹਨ, ਉਹ ਹਸੀਨਾ ਤੁਹਾਨੂੰ ਦੂਜੇ ਨੰਬਰ ਤੋਂ ਮੈਸੇਜ ਭੇਜ ਕੇ ਮੰਗ ਕਰਦੀ ਹੈ ਕਿ 'ਮੈਂ ਤੁਮਹਾਰੀ ਵੀਡੀਓ ਆਲ ਸੋਸ਼ਲ ਮੀਡੀਆ ਪਲੇਟਫਾਰਮ ਪਰ ਵਾਇਰਲ ਕਰ ਰਹੀ ਹੂੰ..? ਇਥੋਂ ਕਹਾਣੀ ਬਲੈਕਮੇਲ ਕਰਨ ਦੀ ਸ਼ੁਰੂ ਹੋ ਜਾਂਦੀ ਹੈ।

### ਬਲੈਕਮੇਲਰ ਇੰਟਰਨੈੱਟ 'ਤੇ ਜਨਰੇਟ ਕੀਤੇ ਮੋਬਾਇਲ ਨੰਬਰਾਂ ਤੋਂ ਕਰਦੇ ਹਨ ਕਾਲ

ਇਹ ਬਲੈਕਮੇਲਰ ਇੰਨੇ ਸ਼ਾਤਰ ਦਿਮਾਗ ਦੇ ਹਨ ਕਿ ਆਪਣੇ ਆਪ ਨੂੰ ਬਚਾਉਣ ਲਈ ਇੰਟਰਨੈੱਟ 'ਤੇ ਜਨਰੇਟ ਕੀਤੇ ਨੰਬਰਾਂ ਤੋਂ ਕਾਲ ਕਰਦੇ ਹਨ, ਤਾਂ ਜੋ ਇਨ੍ਹਾਂ ਦਾ ਇਹ ਗੋਰਖਧੰਦਾ ਨਿਰੰਤਰ ਬੇਖੌਫ ਚੱਲਦਾ ਰਹੇ। ਜਦੋਂ ਇਨ੍ਹਾਂ ਦੇ ਨੰਬਰ 'ਤੇ ਜਾਂਚ ਹੁੰਦੀ ਹੈ ਤਾਂ ਇਨ੍ਹਾਂ ਦਾ ਐਡਰੈੱਸ-ਪਤਾ ਨਹੀਂ ਮਿਲਦਾ, ਜਿਸ ਦਾ ਇਹ ਫਾਇਦਾ ਉਠਾਉਂਦੇ ਹਨ।

### ਇਨ੍ਹਾਂ ਲੁਟੇਰਿਆਂ ਤੋਂ ਡਰਨ ਦੀ ਲੋੜ ਨਹੀਂ

ਇਨ੍ਹਾਂ ਲੁਟੇਰਿਆਂ ਤੋਂ ਡਰਨ ਦੀ ਲੋੜ ਨਹੀਂ, ਸਗੋਂ ਇਨ੍ਹਾਂ ਦਾ ਮੁਕਾਬਲਾ ਕਰਨ ਦੀ ਲੋੜ ਹੈ। ਇਹ ਤੁਹਾਡਾ ਕੁਝ ਨਹੀਂ ਵਿਗਾੜ ਸਕਦੇ। ਲੁਧਿਆਣਾ ਵਿਚ ਕਈ ਭੱਦਰ ਪੁਰਸ਼ ਇਨ੍ਹਾਂ ਲੁਟੇਰਿਆਂ ਤੋਂ ਆਪਣੀਆਂ ਜੇਬਾਂ ਆਪਣੀ ਇੱਜ਼ਤ ਸ਼ੌਹਰਤ ਬਰਕਰਾਰ ਰੱਖਣ ਖਾਤਿਰ ਲੁੱਟਾ ਚੁੱਕੇ ਹਨ।

# ਕੱਥੂਨੰਗਲ ਵਿਚ ਗੋਲ਼ੀ ਮਾਰ ਕੇ ਨੰਬਰਦਾਰ ਦਾ ਕਤਲ

## ✪ ਪੋਤੀ ਨਾਲ ਹੋਈ ਛੇੜਛਾੜ ਦਾ ਕੀਤਾ ਸੀ ਵਿਰੋਧ

ਅੰਮ੍ਰਿਤਸਰ-ਥਾਣਾ ਕੱਥੂਨੰਗਲ ਅਧੀਨ ਪੈਂਦੇ ਸਰਹਾਲੀ ਕਲਾਂ ਇਲਾਕੇ ਦੇ ਵਸਨੀਕ ਭਗਵੰਤ ਸਿੰਘ ਦੀ ਕੁਝ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਭਗਵੰਤ ਸਿੰਘ ਨੂੰ ਹਸਪਤਾਲ ਦਾਖ਼ਲ ਕਰਵਾਇਆ ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਦੋਸ਼ ਹੈ ਕਿ ਗੋਲੀਆਂ ਚਲਾਉਣ ਵਾਲਿਆਂ ਨੇ ਕੁਝ ਦਿਨ ਪਹਿਲਾਂ ਭਗਵੰਤ ਸਿੰਘ ਦੀ ਪੋਤੀ ਨਾਲ ਛੇੜਛਾੜ ਕੀਤੀ ਸੀ। ਇਸ ਬਾਰੇ ਜਦੋਂ ਭਗਵੰਤ ਸਿੰਘ ਨੂੰ ਪਤਾ ਲੱਗਾ ਤਾਂ ਉਸ ਨੇ ਮੁਲਜ਼ਮਾਂ ਦਾ ਵਿਰੋਧ ਕੀਤਾ। ਦੋਸ਼ ਹੈ ਕਿ ਇਸ ਸਬੰਧੀ ਭਗਵੰਤ ਸਿੰਘ ਨੇ ਛੇੜਛਾੜ ਕਰਨ ਵਾਲਿਆਂ ਦੀ ਕੁੱਟਮਾਰ ਵੀ



ਕੀਤੀ ਸੀ। ਭਗਵੰਤ ਸਿੰਘ ਅਗਲੇ ਦਿਨ ਕਿਸੇ ਕੰਮ ਲਈ ਘਰੋਂ ਨਿਕਲਿਆ ਸੀ। ਇਸ ਦੌਰਾਨ ਮੁਲਜ਼ਮਾਂ ਨੇ ਉਸ ਨੂੰ ਘੇਰ ਲਿਆ ਅਤੇ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਭਗਵੰਤ ਸਿੰਘ ਉਨ੍ਹਾਂ 'ਤੇ ਕਾਬੂ ਪਾਉਣ ਲੱਗਾ ਤਾਂ ਮੁਲਜ਼ਮਾਂ ਨੇ ਪਿਸਤੌਲ ਕੱਢ ਕੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ। ਨੰਬਰਦਾਰ ਨੂੰ ਲਹੂ-ਲੁਹਾਨ ਹਾਲਤ ਵਿਚ ਦੇਖ ਕੇ ਹਮਲਾਵਰ ਭੱਜ ਗਏ।

# ਬਾਲ ਪੋਰਨੋਗ੍ਰਾਫੀ ਰੈਕੇਟ ਦਾ ਦੋਸ਼ੀ ਗ੍ਰਿਫ਼ਤਾਰ

ਫਾਜ਼ਿਲਕਾ-ਪੰਜਾਬ ਪੁਲਿਸ ਦੀ ਸਾਈਬਰ ਕ੍ਰਾਈਮ ਨੇ ਇੱਕ ਵੱਡੀ ਸਫਲਤਾ ਵਿੱਚ ਇੱਕ ਔਨਲਾਈਨ ਬਾਲ ਪੋਰਨੋਗ੍ਰਾਫੀ ਰੈਕੇਟ ਦਾ ਪਰਦਾਫਾਸ਼ ਕੀਤਾ ਹੈ ਅਤੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਅਜਿਹੇ ਅਪਰਾਧਾਂ ਵਿੱਚ ਸ਼ਾਮਲ 54 ਸ਼ੱਕੀਆਂ ਦੀ ਪਛਾਣ ਕੀਤੀ ਹੈ। ਪੰਜਾਬ ਦੇ ਧਘਫ ਗੌਰਵ ਯਾਦਵ ਨੇ ਆਪਣੇ ਆਐਕਸ ਖ਼ਾਤੇ 'ਤੇ ਪੋਸਟ ਪਾ ਕੇ ਇਸ ਸਬੰਧੀ ਜਾਣਕਾਰੀ ਸਾਂਝੀ ਕੀਤੀ ਹੈ।

ਫੜਿਆ ਗਿਆ ਮੁਲਜ਼ਮ ਫਾਜ਼ਿਲਕਾ ਦੇ ਰਾਮਸਰਾ ਦਾ ਰਹਿਣ ਵਾਲਾ ਹੈ। ਪੁਲਿਸ ਟੀਮਾਂ ਨੇ ਮਿਆਰੀ ਪ੍ਰਕਿਰਿਆਵਾਂ ਦਾ ਪਾਲਣ ਕਰਦੇ ਹੋਏ ਇਲੈਕਟ੍ਰਾਨਿਕ ਉਪਕਰਣ ਜ਼ਬਤ ਕੀਤੇ ਹਨ। ਸਾਈਬਰ ਪੁਲਿਸ ਸਟੇਸ਼ਨ ਵਿੱਚ ਆਈਟੀ ਐਕਟ ਦੀ ਧਾਰਾ 67ਬੀ ਦੇ ਤਹਿਤ ਇੱਕ ਐਫਆਈਆਰ ਵੀ ਦਰਜ ਕੀਤੀ ਗਈ ਹੈ। ਇਸ ਅਪਰੇਸ਼ਨ ਦੌਰਾਨ ਵੱਖ-ਵੱਖ ਸ਼ੱਕੀਆਂ ਤੋਂ 39 ਯੰਤਰ ਜ਼ਬਤ ਕਰਕੇ ਫੋਰੈਂਸਿਕ ਵਿਸ਼ਲੇਸ਼ਣ ਲਈ ਭੇਜੇ ਗਏ ਹਨ। ਰੈਕੇਟ ਦੀ ਪਛਾਣ ਕਰਨ ਅਤੇ ਉਸ ਨੂੰ ਖ਼ਤਮ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ।

# ਕਾਰੋਬਾਰ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਾਰੋਬਾਰੀ ਨੇ ਪਤਨੀ ਨੂੰ ਮਾਰੀਆਂ ਗੋਲ਼ੀਆਂ!

ਖੰਨਾ ਦੇ ਅਮਲੋਹ ਰੋਡ ਸਥਿਤ ਰਾਧਾ ਇਨਕਲੇਵ ਵਿੱਚ ਇੱਕ ਵਪਾਰੀ ਨੇ ਆਪਣੀ ਪਤਨੀ ਨੂੰ ਗੋਲ਼ੀਆਂ ਮਾਰ ਦਿੱਤੀਆਂ। ਗੰਭੀਰ ਜ਼ਖ਼ਮੀ ਪਤਨੀ ਨੂੰ ਡੀਐਮਸੀ ਲੁਧਿਆਣਾ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਜ਼ਖਮੀ ਔਰਤ ਦੀ ਪਛਾਣ ਅੰਜਲੀ ਕੌਸ਼ਲ (53) ਵਜੋਂ ਹੋਈ ਹੈ। ਮੁਲਜ਼ਮਾਂ ਨੇ ਸ਼ਰਾਬ ਦੇ ਨਸ਼ੇ ਵਿੱਚ ਗੋਲ਼ੀ ਚਲਾਈ। ਕਾਰੋਬਾਰ ਵਿੱਚ ਘਾਟੇ ਤੋਂ ਬਾਅਦ ਮੁਲਜ਼ਮ ਵਰਿੰਦਰ ਕੌਸ਼ਲ ਵਾਸੀ ਰਾਧਾ ਐਨਕਲੇਵ ਖੰਨਾ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ ਅਤੇ ਅਕਸਰ ਘਰ ਵਿੱਚ ਲੜਾਈ ਝਗੜਾ ਕਰਦਾ ਰਹਿੰਦਾ ਸੀ ਅਤੇ ਆਪਣੀ ਪਤਨੀ ਨੂੰ ਵੱਖ ਰਹਿਣ ਲਈ ਮਜਬੂਰ ਕਰਦਾ ਸੀ। ਇਸੇ ਗੱਲ ਨੂੰ ਲੈ ਕੇ ਉਸ ਨੇ ਗੋਲ਼ੀ ਚਲਾ ਦਿੱਤੀ।

ਜਾਣਕਾਰੀ ਅਨੁਸਾਰ ਵਰਿੰਦਰ ਕੌਸ਼ਲ ਦੀ ਕੁਝ ਸਮਾਂ ਪਹਿਲਾਂ ਅਮਲੋਹ ਰੋਡ 'ਤੇ ਸੁਮਿੱਤਰਾ ਗੈਸ ਏਜੰਸੀ ਸੀ। ਪਰ ਕਾਰੋਬਾਰ ਵਿੱਚ ਘਾਟਾ ਪੈਣ ਤੋਂ ਬਾਅਦ ਵਰਿੰਦਰ ਕੌਸ਼ਲ ਨੂੰ ਬਹੁਤ ਚਿੰਤਾ ਹੋਣ ਲੱਗੀ। ਵਰਿੰਦਰ ਦੀ ਬੇਟੀ ਕੈਨੇਡਾ ਰਹਿੰਦੀ ਹੈ। ਕੁਝ ਸਮਾਂ ਪਹਿਲਾਂ ਵਰਿੰਦਰ ਕੌਸ਼ਲ ਅਤੇ ਉਸ ਦੀ ਪਤਨੀ ਅੰਜਲੀ ਕੌਸ਼ਲ ਆਪਣੀ ਬੇਟੀ ਕੋਲ ਕੈਨੇਡਾ ਗਏ ਹੋਏ ਸਨ। ਦੋਵੇਂ ਇਨ੍ਹੀਂ ਦਿਨੀਂ ਖੰਨਾ ਵਾਪਸ ਆ ਗਏ ਸਨ ਅਤੇ ਰਾਧਾ ਐਨਕਲੇਵ ਵਿੱਚ ਰਹਿੰਦੇ ਸਨ। ਬੀਤੇ ਦਿਨੀਂ ਕ੍ਰਿਸ਼ਨਾ ਨਗਰ ਸਥਿਤ



ਅੰਜਲੀ ਕੌਸ਼ਲ ਦੇ ਨਾਨਕੇ ਘਰ ਵਿਚ ਸ਼ਰਾਧ ਰੱਖਿਆ ਗਿਆ ਸੀ।

ਅੰਜਲੀ ਬੁੱਧਵਾਰ ਰਾਤ ਨੂੰ ਆਪਣੇ ਘਰ ਆਈ ਸੀ। ਰਾਤ ਕਰੀਬ ਸਾਢੇ 12 ਵਜੇ ਅੰਜਲੀ ਨੇ ਆਪਣੇ ਪੇਕੇ ਘਰ ਫ਼ੋਨ ਕੀਤਾ ਕਿ ਕਿ ਵਰਿੰਦਰ ਕੌਸ਼ਲ ਉਸ ਨਾਲ ਦੁਰਵਿਵਹਾਰ ਕਰ ਰਿਹਾ ਹੈ। ਉਸ ਦੀ ਕੁੱਟਮਾਰ ਕਰ ਰਿਹਾ ਹੈ। ਕ੍ਰਿਸ਼ਨਾ ਨਗਰ ਤੋਂ ਅੰਜਲੀ ਦੇ ਭੈਣ-ਭਰਾ ਉਥੇ ਆਏ ਤਾਂ ਦੇਖਿਆ ਕਿ ਵਰਿੰਦਰ ਕੌਸ਼ਲ 12 ਬੋਰ ਦੀ ਬੰਦੂਕ ਨਾਲ ਫਾਇਰ ਕਰ ਰਿਹਾ ਸੀ। ਪਹਿਲਾਂ ਹਵਾ ਵਿੱਚ ਫਾਇਰਿੰਗ ਕੀਤੀ। ਫਿਰ ਉਨ੍ਹਾਂ ਨੂੰ ਦੇਖ ਕੇ ਵਰਿੰਦਰ ਕੌਸ਼ਲ ਨੇ ਅੰਜਲੀ ਨੂੰ ਗੋਲੀ ਮਾਰ ਦਿੱਤੀ। ਵਰਿੰਦਰ ਬੰਦੂਕ ਲੈ ਕੇ ਮੌਕੇ ਤੋਂ ਫਰਾਰ ਹੋ ਗਿਆ। ਉਹ ਅੰਜਲੀ ਨੂੰ ਸਿਵਲ ਹਸਪਤਾਲ ਲੈ ਗਏ, ਜਿੱਥੋਂ ਅੰਜਲੀ ਨੂੰ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ। ਪਰ ਉਹ ਅੰਜਲੀ ਨੂੰ ਡੀਐਮਸੀ ਲੁਧਿਆਣਾ ਲੈ ਗਏ। ਮੁਲਜ਼ਮ ਕਾਰੋਬਾਰੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਕੀ ਪੰਜਾਬ ਦੀ 'ਆਪ' ਦੀ ਸਿਆਸਤ ਵੱਡਾ ਬਦਲਾਅ ਹੋਵੇਗਾ ?

## ✪ ਕੇਜਰੀਵਾਲ ਭਗਵੰਤ ਮਾਨ ਤੋਂ ਕਿਉਂ ਹਨ ਨਰਾਜ਼ ? ✪ ਸੰਧਵਾ ਕਿਉਂ ਬਣ ਰਹੇ ਹਨ ਕੇਜਰੀਵਾਲ ਦੇ ਦਰਬਾਰ ਵਿਚ ਅਹਿਮ ਪਾਤਰ ?



ਪੰਜਾਬ ਵਿਚ ਆਮ ਆਦਮੀ ਪਾਰਟੀ ਨੂੰ ਸੱਤਾ ਵਿਚ ਆਏ ਢਾਈ ਸਾਲ ਹੋ ਚੁੱਕੇ ਹਨ, ਪਰ ਢਾਈ ਸਾਲ ਦੌਰਾਨ ਮੌਜੂਦਾ ਸਰਕਾਰ ਕਿਸੇ ਪਾਸਿਓਂ ਸਥਿਰ ਨਜ਼ਰ ਨਹੀਂ ਆ ਰਹੀ। ਵਾਰ-ਵਾਰ ਮੰਤਰੀ ਅਤੇ ਉੱਚ ਅਧਿਕਾਰੀ ਬਦਲੇ ਜਾ ਰਹੇ ਹਨ, ਪਰ ਗੱਲ ਨਹੀਂ ਬਣ ਰਹੀ। ਹਾਲ ਹੀ ਵਿਚ ਆਮ ਆਦਮੀ ਪਾਰਟੀ ਦੀ ਹਾਈਕਮਾਨ ਵਲੋਂ ਪੰਜਾਬ ਵਿਚ 5 ਨਵੇਂ ਮੰਤਰੀ ਬਣਾਏ ਗਏ ਹਨ ਅਤੇ ਕੁਝ ਦੀ ਛੁੱਟੀ ਕਰ ਦਿੱਤੀ ਗਈ। ਉਸ ਦੇ ਤੁਰੰਤ ਬਾਅਦ ਵੱਡਾ ਪ੍ਰਸ਼ਾਸਨਿਕ ਫੇਰਬਦਲ ਵੀ ਕੀਤਾ ਗਿਆ, ਪਰ ਹੁਣ ਜਿਨ੍ਹਾਂ ਚਰਚਾਵਾਂ ਨੇ ਜ਼ੋਰ ਫੜਿਆ ਹੋਇਆ ਹੈ, ਉਨ੍ਹਾਂ ਅਨੁਸਾਰ ਪੰਜਾਬ ਵੱਡੇ ਸਿਆਸੀ ਬਦਲਾਅ ਵੱਲ ਵਧ ਰਿਹਾ ਹੈ। ਇਸ ਗੱਲ ਦੇ ਚਰਚੇ ਅੱਜ ਜ਼ੋਰ-ਸ਼ੋਰ ਨਾਲ ਹੁੰਦੇ ਰਹੇ ਕਿ ਪੰਜਾਬ ਵਿਚ ਕਿਸੇ ਵੀ ਵੇਲੇ ਵੱਡਾ ਸਿਆਸੀ ਧਮਾਕਾ ਹੋ ਸਕਦਾ ਹੈ। ਜੋ ਚਰਚੇ ਸਿਆਸੀ ਗਲਿਆਰਿਆਂ ਵਿਚ ਕੁਝ ਦਿਨਾਂ ਤੋਂ ਚੱਲ ਰਹੇ ਹਨ, ਹੁਣ ਸਿਆਸੀ ਭੁਚਾਲ ਆਉਣ ਦੀਆਂ ਅਟਕਲਾਂ ਵੀ ਤੇਜ਼ ਹੋਣ ਲੱਗੀਆਂ ਹਨ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਕਿਸੇ ਬਿਮਾਰੀ ਕਾਰਨ ਮੁਹਾਲੀ ਦੇ ਇਕ ਨਿੱਜੀ ਹਸਪਤਾਲ ਵਿਚ ਜ਼ੇਰੇ ਇਲਾਜ ਸਨ, ਪਰ ਉਸ ਨੂੰ ਲੈ ਕੇ ਵੀ ਵੱਖਰੀ ਚਰਚਾ ਛਿੜ ਗਈ ਸੀ ਕਿ ਇੰਨੇ ਦਿਨਾਂ ਤੋਂ ਪੰਜਾਬ ਦੇ ਮੁੱਖ ਮੰਤਰੀ ਹਸਪਤਾਲ ਵਿਚ ਦਾਖਲ ਸਨ, ਪਰ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਸਮੇਤ ਹੋਰ ਮੰਤਰੀਆਂ ਅਤੇ ਉਨ੍ਹਾਂ ਦੇ ਕਰੀਬੀ ਸਾਥੀਆਂ ਵਲੋਂ ਉਨ੍ਹਾਂ ਨੂੰ ਜਾ ਕੇ ਮਿਲਣ ਲਈ ਸਮਾਂ ਨਾ ਕੱਢ ਸਕਣ ਨੇ ਉਕਤ ਘਟਨਾਕ੍ਰਮ ਨਾਲ ਸੰਬੰਧਿਤ ਅਟਕਲਾਂ ਨੂੰ ਹੋਰ ਭਖਾ ਦਿੱਤਾ ਸੀ।

ਕਾਂਗਰਸੀ ਵਿਧਾਇਕ ਪ੍ਰਗਟ ਸਿੰਘ ਵਲੋਂ ਭਗਵੰਤ ਮਾਨ ਨੂੰ ਹਸਪਤਾਲ ਵਿਚ ਹਾਲ ਚਾਲ ਪੁਛਣ ਬਾਅਦ ਆਮ ਆਦਮੀ ਪਾਰਟੀ ਦੇ ਕੌਮੀ ਸਕੱਤਰ ਸੰਦੀਪ ਪਾਠਕ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਵੀ ਮੁੱਖ ਮੰਤਰੀ ਨਾਲ ਹਸਪਤਾਲ 'ਚ ਮੁਲਾਕਾਤ ਕੀਤੀ ਸੀ।

ਇਸ ਚਰਚਾ ਨੇ ਵੀ ਜ਼ੋਰ ਫੜਿਆ ਸੀ ਕਿ ਮੁੱਖ ਮੰਤਰੀ ਦੀ ਪਤਨੀ ਦੀ ਸੁਰੱਖਿਆ ਵਿਚ ਕਟੌਤੀ ਕੀਤੀ ਗਈ ਹੈ, ਜਦਕਿ ਸਪੀਕਰ ਕੁਲਤਾਰ ਸਿੰਘ ਸੰਧਵਾ ਦੀ ਸੁਰੱਖਿਆ ਵਿਚ ਵਾਧਾ ਕਰ ਦਿੱਤਾ ਗਿਆ ਹੈ, ਇਸ ਦੇ ਪਿੱਛੇ ਕਾਰਨ ਸਪੱਸ਼ਟ ਨਹੀਂ ਹੋ ਸਕਿਆ। ਕਿਹਾ ਇਹ ਜਾ ਰਿਹਾ ਸਪੀਕਰ ਸੰਧਵਾ ਕੇਜਰੀਵਾਲ ਦੇ ਅਤਿਅੰਤ ਨੇੜੇ ਹਨ ਅਤੇ ਕੇਜਰੀਵਾਲ ਵਲੋਂ ਉਨ੍ਹਾਂ ਨੂੰ ਪੰਜਾਬ ਦਾ ਮੁਖ ਮੰਤਰੀ ਬਣਾਉਣ ਦੀ ਸੰਭਾਵਨਾ ਹੈ। ਬੀਤੀ ਦਿਨੀਂ ਉਹ ਪੰਜਾਹ ਵਿਧਾਇਕਾਂ ਨਾਲ ਕੇਜਰੀਵਾਲ ਨੂੰ ਮਿਲੇ ਸਨ ਤੇ ਕੇਜਰੀਵਾਲ ਦੀ ਲੀਡਰਸ਼ਿਪ ਵਿਚ ਭਰੋਸਾ ਪ੍ਰਗਟਾਇਆ ਗਿਆ। ਸੂਤਰਾਂ ਤੋਂ ਪਤਾ ਲਗਾ ਕਿ ਭਗਵੰਤ ਮਾਨ ਦੀ ਕੇਂਦਰ ਸਰਕਾਰ ਦੀ ਹਾਈਕਮਾਂਡ ਨਾਲ ਨੇੜਤਾ ਤੋਂ ਕੇਜਰੀਵਾਲ ਔਖੇ ਹਨ।

ਦੂਜੇ ਪਾਸੇ, ਪਾਰਟੀ ਸੂਤਰ ਦੱਸਦੇ ਹਨ ਕਿ ਉਨ੍ਹਾਂ ਦੀ ਪਾਰਟੀ ਅੰਦਰ ਕੁਝ ਤਾਂ ਚੱਲ ਰਿਹਾ ਹੈ, ਜੋ ਕਈ ਤਰ੍ਹਾਂ ਦੀਆਂ ਚਰਚਾਵਾਂ ਅਤੇ ਕਿਸੇ ਵੱਡੇ ਬਦਲਾਅ ਦੇ ਸੰਕੇਤ ਵੀ ਦੇ ਰਿਹਾ ਹੈ। ਹਾਲਾਂਕਿ, ਇਸ ਸੰਬੰਧੀ ਕੋਈ ਮੰਤਰੀ ਜਾਂ ਅਹੁਦੇਦਾਰ ਕੁਝ ਵੀ ਕਹਿਣ ਤੋਂ ਗੁਰੇਜ਼ ਕਰ ਰਿਹਾ ਹੈ, ਪਰ ਬਦਲਾਅ ਵਾਲੀ ਸਰਕਾਰ ਵਿਚ ਇਕ ਵਾਰ ਫਿਰ ਵੱਡੇ ਬਦਲਾਅ ਦੀਆਂ ਕਿਆਸਅਰਾਂਈਆਂ ਲਗਾਈਆਂ ਜਾ ਰਹੀਆਂ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਜੇਲ੍ਹ ਤੋਂ ਬਾਹਰ ਆਉਂਦੇ ਹੀ ਵੱਡਾ ਫ਼ੈਸਲਾ ਲਿਆ ਅਤੇ ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਆਪਣੀ ਇਕ ਮਹਿਲਾ ਮੰਤਰੀ ਆਤਿਸ਼ੀ ਨੂੰ ਦਿੱਲੀ ਦੀ ਮੁੱਖ ਮੰਤਰੀ ਬਣਾ ਦਿੱਤਾ ਸੀ। ਉਸ ਮਗਰੋਂ ਪੰਜਾਬ 'ਚ ਅਚਾਨਕ ਮੰਤਰੀ ਮੰਡਲ ਵਿਚ ਫੇਰਬਦਲ ਕੀਤਾ ਗਿਆ, ਕੁਝ ਮੰਤਰੀਆਂ ਦੀ ਛੁੱਟੀ ਕੀਤੀ ਗਈ ਅਤੇ ਪੰਜ ਨਵੇਂ ਮੰਤਰੀ ਮੰਤਰੀ ਮੰਡਲ 'ਚ ਸ਼ਾਮਿਲ ਕੀਤੇ ਗਏ, ਜਦਕਿ ਇਸ ਫੇਰ ਬਦਲ ਦੇ ਕੁਝ ਦਿਨ ਪਹਿਲਾਂ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਟੀ.ਵੀ. 'ਤੇ ਇਕ ਇੰਟਰਵਿਊ ਦੌਰਾਨ ਕਿਹਾ ਸੀ ਕਿ ਸਭ ਕੁਝ ਠੀਕ ਚੱਲ ਰਿਹਾ ਹੈ, ਮੰਤਰੀ ਮੰਡਲ 'ਚ ਕੋਈ ਫੇਰਬਦਲ ਨਹੀਂ ਹੋ ਰਿਹਾ। ਇਸ ਫੇਰ ਬਦਲ ਦੌਰਾਨ ਮੁੱਖ ਮੰਤਰੀ ਮਾਨ ਦੇ ਕੁਝ ਕਰੀਬੀ ਮੰਤਰੀਆਂ ਦੀ ਵੀ ਛੁੱਟੀ ਹੋ ਗਈ ਸੀ। ਇਸ ਮਗਰੋਂ ਅਚਾਨਕ ਮੁੱਖ ਮੰਤਰੀ ਦੀ ਸਿਹਤ ਵਿਗੜ ਗਈ ਅਤੇ ਉਨ੍ਹਾਂ ਨੂੰ ਹਸਪਤਾਲ ਵਿਚ ਭਰਤੀ ਹੋਣਾ ਪਿਆ, ਪਰ ਉਦੋਂ ਤੋਂ ਹੀ ਅਨੇਕਾਂ ਚਰਚਿਆਂ ਨੇ ਪੰਜਾਬ ਦੇ ਸਿਆਸੀ ਮਾਹੌਲ ਨੂੰ ਪੂਰੀ ਤਰ੍ਹਾਂ ਨਾਲ ਗਰਮ ਕਰ ਦਿੱਤਾ ਹੈ।

# 'ਆਪ' ਸਰਕਾਰ ਸ਼ੇਰ-ਏ-ਪੰਜਾਬ ਦੀ ਵਿਰਾਸਤ ਦੀ ਸੰਭਾਲ ਕਰੇ

## ✪ ਇਤਿਹਾਸਕ ਰਾਮ ਬਾਗ ਹੁਣ 6-7 ਫੁੱਟ ਉੱਚੀਆਂ ਜੰਗਲੀ ਝਾੜੀਆਂ ਵਿਚ ਘਿਰਿਆ



ਆਪ ਸਰਕਾਰ ਵਲੋਂ ਮਹਾਰਾਜਾ ਰਣਜੀਤ ਸਿੰਘ ਦੁਆਰਾ ਗੁਰੂ ਰਾਮਦਾਸ ਜੀ ਦੇ ਨਾਂਅ 'ਤੇ ਲਗਾਏ 'ਰਾਮ ਬਾਗ' ਅਤੇ ਉਸ ਦੇ ਇਤਿਹਾਸਕ ਸਮਾਰਕਾਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਜਾ ਰਿਹਾ ਹੈ। ਇਸ ਵਿਰਾਸਤੀ ਸਮਾਰਕ ਦੀ ਸੰਭਾਲ ਕਰਨ ਵਿਚ ਨਾਕਾਮ ਰਹੀ ਪੰਜਾਬ ਸਰਕਾਰ ਦੇ ਸੈਰ-ਸਪਾਟਾ ਵਿਭਾਗ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਅਗਵਾਈ ਵਿਚ ਸਿੱਖ ਰਾਜ ਵੇਲੇ ਪੰਜਾਬ ਦੇ ਸਭ ਬਾਗਾਂ ਤੋਂ ਖ਼ੂਬਸੂਰਤ ਤੇ ਆਲੀਸ਼ਾਨ ਰਿਹਾ ਇਤਿਹਾਸਕ ਰਾਮ ਬਾਗ ਹੁਣ 6-7 ਫੁੱਟ ਉੱਚੀਆਂ ਜੰਗਲੀ ਝਾੜੀਆਂ ਵਿਚ ਘਿਰ ਚੁੱਕਿਆ ਹੈ।

ਬਾਗ ਦੀ ਖ਼ੂਬਸੂਰਤੀ ਬਰਕਰਾਰ ਰੱਖਣ ਲਈ ਨਗਰ ਨਿਗਮ ਦੇ ਹਾਰਟੀਕਲਚਰ ਵਿਭਾਗ ਵਲੋਂ ਕਈ ਮਾਲੀ ਨਿਯੁਕਤ ਕੀਤੇ ਗਏ ਹੋਣ ਦੇ ਬਾਵਜੂਦ ਪੂਰੇ ਬਾਗ ਵਿਚ ਹਰ ਪਾਸੇ ਜੰਗਲੀ ਝਾੜੀਆਂ ਉੱਗਣਾ ਸੰਬੰਧਿਤ ਵਿਭਾਗ ਅਤੇ ਪ੍ਰਸ਼ਾਸਨ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਗਾ ਰਿਹਾ ਹੈ। ਇਨ੍ਹਾਂ ਝਾੜੀਆਂ ਕਰਕੇ ਇਥੇ ਪਹੁੰਚਣ ਵਾਲੇ ਸਥਾਨਕ ਨਾਗਰਿਕਾਂ ਜਾਂ ਸੈਲਾਨੀਆਂ ਲਈ ਬਾਗ ਵਿਚਲੇ ਜਨਰਲ ਵੈਂਤੁਰਾ ਦੁਆਰਾ ਬਣਾਏ ਰਾਇਲ ਸਵਿਮਿੰਗ ਪੂਲ (ਸ਼ਾਹੀ ਇਸ਼ਨਾਨ ਘਰ), ਵੀਰ ਚੱਕਰ ਵਿਜੇਤਾ ਸ਼ਹੀਦ ਮੇਜਰ ਲਲਿਤ ਮੋਹਨ ਭਾਟੀਆ ਦੇ ਬੁੱਤ ਅਤੇ ਹੋਰ ਸਮਾਰਕਾਂ ਤੱਕ ਪਹੁੰਚਣਾ ਵੀ ਅਸੰਭਵ ਹੈ। ਦੱਸਣਯੋਗ ਹੈ ਕਿ ਇਸ ਇਤਿਹਾਸਕ ਬਾਗ ਦੇ ਅੱਧ ਵਿਚਕਾਰ ਮਹਾਰਾਜਾ ਦੁਆਰਾ ਆਪਣੀ ਰਿਹਾਇਸ਼ ਲਈ ਸੰਨ 1819 ਵਿਚ ਉਸਾਰੇ ਆਲੀਸ਼ਾਨ ਸਮਰ ਪੈਲੇਸ (ਗਰਮੀਆਂ ਦੇ ਮਹਿਲ) ਦੇ ਚੁਫੇਰੇ ਲੱਖਾਂ ਰੁਪਈਆਂ ਦੀ ਲਾਗਤ ਨਾਲ 'ਚਾਰ-ਬਾਗ' ਦੀ ਤਰਜ਼ 'ਤੇ ਕੁਝ ਸਮਾਂ ਪਹਿਲਾਂ ਹੀ ਲਗਵਾਏ ਗਏ ਬਾਗਾਂ ਵਿਚ ਉੱਚੀਆਂ ਝਾੜੀਆਂ ਅਤੇ ਕਾਂਗਰਸ ਘਾਹ ਦੇ ਉੱਗ ਜਾਣ ਕਾਰਨ ਵਿਰਾਸਤੀ ਸਮਾਰਕ ਦੀ ਦਿਖ ਪੂਰੀ ਤਰ੍ਹਾਂ ਖ਼ਰਾਬ ਹੋ ਚੁੱਕੀ ਹੈ। ਭਾਵੇਂ ਸਰਕਾਰ-ਏ-ਖਾਲਸਾ ਦੀ ਰਾਜਧਾਨੀ ਲਾਹੌਰ ਸੀ, ਪਰ ਸਿੱਖ ਮਾਨਸਿਕਤਾ ਵਿੱਚ ਹਮੇਸ਼ਾ ਅੰਮ੍ਰਿਤਸਰ ਸਿਰਮੌਰ ਸਥਾਨ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਹੁਕਮਾਂ ਉੱਤੇ ਸੰਨ 1819 ਵਿੱਚ ਸਰਕਾਰ-ਏ-ਖਾਲਸਾ ਨੇ ਇਸ ਸ਼ਹਿਰ ਦੀ ਉੱਤਰੀ ਬਾਹੀ ਉੱਤੇ ਹਰਿਮੰਦਰ ਸਾਹਿਬ ਤੋਂ ਕਰੀਬ ਇੱਕ ਕਿਲੋਮੀਟਰ ਦੂਰ ਖੂਬਸੂਰਤ ਬਾਗ ਬਣਾਉਣਾ ਸ਼ੁਰੂ ਕੀਤਾ ਸੀ। ਸ਼ੇਰ-ਏ-ਪੰਜਾਬ ਨੇ ਇਸ ਬਾਗ ਨੂੰ ਬਣਾਉਣ ਦੀ ਜ਼ਿੰਮੇਵਾਰੀ ਮਸ਼ਹੂਰ ਮੁਸਲਿਮ ਆਰਕੀਟੈਕਟ ਮੁਹੰਮਦ ਯਾਰ ਨੂੰ ਦਿੱਤੀ ਸੀ। ਸੰਨ 1831 ਵਿੱਚ ਇਹ ਬਾਗ ਬਣ ਕੇ ਮੁਕੰਮਲ ਹੋ ਗਿਆ ਅਤੇ ਇਸ ਉਪਰ ਉਸ ਸਮੇਂ 1,45,000 ਰੁਪਏ ਖਰਚਾ ਆਇਆ। ਬਾਗ ਵਿੱਚ ਬਹੁਤ ਸੁੰਦਰ ਬਗੀਚੇ, ਫਲ-ਫੁੱਲ ਅਤੇ ਛਾਂਦਾਰ ਪੌਦੇ ਲਾਏ ਗਏ। ਫੁੱਲ ਬੂਟਿਆਂ ਨੂੰ ਪਾਣੀ ਦੇਣ ਅਤੇ ਬਾਗ ਦੀ ਸੁੰਦਰਤਾ ਵਧਾਉਣ ਲਈ ਫੁਹਾਰੇ ਲਾਏ ਗਏ। ਮਹਾਰਾਜੇ ਦੀ ਰਿਹਾਇਸ਼ ਲਈ ਬਾਗ ਦੇ ਵਿਚਾਲੇ ਬਾਰਾਂਦਰੀ ਵਰਗੀ ਇੱਕ ਬੜੀ ਖੂਬਸੂਰਤ ਇਮਾਰਤ ਬਣਾਈ ਗਈ, ਜਿਸ ਨੂੰ ਸ਼ੀਸ਼ ਮਹਿਲ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਤੋਂ ਇਲਾਵਾ ਡਿਓਢੀ ਅਤੇ ਹੋਰ ਇਮਾਰਤਾਂ ਵੀ ਬਾਗ ਵਿੱਚ ਉਸਾਰੀਆਂ ਗਈਆਂ। ਇਹ ਇਮਾਰਤਾਂ ਸਿੱਖ ਭਵਨ ਕਲਾਂ ਦਾ ਸ਼ਾਹਕਾਰ ਨਮੂਨਾ ਹਨ।

ਸੰਨ 1831 ਵਿੱਚ ਅੰਮ੍ਰਿਤਸਰ ਵਿੱਚ ਜਦੋਂ ਇਹ ਬਾਗ ਪੂਰਾ ਮੁਕੰਮਲ ਹੋ ਗਿਆ ਤਾਂ ਦਰਬਾਰੀਆਂ ਨੇ ਮਹਾਰਾਜੇ ਨੂੰ ਇਸ ਦਾ ਨਾਂਅ ਰਣਜੀਤ ਸਿੰਘ ਬਾਗ ਰੱਖਣ ਦੀ ਬੇਨਤੀ ਕੀਤੀ। ਦਰਬਾਰੀਆਂ ਦੀ ਇਸ ਮੰਗ ਨੂੰ ਮਹਾਰਾਜ ਰਣਜੀਤ ਸਿੰਘ ਨੇ ਨਕਾਰ ਕੇ ਕਿਹਾ ਕਿ ਇਹ ਬਾਗ ਗੁਰੂ ਰਾਮਦਾਸ ਜੀ ਦੇ ਪਾਵਨ ਸ਼ਹਿਰ ਵਿੱਚ ਹੈ ਅਤੇ ਇਸ ਦਾ ਨਾਮ ਵੀ ਰਾਮ-ਬਾਗ ਹੋਣਾ ਚਾਹੀਦਾ ਹੈ। ਹੌਲੀ-ਹੌਲੀ ਰਾਮ-ਬਾਗ ਸਰਕਾਰ-ਏ-ਖਾਲਸਾ ਦਾ ਧੁਰਾ ਬਣ ਗਿਆ। ਜਦੋਂ ਸੰਨ 1849 ਵਿੱਚ ਈਸਟ ਇੰਡੀਆ ਕੰਪਨੀ ਨੇ ਪੰਜਾਬ ਉਪਰ ਕਬਜ਼ਾ ਕੀਤਾ ਤਾਂ ਰਾਮ-ਬਾਗ ਵਿੱਚ ਈਸਟ ਇੰਡੀਆ ਕੰਪਨੀ ਦੇ ਅਧਿਕਾਰੀ ਵੀ ਰਹਿਣ ਲੱਗ ਪਏ। ਈਸਟ ਇੰਡੀਆ ਕੰਪਨੀ ਵੱਲੋਂ ਕਬਜ਼ਾ ਕਰਨ ਨਾਲ ਰਾਮ-ਬਾਗ ਦੀ ਥਾਂ ਇਸ ਦਾ ਨਵਾਂ ਨਾਮ 'ਕੰਪਨੀ ਬਾਗ' ਪ੍ਰਚੱਲਿਤ ਕੀਤਾ ਗਿਆ। ਈਸਟ ਇੰਡੀਆ ਕੰਪਨੀ ਦਾ ਕਬਜ਼ਾ ਖਤਮ ਹੋਏ ਨੂੰ ਕਿੰਨਾ ਸਮਾਂ ਬੀਤ ਗਿਆ, ਪਰ ਅਜੇ ਵੀ ਬਹੁਤੇ ਲੋਕ ਇਸ ਨੂੰ ਕੰਪਨੀ ਬਾਗ ਹੀ ਕਹਿੰਦੇ ਹਨ।

# ਪ੍ਰਦੂਸ਼ਣ ਕਰਕੇ ਵੱਧ ਰਿਹਾ ਲੰਗ ਕੈਂਸਰ, 30-40 ਸਾਲ ਦੇ ਲੋਕਾਂ ਨੂੰ ਵੱਧ ਖਤਰਾ

## ✪ 2025 ਤੱਕ ਭਾਰਤ ਵਿੱਚ ਫੇਫੜਿਆਂ ਦੇ ਕੈਂਸਰ ਦੇ ਕੇਸ ਸੱਤ ਗੁਣਾ ਵੱਧ ਹੋਣ ਦੀ ਸੰਭਾਵਨਾ

ਸਮੋਕਿੰਗ ਕਰਨ ਵਾਲੇ ਅਤੇ ਸਮੋਕਿੰਗ ਨਾ ਕਰਨ ਵਾਲੇ ਦੋਵਾਂ ਵਿੱਚ ਫੇਫੜਿਆਂ ਦੇ ਕੈਂਸਰ ਦੇ ਮਾਮਲੇ ਵੱਧ ਰਹੇ ਹਨ। ਇਸ ਵਿੱਚ ਜਿਹੜੇ ਲੋਕ ਸਿਗਰਟ ਨਹੀਂ ਪੀਂਦੇ ਉਨ੍ਹਾਂ ਨੂੰ ਹਵਾ ਪ੍ਰਦੂਸ਼ਣ ਕਰਕੇ ਕੈਂਸਰ ਹੋ ਰਿਹਾ ਹੈ। ਇਹ ਬਹੁਤ ਚਿੰਤਾ ਵਾਲੀ ਗੱਲ ਹੈ। ਵਾਤਾਵਰਨ ਪ੍ਰਦੂਸ਼ਣ ਤੋਂ ਇਲਾਵਾ, ਅੰਦਰਲੀ ਹਵਾ ਦੀ ਗੁਣਵੱਤਾ, ਪਾਚਕ ਸਮੱਸਿਆਵਾਂ ਅਤੇ ਕੰਮ ਵਾਲੀ ਥਾਂ ਦੇ ਜ਼ਹਿਰੀਲੇ ਕਾਰਕ ਵੀ ਸਮੋਕਿੰਗ ਨਾ ਕਰਨ ਵਾਲਿਆਂ ਵਿੱਚ ਫੇਫੜਿਆਂ ਦੇ ਕੈਂਸਰ ਦੀਆਂ ਘਟਨਾਵਾਂ ਨੂੰ ਵਧਾਉਂਦੇ ਹਨ।

30 ਤੋਂ 40 ਸਾਲ ਦੀ ਉਮਰ ਦੇ ਮਰਦ ਅਤੇ ਔਰਤਾਂ ਖੰਘ ਵਰਗੀਆਂ ਸਮੱਸਿਆਵਾਂ ਤੋਂ ਲਗਾਤਾਰ ਪ੍ਰੇਸ਼ਾਨ ਰਹਿੰਦੀਆਂ ਹਨ ਜੋ ਕਿ ਫੇਫੜਿਆਂ ਦੇ ਕੈਂਸਰ ਦਾ ਲੱਛਣ ਹੈ। ਇਹ ਸਮੱਸਿਆ ਉਨ੍ਹਾਂ ਲੋਕਾਂ ਵਿੱਚ ਵੀ ਹੋ ਰਹੀ ਹੈ ਜੋ ਸਿਗਰਟ ਨਹੀਂ ਪੀਂਦੇ।

ਫੇਫੜਿਆਂ ਦਾ ਕੈਂਸਰ ਸਭ ਤੋਂ ਆਮ ਕੈਂਸਰ ਹੈ। ਇਹ ਉਦੋਂ ਹੁੰਦਾ ਹੈ ਜਦੋਂ ਫੇਫੜਿਆਂ ਵਿੱਚ ਸੈੱਲ ਬੇਕਾਬੂ ਤੌਰ 'ਤੇ ਵੰਡੇ ਜਾਂਦੇ ਹਨ, ਜਿਸ ਨਾਲ ਟਿਊਮਰ ਹੁੰਦਾ ਹੈ। ਦੇਸ਼ ਵਿਚ ਫੇਫੜਿਆਂ ਦੇ ਕੈਂਸਰ ਦੇ ਵਧਦੇ ਮਾਮਲੇ ਚਿੰਤਾ ਦਾ ਵਿਸ਼ਾ ਬਣਦੇ ਜਾ ਰਹੇ ਹਨ ਕਿਉਂਕਿ ਇਹ ਲੱਖਾਂ ਲੋਕਾਂ ਦੀ ਜਾਨ ਲੈ ਰਿਹਾ ਹੈ। ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਦੇ



ਖੋਜਕਰਤਾਵਾਂ ਨੇ ਰਿਪੋਰਟ ਦਿੱਤੀ ਹੈ ਕਿ 2025 ਤੱਕ ਭਾਰਤ ਵਿੱਚ ਫੇਫੜਿਆਂ ਦੇ ਕੈਂਸਰ ਦੇ ਕੇਸ ਸੱਤ ਗੁਣਾ ਵੱਧ ਹੋਣ ਦੀ ਸੰਭਾਵਨਾ ਹੈ।

ਸਮੋਕਿੰਗ ਨਾ ਕਰਨ ਵਾਲਿਆਂ ਵਿੱਚ ਫੇਫੜਿਆਂ ਦੇ ਕੈਂਸਰ ਵਿੱਚ ਇਹ ਚਿੰਤਾਜਨਕ ਵਾਧਾ ਮੁੱਖ ਤੌਰ 'ਤੇ ਅੰਦਰੂਨੀ ਅਤੇ ਬਾਹਰੀ ਪ੍ਰਦੂਸ਼ਣ ਦੇ ਕਾਰਨ ਹੋ ਸਕਦਾ ਹੈ। ਮੁੰਬਈ ਅਤੇ ਦਿੱਲੀ ਵਰਗੇ ਮਹਾਨਗਰਾਂ ਵਿੱਚ ਹਵਾ ਪ੍ਰਦੂਸ਼ਣ ਫੇਫੜਿਆਂ ਦੇ ਕੈਂਸਰ ਦਾ ਕਾਰਨ ਬਣ ਰਿਹਾ ਹੈ। ਅਗਰਬੱਤੀ, ਸੁਗੰਧਿਤ ਮੋਮਬੱਤੀਆਂ ਅਤੇ ਮੱਛਰ ਭਜਾਉਣ ਵਾਲੇ ਪਦਾਰਥ ਘਰ ਦੇ ਅੰਦਰ ਹਵਾ ਪ੍ਰਦੂਸ਼ਣ ਨੂੰ ਵਧਾ ਰਹੇ ਹਨ, ਜਿਸ ਨਾਲ ਸਾਹ ਦੀਆਂ ਸਮੱਸਿਆਵਾਂ ਜਿਵੇਂ ਕਿ ਕ੍ਰੋਨਿਕ ਅਬਸਟਰਕਟਿਵ ਪਲਮਨਰੀ ਡਿਜ਼ੀਜ਼ (ਸੀਓਪੀਡੀ) ਜਾਂ ਅਬਸਟਰਕਟਿਵ ਏਅਰਵੇਜ਼ ਦੀ ਬਿਮਾਰੀ ਹੋ ਜਾਂਦੀ ਹੈ।

ਜੀਵਨਸ਼ੈਲੀ ਨਾਲ ਸਬੰਧਤ ਸਥਿਤੀਆਂ ਅਤੇ ਡਾਇਬਟੀਜ਼, ਮੋਟਾਪਾ ਅਤੇ ਕਸਰਤ ਦੀ ਕਮੀ ਵਰਗੀਆਂ ਪਾਚਕ ਸਥਿਤੀਆਂ ਕਾਰਨ ਫੇਫੜਿਆਂ ਦੇ ਕੈਂਸਰ ਦੇ ਕੇਸ ਵੀ ਅਸਿੱਧੇ ਤੌਰ 'ਤੇ ਵੱਧ ਰਹੇ ਹਨ। ਇਸੇ ਤਰ੍ਹਾਂ ਕਿਸੇ ਵੀ ਤਰ੍ਹਾਂ ਦੀ ਮੈਟਲ ਕਟਿੰਗ ਜਾਂ ਕੈਮੀਕਲ ਨਾਲ ਸਬੰਧਤ ਕੰਮ ਕਰਨ ਵਾਲੇ ਲੋਕਾਂ ਵਿੱਚ ਵੀ ਸਾਹ ਦੀ ਸਮੱਸਿਆ ਵਿੱਚ ਵਾਧਾ ਦੇਖਿਆ ਜਾ ਰਿਹਾ ਹੈ। ਇਹ ਕਾਰਨ ਸਿਗਰਟ ਨਾ ਪੀਣ ਵਾਲੇ ਲੋਕਾਂ ਵਿੱਚ ਫੇਫੜਿਆਂ ਦੇ ਕੈਂਸਰ ਦੇ ਜੋਖਮ ਨੂੰ ਵੀ ਵਧਾਉਂਦੇ ਹਨ।

ਸਿਹਤ ਮਾਹਿਰਾਂ ਮੁਤਾਬਕ ਹਵਾ ਪ੍ਰਦੂਸ਼ਣ ਕਾਰਨ ਸਿਗਰੇਟ ਨਾ ਪੀਣ ਵਾਲਿਆਂ ਵਿੱਚ ਫੇਫੜਿਆਂ ਦੇ ਕੈਂਸਰ ਦੇ ਮਾਮਲੇ ਵੱਧ ਰਹੇ ਹਨ। ਔਰਤਾਂ, ਖਾਸ ਤੌਰ 'ਤੇ, ਅੰਦਰੂਨੀ ਪ੍ਰਦੂਸ਼ਣ (ਜਿਵੇਂ ਕਿ ਚੁਲ੍ਹਾ ਬਾਲਣ 'ਤੇ ਧੂੰਆਂ ਨਿਕਲਣਾ) ਕਾਰਨ ਫੇਫੜਿਆਂ ਦੇ ਕੈਂਸਰ ਦਾ ਵਧੇਰੇ ਖ਼ਤਰਾ ਹੈ। ਪਿਛਲੇ 7-8 ਸਾਲਾਂ ਵਿੱਚ, ਕੇਂਦਰ ਸਰਕਾਰ ਘਰਾਂ ਨੂੰ ਗੈਸ ਸਿਲੰਡਰ ਸਪਲਾਈ ਕਰ ਰਹੀ ਹੈ, ਜਿਸ ਨਾਲ ਪੇਂਡੂ ਖੇਤਰਾਂ ਵਿੱਚ ਅੰਦਰੂਨੀ ਪ੍ਰਦੂਸ਼ਣ ਘਟਿਆ ਹੈ, ਜੋ ਪਹਿਲਾਂ ਚੁਲ੍ਹੇ 'ਤੇ ਨਿਰਭਰ ਸਨ ਅਤੇ ਜਿੱਥੇ ਫੇਫੜਿਆਂ ਦੇ ਕੈਂਸਰ ਦੀ ਦਰ ਜ਼ਿਆਦਾ ਸੀ, "ਹੁਣ ਸਿਲੰਡਰਾਂ ਦੀ ਵਰਤੋਂ ਕਰਕੇ ਔਰਤਾਂ ਵਿੱਚ ਫੇਫੜਿਆਂ ਦੇ ਕੈਂਸਰ ਦੇ ਮਾਮਲਿਆਂ ਵਿੱਚ ਕਮੀ ਦੇਖੀ ਜਾ ਰਹੀ ਹੈ ਹਾਲਾਂਕਿ, ਅੰਦਰੂਨੀ ਅਤੇ ਬਾਹਰੀ ਪ੍ਰਦੂਸ਼ਣ ਸ਼ਹਿਰਾਂ ਅਤੇ ਪੇਂਡੂ ਖੇਤਰਾਂ ਵਿੱਚ ਫੇਫੜਿਆਂ ਦੇ ਕੈਂਸਰ ਦੇ ਮਾਮਲਿਆਂ ਵਿੱਚ ਵਾਧਾ ਕਰ ਰਿਹਾ ਹੈ।"

# ★ ਮਿੰਨੀ ਕਹਾਣੀਆਂ ★

## ਅੰਨ੍ਹੇ ਦੇ ਹੱਥ 'ਚ ਲਾਲਟੈਣ

ਉਨ੍ਹੀਂ ਦਿਨੀਂ ਸਾਡੇ ਆਪਣੇ ਪਿੰਡ 'ਚ ਸਕੂਲ ਨਹੀਂ ਸੀ। ਮੈਨੂੰ ਕੱਚੀ-ਪਹਿਲੀ 'ਚ ਦਾਖ਼ਲ ਕਰਾਇਆ ਗਿਆ ਤਾਂ ਸਕੂਲ ਨੇੜੇ ਹੋਣ ਕਾਰਨ ਕੁਝ ਸਮਾਂ ਮੈਨੂੰ ਆਪਣੇ ਨਾਨਕੇ ਰਹਿਣਾ ਪਿਆ। ਉੱਥੇ ਨਾਲ ਦੇ ਪਿੰਡੋਂ ਇੱਕ ਅੰਨ੍ਹਾ ਵਿਅਕਤੀ ਬਾਬਾ ਅਹਿਮਦ ਉਰਫ਼ ਅਹਿਮਾਂ ਸਵੇਰੇ-ਸ਼ਾਮ ਮਾਮਾ ਜੀ ਤੋਂ ਕੁਰਾਨ-ਪਾਕ ਦਾ ਪਾਠ ਲੈਣ ਆਉਂਦਾ ਸੀ। ਉਹ ਜਿੰਨਾ ਸੁਣ ਕੇ ਜਾਂਦਾ, ਸ਼ਾਮ ਨੂੰ ਸੁਣਾ ਕੇ ਅਗਲਾ ਪਾਠ ਲੈ ਲੈਂਦਾ।

ਸ਼ਾਮ ਦੀ ਨਮਾਜ਼ ਮਗਰੋਂ ਜਦੋਂ ਉਹ ਵਾਪਸ ਆਪਣੇ ਪਿੰਡ ਜਾਣਾ ਲੱਗਦਾ ਤਾਂ ਛੋਟੀ ਮਾਸੀ ਉਹਨੂੰ ਲਾਲਟੈਣ ਬਾਲ ਕੇ ਦਿੰਦੀ, ਜਿਹਨੂੰ ਉਹ ਖੱਬੇ ਹੱਥ 'ਚ ਫੜ ਲੈਂਦਾ ਤੇ ਸੱਜੇ ਹੱਥ 'ਚ ਫੜੀ ਸੋਟੀ ਨਾਲ ਰਾਹ ਟੋਂਹਦਾ ਹੋਇਆ ਚਲਿਆ ਜਾਂਦਾ। ਮੇਰਾ ਖ਼ਿਆਲ ਸੀ, ਉਹਨੂੰ ਥੋੜ੍ਹਾ ਬਹੁਤ ਨਜ਼ਰ ਆਉਂਦਾ ਹੋਵੇਗਾ, ਪਰ ਜਦੋਂ ਪਤਾ ਲੱਗਿਆ ਕਿ ਉਹ ਜਨਮ ਤੋਂ ਅੰਨ੍ਹਾ ਹੈ ਤੇ ਉਹਨੂੰ ਕੁਝ ਵੀ ਨਹੀਂ ਸੀ ਵਿਖਾਈ ਨਹੀਂ ਦਿੰਦਾ ਤਾਂ ਮੈਨੂੰ ਉਹਦੇ ਲਾਲਟੈਨ ਹੱਥ 'ਚ ਲੈ ਕੇ ਚੱਲਣ 'ਤੇ ਬੜੀ ਹੈਰਾਨੀ ਹੋਈ। ਇੱਕ ਦਿਨ ਨਿੱਕੀ ਮਾਸੀ ਤੋਂ ਉਸ ਬਾਰੇ ਪੁੱਛਿਆ ਤਾਂ ਕਹਿਣ ਲੱਗੀ, "ਉਸ ਸਮੇਂ ਪਿੰਡ ਦੇ ਰਾਹ 'ਤੇ ਲੋਕਾਂ ਦੀ ਖਾਸੀ ਆਵਾਜਾਈ ਹੁੰਦੀ ਹੈ।

ਮਾਲ-ਡੰਗਰ, ਟਾਂਗੇ ਤੇ ਗੱਡੇ ਵੀ ਚੱਲਦੇ ਹਨ ਤੇ ਲੁਕਣ-ਮੀਟੀ ਖੇਡਣ ਵਾਲੇ ਮੁੰਡੇ ਵੱਖਰਾ ਹੁੜਦੰਗ ਮਚਾਈ ਰੱਖਦੇ ਹਨ। ਬਾਬਾ ਅਹਿਮਾਂ ਲਾਲਟੈਣ ਇਸ ਲਈ ਹੱਥ 'ਚ ਰੱਖਦਾ ਹੈ ਕਿ ਦੂਜੇ ਉਸ ਨਾਲ ਟਕਰਾ ਨਾ ਜਾਣ।"

-ਸੁਰਜੀਤ

## ਮਜਬੂਰ ਦਿਵਸ

"ਜਦੋਂ ਤੀਕ ਸ਼ੋਸ਼ਤ ਵਰਗ ਇਕੱਠਾ ਨ੍ਹੀਂ ਹੁੰਦਾ, ਇਹ ਭੇੜੀਏ ਸਾਡਾ ਕਿਰਤੀਆਂ ਦਾ ਖ਼ੂਨ ਚੂਸਦੇ ਰਹਿਣਗੇ, ਚੂਸਦੇ ਰਹਿਣਗੇ, ਚੂਸਦੇ ਰਹਿਣਗੇ," ਮੈਂ ਪੂਰੇ ਜੋਸ਼ 'ਚ ਮਜ਼ਦੂਰ ਦਿਵਸ 'ਤੇ ਆਪਣਾ ਭਾਸ਼ਣ ਖ਼ਤਮ ਕੀਤਾ ਤਾਂ ਤਾੜੀਆਂ ਦੀ ਗੜਗੜਾਹਟ ਨਾਲ ਸ਼ਹਿਰ ਦੀ ਅਨਾਜ ਮੰਡੀ ਦੇ ਮਹਿੰਗੇ ਹੋਟਲ ਦਾ ਪੂਰਾ ਏਸੀ ਹਾਲ ਕਾਫ਼ੀ ਦੇਰ ਤਕ ਗੂੰਜਦਾ ਰਿਹਾ। ਫੇਰ ਕਈਆਂ ਨੂੰ ਸਨਮਾਨਿਤ ਕੀਤਾ ਗਿਆ ਤੇ ਪ੍ਰੋਗਰਾਮ ਸਮਾਪਤ ਹੋ ਗਿਆ। ਬਸ ਅਸੀਂ ਯੂਨੀਅਨ ਦੇ ਪੰਜ-ਸੱਤ ਅਹੁਦੇਦਾਰ ਸਰਕਾਰੀ ਮੁਲਾਜ਼ਮ ਹੀ ਬਚੇ ਸਾਂ। ਹਰਜੀਤ ਬੋਲਿਆ, "ਯਾਰ, ਗਰਮੀ ਬਹੁਤ ਏ, ਆ ਜੋ ਬੀਅਰ-ਸ਼ੀਅਰ ਲਾਈਏ। ਕਰਿਆ ਕਰੋ ਯਾਰੋ ਖਰਚਾ। ਇੰਨੀਆਂ ਤਨਖ਼ਾਹਾਂ ਕਬਰ 'ਚ ਲੈ ਕੇ ਜਾਣੀਆਂ ਨੇ?" ਅਸੀਂ ਸਾਰੇ ਹੀ ਹੱਸ ਪਏ। ਅਸਲ 'ਚ ਇਹ ਸਾਡੀ ਸਹਿਮਤੀ ਦਾ ਪ੍ਰਗਟਾਵਾ ਸੀ ਤੇ ਅਸੀਂ ਇਸੇ ਹੋਟਲ 'ਚ ਬਣੀ ਏਸੀ ਮਾਡਰਨ ਝੌਂਪੜੀ ਜਿਹੀ 'ਚ ਬਹਿ ਕੇ ਬਾਹਰਲੇ ਮੁਲਕ ਦੀ ਖ਼ਾਸ ਬੀਅਰਾਂ, ਮਹਿੰਗੀ ਸ਼ਰਾਬ ਆਦਿ ਪੀਣ ਵਿੱਚ ਰੁੱਝ ਗਏ।

ਚਲਦੇ ਪ੍ਰੋਗਰਾਮ 'ਚ ਮੈਨੂੰ ਮੇਰੇ ਆੜ੍ਹਤੀਏ ਦੇ ਮੁਨੀਮ ਚਿਮਨ ਦਾ ਫੋਨ ਆ ਗਿਆ, "ਮਾਸਟਰ ਜੀ, ਉਹ ਬਲਵੀਰ ਜਿਸ ਨੂੰ ਤੁਸੀਂ ਜ਼ਮੀਨ ਠੇਕੇ ਦਿੰਨੇ ਓ, ਉਹ ਸਾਰੀ ਫ਼ਸਲ ਵੇਚ ਗਿਆ ਸੀ। ਉਸ ਦਾ ਤੁਹਾਡੇ ਨਾਂ ਦਾ ਜੇ ਫਾਰਮ ਕੱਟਿਆ ਪਿਆ ਏ, ਹੋਰ ਕਿੱਧਰ ਟੈਕਸ ਦੇ ਖੱਭ 'ਚ ਪਵੋਗੇ! ਕਿੱਥੇ ਪੁਚਾਵਾਂ?" "ਆਜਾ ਯਾਰ, ਮੰਡੀ 'ਚ ਆਹ ਹੋਟਲ ਦੇ ਬਾਹਰ, ਮੈਂ ਆ ਗਿਆ।" ਮੈਂ ਖ਼ੁਸ਼ ਸੀ, ਨਾਲੇ ਪੁੰਨ ਤੇ ਨਾਲੇ ਫਲੀਆਂ ਜੋ ਮਿਲ ਰਹੇ ਸੀ। ਮੈਂ ਬਾਹਰ ਆਇਆ ਤਾਂ ਧੁੱਪ ਬੜੀ ਤੇਜ਼ ਸੀ। ਚਿਮਨ ਤੋਂ ਜੇ ਫਾਰਮ ਫੜ ਕੇ ਮੈਂ ਵਾਪਸ ਅੰਦਰ ਆਉਣ ਲੱਗਾ ਤਾਂ ਪਿੱਛੋਂ ਜਾਣੀ-ਪਛਾਣੀ ਆਵਾਜ਼ ਆਈ, "ਰਾਮ-ਰਾਮ ਭਾਈ ਜੀ।"

ਕਣਕ ਦੀਆਂ ਬੋਰੀਆਂ ਟਰੱਕ 'ਤੇ ਲੱਦਦਾ ਉਹ ਪਸੀਨੇ ਨਾਲ ਨਹਾਇਆ ਪਿਆ ਸੀ। "ਰਾਮ-ਰਾਮ, ਮਦਨ ਤੂੰ, ਕੀ ਗੱਲ ਮੰਡੀ 'ਚ ਲੱਗ ਗਿਆ ਏਂ?" ਮੇਰਾ ਪੁਰਾਣਾ ਖੇਤ ਵਾਲਾ ਕਾਮਾ ਮਦਨ ਸੀ। ਜਦੋਂ ਮੈਂ ਵਾਹੀ ਆਪ ਕਰਦਾ ਸੀ ਉਦੋਂ ਮਦਨ ਨੇ ਕਈ ਸਾਲ ਸਾਡੇ ਖੇਤ ਲਾਏ ਸਨ। "ਮਦਨ, ਯਾਰ ਆਪਣਾ ਪਿੰਡ, ਆਪਣਾ ਈ ਹੁੰਦਾ ਏ। ਇੱਥੇ ਆਉਣ ਦੀ ਕੀ ਸੁੱਝੀ ਤੈਨੂੰ?" ਬੀਅਰ ਦੇ ਸਰੂਰ 'ਚ ਮੇਰੀ ਪਿੰਡ ਵਾਲੀ ਸਰਦਾਰੀ ਜਾਗ ਗਈ।

"ਬਾਈ ਜੀ, ਕੰਮ ਤਾਂ ਚਲੋ ਤੁਸੀਂ ਵੀ ਬੜਾ ਕਰਾਉਂਦੇ ਸੀ ਪਰ ਖੁੱਲ੍ਹਾ ਖਾਣ-ਪੀਣ ਤੇ ਨਕਦ ਦਿਹਾੜੀ ਮਿਲਦੀ ਸੀ ਤਾਂ ਚੰਗਾ ਟਾਈਮ ਪਾਸ ਸੀ। ਬਾਅਦ 'ਚ ਤੁਹਾਡੇ ਵੱਡੇ ਚੌਧਰੀਆਂ ਦੇ ਈ ਸ਼ਰੀਕੇ 'ਚ ਹੱਡ ਤੋੜ ਕੇ ਮਿਹਨਤ ਕਰਦਾ, ਸ਼ਾਮ ਨੂੰ ਪੈਸੇ ਮੰਗਦਾ ਤਾਂ ਕਹਿੰਦੇ ਕੱਲ੍ਹ, ਫੇਰ ਮੰਗਦਾ ਤਾਂ ਮੰਗਲਵਾਰ ਆਵੀਂ, ਮੰਗਲਵਾਰ ਜਾਂਦਾ ਤਾਂ ਫੇਰ ਕੱਲ੍ਹ ਤੇ ਅਖੀਰ ਕਿੰਨੇ ਹੀ ਘਰਾਂ 'ਚੋਂ ਅੱਧ-ਪਚੱਧ ਛੱਡ, ਗੰਦੀਆਂ ਗਾਲ੍ਹਾਂ ਖਾ ਕੇ ਨਿਕਲਦਾ। ਮੈਂ ਫੇਰ ਵੀ ਉੱਥੇ ਈ ਵਗਦਾ ਰਿਹਾ ਪਰ ਇੱਕ ਦਿਨ ਤੁਹਾਡੇ ਈ ਸ਼ਰੀਕ ਜੈਲੇ ਨੰਬਰਦਾਰ ਨੇ ਕੱਖ ਲੈਣ ਗਈ ਮੇਰੀ ਘਰਦੀ ਦਾ ਹੱਥ ਫੜ ਲਿਆ।

ਭਾਵੇਂ ਅਸੀਂ ਜੈਲੇ ਦੀ ਮਾਂ-ਭੈਣ ਇੱਕ ਕਰ ਦਿੱਤੀ ਪਰ ਬਦਨਾਮੀ ਫੇਰ ਵੀ ਸਾਡੀ ਈ ਹੋਈ। ਬਸ ਉਸੇ ਦਿਨ ਮੈਨੂੰ ਪਤਾ ਲੱਗ ਗਿਆ ਬਈ ਸਾਡੇ ਕਿਰਤੀਆਂ ਦੇ ਕਦੇ ਕੋਈ ਪਿੰਡ-ਸ਼ਹਿਰ ਇਲਾਕੇ ਨ੍ਹੀਂ ਹੁੰਦੇ। ਸਾਡੇ ਤਾਂ ਬੱਸ ਵਿਹੜੇ-ਮੁਹੱਲੇ ਈ ਹੁੰਦੇ ਨੇ। ਮੈਂ ਫੇਰ ਸ਼ਹਿਰ ਆ ਗਿਆ। ਹਾਲ ਤਾਂ ਭਾਵੇਂ ਇੱਥੇ ਵੀ ਠੀਕ-ਠਾਕ ਈ ਏ ਪਰ ਚਲੋ ਗੱਡੀ ਚੱਲੀ ਆਉਂਦੀ ਏ। ਮਾਸਟਰ, ਮਹਿਸੂਸ ਨਾ ਕਰੀਂ, ਹੈ ਤਾਂ ਭਾਵੇਂ ਉਹ ਤੇਰੇ ਈ ਚਾਚੇ-ਤਾਏ ਪਰ ਅਜਿਹੇ ਭੇੜੀਏ ਸਾਡਾ ਖ਼ੂਨ ਆਖਰ ਕਦੋਂ ਤੱਕ ਚੂਸਦੇ ਰਹਿਣਗੇ, ਚੂਸਦੇ ਰਹਿਣਗੇ, ਚੂਸਦੇ ਰਹਿਣਗੇ?" ਉਸ ਦੀ ਗੱਲ ਖ਼ਤਮ ਹੋਣ 'ਤੇ ਭਾਵੇਂ ਇੱਕ ਵੀ ਤਾੜੀ ਨਹੀਂ ਵੱਜੀ ਪਰ ਇੰਝ ਲੱਗਿਆ ਜਿਵੇਂ ਕਿਸੇ ਨੇ ਮੇਰੇ ਮੂੰਹ 'ਤੇ ਕਰਾਰੀ ਚਪੇੜ ਮਾਰ ਦਿੱਤੀ ਹੋਵੇ। ਉਹ ਰਾਮ-ਰਾਮ ਕਰ ਕੇ ਫੇਰ ਬੋਰੀਆਂ ਲੱਦਣ ਲੱਗ ਗਿਆ। ਮੈਂ ਵਾਪਸ ਆ ਬੀਅਰ ਦਾ ਕੈਨ ਮੂੰਹ ਨੂੰ ਲਾਇਆ ਤਾਂ ਪਤਾ ਨਹੀਂ ਕਿਉਂ ਬੇਸਵਾਦ ਜਿਹਾ ਲੱਗ ਰਿਹਾ ਸੀ।

ਅਸ਼ੋਕ ਸੋਨੀ

# ਨਿਊਯਾਰਕ ਦੇ ਮੇਅਰ ਵਿਰੁੱਧ ਰਿਸ਼ਵਤਖੋਰੀ ਤੇ ਧੋਖੇਬਾਜ਼ੀ ਸਮੇਤ ਹੋਰ ਦੋਸ਼ ਆਇਦ

## ✪ ਮੇਅਰ ਅਸਤੀਫਾ ਨਾ ਦੇਣ 'ਤੇ ਅੜਿਆ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਨਿਊਯਾਰਕ ਦੇ ਮੇਅਰ ਐਰਿਕ ਐਡਮਜ ਵਿਰੁੱਧ ਸੰਘੀ ਰਿਸ਼ਵਤਖੋਰੀ, ਧੋਖੇਬਾਜ਼ੀ ਤੇ ਫੰਡ ਇਕੱਠਾ ਕਰਨ ਲਈ ਗੈਰ ਕਾਨੂੰਨੀ ਮੁਹਿੰਮ ਚਲਾਉਣ ਸਮੇਤ ਹੋਰ ਕਈ ਦੋਸ਼ ਆਇਦ ਕੀਤੇ ਗਏ ਹਨ। ਸ਼ਹਿਰ ਦਾ ਐਡਮਜ ਪਹਿਲਾ ਮੇਅਰ ਹੈ ਜਿਸ ਵਿਰੁੱਧ ਅਹੁੱਦੇ 'ਤੇ ਰਹਿੰਦਿਆਂ ਅਪਰਾਧਕ ਦੋਸ਼ ਆਇਦ ਕੀਤੇ ਗਏ ਹਨ। ਜਨਤਿਕ ਕੀਤੇ ਗਏ 57 ਸਫਿਆਂ ਦੇ ਦੋਸ਼ ਪੱਤਰ ਅਨੁਸਾਰ ਐਡਮਜ ਤੁਰਕਿਸ਼ ਸਰਕਾਰ ਦਾ ਏਜੰਟ ਸੀ ਤੇ ਉਸ ਨੇ ਫੰਡ ਜੁਟਾਉਣ ਲਈ ਗੈਰ ਕਾਨੂੰਨੀ ਮੁਹਿੰਮ ਚਲਾਈ ਤੇ ਵਿਸ਼ਵ ਭਰ ਵਿਚ ਮੁਫਤ ਘੁੰਮਿਆ। ਯੂ ਐਸ ਅਟਾਰਨੀ ਡਮੀਅਨ ਵਿਲੀਅਮਜ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਐਡਮਜ ਨੇ ਰਿਸ਼ਵਤ ਲੈਣ ਲਈ ਸ਼ਹਿਰ ਦੇ ਸਭ ਤੋਂ ਉੱਚੇ ਚੁਣੇ ਹੋਏ ਅਹੁੱਦੇ ਦੀ ਦੁਰਵਰਤੋਂ ਕੀਤੀ। ਦੋਸ਼ ਪੱਤਰ ਅਨੁਸਾਰ ਐਡਮਜ ਨੇ ਸ਼ਹਿਰ ਦੀ ਜਨਤਿਕ ਮੁਹਿੰਮ ਵਿੱਤੀ ਪ੍ਰੋਗਰਾਮ ਤਹਿਤ 10 ਮਿਲਅਨ ਡਾਲਰ ਦੀ ਦੁਰਵਰਤੋਂ ਕੀਤੀ ਤੇ ਉਸ ਨੇ ਫਰਾਂਸ, ਚੀਨ, ਸ੍ਰੀ ਲੰਕਾ, ਭਾਰਤ, ਹੰਗਰੀ ਤੇ ਤੁਰਕੀ ਦੇ ਮੁਫਤ ਦੌਰਿਆਂ ਲਈ ਇਕ ਲੱਖ ਡਾਲਰ ਲਏ। ਦੋਸ਼ ਪੱਤਰ ਅਨੁਸਾਰ ਜਿਉਂ ਹੀ ਐਡਮਜ ਦੀ ਪ੍ਰਸਿੱਧੀ ਤੇ ਤਾਕਤ ਵਧੀ ਤਾਂ ਉਸ ਦੇ ਵਿਦੇਸ਼ੀ ਮੱਦਦਗਾਰਾਂ ਨੇ ਉਸ ਨਾਲ ਆਪਣੇ ਭ੍ਰਿਸ਼ਟ ਸੰਬਧਾਂ ਕਾਰਨ ਪੈਸੇ ਦੀ ਮੰਗ ਕੀਤੀ। ਐਡਮਜ ਗੈਰ ਕਾਨੂੰਨੀ ਲਾਭਾਂ ਦੇ ਬਦਲੇ ਉਨਾਂ ਨਾਲ ਅਨੁਕੂਲ ਵਿਵਹਾਰ ਕਰਨ ਲਈ ਸਹਿਮਤ ਹੋਇਆ। ਇਸੇ ਦੌਰਾਨ ਮੇਅਰ ਉਪਰ ਅਸਤੀਫਾ ਦੇਣ ਲਈ ਦਬਾਅ ਪਾਇਆ ਜਾ ਰਿਹਾ ਹੈ ਪਰੰਤੂ ਮੇਅਰ ਜੋ ਸਾਬਕਾ ਪੁਲਿਸ ਕੈਪਟਨ ਹੈ, ਚੁਣੌਤੀ ਨੂੰ ਸਵਿਕਾਰ ਕਰਨ ਲਈ ਅਟੱਲ ਹੈ ਤੇ ਉਹ ਅਸਤੀਫਾ ਨਾ ਦੇਣ 'ਤੇ ਅੜਿਆ ਹੋਇਆ ਹੈ। ਐਡਮਜ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪਿਛਲੇ 10 ਮਹੀਨਿਆਂ ਦੌਰਾਨ ਜੋ ਟੀਕਾ ਟਿਪਣੀ ਹੋਈ ਹੈ ਉਸ ਨਾਲ ਮੈਨੂੰ ਕੋਈ ਹੈਰਾਨੀ ਨਹੀਂ ਹੋਈ। ਮੈ ਨਿਊਯਾਰਕ ਵਾਸੀਆਂ ਨੂੰ ਕਹਿਣਾ ਚਹੁੰਦਾ ਹਾਂ ਕਿ ਉਹ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਮੇਰੇ ਵੱਲੋਂ ਮਾਮਲੇ 'ਤੇ ਰਖੇ ਜਾਣ ਵਾਲੇ ਪੱਖ ਨੂੰ ਜਰੂਰ ਸੁਣਨ। ਇਥੇ ਜਿਕਰਯੋਗ ਹੈ ਕਿ ਸੰਘੀ ਅਧਿਕਾਰੀਆਂ ਨੇ ਪਿਛਲੇ ਮਹੀਨਿਆਂ ਦੌਰਾਨ ਉਸ ਦਾ ਫੋਨ ਜ਼ਬਤ ਕਰ ਲਿਆ ਸੀ ਤੇ ਉਸ ਦੀ ਫੰਡ ਜੁਟਾਉਣ ਲਈ ਮੁਹਿੰਮ ਨਾਲ ਜੁੜੇ ਲੋਕਾਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਸੀ।

## ਕੈਲੀਫੋਰਨੀਆ ਵਿਚ ਹੰਗਾਮੀ ਹਾਲਤ ਵਿਚ ਸੜਕ ਉਪਰ ਉਤਾਰੇ ਜਹਾਜ਼ ਵਿਚੋਂ ਭਾਰੀ ਮਾਤਰਾ ਵਿਚ ਨਸ਼ੀਲੇ ਪਦਾਰਥ ਮਿਲੇ, 2 ਗ੍ਰਿਫਤਾਰ




ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਦੱਖਣੀ ਕੈਲੀਫੋਰਨੀਆ ਰਾਸ਼ਟਰੀ ਮਾਰਗ 'ਤੇ ਇਕ ਇੰਜਣ ਵਾਲੇ ਜਹਾਜ਼ ਨੂੰ ਹੰਗਾਮੀ ਹਾਲਤ ਵਿਚ ਉਤਾਰੇ ਜਾਣ ਦੀ ਖਬਰ ਹੈ। ਮੌਕੇ 'ਤੇ ਪੁੱਜੇ ਪੁਲਿਸ ਅਫਸਰਾਂ ਵੱਲੋਂ ਤਲਾਸ਼ੀ ਲੈਣ 'ਤੇ ਜਹਾਜ਼ ਵਿਚੋਂ ਭਾਰੀ ਮਾਤਰਾ ਵਿਚ ਨਸ਼ੀਲੇ ਪਦਾਰਥ ਬਰਾਮਦ ਹੋਏ। ਜਿਸ ਉਪਰੰਤ ਜਹਾਜ਼ ਵਿਚ ਸਵਾਰ 2 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਓਸ਼ੀਅਨ ਸਾਈਡ ਪੁਲਿਸ ਵਿਭਾਗ ਅਨੁਸਾਰ ਪਾਈਪਰ ਪੀ ਏ-28 ਜਹਾਜ਼ ਰਾਸ਼ਟਰੀ ਮਾਰਗ-76 ਉਪਰ ਕੇਨਾਇਨ ਡਰਾਈਵ ਨੇੜੇ ਤੜਕਸਾਰ 1.43 ਵਜੇ ਦੇ ਆਸ ਪਾਸ ਉਤਰਿਆ। ਵਿਭਾਗ ਅਨੁਸਾਰ ਪਾਇਲਟ ਨੇ ਪੁਲਿਸ ਨੂੰ ਦੱਸਿਆ ਕਿ ਜਹਾਜ਼ ਦਾ ਇੰਜਣ ਫੇਲ ਹੋ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਜਹਾਜ਼ ਵਿਚ ਸਵਾਰ ਵਿਅਕਤੀ ਜ਼ਖਮੀ ਨਹੀਂ ਹੋਏ ਹਨ। ਜਦੋਂ ਪੁਲਿਸ ਅਫਸਰਾਂ ਨੇ ਜਹਾਜ਼ ਦੀ ਤਲਾਸ਼ੀ ਲਈ ਤਾਂ ਉਸ ਵਿਚੋਂ ਭਾਰੀ ਮਾਤਰਾ ਵਿਚੋਂ ਨਸ਼ੀਲੇ ਪਦਾਰਥ ਮਿਲੇ ਜਿਸ ਉਪਰੰਤ 2 ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਜੋ ਓਸ਼ੀਅਨ ਸਾਈਡ ਦੇ ਵਸਨੀਕ ਹਨ। ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ ਸਮੁੱਚੀ ਘਟਨਾ ਦੀ ਜਾਂਚ ਕਰ ਰਿਹਾ ਹੈ। ਪੁਲਿਸ ਨੇ ਬਰਾਮਦ ਹੋਏ ਨਸ਼ੀਲੇ ਪਦਾਰਥਾਂ ਦਾ ਵੇਰਵਾ ਜਾਰੀ ਨਹੀਂ ਕੀਤਾ ਹੈ।


## ਰਾਮਗੜ੍ਹੀਆ ਸਭਾ ਮਿਲਟਨ ਕੀਨਜ਼ ਵਿਖੇ (ਇਕ ਧਾਰਮਿਕ ਸੇਵਾਦਾਰ) ਦੀ ਤੁਰੰਤ ਲੋੜ ਹੈ

ਉਮੀਦਵਾਰ ਸਿੱਖ ਰਹਿਤ ਮਰਿਯਾਦਾ ਵਿਚ ਪੂਰਾ ਅਤੇ ਨਿੱਤਨੇਮੀ ਹੋਵੇ, ਸ਼ੁੱਧ ਪਾਠ ਕਰਨ, ਅਤੇ ਗੁਰਦੁਆਰਾ ਸਾਹਿਬ ਵਿਖੇ ਲੋੜ ਅਨੁਸਾਰ ਸਾਰੀਆਂ ਸੇਵਾਵਾਂ ਨਿੱਭਾਅ ਸਕਣ ਦੇ ਯੋਗ ਹੋਵੇ / ਹੋਣਾ ਚਾਹੀਦਾ ਹੈ ।

ਮੁੱਖ ਸੇਵਾਵਾਂ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਸੁਖਆਸਣ ਸਮੇਂ ਹੈਡ–ਗ੍ਰੰਥੀ ਜੀ ਨੂੰ ਸਹਿਯੋਗ ਦੇਣਾ, ਨਿਤਨੇਮ, ਅਖੰਡ ਪਾਠ ਸਾਹਿਬ, ਸਹਿਜ ਪਾਠ, ਸੁਖਮਨੀ ਸਾਹਿਬ, ਦਾ ਪਾਠ ਅਤੇ ਹਫਤਾਵਾਰੀ ਪ੍ਰੋਗਰਾਮ ਅਤੇ ਹੋਰ ਲੋੜੀਂਦੇ ਧਾਰਮਿਕ ਕਾਰਜਾਂ ਸਮੇਂ ਗੁਰਮਤਿ ਅਨੁਸਾਰ ਹੈਡ ਗ੍ਰੰਥੀ ਜੀ ਨੂੰ ਸਹਿਯੋਗ ਦੇਕੇ ਸੇਵਾਵਾਂ ਨਿਭਾਉਣੀਆਂ ।

ਯੂ ਕੇ ਦੇ ਰੁਜ਼ਗਾਰ (ਇੰਪਲੋਆਇਮੈਂਟ) ਕਨੂੰਨ ਮੁਤਾਬਿਕ ਤਨਖਾਹ, ਰਿਹਾਇਸ਼ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ । ਯੂ ਕੇ ਵਿਚ ਕੰਮ ਕਰਨ ਦੀ ਕਾਨੂੰਨੀ ਆਗਿਆ ਹੋਣੀ ਲਾਜ਼ਮੀ ਹੈ ਅਤੇ ਯੂ ਕੇ ਵਿਚ ਪੱਕੇ ਰਹਿ ਰਹੇ ਪ੍ਰਾਰਥੀਆਂ ਨੂੰ ਪਹਿਲ ਦਿਤੀ ਜਾਵੇਗੀ ।

ਚਾਹਵਾਨ ਗੁਰਸਿੱਖ ਸੇਵਾਦਾਰ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਨਾਲ ਹੇਠ ਲਿਖੇ ਨੰਬਰ ਤੇ ਸੰਪਰਕ ਕਰ ਸਕਦੇ ਹਨ । ਅਰਜ਼ੀਆਂ ਅਤੇ ਸੀਵੀ (CV) ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਨੂੰ ਹੇਠਾਂ ਲਿਖੇ ਈਮੇਲ ਤੇ 25 ਅਕਤੂਬਰ 2024 ਤੱਕ ਭੇਜਣ ਦੀ ਕਿਰਪਾਲਤਾ ਕਰਨੀ ਜੀ।

**CLOSING DATE FOR APPLICATIONS IS 25TH OCTOBER 2024.**

**For more information, please contact the General Secretary via email at: rsmksabha1995@gmail.com.**

**Interested candidates please send your application/CV to the General Secretary via Email at: rsmksabha1995@gmail.com.**

## VACANCY FOR RELIGIOUS WORKER (TIER 5) AT RAMGARHIA SABHA, MILTON KEYNES

**Job requirement:** Applicant must have relevant experience in a similar role and must be capable to perform all religious ceremonies according to the Sikh Rehat Maryada. Knowledge and understanding of Sikh religion and Sikh way of life. Good written and oral command of Punjabi language.

**Duties & responsibilities:**
To undertake non-pastoral work and support activities to assist the Minister of Religion (Head Priest) as and when required at all religious duties within the organisation.
Duties include reading of the Sri Guru Granth Sahib Ji, participating in weekly diwans to support the activities of the Gurudwara. Performing Akhand Path, Sehaj Path, assist in Kirtan and reciting daily prayers from Sri Guru Granth Sahib Ji. Co-ordinate all religious programs and events in promotion of Sikh way of life. Undertake any other reasonable religious duties/activities in pursuing the organisation's religious programs.

**Please note:** This is not a Pastoral role and duties will not include leading a congregation.

**Salary:** According to UK Employment Law and National minimum wage for a minimum of 35 hours a week.

**Employee Benefits:** Free Food and subsidised accommodation will be provided at the Gurudwara Sahib.

**Other requirements:** Applicant has to be a UK resident or must have the right to work in the UK.
Must be able to provide references from previous employers.
The successful applicant will be required to abide by the Sikh moral codes of conduct and practice.

## RAMGARHIA SABHA MILTON KEYNES

TILERS ROAD, KILN FARM, MILTON KEYNES MK11 3LH

# ਰੋਜ਼ਾਨਾ 20 ਕਿਲੋਮੀਟਰ ਦੌੜ ਕੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਲਈ ਪਹੁੰਚਿਆ ਨੌਜਵਾਨ

## ✪ ਉਹ ਖੇਡਾਂ ਰਾਹੀਂ ਆਪਣੇ ਸਿੱਖ ਧਰਮ ਨੂੰ ਪ੍ਰਫੁੱਲਿਤ ਕਰਨਾ ਚਾਹੁੰਦਾ ਏ




ਅੰਮ੍ਰਿਤਸਰ-ਆਪਣੇ ਪਿਤਾ ਸੁਖਵੰਤ ਸਿੰਘ ਜੋ ਕਿ ਹਾਕੀ ਦੇ ਹਰਿਆਣਾ ਸਟੇਟ ਖਿਡਾਰੀ ਹਨ, ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚਲਦਿਆਂ ਅਮਰਪ੍ਰੀਤ ਸਿੰਘ ਨਾਮਕ ਨੌਜਵਾਨ ਅੰਬਾਲਾ ਤੋਂ ਰੋਜ਼ਾਨਾ 20 ਕਿਲੋਮੀਟਰ ਦੌੜਨ ਤੋਂ ਬਾਅਦ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਪਹੁੰਚਿਆ। ਇਸ ਦੌਰਾਨ ਅਮਰਪ੍ਰੀਤ ਸਿੰਘ ਨੇ ਦਰਬਾਰ ਸਾਹਿਬ ਵਿਖੇ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਅਮਰਪ੍ਰੀਤ ਨੇ ਦੱਸਿਆ ਕਿ ਉਸਦਾ ਇਹ ਸ਼ੌਕ 2015 ਤੋਂ ਸ਼ੁਰੂ ਹੋਇਆ ਸੀ ਅਤੇ ਪਿਤਾ ਦੀ ਮੌਤ ਤੋਂ ਬਾਅਦ ਘਰ ਦਾ ਗੁਜ਼ਾਰਾ ਦਾਦਾ ਜਿਹਦੀ ਬਿਜਲੀ ਬੋਰਡ ਦੀ ਪੈਨਸ਼ਨ ਤੋਂ ਹੁੰਦਾ ਸੀ।

ਅਮਰਪ੍ਰੀਤ ਸਿੰਘ ਨੇ ਦੱਸਿਆ ਕਿ ਉਸਨੇ ਦੌੜ ਆਪਣੇ ਪਿੰਡ ਤੋਂ ਸ਼ੁਰੂ ਕੀਤੀ ਸੀ ਜਿਸ ਵਿਚ ਉਹ ਰੋਜ਼ਾਨਾ 20 ਕਿਲੋਮੀਟਰ ਦੌੜ ਲਗਾਉਂਦਾ ਸੀ ਅਤੇ ਬੀਤੇ ਦਿਨੀਂ ਉਸਨੇ ਸ੍ਰੀ ਦਰਬਾਰ ਸਾਹਿਬ ਵਿਖੇ ਪਹੁੰਚ ਕੇ ਆਪਣੀ ਦੌੜ ਖ਼ਤਮ ਕੀਤੀ ਸੀ।

ਅਮਨਪ੍ਰੀਤ ਨੇ ਕਿਹਾ ਉਸ ਨੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ ਅਕਾਲ ਪੁਰਖ ਦਾ ਆਸ਼ੀਰਵਾਦ ਲਿਆ ਹੈ। 20 ਕਿਲੋਮੀਟਰ ਦੀ ਦੌੜ ਲਈ ਕਰੀਬ ਡੇਢ ਤੋਂ ਦੋ ਘੰਟੇ ਦਾ ਸਮਾਂ ਲੱਗਦਾ ਸੀ। ਜਦ ਉਸਨੂੰ ਪੁੱਛਿਆ ਗਿਆ ਕਿ ਇਹ ਦੌੜ ਕਿਉਂ ਲਗਾ ਰਹੇ ਹਨ ਤਾਂ ਉਸਨੇ ਦੱਸਿਆ ਕਿ ਉਹ ਆਪਣੇ ਧਰਮ ਨੂੰ ਪ੍ਰਫੁੱਲਿਤ ਕਰਨਾ ਚਾਹੁੰਦੇ ਹਨ ਅਤੇ ਜਨਤਾ ਨੂੰ ਦੱਸਣਾ ਚਾਹੁੰਦੇ ਹਨ ਕਿ ਸਿੱਖ ਕੌਮ ਇੱਕ ਵਿਲੱਖਣ ਕੌਮ ਹੈ। ਉਨ੍ਹਾਂ ਦੱਸਿਆ ਕਿ ਉਹ ਹਰਿਆਣਾ ਸਟੇਟ 'ਚ ਛੇ ਮੈਡਲ ਐਥਲੈਟਿਕਸ ਵਿਚ ਜਿੱਤ ਚੁੱਕਾ ਹੈ ਪਰ ਸਰਕਾਰ ਨੇ ਉਹਨਾਂ ਦੀ ਕੋਈ ਵੀ ਮਦਦ ਨਹੀਂ ਕੀਤੀ, ਜਿਸ ਕਰਕੇ ਉਹ ਆਪਣਾ ਇਹ ਹੁਨਰ ਲੋਕਾਂ ਦੀ ਕਚਹਿਰੀ ਵਿੱਚ ਖੁਦ ਲੈ ਕੇ ਜਾ ਰਿਹਾ ਹੈ। ਨੌਜਵਾਨ ਦਾ ਕਹਿਣਾ ਹੈ ਕਿ ਉਹ ਇੱਕ ਖਿਡਾਰੀ ਹੈ ਅਤੇ ਉਹ ਆਪਣੇ ਖੇਡ ਦੇ ਜ਼ਰੀਏ ਆਪਣੀ ਸਿੱਖ ਕੌਮ ਦਾ ਪ੍ਰਚਾਰ ਕਰ ਰਿਹਾ ਹੈ। ਦੱਸ ਦੇਈਏ ਇਸ ਸਾਰੇ ਸਫ਼ਰ ਦੌਰਾਨ ਉਸਦਾ ਇੱਕ ਦੋਸਤ ਮੋਟਰਸਾਈਕਲ 'ਤੇ ਉਸ ਦੀ ਵੀਡੀਓ ਵੀ ਬਣਾਉਂਦਾ ਰਿਹਾ ਹੈ।

# ਸ਼੍ਰੋਮਣੀ ਕਮੇਟੀ ਨੇ ਹਾਕੀ ਖਿਡਾਰੀ ਜਰਮਨਪ੍ਰੀਤ ਸਿੰਘ ਦਾ 5 ਲੱਖ ਨਾਲ ਕੀਤਾ ਸਨਮਾਨ

## ✪ ਸਾਬਤ ਸੂਰਤ ਸਿੱਖ ਖਿਡਾਰੀ ਹੋਣ ਕਾਰਨ ਕੀਤਾ ਸਨਮਾਨਿਤ



ਅੰਮ੍ਰਿਤਸਰ-ਪੈਰਿਸ ਓਲੰਪਿਕ ਵਿਚ ਕਾਂਸੇ ਦਾ ਤਗਮਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੇ ਸਾਬਤ ਸੂਰਤ ਸਿੱਖ ਖਿਡਾਰੀ ਜਰਮਨਪ੍ਰੀਤ ਸਿੰਘ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਸਾਬਤ ਸੂਰਤ ਸਿੱਖ ਖਿਡਾਰੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਨ ਫੈਸਲਾ ਕੀਤਾ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿਰੋਪਾਓ, ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ ਤੇ 5 ਲੱਖ ਰੁਪਏ ਦਾ ਚੈੱਕ ਦੇ ਕੇ ਜਰਮਨਪ੍ਰੀਤ ਸਿੰਘ ਨੂੰ ਸਨਮਾਨਿਤ ਕੀਤਾ। ਇਸ ਦੇ ਨਾਲ ਹੀ ਹਰਿਆਣਾ ਨਾਲ ਸਬੰਧਤ ਦੌੜਾਕ ਅਮਰਪ੍ਰੀਤ ਸਿੰਘ ਨੂੰ ਵੀ 1 ਲੱਖ ਰੁਪਏ ਦੀ ਸਨਮਾਨ ਰਾਸ਼ੀ ਦਿੱਤੀ ਗਈ।

ਇਹ ਨੌਜਵਾਨ ਅੰਬਾਲਾ ਤੋਂ ਦੌੜਦਾ ਹੋਇਆ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਨਤਮਸਤਕ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁੱਜਾ ਸੀ। ਇਸ ਮੌਕੇ ਹਾਕੀ ਖਿਡਾਰੀ ਜਰਮਨਪ੍ਰੀਤ ਸਿੰਘ ਨੇ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਸਾਬਤ ਸੂਰਤ ਰਹਿੰਦਿਆਂ ਖੇਡਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ।

# ਕੌਮਾਂਤਰੀ ਸਰਹੱਦ ਨੇੜੇ ਬੀਐਸਐਫ ਤੇ ਨਸ਼ਾ ਤਸਕਰਾਂ ਵਿਚਾਲੇ ਹੋਇਆ ਮੁਕਾਬਲਾ

## ✪ ਹੈਰੋਇਨ ਤੇ ਅਸਲੇ ਸਣੇ ਦੋ ਨਸ਼ਾ ਤਸਕਰ ਕਾਬੂ



ਫ਼ਾਜ਼ਿਲਕਾ-ਭਾਰਤ-ਪਾਕਿ ਕੌਮਾਂਤਰੀ ਸਰਹੱਦ ਨੇੜਿਓਂ ਬੀਐਸਐਫ ਦੇ ਜਵਾਨਾਂ ਨੇ ਹੈਰੋਇਨ ਤੇ ਅਸਲੇ ਸਣੇ ਦੋ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ। ਜਾਣਕਾਰੀ ਮੁਤਾਬਿਕ ਪਾਕਿਸਤਾਨ ਤੋਂ ਆਈ ਹੈਰੋਇਨ ਦੀ ਖੇਪ ਲੈਣ ਗਏ ਤਸਕਰਾਂ ਨੇ ਬੀਐੱਸਐੱਫ ਜਵਾਨਾਂ 'ਤੇ ਗੋਲ਼ੀਆਂ ਚਲਾ ਦਿੱਤੀਆਂ। ਜਵਾਨਾਂ ਨੇ ਵੀ ਜਵਾਬੀ ਗੋਲ਼ੀਬਾਰੀ ਕਰ ਕੇ ਦੋਵਾਂ ਨੂੰ ਘੇਰ ਕੇ ਗ੍ਰਿਫ਼ਤਾਰ ਕਰ ਲਿਆ ਗਿਆ। ਦੋਵਾਂ ਤਸਕਰਾਂ ਦੀ ਨਿਸ਼ਾਨਦੇਹੀ 'ਤੇ ਹੈਰੋਇਨ ਦੇ ਪੈਕਟ ਤੇ ਨਜਾਇਜ਼ ਹਥਿਆਰ ਬਰਾਮਦ ਕੀਤੇ ਗਏ। ਫਿਲਹਾਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਫੜੇ ਗਏ ਮੁਲਜ਼ਮਾਂ ਦੀ ਪਛਾਣ ਸੁਖਦੇਵ ਸਿੰਘ ਵਾਸੀ ਨੌਬਹਿਰਾਮ ਤਹਿਸੀਲ ਗੁਰੂਹਰਸਹਾਏ ਜ਼ਿਲ੍ਹਾ ਫ਼ਿਰੋਜ਼ਪੁਰ ਤੇ ਕੁਲਵਿੰਦਰ ਸਿੰਘ ਵਾਸੀ ਹਜ਼ਾਰਾ ਰਾਮ ਸਿੰਘ ਵਾਲਾ ਜ਼ਿਲ੍ਹਾ ਫ਼ਾਜ਼ਿਲਕਾ ਵਜੋਂ ਹੋਈ ਹੈ।

# ਡਰਗ ਸਮਗਲਰ ਦੀ ਕਰੋੜਾਂ ਰੁਪਏ ਦੀ ਪ੍ਰਾਪਰਟੀ ਪੁਲਸ ਵਲੋਂ ਫ੍ਰੀਜ਼



ਸਾਹਨੇਵਾਲ-ਪੰਜਾਬ ਪੁਲਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਸ਼ੁਰੂ ਕੀਤੀ ਗਈ ਪ੍ਰਾਪਰਟੀ ਫ੍ਰੀਜ਼ ਕਰਨ ਦੀ ਕਾਰਵਾਈ ਤਹਿਤ ਏਡੀਸੀਪੀ.-4 ਦੇ ਏਰੀਏ ਹੇਠ ਆਉਂਦੇ ਥਾਣਾ ਕੂੰਮਕਲਾਂ ਵਿਚ ਪੈਂਦੇ ਪਿੰਡ ਚੌਂਤਾ ਦੇ ਇਕ ਨਸ਼ਾ ਤਸਕਰ ਦੀ ਕਰੋੜਾਂ ਰੁਪਏ ਦੀ ਪ੍ਰਾਪਰਟੀ ਫ੍ਰੀਜ਼ ਕੀਤੀ ਗਈ ਹੈ।ਏ.ਡੀ.ਸੀ.ਪੀ.-4 ਪ੍ਰਭਜੋਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਥਾਣਾ ਕੂੰਮਕਲਾਂ ਦੇ ਇੰਚਾਰਜ ਜਗਦੀਪ ਸਿੰਘ ਨਾਲ ਪਿੰਡ ਚੌਂਤਾ ਦੇ ਰਹਿਣ ਵਾਲੇ ਜਸਵੀਰ ਸਿੰਘ ਉਰਫ ਜਸਵੀਰ ਚੰਦ ਬਿੱਟੂ ਜੋ ਚਿੱਟੇ ਤੇ ਹੋਰ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਕਰਦਾ ਹੈ, ਦੀ ਉੱਚ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜਾਇਦਾਦ, ਜਿਸ 'ਚ 20 ਕਨਾਲ ਅਤੇ 10 ਮਰਲੇ ਕੀਮਤ 4 ਕਰੋੜ 30 ਲੱਖ, 30 ਹਜ਼ਾਰ ਰੁਪਏ ਫ੍ਰੀਜ਼ ਕੀਤੀ ਗਈ ਹੈ। ਜਸਵੀਰ ਚੰਦ ਉਰਫ ਬਿੱਟੂ ਦੇ ਪਰਿਵਾਰ ਨੂੰ ਹੱਥ ਦਸਤੀ ਨੋਟਿਸ ਤਾਮੀਲ ਕਰਵਾਏ ਗਏ ਹਨ। ਜਸਵੀਰ ਸਿੰਘ ਉਰਫ ਬਿੱਟੂ ਇਹ ਪ੍ਰਾਪਰਟੀ ਅੱਗੇ ਹੋਰ ਕਿਸੇ ਨੂੰ ਵੀ ਵੇਚ ਜਾਂ ਟ੍ਰਾਂਸਫਰ ਨਹੀਂ ਕਰ ਸਕੇਗਾ। ਥਾਣਾ ਇੰਚਾਰਜ ਜਗਦੀਪ ਸਿੰਘ ਗਿੱਲ ਨੇ ਦੱਸਿਆ ਕਿ ਜਸਵੀਰ ਬਿੱਟੂ ਖਿਲਾਫ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਸਮੱਗਲਿੰਗ ਦੇ 3 ਮਾਮਲੇ ਥਾਣਾ ਕੂੰਮਕਲਾਂ ਵਿਚ ਦਰਜ ਹਨ।

# ਪ੍ਰੇਮ ਜਾਲ ਵਿਚ ਫਸਾ ਸਰਕਾਰੀ ਮਹਿਲਾ ਮੁਲਾਜ਼ਮ ਨਾਲ 28 ਲੱਖ ਦੀ ਠੱਗੀ ਮਾਰੀ, ਕੇਸ ਦਰਜ

ਗੜ੍ਹਦੀਵਾਲਾ-ਐੱਸ. ਐੱਸ. ਪੀ. ਹੁਸ਼ਿਆਰਪੁਰ ਨੂੰ ਦਿੱਤੀ ਗਈ ਸ਼ਿਕਾਇਤ ਦੇ ਆਧਾਰ 'ਤੇ ਗੜ੍ਹਦੀਵਾਲਾ ਪੁਲਸ ਨੇ ਵਿਆਹ ਦਾ ਝਾਂਸਾ ਦੇ ਕੇ ਔਰਤ ਦਾ ਸਰੀਰਕ ਸ਼ੋਸ਼ਣ ਕਰਨ ਅਤੇ 28 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਰਾਜਦੀਪ ਕੌਰ ਗੜ੍ਹਦੀਵਾਲਾ ਵਲੋਂ ਐੱਸ. ਐੱਸ. ਪੀ. ਨੂੰ ਦਿੱਤੀ ਗਈ ਸ਼ਿਕਾਇਤ 'ਚ ਦੱਸਿਆ ਸੀ ਕਿ ਉਹ ਸਰਕਾਰੀ ਨੌਕਰੀ ਕਰਦੀ ਹੈ ਅਤੇ ਕਾਫ਼ੀ ਸਮੇਂ ਤੋਂ ਉਸ ਦਾ ਆਪਣੇ ਪਤੀ ਗੁਰਵਿੰਦਰ ਸਿੰਘ ਨਾਲ ਝਗੜਾ ਚੱਲ ਰਿਹਾ ਸੀ। ਇਸ ਦੌਰਾਨ 2021 ਵਿਚ ਉਸ ਦੀ ਮੁਲਾਕਾਤ ਸੁਖਵਿੰਦਰ ਸਿੰਘ ਦਸੂਹਾ ਨਾਲ ਹੋਈ, ਜਿਸ ਨੇ ਮੈਨੂੰ ਵਿਆਹ ਦਾ ਝਾਂਸਾ ਦੇ ਕੇ ਸਰੀਰਕ ਸ਼ੋਸ਼ਣ ਕੀਤਾ ਅਤੇ ਮੈਨੂੰ ਭਰੋਸੇ ਵਿਚ ਲੈ ਕੇ 28 ਲੱਖ ਰੁਪਏ ਦੀ ਠੱਗੀ ਮਾਰੀ। ਉਸ ਦਾ ਇਕ ਸੋਨੇ ਦਾ ਸੈੱਟ ਕਰੀਬ ਸਾਢੇ 3 ਤੋਲੇ ਹੜਪ ਕਰਨ ਦੀ ਗੱਲ ਸਾਹਮਣੇ ਆਈ। ਜਿਸ ਦੇ ਆਧਾਰ 'ਤੇ ਸੁਖਵਿੰਦਰ ਸਿੰਘ ਅਤੇ ਕੁਲਵਿੰਦਰ ਸਿੰਘ ਪੁੱਤਰ ਤਰਸੇਮ ਸਿੰਘ ਅਤੇ ਗੋਰਵ ਤੁਰਾ ਵਾਸੀਆਨ ਹਰਦੋਥਲਾ ਥਾਣਾ ਦਸੂਹਾ ਦੇ ਖ਼ਿਲਾਫ਼ ਮੁਕੱਦਮਾ ਦਰਜ ਕਰਨ ਲਈ ਆਪਣੀ ਇਨਕੁਆਰੀ ਦੀ ਰਿਪੋਰਟ ਤਿਆਰ ਕਰਕੇ ਐੱਸ. ਐੱਸ. ਪੀ. ਨੂੰ ਭੇਜੀ ਗਈ ਜਿਨ੍ਹਾਂ ਦੇ ਹੁਕਮਾਂ ਤਹਿਤ ਇਹ ਮੁਕੱਦਮਾ ਦਰਜ ਕੀਤਾ ਗਿਆ।

# ਹਿਜ਼ਬੁੱਲਾ ਤੋਂ ਬਾਅਦ ਹੁਣ ਹੂਤੀ ਬਾਗ਼ੀਆਂ 'ਤੇ ਇਜ਼ਰਾਈਲ ਵਲੋਂ ਹਵਾਈ ਹਮਲੇ

## ✪ ਏਅਰਸਟ੍ਰਾਈਕ, ਯਮਨ ਵਿਚ ਕਈ ਟਿਕਾਣੇ ਤਬਾਹ

ਯਮਨ-ਹਿਜ਼ਬੁੱਲਾ ਖਿਲਾਫ ਕਾਰਵਾਈ ਤੋਂ ਬਾਅਦ ਹੁਣ ਇਜ਼ਰਾਈਲ ਨੇ ਯਮਨ ਵਿਚ ਹੂਤੀ ਬਾਗੀਆਂ ਦੇ ਟਿਕਾਣਿਆਂ 'ਤੇ ਹਮਲਾ ਕੀਤਾ ਹੈ। ਇਜ਼ਰਾਈਲੀ ਫੌਜ ਅਨੁਸਾਰ ਬੀਤੇ ਦਿਨੀਂ ਇਜ਼ਰਾਈਲੀ ਹਵਾਈ ਫੌਜ ਦੇ ਲੜਾਕੂ ਜਹਾਜ਼ਾਂ ਨੇ ਯਮਨ ਦੇ ਬੰਦਰਗਾਹ ਸ਼ਹਿਰ ਹੋਦੀਦਾਹ ਵਿਚ ਹੂਤੀ ਬਾਗੀਆਂ ਦੇ ਟਿਕਾਣਿਆਂ 'ਤੇ ਦਰਜਨਾਂ ਹਮਲੇ ਕੀਤੇ। ਫੌਜੀ ਬਿਆਨ ਮੁਤਾਬਕ, "ਆਈਡੀਐੱਫ ਨੇ ਪਾਵਰ ਪਲਾਂਟਾਂ ਅਤੇ ਇਕ ਬੰਦਰਗਾਹ 'ਤੇ ਹਮਲਾ ਕੀਤਾ ਜੋ ਤੇਲ ਦਰਾਮਦ ਕਰਨ ਲਈ ਵਰਤਿਆ ਜਾਂਦਾ ਹੈ।" ਇਜਰਾਈਲ ਡੀਫੈਂਸ ਫੋਰਸ ਨੇ ਕਿਹਾ ਕਿ ਉਹ ਇਜ਼ਰਾਈਲੀ ਨਾਗਰਿਕਾਂ ਲਈ ਖਤਰਾ ਪੈਦਾ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਕਾਰਵਾਈ ਕਰੇਗਾ ਅਤੇ ਉਹਨਾਂ ਨੂੰ ਨੁਕਸਾਨ ਪਹੁੰਚਾਉਣ ਲਈ ਅਜਿਹਾ ਕਰਨਾ ਜਾਰੀ ਰੱਖੇਗਾ, ਭਾਵੇਂ ਇਸ ਨੂੰ ਕਿੰਨੀ ਵੀ ਦੂਰ ਜਾਣਾ ਪਵੇ।

# ਬੱਬੂ ਮਾਨ ਤੇ ਗਿੱਪੀ ਗਰੇਵਾਲ ਨੂੰ ਛੱਡ ਕੇ ਬਾਕੀ ਸਾਰਿਆਂ ਦੀ ਸੁਰੱਖਿਆ ਲਈ ਵਾਪਸ

## ✪ ਪੁਲਿਸ ਮੁਲਾਜ਼ਮਾਂ ਦਾ ਖਰਚਾ ਅਦਾ ਕਰਕੇ ਸੁਰੱਖਿਆ ਪ੍ਰਾਪਤ ਕਰ ਸਕਣਗੇ ਕਲਾਕਾਰ

ਪੰਜਾਬ ਪੁਲਿਸ ਨੇ ਗਿੱਪੀ ਗਰੇਵਾਲ ਅਤੇ ਬੱਬੂ ਮਾਨ ਨੂੰ ਛੱਡ ਕੇ ਸੂਬੇ ਦੇ ਸਾਰੇ ਗਾਇਕਾਂ ਤੋਂ ਸੁਰੱਖਿਆ ਵਾਪਸ ਲੈ ਲਈ ਹੈ। ਪੁਲੀਸ ਦੇ ਸੁਰੱਖਿਆ ਵਿੰਗ ਨੇ ਡੀਜੀਪੀ ਗੌਰਵ ਯਾਦਵ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਪੇਸ਼ਕਾਰੀ ਦਿੱਤੀ। ਉਸ ਦੇ ਆਧਾਰ 'ਤੇ ਪੰਜਾਬ ਪੁਲਿਸ ਨੇ ਇਹ ਕਦਮ ਚੁੱਕਿਆ ਹੈ। ਇਹ ਵੀ ਫ਼ੈਸਲਾ ਕੀਤਾ ਗਿਆ ਹੈ ਕਿ ਸਿਰਫ਼ ਉਨ੍ਹਾਂ ਨੂੰ ਸੁਰੱਖਿਆ ਦਿੱਤੀ ਜਾਵੇਗੀ, ਜਿਨ੍ਹਾਂ ਨੂੰ ਕਿਸੇ ਗੈਂਗਸਟਰ ਤੋਂ ਖ਼ਤਰਾ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਆਪਣੇ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਪੰਜਾਬ ਪੁਲਿਸ ਵਲੋਂ ਸੁਰੱਖਿਆ ਹਟਾਏ ਜਾਣ ਤੋਂ ਬਾਅਦ ਹੀ ਅਸੀਂ ਗਾਇਕਾਂ ਅਤੇ ਅਦਾਕਾਰਾਂ ਨੂੰ ਦੇਖਾਂਗੇ।



ਸੁਰੱਖਿਆ ਘਟਾ ਕੇ ਇਸਦੀ ਜਾਣਕਾਰੀ ਜਨਤਕ ਕਰਨ ਤੋਂ ਬਾਅਦ ਸਿੱਧੂ ਮੂਸੇਵਾਲਾ ਦਾ ਵੀ ਕਤਲ ਕਰ ਦਿੱਤਾ ਗਿਆ ਸੀ। ਪੁਲੀਸ ਅਨੁਸਾਰ ਤਨਖ਼ਾਹ ਵਾਲੀ ਸੁਰੱਖਿਆ ਲਈ ਲੋੜੀਂਦੇ ਸੁਰੱਖਿਆ ਮੁਲਾਜ਼ਮਾਂ ਦੀ ਗਿਣਤੀ ਦੇ ਹਿਸਾਬ ਨਾਲ ਉਨ੍ਹਾਂ ਦੀ ਛੇ ਮਹੀਨਿਆਂ ਦੀ ਤਨਖਾਹ ਸਰਕਾਰ ਕੋਲ ਐਡਵਾਂਸ ਵਿੱਚ ਜਮ੍ਹਾਂ ਕਰਵਾਉਣੀ ਪਵੇਗੀ। ਉਸ ਨੂੰ ਆਪਣੀ ਆਈਟੀ ਰਿਟਰਨ ਦੇ ਦਸਤਾਵੇਜ਼ ਵੀ ਪ੍ਰਦਾਨ ਕਰਨੇ ਹੋਣਗੇ। ਉਨ੍ਹਾਂ ਦੀ ਤਸਦੀਕ ਤੋਂ ਬਾਅਦ ਹੀ ਪੇਡ ਸੁਰੱਖਿਆ ਪ੍ਰਦਾਨ ਕਰਨ ਦਾ ਫੈਸਲਾ ਲਿਆ ਜਾਵੇਗਾ।

ਪੰਜਾਬ ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਕਿਸੇ ਵੀ ਕਲਾਕਾਰ ਨੂੰ ਕਿਸੇ ਕਾਰਨ ਸੁਰੱਖਿਆ ਦੀ ਲੋੜ ਹੈ ਤਾਂ ਉਹ ਪੁਲਿਸ ਮੁਲਾਜ਼ਮਾਂ ਦਾ ਖਰਚਾ ਅਦਾ ਕਰਕੇ ਸੁਰੱਖਿਆ ਪ੍ਰਾਪਤ ਕਰ ਸਕਦਾ ਹੈ। ਜੇਕਰ ਕੋਈ ਕਲਾਕਾਰ ਸੁਰੱਖਿਆ ਲਈ ਅਰਜ਼ੀ ਦਿੰਦਾ ਹੈ ਤਾਂ ਉਸ ਦੀ ਪੂਰੀ ਰਿਪੋਰਟ ਖੁਫੀਆ ਏਜੰਸੀਆਂ ਵੱਲੋਂ ਤਿਆਰ ਕੀਤੀ ਜਾਵੇਗੀ। ਜੇਕਰ ਉਹ ਮਾਪਦੰਡਾਂ 'ਤੇ ਖਰਾ ਉਤਰਦਾ ਹੈ ਤਾਂ ਹੀ ਮੁਫ਼ਤ ਸੁਰੱਖਿਆ ਪ੍ਰਦਾਨ ਕੀਤੀ ਜਾਵੇਗੀ।

# ਸਰਦੂਲਗੜ੍ਹ ਦੀ ਧੀ ਟੋਰਾਂਟੋ ਪੁਲਿਸ ਵਿਚ ਹੋਈ ਭਰਤੀ...ਪੰਜਾਬ ਦਾ ਨਾਮ ਚਮਕਾਇਆ



ਸਰਦੂਲਗੜ੍ਹ-ਮਾਨਸਾ ਦੇ ਸਰਦੂਲਗੜ੍ਹ ਦੀ ਧੀ ਟੋਰਾਂਟੋ ਪੁਲਿਸ ਵਿਚ ਭਰਤੀ ਹੋਈ ਹੈ। ਨਵਕਿਰਨ ਨੇ ਆਪਣੀ ਸਕੂਲੀ ਪੜ੍ਹਾਈ ਸਰਦੂਲੇਵਾਲਾ ਤੋਂ ਕੀਤੀ ਹੈ। ਸਕੂਲ ਦੇ ਪ੍ਰਿੰਸੀਪਲ ਨੇ ਦੱਸਿਆ ਕਿ ਇਹ ਸ਼ਾਨਦਾਰ ਪ੍ਰਾਪਤੀ ਨਵਕਿਰਨ ਦੇ ਸਮੱਰਪਣ, ਲਗਨ ਅਤੇ ਸਮਾਜ ਦੀ ਸੇਵਾ ਕਰਨ ਦੇ ਜਨੂੰਨ ਦਾ ਪ੍ਰਮਾਣ ਹੈ। ਮੀਰਾ ਪਬਲਿਕ ਸਕੂਲ ਤੋਂ ਟੋਰਾਂਟੋ ਪੁਲਿਸ ਵਿਭਾਗ ਤੱਕ ਦੀ ਯਾਤਰਾ ਵਿਦਿਆਰਥੀਆਂ ਲਈ ਇਕ ਪ੍ਰੇਰਨਾ ਹੈ। ਪ੍ਰਤਿਭਾਸ਼ਾਲੀ ਅਤੇ ਜ਼ਿੰਮੇਵਾਰ ਵਿਦਿਆਰਥੀਆਂ ਨੂੰ ਪਾਲਣ ਲਈ ਸਕੂਲ ਦੀ ਵਚਨਬੱਧਤਾ ਦੀ ਇੱਕ ਸ਼ਾਨਦਾਰ ਉਦਾਹਰਣ ਹੈ।

# 85 ਸਾਲਾ ਬਜ਼ੁਰਗ ਨੇ 9 ਸਾਲਾ ਬੱਚੀ ਨਾਲ ਕੀਤਾ ਬਲਾਤਕਾਰ



ਅੰਮ੍ਰਿਤਸਰ-ਇੱਥੇ ਇਕ 85 ਸਾਲਾ ਬਜ਼ੁਰਗ ਨੇ ਆਪਣੀ ਗੁਆਂਢ ਵਿਚ ਰਹਿੰਦੀ 9 ਸਾਲਾ ਬੱਚੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ। ਇਸ ਮਗਰੋਂ ਬੱਚੀ ਦੀ ਤਬੀਅਤ ਵਿਗੜ ਗਈ। ਪੁਲਸ ਵੱਲੋਂ ਉਕਤ ਬਜ਼ੁਰਗ ਦੇ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਇਸ ਗੱਲ ਦਾ ਭੇਤ ਉੱਦੋਂ ਖੁੱਲ੍ਹਿਆ ਜਦੋਂ ਬੱਚੀ ਨੂੰ ਉਲਟੀਆਂ ਆਉਣ ਲੱਗ ਪਈਆਂ। ਉਕਤ ਘਟਨਾ ਦਾ ਪਤਾ ਲੱਗਣ 'ਤੇ ਸਥਾਨਕ ਲੋਕਾਂ ਨੇ ਮੁਲਜ਼ਮ ਦੀ ਛਿੱਤਰ ਪਰੇਡ ਕੀਤੀ। ਪੁਲਸ ਨੇ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰ ਲਿਆ।

# ਡਰੱਗ ਸਮਗਲਰ ਦੀ 4.30 ਕਰੋੜ ਦੀ ਜਾਇਦਾਦ ਸੀਲ

ਮਾਛੀਵਾੜਾ-ਕੂੰਮਕਲਾਂ ਪੁਲੀਸ ਨੇ ਪਿੰਡ ਚੌਂਤਾ ਨਾਲ ਸਬੰਧਤ ਨਸ਼ਾ ਤਸਕਰ ਜਸਵੀਰ ਸਿੰਘ ਬਿੱਟੂ ਦੀ 4.30 ਕਰੋੜ ਦੀ ਜਾਇਦਾਦ ਕੁਰਕ ਕਰ ਦਿੱਤੀ ਹੈ। ਸਹਾਇਕ ਪੁਲੀਸ ਕਮਿਸ਼ਨਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਦੀ 20 ਕਨਾਲ 10 ਮਰਲੇ ਜ਼ਮੀਨ ਜਿਸ ਦੀ ਕੀਮਤੀ 4 ਕਰੋੜ 30 ਲੱਖ 30 ਹਜ਼ਾਰ ਰੁਪਏ ਹੈ, ਅਟੈਚ ਕਰ ਲਈ ਹੈ।

# ਕੰਟਰੈਕਟ ਮੈਰਿਜ ਕਰਵਾਕੇ ਯੂਕੇ ਲਿਜਾਣ ਦਾ ਲਾਲਚ ਦੇਕੇ ਕੁੜੀ ਨੇ 5 ਲੱਖ ਠੱਗੇ

## ✪ ਠੱਗ ਲੜਕੀ ਖਿਲਾ.ਫ ਠੱਗੀ ਦਾ ਮਾਮਲਾ ਦਰਜ

ਭਵਾਨੀਗੜ੍ਹ-ਇਕ ਲੜਕੇ ਨਾਲ ਕੰਟਰੈਕਟ ਮੈਰਿਜ ਕਰਵਾ ਕੇ ਉਸ ਨੂੰ ਯੂ.ਕੇ. ਲਿਜਾਣ ਦਾ ਝਾਂਸਾ ਦੇ ਕੇ 5 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਪੁਲਸ ਵੱਲੋਂ ਲੜਕੇ ਦੀ ਸ਼ਿਕਾਇਤ 'ਤੇ ਇਕ ਲੜਕੀ ਵਿਰੁੱਧ ਠੱਗੀ ਦਾ ਮਾਮਲਾ ਦਰਜ ਕੀਤਾ ਹੈ।

ਠੱਗੀ ਦਾ ਸ਼ਿਕਾਰ ਹੋਏ ਨੌਜਵਾਨ ਹਰਵਿੰਦਰ ਸਿੰਘ ਨੇ ਪੁਲਸ ਨੂੰ ਕੀਤੀ ਸ਼ਿਕਾਇਤ 'ਚ ਦੱਸਿਆ ਕਿ ਅਰਸ਼ਦੀਪ ਕੌਰ ਵਾਸੀ ਪਿੰਡ ਜਾਤੀ ਮਾਜਰਾ ਦੇ ਪਰਿਵਾਰ ਨਾਲ ਉਨ੍ਹਾਂ ਦੀ ਜਾਣ-ਪਹਿਚਾਣ ਸੀ। ਇਸ ਦੌਰਾਨ ਉਸ ਦੀ ਅਰਸ਼ਦੀਪ ਕੌਰ ਨਾਲ ਦੋਸਤੀ ਹੋ ਗਈ।

ਹਰਵਿੰਦਰ ਸਿੰਘ ਅਨੁਸਾਰ ਇਸੇ ਦੌਰਾਨ ਹੀ ਅਰਸ਼ਦੀਪ ਕੌਰ ਨੇ ਉਸ ਨੂੰ ਯੂ.ਕੇ. ਜਾਣ ਲਈ ਪੈਸਿਆਂ ਦੀ ਮੰਗ ਕੀਤੀ ਤੇ ਉਸ ਨਾਲ ਕਥਿਤ ਤੌਰ 'ਤੇ ਇਹ ਵਾਅਦਾ ਵੀ ਕੀਤਾ ਕਿ ਉਹ ਉਸ ਦੇ ਇਹ ਪੈਸੇ ਯੂ.ਕੇ. ਜਾਣ ਤੋਂ ਬਾਅਦ 2-3 ਮਹੀਨਿਆਂ ਵਿਚ ਮੋੜ ਦੇਵੇਗੀ ਅਤੇ ਨਾਲ ਹੀ ਉਸ ਨਾਲ ਕੰਟਰੈਕਟ ਮੈਰਿਜ ਕਰਵਾ ਕੇ ਉਸ ਨੂੰ ਵੀ ਯੂ.ਕੇ. ਬੁਲਾ ਲਵੇਗੀ। ਉਸਦੇ ਪਰਿਵਾਰ ਦੀ ਸਹਿਮਤੀ ਨਾਲ ਆਪਣੇ ਬੈਂਕ ਖਾਤੇ ਵਿਚੋਂ ਉਸ ਦੇ ਗੁਗਲ ਪੇਅ ਖਾਤੇ ਵਿਚ ਵੱਖ-ਵੱਖ ਸਮੇਂ 5 ਲੱਖ ਰੁਪਏ ਤੋਂ ਵੱਧ ਦੀ ਰਕਮ ਪਾਈ ਸੀ ਅਤੇ ਅਰਸ਼ਦੀਪ ਜਨਵਰੀ 2024 ਵਿਚ ਯੂ.ਕੇ. ਚਲੀ ਗਈ।

ਹਰਵਿੰਦਰ ਨੇ ਦੱਸਿਆ ਕਿ ਅਰਸ਼ਦੀਪ ਕੌਰ ਵੱਲੋਂ ਕੀਤੇ ਆਪਣੇ ਵਾਅਦੇ ਅਨੁਸਾਰ ਪੈਸੇ ਵਾਪਸ ਨਹੀਂ ਕੀਤੇ। ਜਦੋਂ ਹਰਵਿੰਦਰ ਨੇ ਅਰਸ਼ਦੀਪ ਦੇ ਪਰਿਵਾਰ ਤੋਂ ਆਪਣੇ ਪੈਸਿਆਂ ਦੀ ਮੰਗ ਕੀਤੀ ਤਾਂ ਉਸ ਨੂੰ ਵਟਸਐਪ ਕਾਲ ਕਰ ਕੇ ਕਿਸੇ ਅਣਜਾਣ ਵਿਅਕਤੀ ਵੱਲੋਂ ਖੁਦ ਨੂੰ ਪੁਲਸ ਅਧਿਕਾਰੀ ਦੱਸ ਕੇ ਪੈਸੇ ਮੰਗਣ ਤੋਂ ਮਨਾਹੀ ਕਰਦਿਆਂ ਧਮਕੀਆਂ ਵੀ ਦਿੱਤੀਆਂ।

ਪੁਲਸ ਨੇ ਹਰਵਿੰਦਰ ਸਿੰਘ ਦੀ ਸ਼ਿਕਾਇਤ ਦੇ ਆਧਾਰ 'ਤੇ ਪੜਤਾਲ ਕਰਨ ਤੋਂ ਬਾਅਦ ਕਾਰਵਾਈ ਕਰਦਿਆਂ ਅਰਸ਼ਦੀਪ ਕੌਰ ਖਿਲਾ.ਫ ਠੱਗੀ ਦਾ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

# ਗੈਂਗਸਟਰ ਰਿੰਦਾ ਨੇ ਕਾਰੋਬਾਰੀ ਬੋਰੀ ਤੋਂ ਮੰਗੀ ਇਕ ਕਰੋੜ ਦੀ ਫ਼ਿਰੌਤੀ

## ✪ ਪਰਿਵਾਰ ਨੂੰ ਖਤਮ ਕਰਨ ਦੀਆਂ ਦਿੱਤੀਆਂ ਧਮਕੀਆਂ



ਗੈਂਗਸਟਰ ਰਿੰਦਾ

ਅੰਮ੍ਰਿਤਸਰ-ਗੈਂਗਸਟਰ ਹਰਵਿੰਦਰ ਸਿੰਘ ਰਿੰਦਾ ਨੇ ਥਾਣਾ ਕੰਬੋਅ ਅਧੀਨ ਪੈਂਦੇ 25 ਨਿਊ ਅਨਮੋਲ ਇਨਕਲੇਵ ਰਾਮਤੀਰਥ ਰੋਡ ਦੇ ਸਮਾਜ ਸੇਵਕ ਕਮਲ ਕੁਮਾਰ ਉਰਫ਼ ਬੋਰੀ ਤੋਂ 1 ਕਰੋੜ ਰੁਪਏ ਦੀ ਫ਼ਿਰੌਤੀ ਦੀ ਮੰਗ ਕੀਤੀ ਹੈ। ਗੈਂਗਸਟਰ ਨੇ ਵ੍ਹਟਸਐਪ ਕਾਲ ਰਾਹੀਂ ਧਮਕੀ ਦਿੱਤੀ ਹੈ ਕਿ ਜੇਕਰ ਉਸ ਨੂੰ ਪੈਸੇ ਨਾ ਦਿੱਤੇ ਗਏ ਤਾਂ ਉਹ ਉਸ ਦੇ ਪਰਿਵਾਰ ਨੂੰ ਮਾਰ ਦੇਵੇਗਾ। ਥਾਣਾ ਕੰਬੋਅ ਪੁਲਿਸ ਨੇ ਗੈਂਗਸਟਰ ਹਰਵਿੰਦਰ ਸਿੰਘ ਉਰਫ਼ ਰਿੰਦਾ ਖ਼ਿਲਾ.ਫ ਕੇਸ ਦਰਜ ਕਰ ਲਿਆ ਹੈ।

# ਪ੍ਰੇਮ ਵਿਆਹ ਕਰਵਾਉਣ ਕਾਰਣ ਨੌਜਵਾਨ ਦਾ ਕਤਲ

ਲਹਿਰਾਗਾਗਾ-ਇਲਾਕੇ ਦੇ ਪਿੰਡ ਭਾਈ ਕੀ ਪਿਸ਼ੌਰ ਵਿਚ ਇੱਕ ਲੜਕੀ ਨਾਲ ਪ੍ਰੇਮ ਵਿਆਹ ਕਰਵਾਉਣ ਵਾਲੇ ਨੌਜਵਾਨ ਗੁਰਦੀਪ ਸਿੰਘ ਘੋਗੜ (27 ਸਾਲ) ਨੂੰ ਲੜਕੀ ਦੇ ਪਰਿਵਾਰ ਵੱਲੋਂ ਅਣਖ਼ ਲਈ ਕਤਲ ਕਰ ਦਿੱਤਾ ਗਿਆ। ਲਹਿਰਾਗਾਗਾ ਪੁਲੀਸ ਦੇ ਮੁਖੀ ਇੰਸਪੈਕਟਰ ਵਿਨੋਦ ਨੇ ਮ੍ਰਿਤਕ ਦੇ ਭਰਾ ਮਨਜੀਤ ਸਿੰਘ ਵਾਸੀ ਭਾਈ ਕਿ ਪਿਸ਼ੌਰ ਦੇ ਬਿਆਨ 'ਤੇ ਕੇਸ ਦਰਜ ਕਰ ਕੇ ਲਾਸ਼ ਪੋਸਟਮਾਰਟਮ ਲਈ ਸਿਵਲ ਹਸਪਤਾਲ ਵਿਚ ਭੇਜ ਦਿੱਤੀ। ਮ੍ਰਿਤਕ ਦੇ ਭਰਾ ਮਨਜੀਤ ਸਿੰਘ ਨੇ ਦੱਸਿਆ ਕਿ ਗੁਰਦੀਪ ਸਿੰਘ ਨੇ ਕਰੀਬ 3 ਸਾਲ ਪਹਿਲਾਂ ਮੁਲਜ਼ਮ ਗੁਰਜੰਟ ਸਿੰਘ ਦੀ ਲੜਕੀ ਰਜਨੀ ਕੌਰ ਨਾਲ ਪ੍ਰੇਮ ਵਿਆਹ ਕਰਵਾ ਲਿਆ ਸੀ, ਜਿਸ ਕਾਰਨ ਰਜਨੀ ਕੌਰ ਦਾ ਪਰਿਵਾਰ ਮ੍ਰਿਤਕ ਗੁਰਦੀਪ ਸਿੰਘ ਘੋਗੜ ਤੋਂ ਨਾਰਾਜ਼ ਸੀ।



ਲੰਘੀਂ ਸ਼ਾਮ ਮਨਜੀਤ ਸਿੰਘ ਸਮੇਤ ਆਪਣੇ ਭਰਾ ਗੁਰਦੀਪ ਸਿੰਘ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਭਾਈ ਕਿ ਪਿਸ਼ੌਰ ਠੇਕੇ ਤੋਂ ਸ਼ਰਾਬ ਲੈਣ ਆਏ ਸੀ ਤਾਂ ਠੇਕੇ ਕੋਲ ਗੁਰਜੰਟ ਸਿੰਘ ਬੈਠਾ ਸ਼ਰਾਬ ਪੀ ਰਿਹਾ ਸੀ ਅਤੇ ਉਸਦੇ ਨਾਲ ਤਿੰਨ ਹੋਰ ਨਾਮਲੂਮ ਵਿਆਕਤੀ ਵੀ ਬੈਠੇ ਸੀ, ਜਿਨ੍ਹਾਂ ਦੇ ਹੱਥਾਂ ਵਿੱਚ ਮਾਰੂ ਹਥਿਆਰ ਸਨ। ਦੋਸ਼ੀ ਗੁਰਜੰਟ ਸਿੰਘ ਨੇ ਗੁਰਦੀਪ ਸਿੰਘ ਘੋਗੜ ਉਤੇ ਹਮਲਾ ਕਰ ਦਿੱਤਾ। ਉਸ ਨੇ ਗੁਰਦੀਪ ਦੇ ਸਿਰ ਵਿਚ ਕੁਹਾੜੀ ਮਾਰ ਦਿੱਤੀ ਅਤੇ ਉਸ ਦੀ ਕੁੱਟਮਾਰ ਵੀ ਕੀਤੀ। ਇਸ ਕਾਰਨ ਗੁਰਦੀਪ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲੀਸ ਨੇ ਗੁਰਜੰਟ ਸਿੰਘ ਸਮੇਤ ਤਿੰਨ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

# ਕਿਸਮਤ ਦੇ ਸਿਤਾਰੇ

**ਵੀਰਵਾਰ 03 ਅਕਤੂਬਰ ਬੁੱਧਵਾਰ 09 ਅਕਤੂਬਰ 2024 ਤੱਕ**

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਫਜ਼ੂਲ ਦੀ ਭੱਜ-ਦੌੜ, ਦਿਮਾਗੀ ਤਣਾਉ, ਧਨ ਦਾ ਖਰਚ ਜ਼ਿਆਦਾ ਤੇ ਦੁਸ਼ਮਣ ਪ੍ਰੇਸ਼ਾਨ ਕਰਨ ਦੀ ਤਾਕ ਵਿੱਚ ਰਹਿਣਗੇ। ਮਾਣ-ਇੱਜ਼ਤ ਵਿੱਚ ਵਾਧਾ, ਧਨ ਪਾਉਣ ਦੇ ਵਸੀਲੇ ਵੱਧਣਗੇ, ਪਰ ਧਰਮ-ਕਰਮ ਦੇ ਸ਼ੁੱਭ ਕੰਮ 'ਤੇ ਧਨ ਦਾ ਖਰਚ ਵੀ ਹੋਵੇਗਾ। ਪ੍ਰਮਾਤਮਾਂ 'ਤੇ ਵਿਸ਼ਵਾਸ ਰੱਖੋ, ਉਹ ਸਭ ਦਾ ਭਲਾ ਹੀ ਕਰਦਾ ਹੈ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਆਮਦਨ ਘੱਟ ਤੇ ਖਰਚ ਜ਼ਿਆਦਾ ਰਹੇਗਾ। ਭਾਈ-ਬੰਧੂਆਂ ਨਾਲ ਮੱਤਭੇਦ ਵੀ ਰਹਿਣਗੇ। ਬਣਦੇ ਕੰਮਾਂ ਵਿੱਚ ਰੁਕਾਵਟਾਂ ਪੈਦਾ ਹੋਣਗੀਆਂ। ਪਰਿਵਾਰ ਵਿੱਚ ਆਰਥਿਕ ਤੰਗੀ ਨਾਲ ਪ੍ਰੇਸ਼ਾਨੀ ਹੋਵੇਗੀ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਆਮਦਨ ਨਾਲੋਂ ਖਰਚ ਵੱਧ ਹੋਣਗੇ। ਅੜਚਨਾਂ ਤੇ ਸੰਘਰਸ਼ ਵਾਲੇ ਹਾਲਾਤਾਂ ਦੇ ਬਾਵਜੂਦ ਆਮਦਨ ਦੇ ਵਸੀਲੇ ਬਣਦੇ ਰਹਿਣਗੇ। ਆਰਥਿਕ ਹਾਲਾਤ ਵਿੱਚ ਅਸਥਿਰਤਾ ਬਣੇਗੀ। ਧਨ ਇਕੱਠਾ ਕਰਨ ਵਿੱਚ ਮੁਸ਼ਕਿਲ ਹੋਵੇਗੀ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਇਸ ਹਫ਼ਤੇ ਵਪਾਰ ਦੀ ਹਾਲਤ ਮੱਧਮ ਰਹੇਗੀ। ਕਈ ਤਰ੍ਹਾਂ ਦੀਆਂ ਅੜਚਨਾਂ ਦੇ ਬਾਵਜੂਦ ਰੋਜ਼ਾਨਾ ਦੇ ਕੰਮਾਂ ਵਿੱਚ ਤਰੱਕੀ ਹੋਵੇਗੀ। ਗੁੱਸਾ ਜ਼ਿਆਦਾ ਆਉਣ ਨਾਲ ਕੋਈ ਬਣਿਆ ਕੰਮ ਵਿਗੜ ਸਕਦਾ ਹੈ। ਧਰਮ-ਕਰਮ ਵਿੱਚ ਦਿਲਚਸਪੀ ਵਧੇਗੀ। ਆਪਣੇ ਮਾਤਾ ਪਿਤਾ ਨੂੰ ਪਿਆਰ ਨਾਲ ਬੁਲਾਉ, ਕਾਰਜ ਸਿੱਧ ਹੋਣਗੇ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਧਨ ਲਾਭ ਤੇ ਮਾਣ-ਇੱਜ਼ਤ ਬਣਾਏ ਰੱਖਣ ਲਈ ਸੰਘਰਸ਼ ਕਰਨਾ ਪਵੇਗਾ। ਕਾਰੋਬਾਰ ਵਿੱਚ ਰੁਝਾਨ ਵੱਧਣਗੇ। ਸੁੱਖ-ਸਾਧਨਾਂ ਵਿੱਚ ਵਾਧਾ ਅਤੇ ਕਿਸੇ ਖਾਸ ਕੰਮ ਵਿੱਚ ਤਰੱਕੀ ਦੇ ਯੋਗ ਹਨ। ਦਿਮਾਗੀ ਤਣਾਉ ਅਤੇ ਉਤੇਜਨਾ ਨਾਲ ਗੁੱਸੇ ਤੋਂ ਬਚੋ। ਇਸ ਪਰਿਵਾਰ ਸਮੇਤ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ, ਮਨ ਨੂੰ ਸ਼ਾਂਤੀ ਮਿਲੇਗੀ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਇਸ ਹਫ਼ਤੇ ਬੇਸ਼ੱਕ ਵਪਾਰ ਵਿੱਚ ਉਤਸ਼ਾਹ ਵਾਲੇ ਹਾਲਾਤ ਬਣਨਗੇ, ਪਰ ਸਾਂਝੇਦਾਰੀ ਵਿੱਚ ਕੋਈ ਵੀ ਕੰਮ ਨਹੀਂ ਕਰਨਾ ਚਾਹੀਦਾ, ਫਾਇਦੇ ਦੀ ਜਗ੍ਹਾ ਨੁਕਸਾਨ ਹੋਣ ਦਾ ਡਰ ਹੈ। ਵਿਗੜੇ ਕੰਮਾਂ ਵਿੱਚ ਸੁਧਾਰ ਹੋਵੇਗਾ, ਪਰ ਆਮਦਨ ਨਾਲੋਂ ਖਰਚ ਜ਼ਿਆਦਾ ਹੋਣਗੇ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਸ਼ਾਂਤੀ ਰਹੇਗੀ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਮਿਹਨਤ ਕਰਨ 'ਤੇ ਧਨ ਲਾਭ ਦੇ ਮੌਕੇ ਮਿਲਣਗੇ। ਕੁਝ ਵਿਗੜੇ ਕੰਮਾਂ ਵਿੱਚ ਸੁਧਾਰ ਹੋਵੇਗਾ, ਪਰ ਸਾਂਝੇਦਾਰੀ ਦੇ ਕੰਮਾਂ ਵਿੱਚ ਪ੍ਰੇਸ਼ਾਨੀ ਦੇ ਸੰਕੇਤ ਹਨ। ਖਰਚ ਵੀ ਜ਼ਿਆਦਾ ਹੋਣਗੇ। ਕਿਸੇ ਉੱਚ ਅਧਿਕਾਰੀ ਨਾਲ ਮੇਲ-ਜੋਲ ਲਾਭਕਾਰੀ ਹੋਵੇਗਾ। ਕਿਸੇ ਗਰੀਬ ਪਰਿਵਾਰ ਦੇ ਬੱਚੇ ਨੂੰ ਪੰਜਾਬੀ ਜਾਂ ਧਾਰਮਿਕ ਕਿਤਾਬਾਂ ਲੈ ਕੇ ਦਿਉ, ਕਮਾਈ ਵਿੱਚ ਬਰਕਤ ਹੋਵੇਗੀ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਦਿਮਾਗੀ ਤਣਾਉ ਤੇ ਵਿਵਾਹਿਕ ਜੀਵਨ ਵਿੱਚ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ। ਵਪਾਰ/ਨੌਕਰੀ ਵਿੱਚ ਵੀ ਮੁਸ਼ਕਿਲ ਹਾਲਾਤ ਦੇ ਰਹਿੰਦੇ ਹੋਏ ਪਰਿਵਾਰਕ ਸਹਿਯੋਗ ਨਾਲ ਹੀ ਆਮਦਨ ਦੇ ਸਾਧਨ ਬਣਨਗੇ। ਆਪਣੇ ਮਾਤਾ-ਪਿਤਾ ਨੂੰ ਗੁਰਦੁਆਰਾ ਸਾਹਿਬ ਜਰੂਰ ਲੈ ਕੇ ਜਾਉ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਵਪਾਰਕ ਖੇਤਰ ਵਿੱਚ ਹਾਲਾਤ ਅਨਿਸ਼ਚਿਤ ਰਹਿਣਗੇ। ਆਮਦਨ ਘੱਟ ਤੇ ਖਰਚ ਜ਼ਿਆਦਾ ਰਹਿਣਗੇ। ਬੇਕਾਰ ਹੀ ਭੱਜ-ਦੌੜ ਲੱਗੀ ਰਹੇਗੀ। ਸੰਤਾਨ ਸਬੰਧੀ ਖੁਸ਼ੀ ਤੇ ਪਰਿਵਾਰ ਵਿੱਚ ਸ਼ੁੱਭ ਮੰਗਲ ਕੰਮ ਹੋਣਗੇ। ਦਿਮਾਗੀ ਤਣਾਉ, ਬਣਦੇ ਕੰਮਾਂ ਵਿੱਚ ਰੁਕਾਵਟ ਤੇ ਗੁੱਸਾ ਜ਼ਿਆਦਾ ਆਵੇਗਾ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਆਮਦਨ ਘੱਟ ਪਰ ਖਰਚ ਵਧੇਗਾ। ਮਨ ਅਸ਼ਾਂਤ ਅਤੇ ਭੱਜ-ਦੌੜ ਵੀ ਜ਼ਿਆਦਾ ਰਹੇਗੀ। ਪਰਿਵਾਰਕ ਤਣਾਅ ਤੇ ਵਿਚਾਰਿਕ ਮੱਤਭੇਦ ਰਹਿਣਗੇ। ਆਰਥਿਕ ਉਲਝਣਾਂ ਕਰਕੇ ਮਨ ਚਿੰਤਤ ਰਹੇਗਾ। ਫਜ਼ੂਲ ਦੇ ਵਾਦ-ਵਿਵਾਦ ਵਿੱਚ ਸਮਾਂ ਬੀਤੇਗਾ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਆਰਥਿਕ ਉਲਝਣਾਂ ਤੋਂ ਬਚੇ ਰਹੋਗੇ ਅਤੇ ਮਨ ਵੀ ਸ਼ਾਂਤ ਰਹੇਗਾ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਕਾਰੋਬਾਰੀ ਖੇਤਰ ਵਿੱਚ ਸੰਘਰਸ਼ ਵਾਲੇ ਹਾਲਾਤਾਂ ਦਾ ਸਾਹਮਣਾ ਕਰਨਾ ਪਵੇਗਾ। ਬਣਦੇ ਕੰਮਾਂ ਵਿੱਚ ਰੁਕਾਵਟਾਂ ਅਤੇ ਘਰੇਲੂ ਉਲਝਣਾਂ ਕਰਕੇ ਮਨ ਪ੍ਰੇਸ਼ਾਨ ਰਹੇਗਾ। ਫਜ਼ੂਲ ਦੀ ਭੱਜ-ਦੌੜ ਜ਼ਿਆਦਾ ਰਹੇਗੀ। ਵਧੇਰੇ ਸੰਘਰਸ਼ ਦੇ ਬਾਵਜੂਦ ਗੁਜ਼ਾਰੇਯੋਗ ਆਮਦਨ ਦੇ ਵਸੀਲੇ ਬਣਦੇ ਰਹਿਣਗੇ। ਮਨ ਨੂੰ ਸਥਿਰ ਰੱਖਣ ਲਈ ਪਾਠ ਕਰੋ ਅਤੇ ਗੁਰੂ ਘਰ ਹਾਜ਼ਰੀ ਜਰੂਰ ਭਰੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਵਪਾਰ/ਨੌਕਰੀ ਵਿੱਚ ਤਰੱਕੀ ਤੇ ਲਾਭ ਦੇ ਮੌਕੇ ਮਿਲਣਗੇ। ਆਪਣੀ ਮੰਜ਼ਿਲ ਦੀ ਪ੍ਰਾਪਤੀ ਲਈ ਮਿਹਨਤ ਅਤੇ ਸੰਘਰਸ਼ ਕਰਨਾ ਪਵੇਗਾ। ਦਿਮਾਗੀ ਤਣਾਉ ਅਤੇ ਉਤੇਜਨਾ ਕਾਰਨ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦਾ ਡਰ ਹੈ। ਗੁਰੂ ਘਰ ਬੱਚਿਆਂ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

* * * * * * * *

## ਹਾਸੇ ਦੀ ਪਟਾਰੀ

**ਡਾਕਟਰ** (ਮਰੀਜ਼ ਨੂੰ), ਜੇਕਰ ਤੁਸੀਂ ਮੇਰੀ ਦਵਾਈ ਨਾਲ ਠੀਕ ਹੋ ਗਏ ਤਾਂ ਮੈਨੂੰ ਕੀ ਇਨਾਮ ਦੇਵੋਗੇ?

ਮਰੀਜ਼, ਸਾਹਬ ਮੈਂ ਤਾਂ ਬਹੁਤ ਗਰੀਬ ਆਦਮੀ ਹਾਂ, ਕਬਰ ਪੁੱਟਦਾ ਹਾਂ, ਤੁਹਾਡੀ ਫ੍ਰੀ ਵਿੱਚ ਪੁੱਟ ਦਿਆਂਗਾ।

*---*---*

**ਸੋਨੂੰ,** ਮੈਂ ਆਪਣੀ ਪਤਨੀ ਨੂੰ 12ਵੀਂ ਪਾਸ ਕਰਵਾਈ, ਫਿਰ ਬੀ.ਏ., ਫਿਰ ਐੱਮ.ਏ. ਕਰਵਾਈ ਅਤੇ ਫਿਰ ਉਸ ਦੀ ਸਰਕਾਰੀ ਨੌਕਰੀ ਲਵਾ ਦਿੱਤੀ। ਹੁਣ ਕੀ ਕਰਾਂ?

ਅਸ਼ੋਕ, ਬੱਸ ਹੁਣ ਚੰਗਾ ਜਿਹਾ ਮੁੰਡਾ ਦੇਖ ਕੇ ਵਿਆਹ ਕਰ ਦੇ।

*---*---*

**ਗਾਹਕ,** ਮੈਨੂੰ ਲੋਨ ਚਾਹੀਦਾ ਹੈ।

ਬੈਂਕ ਅਧਿਕਾਰੀ, ਬੈਂਕ ਮੇਂ ਖਾਤਾ ਹੈ?

ਗਾਹਕ, ਅਜੇ ਤਾਂ ਘਰ ਹੀ ਖਾਂਦਾ ਹਾਂ, ਲੋਨ ਦਿਉਗੇ ਤਾਂ ਬੈਂਕ ਵਿੱਚ ਖਾ ਲਿਆ ਕਰਾਂਗਾ।

*---*---*


ਪੰਜਾਬ ਟਾਈਮਜ਼

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

**FOR SUBSCRIPTION**
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.................................................................

ADDRESS.............................................................

.................................................POST CODE..............................

TEL.....................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

**ਕਿੰਗਜ਼ਵੇਅ ਬੈਂਕਿਊਟਿੰਗ ਸੁਈਟ**


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

**KINGSWAY BANQUETING SUITE**
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਕਰਮਕਾਂਡਾਂ ਤੇ ਅੰਧ ਵਿਸ਼ਵਾਸਾਂ ਵਿਚ ਉਲਝਾਈ ਜਾ ਰਹੀ ਸਿੱਖ ਕੌਮ !



**ਕੇਵਲ ਸਿੰਘ**
ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ।
95920-93472
panthaknagara@gmail.com



ਧੰਨ ਗੁਰੂ ਨਾਨਕ ਸਾਹਿਬ ਜੀ ਨੇ ਪਖੰਡਵਾਦ ਤੇ ਅੰਧ ਵਿਸ਼ਵਾਸ਼ਾਂ ਦੀ ਧੁੰਧ ਨੂੰ ਦੂਰ ਕਰਦਿਆਂ ਮਨੁੱਖ ਨੂੰ ਰੱਬੀ ਗਿਆਨ ਦਾ ਸਿੱਧਾ ਰਸਤਾ ਦਿੱਤਾ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੇ ਗਿਆਨ ਭਰਪੂਰ ਸ਼ਬਦਾਂ ਵਿਚ ਸਾਡੀ ਸਮਝ ਲਈ ਸੇਧ ਦੇਂਦੇ ਹਨ "ਗੁਰਮੁਖ ਗਾਡੀ ਰਾਹੁ ਚਲੰਦਾ"।

ਸੋ ਆਪਾਂ ਕਹਿ ਸਕਦੇ ਹਾਂ ਕਿ ਰੱਬੀ ਗਿਆਨ ਦੇ ਸੂਰਜ ਨਾਲ ਕਰਮਕਾਂਡਾਂ, ਅੰਧ-ਵਿਸ਼ਵਾਸ਼ਾਂ ਤੇ ਸ਼ਖਸੀ ਪੂਜਾ ਦੀ ਸਦੀਆਂ ਤੋਂ ਪਸਰੀ ਸੰਘਣੀ ਧੁੰਧ ਨੂੰ ਦੂਰ ਕਰਕੇ ਮਨੁੱਖ ਲਈ ਸਹਜ ਸੌਖ ਵਾਲੀ ਜੀਵਨ ਜੁਗਤਿ ਵਾਲਾ ਮੋਕਲਾ ਰਸਤਾ ਦਿੱਤਾ ਹੈ। ਐਸੇ ਸਰਬ ਕਲਿਆਣ ਵਾਲੇ ਅਦੁੱਤੀ ਮਾਰਗ ਦੀ ਜਾਣਕਾਰੀ ਆਪਣੇ ਦਸਾਂ ਜਾਮਿਆਂ ਰਾਹੀਂ ਨਿਰੰਤਰ ਅਮਲੀ ਰੂਪ ਵਿਚ ਪੇਸ਼ ਕਰਕੇ ਜਗਤ ਦੇ ਪ੍ਰਾਣੀ ਨੂੰ ਜੀਵਨ ਜੀਊਣ ਦੀ ਸੇਧ ਦਿੱਤੀ। ਗੁਰਮਤਿ ਗਿਆਨ ਦੇ ਇਸ ਗਾਡੀ ਰਸਤੇ ਕਰੋੜਾਂ ਮਨੁੱਖ ਤੁਰਨ ਲਈ ਤਿਆਰ ਹੋ ਗਏ। ਸਭ ਨੇ ਆਪਣੇ ਪੁਰਖਿਆਂ ਕੋਲ ਪਹਿਲੇ ਗ੍ਰਹਿਣ ਕੀਤੀਆਂ ਮਜ਼ਹਬੀ ਮਾਨਤਾਵਾਂ ਨੂੰ ਮੁੱਢੋ ਤਿਆਗਦਿਆਂ ਦੇਰ ਨਾ ਲਾਈ। ਵਰਤ, ਸ਼ਰਾਧ, ਸ਼ਖਸੀ ਪੂਜਾ, ਕਰਮਕਾਡਾਂ ਤੇ ਭਰਮਾਂ ਨੂੰ ਜੀਵਨ ਵਿਚੋਂ ਵਗਾਹ ਮਾਰਿਆ। ਜੋ ਸਖ਼ੀ ਸਰਵਰੀ ਪੀਰ ਦੇ ਵੱਡੇ ਵੱਡੇ ਮੁਰੀਦ ਸਨ ਉਨ੍ਹਾਂ ਨਿਗਾਹੀਆ ਪੀਰ ਦੇ ਪੀਰ ਖ਼ਾਨੇ ਢਾਹ ਸੁੱਟੇ। ਹੋਰ ਅਨਮੱਤੀਆਂ ਨੇ ਆਪਣੇ ਆਪਣੇ ਮਜ਼ਹਬ ਦੀਆਂ ਮਾਨਤਾਵਾਂ ਨੂੰ ਤਿਆਗ ਦਿੱਤਾ। ਆਪਣੇ ਅਖੌਤੀ ਮਾਣ ਸਨਮਾਨ ਵਾਲੀਆਂ ਖਾਹਿਸ਼ਾਂ ਦੀ ਰਤਾ ਭਰ ਪਰਵਾਹ ਨਾ ਕੀਤੀ। ਕਿੰਨੇ , ਸਾਨੂੰ ਇਸ ਤਰ੍ਹਾਂ ਦੇ ਸਬੂਤ ਚਾਹੀਦੇ? ਸੋਚੀਏ, ਇਤਿਹਾਸ ਦੇ ਪੰਨਿਆਂ ਤੋਂ ਇਹ ਪਰਿਵਰਤਨ ਅਨੰਤ ਵਾਰ ਅਨੰਤ ਥਾਵਾਂ ਤੇ ਘਟਿਆ ਮਿਲਦਾ ਹੈ।

ਸਾਡੇ ਸਤਿਗੁਰੂ ਜੀ ਨੇ ਰੱਬੀ ਗਿਆਨ ਦਾ ਉਹ ਖਜ਼ਾਨਾ ਵੀ ਮਹਾਨ ਗੁਰਮੁਖ ਰੂਹਾਂ ਦੇ ਕੋਲ ਜਾ ਜਾ ਇਕੱਤਰ ਕੀਤਾ ਜਿਨ੍ਹਾਂ ਦਾ ਜੀਵਨ ਕਰਣੀਨਾਮਾ ਵੱਡੇ ਇਨਕਲਾਬ ਦੀ ਟੋਹ ਦੇਂਦਾ ਹੈ। ਸਮੂਹ ਭਗਤ ਸਹਿਬਾਨ, ਭੱਟ ਸਾਹਿਬਾਨ ਤੇ ਗੁਰਸਿੱਖ ਜੋ ਬਾਣੀ ਕਾਰ ਹਨ ਸਭ ਉੱਚੀ ਉੱਚੀ ਇਕੋ ਇਕ ਸੱਦ ਲਾ ਰਹੇ ਹਨ "ਅੰਧਿਆਰੇ ਦੀਪਕੁ ਚਹੀਐ॥ ਇਕ ਬਸਤੁ ਅਗੋਚਰ ਲਹੀਐ॥ ਬਸਤੁ ਅਗੋਚਰ ਪਾਈ॥ ਘਟਿ ਦੀਪਕੁ ਰਹਿਆ ਸਮਾਈ॥"

ਅੱਜ ਸਿੱਖ ਕਹਾਉਣ ਵਾਲਿਆਂ ਦਾ ਵੱਡਾ ਹਿੱਸਾ ਡੇਰੇਦਾਰਾਂ ਦਾ ਪਿੱਛਲੱਗ ਬਣ ਗਿਆ ਹੈ। ਇਹ ਡੇਰੇਦਾਰ ਕੌਣ ਹਨ? ਇਨ੍ਹਾਂ ਬਾਰੇ ਸੋਚਣ ਵਿਚਾਰਨ ਦਾ ਸਮਾਂ ਹੀ ਵਰਤਮਾਨ ਸਮੇਂ ਮੇਰੀ ਕੌਮ ਦੇ ਮੁਹਤਬਰ ਸੱਜਣਾਂ ਪਾਸ ਨਹੀਂ ਜੋ ਧਰਮ ਪ੍ਰਚਾਰ-ਪ੍ਰਸਾਰ ਲਈ ਜ਼ਿੰਮੇਵਾਰ ਹਨ। ਜਿਨ੍ਹਾਂ ਨੇ ਗੁਰਮਤਿ ਤੇ ਮਨਮਤ ਦੇ ਨਿਖੇੜੇ ਕਰਨੇ ਸਨ। ਪੰਥ ਪ੍ਰਸਤੀ ਦੇ ਅਖੌਤੀ ਬੁਰਕੇ ਪਾ ਕੇ ਕੌਮ ਦੀਆਂ ਵੱਡੀਆਂ ਪ੍ਰਬੰਧਕੀ ਸੰਸਥਾਵਾਂ 'ਤੇ ਕਾਬਜ਼ ਹਨ ਤੇ ਪੱਕੀ ਤਰ੍ਹਾਂ ਕਾਬਜ਼ ਰਹਿਣ ਦੀ ਮਣਾਂ ਮੂੰਹੀ ਭੁੱਖ ਆਪਣੇ ਅੰਦਰ ਰੱਖ ਰਹੇ ਹਨ। ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਜੋ ਪਿੰਡਾਂ ਸ਼ਹਿਰਾਂ ਕਸਬਿਆਂ ਵਿਚ ਬਹੁਤ ਲੰਮੇ ਸਮੇਂ ਤੋਂ ਪ੍ਰਬੰਧਕ ਹਨ ਉਹ ਵੀ ਬਹੁਤੇ ਇਮਾਰਤਾਂ ਬਣਾਉਣ ਜਾਂ ਢਾਹੁਣ ਦੀ ਵਿਖਾਵਾ ਵਾਦੀ ਬਿਰਤੀ ਨਾਲ ਅੱਖਾਂ ਬੰਦ ਕਰਕੇ ਕੰਮ ਕਰਦੇ ਲੱਭਦੇ ਹਨ।

ਸਭ ਗੁਰਦੁਆਰਿਆਂ ਅੰਦਰ ਸੇਵਾ ਨਿਭਾਉਣ ਵਾਲੇ ਰਾਗੀ, ਢਾਡੀ, ਗ੍ਰੰਥੀ, ਪ੍ਰਚਾਰਕ, ਕਵੀ ਕਵੀਸ਼ਰ, ਕਥਾਕਾਰ ਬਹੁਤੇ ਰੋਜ਼ੀ ਰੋਟੀ ਦੀ ਪ੍ਰਾਪਤੀ ਵਾਲੀ ਦ੍ਰਿਸ਼ਟੀ ਤੱਕ ਸੀਮਤ ਹਨ। ਦਾਸ ਦੀ ਆਪਣੀ ਸ਼ੁਰੂਆਤ ਵੀ ਇਸੇ ਬਿਰਤੀ ਨਾਲ ਹੋਈ ਸੀ। ਇਹ ਤੇ ਗੁਰੂ ਮਿਹਰ ਹੋਈ ਕਿ ਸਮਝ ਪੈ ਗਈ ਕਿ ਇਹ ਗੁਰੂ ਬਖਸ਼ਿਸ਼ ਭਰਿਆ ਮਾਰਗ ਜੀਵਨ ਜਾਚ ਸਿੱਖਣ ਲਈ ਹੈ।

ਅੱਜ ਅਸੀਂ ਬਹੁਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਅੰਦਰਲੇ ਗਿਆਨ ਤੱਕ ਨਾ ਖੁਦ ਪਹੁੰਚ ਬਣਾ ਕੇ ਅਮਲੀ ਜੀਵਨ ਦੇ ਵਾਰਸ ਹੋ ਪਾ ਰਹੇ ਹਾਂ ਨਾ ਹੀ ਸਿੱਖ ਸੰਗਤਾਂ ਨੂੰ ਇਸ ਲਾਸਾਨੀ ਰੱਬੀ ਗਿਆਨ ਦੀ ਸਮਝ ਵੱਲ ਲਾਉਣ ਦੀ ਕਿਰਿਆ ਲਈ ਕਰਮਸ਼ੀਲ ਹਾਂ।

ਬਹੁਤਾਤ ਗੁਰੂ ਘਰਾਂ ਅੰਦਰ ਇਕ ਸੂਚਨਾ ਤਖਤੀ' ਤੇ ਧਿਆਨ ਨਾਲ ਵੇਖੀਏ ਤਾਂ ਮੱਸਿਆ, ਪੂਰਨਮਾਸ਼ੀ, ਦਸਵੀਂ, ਸੰਗਰਾਂਦ ਆਦਿ ਤੇ ਕਈ ਥਾਵਾਂ ' ਤੇ ਪੰਚਮੀ ਵੀ ਨੂੰ ਉਭਾਰਿਆ ਲਿਖਿਆ ਹੁੰਦਾ ਹੈ।

ਗੁਰਪੁਰਬ ਬਾਰੇ ਸਭ ਤੋਂ ਹੇਠਾਂ ਉਲੇਖ ਹੁੰਦਾ ਹੈ। ਕਦੀ ਸੋਚਿਆ ਇਸ ਜਾਣਕਾਰੀ ਨਾਲ ਸਵਾਏ ਗੁਰਪੁਰਬ ਦੇ ਵੇਰਵੇ ਤੋਂ ਬਾਕੀ ਦੀਆਂ ਮਾਨਤਾਵਾਂ ਨੂੰ ਗੁਰਬਾਣੀ ਅੰਦਰ ਕੋਈ ਮਾਨਤਾ ਹੈ? ਇਨ੍ਹਾਂ ਦਿਨਾਂ ਨੂੰ ਕਿੱਧਰੇ ਵੀ ਕੋਈ ਮਹੱਤਵ ਨਹੀਂ ਦਿੱਤਾ ਮਿਲਦਾ। ਬਲਕਿ ਗੁਰਬਾਣੀ ਅੰਦਰ ਤਿਥਾਂ ਵਾਰਾਂ ਦੀ ਮਹਾਨਤਾ ਸਵੀਕਾਰਨ ਦੀ ਨਿਖੇਧੀ ਮਿਲਦੀ ਹੈ।

ਥਿਤੀ ਵਾਰ ਸੇਵਹਿ ਮੁਗਧ ਗਵਾਰੁ॥ ਆਦਿ ਬੋਲਾਂ ਰਾਹੀਂ ਗਿਆਨ ਮਿਲਦਾ ਹੈ।

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਗੁਰਬਾਣੀ ਦਾ ਸਹੀ ਲਾਭ ਜੀਵਨ ਸਵਾਰਨ ਲਈ ਕਿਵੇਂ ਲਿਆ ਜਾ ਸਕਦਾ ਹੈ? ਇਸ ਗੱਲ ਦਾ ਪ੍ਰਚਾਰ ਤੇ ਅਮਲ ਦੀ ਬਾਤ ਜਿਸ ਪੱਧਰ ਤੇ ਹੋਣੀ ਚਾਹੀਦੀ ਹੈ ਅਸੀਂ ਨਹੀਂ ਕਰ ਪਾ ਰਹੇ। ਸਤਿਕਾਰ ਦਾ ਬਾਹਰੀ ਪੱਖ ਆਏ ਦਿਨ ਅੰਨੀ ਸ਼ਰਧਾ ਦੇ ਬਦਲਦੇ ਰੂਪਾਂ ਵਿਚ ਅਪਣਾਇਆ ਜਾ ਰਿਹਾ। ਜਿਵੇਂ ਕਿ ਸਿੱਖ ਜਗਿਆਸੂ ਵਿਚ ਵਹਿਮ ਪੈਦਾ ਕਰ ਦਿੱਤਾ ਗਿਆ ਹੈ ਕਿ ਜੇ ਵਧੀਆ ਤੋਂ ਵਧੀਆ ਰੁਮਾਲਾ ਗੁਰੂ ਨੂੰ ਚੜ੍ਹਾਇਆ ਤਾਂ ਹੀ ਮੇਰੇ ਪਰਦੇ ਕੱਜੇ ਜਾਣੇ ਹਨ। ਜੇ ਜਗਿਆਸੂ ਰੁਮਾਲਾ ਨਹੀਂ ਚੜ੍ਹਾ ਸਕੇਗਾ ਤਾਂ ਉਹ ਗੁਰੂ ਬਖ਼ਸ਼ਿਸ਼ ਤੋਂ ਵਾਂਝਾ ਰਹੇਗਾ। ਜਦੋਂ ਕਿ ਕੌਮ ਦੇ ਮਹਾਨ ਜਾਗਰੂਪ ਸਿੱਖ ਵਿਚਾਰਵਾਨਾਂ ਦਾ ਮੱਤ (ਵੀਚਾਰ) ਹੈ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਰੁਮਾਲਾ ਅਰਪਨ ਕਰਨਾ ਮਜ਼ਬੂਰੀ ਜਾਂ ਜ਼ਰੂਰੀ ਨਹੀਂ !

ਗੁਰਦੁਆਰਾ ਸਾਹਿਬ ਦੇ ਪ੍ਰਬੰਧ ਦੀ ਲੋੜ ਅਨੁਸਾਰ ਵਸਤੂਆਂ ਅਰਪਨ ਕੀਤੀਆਂ ਜਾਣ। ਜਿਵੇਂ ਦਰੀਆਂ, ਬਰਤਨ, ਕੱਪੜੇ ਆਦਿ।

ਅੱਜ ਗੁਰਦੁਆਰਾ ਸਾਹਿਬ ਵਿਖੇ ਚੜ੍ਹਾਏ ਗਏ ਰੁਮਾਲਿਆਂ ਦੀ ਸੰਭਾਲ ਲਈ ਜਗ੍ਹਾ ਹੀ ਬਹੁਤਿਆਂ ਥਾਵਾਂ 'ਤੇ ਨਹੀਂ ਹੈ।

ਅਰਦਾਸ ਕਰਨ ਵਾਲੇ ਭਾਈ ਸਾਹਿਬ ਜੀ ਲਗਪਗ ਇਹ ਸ਼ਬਦ ਵਰਤਦੇ ਹਨ ਹੇ ਸਤਿਗੁਰੂ ਜੀ ! ਤੁਹਾਡੇ ਸੇਵਕ ਪਰਵਾਰ ਨੇ ਰੁਮਾਲਾ ਅਰਪਨ ਕੀਤਾ ਹੈ ਪਰਵਾਰ ਦੇ ਲੋਕ ਪਰਲੋਕ ਪਰਦੇ ਕੱਜਣੇ। ਇਨ੍ਹਾਂ ਸ਼ਬਦਾਂ ਦੀ ਦਹਾਕਿਆਂ ਤੋਂ ਹੁੰਦੀ ਆ ਰਹੀ ਵਰਤੋਂ ਨੇ ਰੁਮਾਲੇ ਪ੍ਰਤੀ ਇਹ ਅੰਧ ਵਿਸ਼ਵਾਸ਼ ਹੀ ਪੈਦਾ ਕਰ ਦਿੱਤਾ ਹੈ।

ਸ਼ੁਕਰ ਹੈ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਿ ਥੋੜ੍ਹੇ ਜਿਹੇ ਗੁਰਮਤਿ ਨੂੰ ਸਮਝਣ ਵਾਲਿਆਂ ਨੇ ਰੁਮਾਲਿਆਂ ਦੀ ਥਾਂ ਹੋਰ ਵਸਤੂਆਂ ਦੇਣੀਆਂ ਆਰੰਭ ਕਰ ਦਿੱਤੀਆਂ ਹਨ। ਕਈ ਥਾਵਾਂ ਤੇ ਰੁਮਾਲਾ ਅਰਪਨ ਕਰਨ ਦੀ ਬਣਾ ਦਿੱਤੀ ਗਈ ਧਾਰਨਾ ਦੀ ਪੂਰਤੀ ਲਈ, ਗੁਰੂ ਘਰ ਮਾਇਆ ਜਮ੍ਹਾਂ ਕਰਵਾ ਕੇ ਪਹਿਲਾਂ ਵਰਤੇ ਰੁਮਾਲਿਆਂ ਵਿੱਚੋਂ ਹੀ ਗੁਰਦੁਆਰਾ ਸਾਹਿਬ ਤੋਂ ਰੁਮਾਲਾ ਲੈ ਕੇ ਅਰਪਨ ਕੀਤਾ ਜਾ ਰਿਹਾ ਹੈ।

ਦਾਸ ਨੂੰ ਪਠਾਨਕੋਟ ਸ਼ਹਿਰ ਵਿਖੇ ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਜੀ ਦਾ ਪੋਤਰਾ ਮਿਲਿਆ ਬਹੁਤ ਸਹਜ ਠਰੰਮੇ ਨਾਲ ਉਨ੍ਹਾਂ ਕਿਹਾ ਕੋਈ ਢੰਗ ਤਰੀਕਾ ਲੱਭ ਕੇ ਸਿੱਖ ਸੰਗਤਾਂ ਨੂੰ ਇਸ ਗੱਲ ਲਈ ਰਜ਼ਾਮੰਦ ਕਰੋ ਕਿ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮਿਬਸਰ ਰੁਮਾਲੇ ਨਾ ਚੜ੍ਹਾਇਆ ਕਰਨ! ਉਥੇ ਸਾਰਾ ਦਿਨ ਭਾਈ ਸਾਹਿਬ ਜੀ ਰੁਮਾਲਾ ਪਕੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੁਹਾਣ ਦੀ ਰਸਮੀ ਕਿਰਿਆ ਹੀ ਕਰਦੇ ਰਹਿ ਜਾਂਦੇ ਹਨ। ਕਿੰਨਾ ਚੰਗਾ ਹੋਵੇ ਕਿ ਰੁਮਾਲਿਆਂ 'ਤੇ ਖਰਚ ਹੋਣ ਵਾਲਾ ਪੈਸਾ ਲੋੜਵੰਦ ਕੌਮੀ ਪਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ 'ਤੇ ਖਰਚ ਹੋਵੇ ਤਾਂ!

ਕੌਮੀ ਸੱਥਾਂ ਵਿਚ ਅੰਧ ਵਿਸ਼ਵਾਸ਼ ਬਾਹਰੋਂ ਨਹੀਂ ਸਾਡੇ ਅੰਦਰੋਂ ਹੀ ਨਿੱਤ ਨਵੇਂ ਰੂਪ ਵਿਚ ਪਰੋਸਿਆ ਜਾ ਰਿਹਾ ਹੈ। ਗੁਰਬਾਣੀ ਸ਼ਬਦਾਂ ਨੂੰ ਵੀ ਵਰਤਣ ਤੋਂ ਗੁਰੇਜ਼ ਨਹੀਂ ਹੋ ਰਿਹਾ। ਕਿਸੇ ਸ਼ਬਦ ਰਾਹੀਂ ਕੋਈ ਸਿਧੀ (ਪਰਾਪਤੀ) ਕਿਸੇ ਰਾਹੀਂ ਕੋਈ ਹੋਰ ਸਿਧੀ ਤਥਾ ਪਰਾਪਤੀ ਦੀ ਗੱਲ ਜ਼ੋਰ ਸ਼ੋਰ ਨਾਲ ਲੰਮੇ ਅਰਸੇ ਤੋਂ ਪ੍ਰਚੱਲਿਤ ਹੈ ਤੇ ਅੱਜ ਕੱਲ੍ਹ ਵੀ ਹੈ। ਇਸੇ ਤਰ੍ਹਾਂ ਸ਼ਬਦਾਂ ਦੇ ਤਵੀਤ ਬਣਾ ਕੇ ਦੇਣੇ। ਇਥੋਂ ਤੱਕ ਸੁਣਨ ਵਿਚ ਆਇਆ ਹੈ ਕਿ ਸ਼ਬਦਾਂ ਨੂੰ ਲਿਖ ਕੇ ਘੋਲ ਕੇ ਪਾਣੀ ਵਿਚ ਪੀਣ ਦੀ ਗੱਲ ਵੀ ਕਿਧਰੇ ਹੈ।

ਸ਼ਰਧਾ ਪੂਰਨ, ਦੁਖਭੰਜਨੀ, ਸੁਖਮਨਾ, ਸੰਕਟ ਮੋਚਨ ਆਦਿ ਸਿਰਲੇਖਾਂ ਹੇਠ ਗੁਰਬਾਣੀ ਦੇ ਗੁਟਕੇ ਵੀ ਅੰਧ ਵਿਸ਼ਵਾਸ਼ ਵੱਲ ਸੇਧਤ ਹਨ। ਸਿੱਖ ਜਗਿਆਸੂ ਨੂੰ ਗੁਰਬਾਣੀ ਪੜ੍ਹਨ ਵੀਚਾਰਨ ਤੇ ਅਮਲਾਉਣ ਦੇ ਮਹੱਤਵ ਦਾ ਪ੍ਰਚਾਰ ਕਿਉਂ ਨਹੀਂ ਅਸੀਂ ਕਰਦੇ। ਗੁਰਬਾਣੀ ਸਾਡੇ ਪੂਰੇ ਸਤਿਗੁਰੂ ਜੀ ਹਨ। ਸਾਡੇ ਜੀਵਨ ਜਾਚ ਦਾ ਖਜ਼ਾਨਾ ਹਨ। ਅਸੀਂ ਗੁਰਬਾਣੀ ਨੂੰ ਆਪਣੇ ਅੰਦਰ ਜੀਊਣਾ ਹੈ। ਗੁਰਬਾਣੀ ਸਰੂਪ ਹੋਣਾ ਹੈ। ਸਾਡੇ ਪੁਰਖੇ ਜੋ ਸਦੀਆਂ ਪਹਿਲਾਂ ਗੁਰੂ ਜੀ ਦੇ ਅਨਿਨ ਸੇਵਕ ਹੋ ਕੇ ਵਿਚਰੇ ਹਨ ਉਹ ਅੱਜ ਵਾਲੇ ਅੰਧ ਵਿਸ਼ਵਾਸਾਂ ਤੇ ਕਰਮਕਾਂਡਾਂ ਭੇਖ ਭਰਮਾਂ ਦੇ ਨੇੜੇ ਵੀ ਨਹੀਂ ਸਨ। ਸਾਨੂੰ ਜਾਗਣ ਦੀ ਲੋੜ ਹੈ।

ਬਹੁਤ ਅਫ਼ਸੋਸ ਹੈ ਅੱਜ ਜੇਕਰ ਸਹੀ ਗੁਰਮਤਿ ਗਿਆਨ ਸਿਧਾਂਤ ਤੇ ਪੰਥ ਪ੍ਰਮਾਣਿਤ ਸਿੱਖ ਰਹਿਤ ਮਰਯਾਦਾ ਦੀ ਗੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਨਾਲ ਕਰਦਾ ਤਥਾ ਕਰਦੇ ਹਨ ਉਨ੍ਹਾਂ ਨੂੰ ਕੌਮੀ ਗਦਾਰ /ਗ਼ਦਾਰਾਂ ਵਾਂਗ ਵੇਖਿਆ ਵਰਤਿਆ ਜਾਣ ਲੱਗਿਆ ਹੈ। ਇਹ ਕੀ ਹੈ ਕਿਉਂ ਹੈ? ਕੌਣ ਇਸ ਪੱਖੋਂ ਵੀਚਾਰ ਕਰਕੇ ਗੁਰਬਾਣੀ ਗਿਆਨ ਪ੍ਰਚਾਰ ਕਰਨ ਵਾਲਿਆਂ ਲਈ ਪਲਕਾਂ ਵਿਛਾ ਕੇ ਅਦਬੀ ਮਹੌਲ ਸਿਰਜਣ ਲਈ ਅੱਗੇ ਆਉਣਗੇ! ਉਡੀਕ ਹੈ! ਉਡੀਕ ਹੈ!! ਉਡੀਕ ਹੈ!!!

- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




## ਕਿਸ਼ਤ-5

# ਗੁਰ ਅੰਗਦੁ ਗੁਰੂ ਅੰਗੁ ਤੇ

ਇਸ ਹਾਲਾਤ ਵਿਚ ਵੀ ਪਾਵਨ ਸ੍ਰੀ ਲਹਿਣਾ ਜੀ ਦਾ ਝੁਕਾਅ ਕਰਤਾਰਪੁਰ ਜਾਣ ਦਾ ਹੋਇਆ ਵੇਖ ਕੇ ਸ੍ਰੀ (ਮਾਤ) ਖੀਵੀ ਜੀ ਨੇ ਉਨ੍ਹਾਂ ਦੀ ਖ਼ੁਸ਼ੀ ਅੱਗੇ ਸਿਰ ਨਿਵਾ ਦਿੱਤਾ ਅਰ ਤਿਆਰੀ ਵਿਚ ਭਰਪੂਰ ਸਾਥ ਦਿੱਤਾ। ਬਾਵਾ ਸਰੂਪ ਦਾਸ ਜੀ ਅਨੁਸਾਰ:

**ਮਾਤਾ ਖੀਵੀ ਪਤਿਬ੍ਰਤ ਪਰਧਾਨ।**
**ਤਾ ਸਮਾਨ ਨਹੀਂ ਜਗ ਕੋਊ ਆਨ।**
**ਜਾਕੀ ਭਗਤਿ ਸਤਿਗੁਰ ਮਨ ਮਾਨੀ।**
**ਪਤਿ ਕੋ ਪਾਰਬ੍ਰਹਮ ਮਨਿ ਜਾਨੀ।**

੯॥੬੦॥ ਮਹਿਮਾ ਪ੍ਰਕਾਸ਼

ਰਵਾਨਗੀ ਸਮੇਂ ਲੰਗਰ ਦੀ ਸੇਵਾ ਲਈ ਲੂਣ ਦੀ ਪੋਟ/ਗੰਢੜੀ ਅਰ ਆਪਣੇ ਸੌਣ-ਬਹਿਣ ਕਈ ਇਕ ਚਟਾਈ ਲੈ ਲਈ। ਇਸ ਸਮੇਂ ਨੌਕਰ ਨੇ ਜਦੋਂ ਕਿਹਾ ਕਿ ਇਹ ਸਾਮਾਨ ਮੈਨੂੰ ਦਿਉ ਮੈਂ ਕਰਤਾਰਪੁਰ ਛੱਡ ਆਉਂਦਾ ਹਾਂ ਤਾਂ ਮੁਸਕਰਾਉਂਦੇ ਕਹਿਣ ਲਗੇ, 'ਭਾਈ! ਜਦੋਂ ਜੰਗਲ ਵਿਚ ਕਿਸੇ ਨੂੰ ਖਜ਼ਾਨਾ ਹੱਥ ਲੱਗ ਜਾਵੇ ਤਾਂ ਉਸ ਨੂੰ ਉਹ ਆਪ ਹੀ ਸਿਰ 'ਤੇ ਢੋਂਦਾ ਹੈ'।ਇਹ ਕਹਿ ਬੱਚਿਆਂ ਨੂੰ ਸੀਨੇ ਲਗਾਇਆ, ਸ੍ਰੀ ਖੀਵੀ ਜੀ ਨੇ ਅਗੇ ਵਧ ਕੇ ਚਰਨੀਂ ਹੱਥ ਲਾਏ, ਆਪ ਨੇ ਲੂਣ ਦੀ ਪੋਟ ਸੀਸ 'ਤੇ ਰੱਖੀ ਅਤੇ ਚਟਾਈ ਕੱਛ ਵਿਚ ਲੈ ਪ੍ਰਭਾਤੇ ਹੀ ਪ੍ਰੀਤਮ ਦੇ ਦੇਸ਼ ਨੂੰ ਰਵਾਨਾ ਹੋ ਗਏ।ਕਰਤਾ ਮਹਿਮਾ ਪ੍ਰਕਾਸ਼ ਵਾਰਤਕ (੧੭੭੩ ਈਸਵੀ) ਅਨੁਸਾਰ:

ੳ. ਚਿਤ ਇਕਾਗਰ ਕਰ ਕੇ ਚਟਾਈ ਅਰ ਲੋਨ ਕੀ ਪੋਟ ਬਾਂਧ ਕਰ ਸਾਥ ਲੀਆ। ਬਾਬੇ ਜੀ ਕੇ ਦਰਸਨ ਕੋ ਚਲੇ।ਤਾ ਟਹਲੀਏ ਆਖਿਆ- ਜੀ ਮੇਰੇ ਸਿਰ ਦੇਹ। ਤਬ ਗੁਰੂ ਅੰਗਦ ਜੀ ਆਖਿਆ- ਹੇ ਭਾਈ ਕਿਸੀ ਕੋ ਜੰਗਲ ਮੋ ਖਜਾਨਾ ਮਿਲੇ। ਤਬ ਦੂਸਰੇ ਕੋ ਕੋਈ ਸਰੀਕ ਨਾਹੀ ਕਰਦਾ। ਤੁਸੀ ਈਥੇ ਰਹੋ। ਅਸਾਡਾ ਹੀ ਕੰਮ ਹੈ ਜਾਣਾ। ਇਆਹ ਕਹ ਕੇ ਚਲੇ। ਕਰਤਾਰਪੁਰ ਮੋ ਆਇ ਪਹੁੰਚੇ।ਸੰਪਾਦਕ ਡਾ. ਕੁਲਵਿੰਦਰ ਸਿੰਘ ਬਾਜਵਾ, ਪੰਨਾ ੪੯

ਅ. ਸ਼ਾਖ਼-ਇ ਉਮੀਦ-ਇ ਆਸ਼ਿਕ ਹਰਗਿਜ਼ ਸਮਰ ਨ ਗੀਰਦ। ਅਜ਼ ਅਸ਼ਕ ਆਬ-ਇ ਮਿਜ਼ਗਾਂ ਤਾ ਸਬਜ਼ ਤਰ ਨ ਬਾਸ਼ਦ॥ ਗ਼ਜ਼ਲ ੩੨ (ਆਸ਼ਕ ਦੀ ਆਸ ਦੀ ਟਹਿਣੀ, ਕਦੀ ਵੀ ਫ਼ਲਦਾਰ ਨਹੀਂ ਹੁੰਦੀ, ਜਦ ਤਕ ਝਿੰਮਣੀਆਂ ਦੇ ਹੰਝੂਆਂ ਨਾਲ ਉਸ ਨੂੰ ਚੰਗੀ ਤਰਹ ਸਿੰਜਿਆ ਨਹੀਂ ਕੀਤਾ ਜਾਂਦਾ।)

## ਦੀਨ-ਦੁਨੀ ਦੀ ਪੰਡ

ਲਗਪਗ ੫੩ ਮੀਲ ਦਾ ਸਫ਼ਰ ਕਰ ਕੇ ਦੂਜੇ ਦਿਨ ਚੰਗੇ ਪ੍ਰਛਾਵੇਂ ਢਲਿਆਂ ਗੁਰੂ-ਗੁਰੂ ਕਰਦੇ ਆਪ ਜੀ ਕਰਤਾਰਪੁਰ ਆਣ ਪਹੁੰਚੇ। ਲੂਣ ਦੀ ਪੋਟ ਲੰਗਰ ਵਿਚ ਰੱਖ ਕੇ ਮਾਤਾ ਜੀ ਨੂੰ ਸੀਸ ਨਿਵਾਇਆ। ਗੁਰੂ ਸਾਹਿਬ ਬਾਰੇ ਪੁੱਛਣ 'ਤੇ ਮਾਤਾ ਜੀ ਨੇ ਦੱਸਿਆ ਕਿ ਉਹ ਖੇਤਾਂ ਵਿਚ ਗਏ ਹੋਏ ਹਨ। ਮਿਹਰਬਾਨ ਜਨਮਸਾਖੀ ਅਨੁਸਾਰ:

ਉਥਾਉ ਜਾਇ ਗੁਰੂ ਅੰਗਦ ਪੈਰੀ ਪੈਆ। ਗੁਰੂ ਬਾਬੇ ਬਹੁਤ ਕਰਿ ਕਰਿ ਸਿਰੁ ਹਥਾਂ ਵਿਚਿ ਲੀਤਾ। ਜਿਉ ਪਾਣੀ ਸਿਉ ਪਾਣੀ ਮਿਲਿ ਜਾਤਾ ਹੈ, ਤਿਉ ਗੁਰੂ ਬਾਬੇ ਸਾਥਿ ਗੁਰੂ ਅੰਗਦੁ ਆਇ




ਸਮਾਣਾ। ਜਿਲਦ ਦੂਜੀ, ਪੰਨਾ ੧੮੧

ਖੇਤਾਂ ਵਿਚ ਪਹੁੰਚ ਆਪਣੇ ਪ੍ਰੀਤਮ ਸਤਿਗੁਰਾਂ ਦੇ ਦਰਸ਼ਨ ਕਰ ਕੇ ਅੰਦਰ ਠੰਡ ਪਈ ਤਾਂ ਪੁੱਛਿਆ, 'ਮਹਾਰਾਜ ਜੀ! ਮੈਨੂੰ ਕੀਹ ਹੁਕਮ ਹੈ'? ਹਜ਼ੂਰ ਨੇ ਕਿਹਾ, 'ਨਦੀਨ (ਵਾਧੂ ਘਾਹ ਆਦਿ) ਕੱਢਿਆ ਜਾ ਰਿਹਾ ਹੈ, ਤੁਸੀਂ ਵੀ ਕੱਢ ਲਵੋ'। ਸਤਿ ਬਚਨ ਕਹਿ ਕੇ ਬਾਕੀਆਂ ਵਾਂਗ ਆਪ ਵੀ ਨਦੀਨ ਕੱਢਣ ਲਗ ਪਏ। ਘਰ ਨੂੰ ਮੁੜਨ ਦਾ ਸਮਾਂ ਹੋਇਆ ਤਾਂ ਡੰਗਰਾਂ ਦੇ ਖਾਣ ਲਈ ਚਿੱਕੜ ਚੋਂਦੇ ਨਦੀਨ ਦੀਆਂ ਪੰਡਾਂ ਨੌਕਰ ਚੁੱਕ ਰਹੇ ਸਨ ਤਾਂ ਇਹ ਵੀ ਅੱਗੇ ਹੋ ਗਏ ਤਾਂ ਗੁਰੂ ਸਾਹਿਬ ਜੀ ਨੇ ਨੌਕਰਾਂ ਨਾਲ ਇਨ੍ਹਾਂ ਨੂੰ ਵੀ ਇਕ ਚੁਕਾ ਦਿੱਤੀ। ਘਰ ਪਹੁੰਚ ਜਦੋਂ ਪੰਡ ਸੁੱਟੀ ਤਾਂ ਮਾਤਾ ਜੀ ਵੇਖ ਰਹੇ ਸਨ ਕਿ ਇਨ੍ਹਾਂ ਦੀ ਰੇਸ਼ਮੀ ਪੱਗ ਅਰ ਸਫ਼ੇਦ ਕੁਰਤਾ ਪੰਡ ਵਿਚਲੇ ਚਿੱਕੜ ਦੀਆਂ ਘਰਾਲਾਂ ਨਾਲ ਕਿਵੇਂ ਖ਼ਰਾਬ ਹੋ ਗਏ ਸਨ। ਗੁਰੂ ਸਾਹਿਬ ਨੂੰ ਜਲ ਦਾ ਕਟੋਰਾ ਦੇਂਦਿਆਂ ਕਿਹਾ,

'ਲਹਿਣਾ ਹੁਣੇ ਹੀ ਪਿੰਡੋਂ ਲੂਣ ਦੀ ਪੋਟ ਚੁੱਕੀ ਆਇਆ ਸੀ, ਸਾਹ ਨਹੀਂ ਲਿਆ, ਪਾਣੀ ਵੀ ਨਹੀਂ ਸੂ ਪੀਤਾ ਤੇ ਤੁਹਾਡੇ ਪਿੱਛੇ ਚਲਾ ਗਿਆ। ਤੁਸਾਂ ਚੰਗਾ ਕੀਤਾ ਏਨੀ ਸ਼ਰਧਾ ਰੱਖਣ ਵਾਲੇ ਸਜੇ-ਧਜੇ ਨੂੰ ਚਿੱਕੜ ਨਾਲ ਭਰੀ ਪੰਡ ਚੁਕਾ ਦਿੱਤੀ, ਵੇਖੋ ਤਾਂ ਸਹੀ ਇਸ ਦੇ ਕਪੜਿਆਂ ਦਾ ਕੀਹ ਹਾਲ ਹੋ ਗਿਆ ਹੈ'? ਇਹ ਸੁਣ ਸਾਹਿਬ ਜੀ ਮੁਸਕਰਾਉਂਦਿਆਂ ਕਹਿਣ ਲਗੇ,

'ਇਹ ਘਾਹ ਨਹੀਂ ਭਲੀਏ! ਦੀਨ-ਦੁਨੀ ਦੀ ਪੰਡ ਹੈ ਜੋ ਅਸੀਂ ਅੱਜ ਇਸ ਸਜੇ-ਧਜੇ ਸ਼ਰਧਾਲੂ ਨੂੰ ਚੁਕਾਈ ਹੈ। ਐਹ ਤੂੰ ਜੋ ਚਿੱਕੜ ਦੇ ਛਿੱਟੇ ਵੇਖ ਰਹੀ ਹੈਂ ਇਹ ਖ਼ੁਸ਼ੀਆਂ ਭਰਪੂਰ ਕੇਸਰ ਦੇ ਛਿੱਟੇ ਹਨ।ਭੋਲੀਏ! ਸਾਡੀਆਂ ਅੱਖਾਂ ਨਾਲ ਦੇਖ ਜ਼ਰਾ'। ਗੁਰੂ ਸਾਹਿਬ ਨੇ ਜਦੋਂ ਇਉਂ ਕਿਹਾ ਤਾਂ ਸ੍ਰੀ (ਮਾਤ) ਸੁਲਖਣੀ ਜੀ ਨੇ ਫਿਰ ਧਿਆਨ ਨਾਲ ਵੇਖਿਆ ਅਰ ਸਿਰ ਨਿਵਾਉਂਦਿਆਂ ਕਿਹਾ,

'ਤੁਹਾਡੀਆਂ ਤੁਸੀਂ ਜਾਣੋ'।

ੳ. ਚਿੱਕੜ ਵਹਿਦੇ ਚੁਕ ਘਰਿ ਲੈ ਆਇਆ। ਮਾਤਾ ਜੀ ਵੇਖ ਬਾਬਾ ਨੇ ਆਖ ਸੁਣਾਇਆ। ਮਹਾਰਾਜ ਏਹ ਭਲਾ ਆਦਮੀ ਤੁਸਾਨੂੰ ਮਿਲਣੇ ਆਇਆ। ਤੁਸਾਂ ਭਾਰ ਚੁਕਾਇ ਉਤੇ ਚਿਕੜ ਪਾਇਆ।੨੯॥

ਬਚਨ ਕੀਤਾ ਇਹ ਚਿਕੜ ਨਹੀਂ ਏਹ ਪਇਆ ਹੈ ਕੇਸਰ। ਇਸ ਨੂੰ ਟਿਕਾ ਦਿਤਾ ਹੈ ਪਰਮੇਸਰ।..॥੩੦॥ ਚਰਣ ਦੂਜਾ

ਅ. ਗੁਨ ਖਾਨੀ ਸੁਨਿ ਬੈਨ ਉਚਾਰੇ।(ਗੁਰੂ ਸਾਹਿਬ ਜੀ ਨੇ ਕਿਹਾ)

'ਨਹੀਂ ਪੰਕ ਸੰਗਿ ਭਰਿਓ ਭਾਰੇ।(ਇਹ ਚਿੱਕੜ ਨਾਲ ਨਹੀਂ ਭਰੇ)

ਦੀਨ ਦੁਨੀ ਕਾ ਛਤ੍ਰ ਸੁ ਦੀਓ।(ਅਸੀਂ ਇਸ ਨੂੰ ਲੋਕ ਪ੍ਰਲੋਕ ਦਾ ਛੱਤਰ ਦਿੱਤਾ ਹੈ)

ਅਪਰ ਨ ਇਹ ਸਮ ਜਗ ਮਹਿਂ ਬੀਓ।੯੨॥ (ਇਸ ਵਰਗਾ ਦੁਨੀਆਂ ਵਿਚ ਹੋਰ ਕੋਈ ਨਹੀਂ)

ਪੰਕ ਜੌਨ ਤੁਮ ਕੋ ਦ੍ਰਿਸ਼ਟਾਵਾ।(ਜੋ ਤੈਨੂੰ ਚਿੱਕੜ ਦਿੱਸਦਾ ਹੈ)

ਕੇਸਰ ਸੋ ਹਮ ਨੈ ਛਿਰਕਾਵਾ'।(ਇਹ ਅਸਾਂ ਕੇਸਰ ਛਿੜਕਿਆ ਹੈ)

ਗੁਰ ਕਹਿਂ, 'ਦੇਖਿਓ'? ਕਹੈ 'ਪ੍ਰਭ ਦੇਖਾ'। (ਗੁਰੂ ਸਾਹਿਬ ਨੇ ਕਿਹਾ, 'ਵੇਖਿਆ'? ਇਨ੍ਹਾਂ ਕਿਹਾ, 'ਜੀ, ਵੇਖਿਆ'।)

ਤੁਮਰੀ ਗਤਿ ਤੁਮ ਲਖਹੁ ਅਲੇਖਾ'।੯੩॥੪੭॥ (ਤੁਹਾਡੀਆਂ ਤੁਸੀਂ ਹੀ ਜਾਣੋ') ਭਾਈ ਸੰਤੋਖ ਸਿੰਘ, ਸ੍ਰੀ ਗੁਰੂ ਨਾਨਕ ਪ੍ਰਕਾਸ਼, ਉਤਰਾਰਧ

## ਸੇਵਾ ਵਿਚ

ਹੁਣ ਆਪ ਘਰ ਵਲੋਂ ਨਿਸਚਿੰਤ ਹੋ ਕੇ ਗੁਰੂ-ਸੇਵਾ ਵਿਚ ਜੁੱਟ ਪਏ। ਆਪ ਜੀ ਹਮੇਸ਼ਾ ਸਤਿਗੁਰਾਂ ਦੀ ਹਾਜ਼ਰੀ ਵਿਚ ਰਹਿਣ ਦਾ ਯਤਨ ਕਰਦੇ। ਅੰਮ੍ਰਿਤ ਵੇਲੇ ਜਦੋਂ ਸਾਹਿਬ ਜੀ ਰਾਵੀ 'ਤੇ ਸ਼ਨਾਨ ਕਰਨ ਜਾਂਦੇ ਤਾਂ ਆਪ ਨਾਲ ਹੀ ਚਲੇ ਜਾਂਦੇ। ਜਦੋਂ ਉਹ ਜਲ ਵਿਚ ਹੀ ਅਡੋਲ ਨਿਰੰਕਾਰ ਦੇ ਧਿਆਨ ਵਿਚ ਹੁੰਦੇ ਤਾਂ ਇਹ ਵੀ ਸ਼ਨਾਨ ਕਰ ਲੈਂਦੇ ਅਰ ਕਿਨਾਰੇ ਬੈਠੇ ਗੁਰੂ ਸਾਹਿਬ ਦੇ ਬਸਤ੍ਰਾਂ ਦੀ ਸੰਭਾਲ ਕਰਦੇ। ਵਾਪਸ ਆ ਕੇ ਜਦੋਂ ਦੀਵਾਨ ਸਜਦਾ ਤਾਂ ਦੀਵਾਨ ਵਿਚ ਹਾਜ਼ਰੀ ਭਰਦੇ, ਕੀਰਤਨ ਉਪਰੰਤ ਬਚਨ ਸੁਣਦੇ। ਗੁਰੂ ਸਾਹਿਬ ਦੇ ਬਸਤ੍ਰ ਧੋਂਦੇ, ਲੰਗਰ ਵਿਚ ਜਲ ਲਿਆਉਂਦੇ ਅਰ ਸੰਗਤ ਦੀ ਸੇਵਾ ਵਿਚ ਰਹਿੰਦੇ। ਕੁਝ ਸਮੇਂ ਬਾਦ ਉਥੇ ਲਗਾਏ ਬਕਾਇਣ ਆਦਿ ਰੁਖਾਂ ਦੀ ਛਾਵੇਂ ਸਾਹਿਬ ਜੀ ਬਿਰਾਜਦੇ ਤਾਂ ਆਪ ਕੋਲ ਚਟਾਈ ਵਿਛਾ ਕੇ ਬੈਠ ਜਾਂਦੇ। ਜਦੋਂ ਪਿਛਲੇ ਪਹਿਰ ਕੀਰਤਨ ਹੁੰਦਾ ਤਾਂ ਗੁਰੂ ਸਾਹਿਬ ਦੀ ਅਗਵਾਈ ਵਿਚ ਸਾਰੇ ਸੋ-ਦਰੁ ਅਰ ਸੋਹਿਲਾ ਆਰਤੀ ਦਾ ਗਾਇਣ ਕਰਦੇ। ਉਪਰੰਤ ਗੁਰੂ ਸਾਹਿਬ ਨੂੰ ਲੰਗਰ ਛਕਾ ਕੇ ਆਪ ਆਰਾਮ ਕਰਦੇ।

ਤਬ ਸ੍ਰੀ ਗੁਰੂ ਅੰਗਦ ਜੀ ਰਾਤ ਦਿਨ ਬਾਬੇ ਜੀ ਕੀ ਸੇਵਾ ਵਿਚ ਰਹੇ।ਇਕ ਪਲ ਭੀ ਜੁਦਾ ਨਾ ਹੋਵੈ।ਅਰ ਬਾਬਾ ਜੀ ਕੋ ਭੀ ਗੁਰੂ ਅੰਗਦ ਜੀ ਕੇ ਬਰਾਬਰ ਕੋਈ ਪਿਆਰਾ ਨਾ ਲਗੇ। ਮਹਿਮਾ ਪ੍ਰਕਾਸ਼ (ਵਾਰਤਕ) ਪੰਨਾ ੪੯

ਦੋਹਰਾ॥ ਲਹਨਾ ਜੀ ਠਾਡੇ (ਖੜੇ) ਰਹੈਂ ਪ੍ਰਭ ਸਨਮੁਖ ਦਿਨ ਰੈਨ।
ਨਿਤ ਕਰਮ ਇਹ ਬਿਧ ਸਦਾ ਹੋਤ ਸਦਾ ਸੁਖ ਚੈਨ।੧੧॥ ੫੨॥ ਮਹਿਮਾ ਪ੍ਰਕਾਸ਼

ਇਸ ਸੰਗਤ ਦਾ ਲਾਭ ਆਪ ਜੀ ਨੇ ਆਪ ਹੀ ਇਕ ਦਿਨ ਪਰਗਟ ਕੀਤਾ:

ਸਲੋਕ ਮ:੨॥ ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ॥ ਤਿਸੁ ਵਿਚਿ ਨਉਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ॥ ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ॥ ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥ ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥ ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ॥ ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥ ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥ ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥ ਓਥੈ ਖੋਟੇ ਸਟੀਅਹਿ ਖਰੇ ਕੀਚੈ ਸਾਬ-ਾਸਿ॥ ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ॥੧॥੧੯॥ ਗੁ.ਗ੍ਰੰ.ਸਾ. ਪੰਨਾ ੧੪੬

## ਗੰਦੇ ਚਲ੍ਹੇ/ਟੋਏ ਵਿਚੋਂ ਕਟੋਰਾ ਕੱਢਣਾ

ਇਕ ਦਿਨ ਗੁਰਦੇਵ ਜੀ ਦਹੀਂ ਨਾਲ ਕੇਸੀਂ ਇਸ਼ਨਾਨ ਕਰਕੇ ਖੂਹ 'ਤੋਂ ਵਾਪਸ ਮੁੜ ਰਹੇ ਸਨ ਤਾਂ ਉਨ੍ਹਾਂ ਦੇ ਹੱਥ ਵਿਚ ਫੜਿਆ ਕਟੋਰਾ ਧਰਮਸਾਲ ਦੇ ਬਾਹਰਲੇ ਪਾਸੇ ਬਣੇ ਵੱਡੇ ਚਲ੍ਹੇ ਵਿਚ ਡਿੱਗ ਪਿਆ। ਚਲ੍ਹਾ ਤਕਰੀਬਨ ਹਰ ਘਰ ਦੇ ਬਾਹਰ ਗਲੀ ਵਿਚ ਹੁੰਦਾ ਸੀ, ਘਰ ਅੰਦਰ ਵਰਤਿਆ ਪਾਣੀ ਨਾਲੀ ਰਾਹੀਂ ਬਾਹਰ ਉਸ ਵਿਚ ਆ ਡਿੱਗਦਾ ਜੋ ਹੌਲੀ ਹੌਲੀ ਧਰਤੀ ਵਿਚ ਸਮਾ ਜਾਂਦਾ ਸੀ ਪਰ, ਇਥੇ ਪਾਣੀ ਦੀ ਵਰਤੋਂ ਬਹੁਤੀ ਹੋਣ ਕਰ ਕੇ ਗੰਦਾ ਪਾਣੀ ਖੜਿਆ ਰਹਿੰਦਾ। ਹਜ਼ੂਰ ਦੇ ਪਿੱਛੇ ਸਬੱਬੀਂ ਹੀ ਦੋਵੇਂ ਸਪੁੱਤਰ ਅਤੇ ਭਾਈ ਲਹਿਣਾ ਜੀ ਵੀ ਆ ਰਹੇ ਸਨ। ਕੌਤਕੀ ਸਤਿਗੁਰੂ ਜੀ ਨੇ ੪੪ ਸਾਲਾ ਵੱਡੇ ਸਪੁੱਤਰ ਸ੍ਰੀ ਚੰਦ ਨੂੰ ਕਿਹਾ,

'ਸ੍ਰੀ ਚੰਦਾ! ਚਲ੍ਹੇ 'ਚੋਂ ਸਾਡਾ ਕਟੋਰਾ ਤਾਂ ਕੱਢ ਲਿਆਉ'। ਉਨ੍ਹਾਂ ਸੁਣ ਕੇ ਬੇਪਰਵਾਹੀ ਨਾਲ ਉੱਤਰ ਦਿੱਤਾ,

'ਪਿਤਾ ਜੀ! ਘਰ ਜਾ ਕੇ ਕਿਸੇ ਨੌਕਰ ਨੂੰ ਆਖਦੇ ਹਾਂ ਜੋ ਹੁਣੇ ਕੱਢ ਲਿਜਾਵੇਗਾ'। ਹਜ਼ੂਰ ਨੇ ੪੨ ਸਾਲਾ ਛੋਟੇ ਸਪੁੱਤਰ ਸ੍ਰੀ ਲਖਮੀ ਦਾਸ ਨੂੰ ਜਦੋਂ ਇਹ ਕਰਨ ਲਈ ਕਿਹਾ ਤਾਂ ਉਸ ਨੇ ਕਿਹਾ,

'ਪਿਤਾ ਜੀ! ਗੰਦ ਵਿਚ ਵੜਨ ਵਾਲਾ ਕੰਮ ਸਾਡਾ ਨਹੀਂ, ਜਿਵੇਂ ਵੱਡੇ ਭਾਈ ਨੇ ਕਿਹਾ ਹੈ, ਕਿਸੇ ਕਾਮੇ ਨੂੰ ਭੇਜ ਕੇ ਕਟੋਰਾ ਹੁਣੇ ਕਢਵਾ ਲੈਂਦੇ ਹਾਂ'।ਇਹ ਸੁਣ ਕੇ ਹਜ਼ੂਰ ਨੇ ਸ੍ਰੀ ਲਹਿਣਾ ਜੀ ਵੱਲ ਵੇਖਿਆ ਤਾਂ ਇਸ਼ਾਰਾ ਜਾਣ ਕੇ ਸ੍ਰੀ ਲਹਿਣਾ ਜੀ ਉਸੇ ਵੇਲੇ ਸਹਿਜ ਨਾਲ ਗੰਦੇ ਖੜੋਤੇ ਪਾਣੀ ਵਿਚ ਉੱਤਰ ਗਏ ਅਰ ਕੱਢ ਲਿਆਏ। ਬਾਹਰ ਨਿਕਲਿਆਂ ਦੇ ਕਪੜਿਆਂ ਵੱਲ ਸਾਰੇ ਵੇਖ ਰਹੇ ਸਨ ਕਿ ਕਿਵੇਂ ਝਟਪਟ ਹੀ ਕਾਲੀ ਜਿਹੀ ਗਾਰ ਨਾਲ ਸਾਰੇ ਭਰੇ ਗਏ ਸਨ ਪਰ, ਹਜ਼ੂਰ ਤਾਂ ਲਹਿਣਾ ਜੀ ਦੇ ਮੁਸਕਰਾਉਂਦੇ ਚਿਹਰੇ ਵੱਲ ਵੇਖ ਰਹੇ ਸਨ ਜਿਵੇਂ ਕਿ ਉਨ੍ਹਾਂ ਨੂੰ ਗੁਰੂ ਸਾਹਿਬ ਦੇ ਕਟੋਰੇ ਨੂੰ ਬਾਹਰ ਕੱਢ ਲਿਆਉਣ ਵਿਚ ਕੋਈ ਸੰਤੁਸ਼ਟਤਾ ਮਿਲੀ ਹੋਵੇ। ਇਹ ਵੇਖ ਕੇ ਕੇਸੀਂ ਸ਼ਨਾਨ ਕਰ ਕੇ ਆਏ ਗੁਰੂ-ਬਾਬਾ ਜੀ ਨੇ ਸ੍ਰੀ ਲਹਿਣਾ ਜੀ ਨੂੰ ਪਿਆਰ ਸਹਿਤ ਸੀਨੇ ਨਾਲ ਲਾ ਕੇ ਸ਼ਾਬਾਸ਼ ਦਿੱਤੀ। ਉਨ੍ਹਾਂ ਨੂੰ ਇਹ ਵੇਖ ਕੇ ਭਾਰੀ ਪ੍ਰਸੰਨਤਾ ਹੋਈ ਕਿ ਉਚ-ਨੀਚ ਦੀ ਜਿਸ ਭਿੱਟ ਵਿਚ ਸਾਡੇ ਪੁੱਤਰ ਅਜੇ ਫਸੇ ਹੋਏ ਹਨ,

ਚਲਦਾ.....

# ਖ਼ੁਦਕੁਸ਼ੀ : ਭਾਰਤ 'ਚ ਫੈਲੀ ਮਹਾਂਮਾਰੀ

ਗੁਰਮੀਤ ਸਿੰਘ ਪਲਾਹੀ
9815802070



ਆਰਥਕ ਤੰਗੀ ਅਤੇ ਮਾਨਸਿਕ ਪ੍ਰੇਸ਼ਾਨੀਆਂ ਕਾਰਨ ਦੇਸ਼ ਦੇ ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਹਨ। ਸਾਧਨ ਵਿਹੂਣੇ ਖੇਤ ਮਜ਼ਦੂਰ, ਮਜ਼ਦੂਰ ਵੀ ਬੇਵਸ ਹਨ, ਅਣਿਆਈ ਮੌਤੇ ਮਰ ਰਹੇ ਹਨ। ਦੇਸ਼ ਦੇ ਨੌਜਵਾਨ ਖ਼ਾਸ ਕਰਕੇ ਵਿਦਿਆਰਥੀ ਬੇਰੁਜ਼ਗਾਰੀ, ਪਰਿਵਾਰਕ ਸਮੱਸਿਆਵਾਂ, ਮਾਨਸਿਕ ਭੇਦਭਾਵ ਅਤੇ ਦੁਰਵਿਵਹਾਰ ਕਾਰਨ ਨਿੱਤ ਦਿਹਾੜੇ ਖ਼ੁਦਕੁਸ਼ੀਆਂ ਕਰ ਰਹੇ ਹਨ। ਘਰੇਲੂ ਹਿੰਸਾ ਦੀਆਂ ਸ਼ਿਕਾਰ ਔਰਤਾਂ, ਖੁਦਕੁਸ਼ੀ ਕਰਨ ਲਈ ਮਜ਼ਬੂਰ ਹਨ। ਖ਼ੁਦਕੁਸ਼ੀਆਂ 'ਚ ਦੇਸ਼ ਵਿੱਚ ਸਾਲ-ਦਰ-ਸਾਲ ਵਾਧਾ ਹੋ ਰਿਹਾ ਹੈ।

ਖ਼ੁਦਕੁਸ਼ੀ, ਮਹਾਂਮਾਰੀ ਦਾ ਰੂਪ ਧਾਰਨ ਕਰ ਰਹੀ ਹੈ। 28 ਅਗਸਤ 2024 ਨੂੰ ਐਨ.ਸੀ.ਆਰ.ਬੀ.(ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ) ਦੇ ਅੰਕੜਿਆਂ ਦੇ ਅਧਾਰ 'ਤੇ ਇੱਕ ਰਿਪੋਰਟ ਅਨੁਸਾਰ ਛੋਟੀ ਉਮਰ ਦੇ ਨੌਜਵਾਨਾਂ ਦੀ ਖ਼ੁਦਕੁਸ਼ੀ ਦਾ ਕਾਰਨ 54 ਫ਼ੀਸਦੀ ਸਿਹਤ ਸਮੱਸਿਆਵਾਂ, 36 ਫ਼ੀਸਦੀ ਨਾਕਾਰਾਤਮਕ ਪਰਿਵਾਰਕ ਮੁੱਦੇ 23 ਫ਼ੀਸਦੀ ਸਿੱਖਿਆ ਸਮੱਸਿਆਵਾਂ ਅਤੇ 20 ਫ਼ੀਸਦੀ ਸਮਾਜਿਕ ਅਤੇ ਜੀਵਨ ਸ਼ੈਲੀ ਕਾਰਕ ਹਨ। ਉਂਜ ਹਿੰਸਾ ਕਾਰਨ 22 ਫ਼ੀਸਦੀ, ਆਰਥਿਕ ਸੰਕਟ ਕਾਰਨ 9.1 ਫ਼ੀਸਦੀ ਅਤੇ ਭਾਵਾਤਮਕ ਸਬੰਧਾਂ ਕਾਰਨ 9 ਫ਼ੀਸਦੀ ਨੌਜਵਾਨ ਖ਼ੁਦਕੁਸ਼ੀ ਕਰਦੇ ਹਨ। ਸਰੀਰਕ ਅਤੇ ਯੋਨ ਸੋਸ਼ਣ, ਘੱਟ ਉਮਰ 'ਚ ਮਾਂ ਬਨਣਾ, ਘਰੇਲੂ ਹਿੰਸਾ, ਲਿੰਗਕ ਭੇਦਭਾਵ ਅਤੇ ਕਈ ਐਸੇ ਕਾਰਨ ਹਨ, ਜਿਹਨਾ ਕਾਰਨ ਨੌਜਵਾਨ ਲੜਕੀਆਂ ਖ਼ੁਦਕੁਸ਼ੀ ਕਰਦੀਆਂ ਹਨ।

ਵਿਦਿਆਰਥੀਆਂ 'ਚ ਵਧਦੀਆਂ ਖ਼ੁਦਕੁਸ਼ੀਆਂ ਪੂਰੇ ਸਮਾਜ ਨੂੰ ਪ੍ਰੇਸ਼ਾਨ ਕਰਨ ਵਾਲੀਆਂ ਹਨ। 3 ਦਸੰਬਰ 2023 ਦੀ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨ. ਸੀ. ਆਰ. ਬੀ) ਵਲੋਂ ਜਾਰੀ ਸਲਾਨਾ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਭਾਰਤ ਵਿੱਚ 1,70,924 ਖ਼ੁਦਕੁਸ਼ੀਆਂ ਸਾਲ 2022 ਵਿੱਚ ਰਿਕਾਰਡ ਕੀਤੀਆਂ ਗਈਆਂ ਹਨ। ਇਹ ਗਿਣਤੀ 2021 ਨਾਲੋਂ 4.2 ਫ਼ੀਸਦੀ ਅਤੇ 2018 ਦੀ ਤੁਲਨਾ 'ਚ 27 ਫ਼ੀਸਦੀ ਵੱਧ ਹੈ। ਇਹ ਅੰਕੜਾ ਪ੍ਰਤੀ ਇੱਕ ਲੱਖ 'ਤੇ 12.4 ਹੈ, ਜੋ ਭਾਰਤ ਵਿੱਚ ਹਰ ਵਰ੍ਹੇ ਦਰਜ ਕੀਤੇ ਜਾਣ ਵਾਲੇ ਆਤਮ ਹੱਤਿਆ ਦੇ ਅੰਕੜਿਆਂ 'ਚ ਉੱਚੇ ਦਰਜੇ 'ਤੇ ਹੈ।

ਵਿਦਿਆਰਥੀ ਜਦੋਂ ਆਪਣੇ ਪਰਿਵਾਰ ਤੋਂ ਦੂਰ, ਕੋਚਿੰਗ ਸੈਂਟਰਾਂ ਦੇ ਨਵੇਂ ਮਾਹੌਲ ਵਿੱਚ ਆਉਂਦੇ ਹਨ, ਤਾਂ ਬਹੁਤ ਕੁਝ ਉਹਨਾ ਨਾਲ ਇਹੋ ਜਿਹਾ ਹੁੰਦਾ ਹੈ, ਜਿਸਦੇ ਬਾਰੇ ਉਹਨਾ ਪਹਿਲਾਂ ਸੋਚਿਆ ਵੀ ਨਹੀਂ ਹੁੰਦਾ। ਵਿੱਤੀ ਤੌਰ 'ਤੇ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਉਤੇ ਤਾਂ ਜਲਦੀ ਤੋਂ ਜਲਦੀ ਕੁਝ ਬਣਕੇ ਆਪਣੇ ਪਰਿਵਾਰ ਦੀ ਦੇਖਭਾਲ ਦੀ ਜ਼ਿੰਮੇਵਾਰੀ ਵੱਧ ਹੁੰਦੀ ਹੈ, ਲੇਕਿਨ ਨੌਕਰੀ ਨਾ ਮਿਲਣ ਜਾਂ ਪਲੇਸਮੈਂਟ ਨਾ ਹੋਣ ਦੀ ਸੰਭਾਵਨਾ ਵੀ ਕਾਫ਼ੀ ਹੁੰਦੀ ਹੈ। ਇਹੋ ਜਿਹੇ 'ਚ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਲਈ ਕੋਚਿੰਗ ਸੈਂਟਰ ਵੀ ਜ਼ੁੰਮੇਵਾਰ ਬਣਦੇ ਹਨ, ਜੋ ਦਾਖ਼ਲੇ ਵੇਲੇ ਵਿਦਿਆਰਥੀਆਂ ਨੂੰ ਉੱਚੇ ਸਬਜ਼ ਬਾਗ ਦਿਖਾਉਂਦੇ ਹਨ। ਜੇਕਰ ਭਾਰਤ 'ਚ ਖ਼ੁਦਕੁਸ਼ੀਆਂ ਦੇ ਵਧਦੇ ਮਾਮਲਿਆਂ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇ ਤਾਂ ਸਮਾਜ ਦੇ ਵੱਖੋ-ਵੱਖਰੇ ਵਰਗਾਂ ਦੇ ਨਾਲ-ਨਾਲ ਦੇਸ਼ ਭਰ ਦੇ ਵਿਦਿਆਰਥੀ 'ਚ ਖ਼ੁਦਕੁਸ਼ੀ ਕਰਨ ਦੇ ਮਾਮਲੇ ਵਧਦੇ ਜਾ ਰਹੇ ਹਨ।

ਕਿਧਰੇ ਕੋਈ ਐਮ.ਬੀ.ਬੀ.ਐਸ. ਦਾ ਵਿਦਿਆਰਥੀ ਖ਼ੁਦਕੁਸ਼ੀ ਕਰ ਕਰਦਾ ਹੈ, ਕਿਧਰੇ ਆਈ.ਆਈ.ਟੀਜ਼ ਤੋਂ ਖ਼ੁਦਕੁਸ਼ੀ ਦੀ ਖ਼ਬਰ ਆਉਂਦੀ ਹੈ। ਕਾਰਨ ਪੜ੍ਹਾਈ ਦਾ ਦਬਾਅ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ 2018 ਤੋਂ 2023 ਦੇ 5 ਸਾਲਾਂ ਵਿੱਚ ਆਈ ਆਈ ਟੀ, ਐਨ.ਆਈ.ਟੀ.,ਆਈ. ਆਈ. ਐਮ,ਜਿਹੀਆਂ ਦੇਸ਼ ਦੇ ਉੱਚ ਸਿੱਖਿਆ ਸੰਸਥਾਵਾਂ ਵਿੱਚ 60 ਤੋਂ ਜਿਆਦਾ ਵਿਦੀਆਰਥੀਆਂ ਨੇ ਆਪਣੇ ਉਤੇ ਪੈਟਰੋਲ ਛਿੜਕਕੇ, ਹੋਸਟਲ ਦੀ ਉੱਚੀ ਮੰਜ਼ਿਲ ਤੋਂ ਚਾਲ ਮਾਰਕੇ ਖ਼ੁਦਕੁਸ਼ੀ ਕੀਤੀ। ਇਹਨਾ ਵਿੱਚੋਂ 34 ਵਿਦਿਆਰਥੀ ਆਈ.ਆਈ.ਟੀ. ਸੰਸਥਾਵਾਂ ਦੇ ਸਨ।

ਦਰਅਸਲ ਸਿੱਖਿਆ ਅਤੇ ਕਰੀਅਰ ਵਿੱਚ ਮਾਤਾ-ਪਿਤਾ ਤੇ ਅਧਿਆਪਕਾਂ ਦੀ ਆਪਣੇ ਬੱਚਿਆਂ ਤੋਂ ਚੰਗੀ ਕਾਰਗੁਜਾਰੀ ਦੀ ਹੋੜ ਦੇ ਚਲਦਿਆਂ ਵਿਦਿਆਰਥੀਆਂ ਉਤੇ ਪੜ੍ਹਾਈ ਦਾ ਨਾਕਾਰਾਤਮਕ ਅਸਰ ਵੱਡਾ ਹੈ। ਸਾਡੀ ਸਿੱਖਿਆ ਪ੍ਰਣਾਲੀ ਅੰਕਾਂ 'ਤੇ ਅਧਾਰਤ ਹੈ। ਇਸ ਵਿੱਚ ਮਾਤਾ-ਪਿਤਾ ਦਾ ਦਬਾਅ ਬਚਪਨ ਤੋਂ ਹੀ ਬੱਚਿਆਂ 'ਤੇ ਜਿਆਦਾ ਰਹਿੰਦਾ ਹੈ । ਸਕੂਲਾਂ ਵਿੱਚ ਵੀ ਅਧਿਆਪਕ ਵਿਦਿਆਰਥੀ ਦੀ ਯੋਗਤਾ ਅੰਕਾਂ ਤੋਂ ਪਰਖਦੇ ਹਨ। ਜਿਹੜਾ ਬੱਚਿਆਂ ਦੇ ਮਾਨਸਿਕ ਵਿਕਾਸ 'ਚ ਵੱਡੀ ਰੁਕਾਵਟ ਬਣ ਰਿਹਾ ਹੈ। ਇਸ ਤੋਂ ਵੀ ਅੱਗੇ ਇੰਟਰਨੈੱਟ ਦੇ ਪਸਾਰ ਨੇ ਵਿਦਿਆਰਥੀਆਂ ਦੀ ਸੋਚ ਉਤੇ ਵੱਡਾ ਅਸਰ ਪਾਇਆ ਹੈ। ਇੱਕ ਵਿਸ਼ੇਸ਼ਣ ਅਨੁਸਾਰ ਵੀਹ ਫ਼ੀਸਦੀ ਕਾਲਜ ਵਿਦਿਆਰਥੀ, ਇੰਟਰਨੈੱਟ ਦੇ ਬੁਰੀ ਤਰ੍ਹਾਂ ਆਦੀ ਹੋ ਚੁੱਕੇ ਹਨ, ਇਹਨਾ ਵਿੱਚੋਂ ਇੱਕ ਤਿਹਾਈ ਯੁਵਕ ਸਾਈਬਰ ਠੱਗੀ ਦਾ ਸ਼ਿਕਾਰ ਹੁੰਦੇ ਹਨ ਅਤੇ ਉਹਨਾ ਵਿੱਚੋਂ ਇੱਕ ਤਿਹਾਈ ਖ਼ੁਦਕੁਸ਼ੀ ਕਰ ਲੈਂਦੇ ਹਨ।

ਰਾਜਸਥਾਨ ਵਿੱਚ ਕੋਟਾ ਸ਼ਹਿਰ ਵਿੱਚ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਦੀਆਂ ਵੱਧ ਰਹੀਆਂ ਘਟਨਾਵਾਂ ਦੀ ਦਰ ਨਾਲ ਹਰ ਕੋਈ ਦੁੱਖੀ ਹੈ, ਇਥੇ ਨੀਟ, ਜੇ.ਈ.ਈ. ਅਤੇ ਹੋਰ ਮੁਕਾਬਲੇ ਦੇ ਇਮਤਿਹਾਨ ਦੀ ਤਿਆਰੀ ਕਰਨ ਵਾਲੇ ਨੌਜਵਾਨ ਵਿਦਿਆਰਥੀ ਨਿਰੰਤਰ ਆਪਣੀ ਜਾਨ ਦਿੰਦੇ ਰਹੇ ਹਨ। ਕੀ ਇਹੋ ਜਿਹੀਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਣਾ ਸਰਕਾਰੀ ਪ੍ਰਸ਼ਾਸ਼ਨ ਦੀ ਜ਼ੁੰਮੇਵਾਰੀ ਨਹੀਂ ਹੈ ?

ਖ਼ੁਦਕੁਸ਼ੀ ਕਰਨ ਵਾਲੇ ਵਿਦਿਆਰਥੀਆਂ ਦੇ ਮਾਮਲੇ 'ਚ ਮਨੋਚਕਿਤਸਕਾਂ ਦਾ ਵਿਚਾਰ ਹੈ ਕਿ ਵਿਦਿਆਰਥੀਆਂ 'ਚ ਵੱਧ ਰਹੀਆਂ ਖ਼ੁਦਕੁਸ਼ੀਆਂ ਦਾ ਕਾਰਨ ਵਿਦਿਆਰਥੀ ਉਤੇ ਪੜ੍ਹਾਈ ਦਾ ਉਹਨਾ ਦੀ ਸਮਰੱਥਾ ਤੋਂ ਵੱਧ ਬੋਝ ਅਤੇ ਇਮਤਿਹਾਨਾਂ ਵਿੱਚ ਵੱਧ ਤੋਂ ਵੱਧ ਅੰਕ ਲੈਣ ਦੀ ਹੋੜ ਹੈ। ਮੌਜੂਦਾ ਸਿੱਖਿਆ ਪ੍ਰਣਾਲੀ ਨੂੰ "ਡਾਟਾ ਔਰੀਐਨਟਿਡ" ਰੱਖਣਾ ਕਿਸੇ ਤਰ੍ਹਾਂ ਦੀ ਵਿਦਿਆਰਥੀ ਦੀ ਮਾਨਸਿਕ ਸਿਹਤ ਦੇ ਅਨੁਕੂਲ ਨਹੀਂ ਹੈ। ਅਸਲ 'ਚ ਮਾਪੇ ਆਪਣੇ ਬੱਚਿਆਂ ਤੋਂ ਇਸ ਗੱਲ ਦੀ ਬੇਲੋੜੀ ਆਸ ਰੱਖਦੇ ਹਨ ਕਿ ਜੋ ਕੁਝ ਉਹ ਜ਼ਿੰਦਗੀ 'ਚ ਨਹੀਂ ਬਣ ਸਕੇ, ਉਹਨਾ ਦੇ ਬੱਚੇ ਉਹ ਕੁਝ ਬਨਣ। ਇਹੋ ਇੱਛਾ ਵਿਦਿਆਰਥੀ ਦੀ ਮਾਨਸਿਕ ਸਿਹਤ ਉਤੇ ਬੁਰਾ ਅਸਰ ਪਾਉਂਦੀ ਹੈ।

ਮੌਜੂਦਾ ਦੌਰ 'ਚ ਜਦੋਂ ਦੇਸ਼ ਦਾ ਨੌਜਵਾਨ ਬੇਰੁਜ਼ਗਾਰੀ ਜਿਹੇ ਮਹਾਂ ਦੈਂਤ ਦੇ ਜਵਾੜੇ ਹੇਠ ਹੈ। ਨੌਜਵਾਨ ਪ੍ਰਵਾਸ ਦੇ ਰਾਹ ਪੈਣ ਲਈ ਮਜ਼ਬੂਰ ਹੁੰਦੇ ਹਨ। ਵਿਦਿਆਰਥੀ ਵੀਜ਼ਾ ਜਾਂ ਵਰਕ ਪਰਮੈਂਟ ਵੀਜ਼ਾ ਲੈ ਕੇ ਉਹ ਕੈਨੇਡਾ, ਅਮਰੀਕਾ ਤੇ ਹੋਰ ਮੁਲਕਾਂ 'ਚ ਜਾਂਦੇ ਹਨ। ਉਥੇ ਪੜ੍ਹਾਈ ਅਤੇ ਕੰਮ ਦਾ ਏਨਾ ਬੋਝ ਹੁੰਦਾ ਹੈ ਕਿ ਵਿਦਿਆਰਥੀ, ਨੌਜਵਾਨ ਮਾਨਸਿਕ ਤਨਾਅ 'ਚ ਰਹਿੰਦੇ ਹਨ। ਖ਼ਤਰਨਾਕ ਬੀਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਹਾਰਟ ਅਟੈਕ ਜਿਹੀਆਂ ਬੀਮਾਰੀਆਂ ਤਨਾਅ ਕਾਰਨ ਹੀ ਹੋ ਰਹੀਆਂ ਹਨ। ਕੈਨੇਡਾ ਤੇ ਹੋਰ ਮੁਲਕਾਂ ਤੋਂ ਆਈਆਂ ਭਾਰਤੀਆਂ ਦੀਆਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਨਿੱਤ ਦਿਹਾੜੇ ਪ੍ਰੇਸ਼ਾਨ ਕਰਨ ਵਾਲੀਆਂ ਹਨ।

ਕਿਸਾਨ ਖ਼ੁਦਕੁਸ਼ੀਆਂ ਦਾ ਮਾਮਲਾ ਤਾਂ ਦੇਸ਼ ਵਾਸੀਆਂ ਦਾ ਧਿਆਨ ਪਹਿਲਾਂ ਹੀ ਖਿਚਦਾ ਰਿਹਾ ਹੈ। ਘਾਟੇ ਦੀ ਖੇਤੀ ਉਹਨਾ ਦੀ ਜਾਨ ਦਾ ਖੋਅ ਬਣਦੀ ਹੈ। 5 ਏਕੜ ਤੋਂ ਘੱਟ ਜ਼ਮੀਨ ਮਾਲਕੀ ਵਾਲਾ ਛੋਟਾ ਕਿਸਾਨ ਲਗਾਤਾਰ ਕਰਜ਼ਾਈ ਰਹਿੰਦਾ ਹੈ। ਹੁਣ ਤਾਂ ਮੱਧ ਵਰਗੀ ਕਿਸਾਨ ਵੀ ਕਰਜ਼ੇ ਦੀ ਲਪੇਟ 'ਚ ਆਇਆ ਹੋਇਆ ਹੈ। ਕੁਲ ਮਿਲਾਕੇ ਦੇਸ਼ ਦੇ 92 ਫ਼ੀਸਦੀ ਕਿਸਾਨ ਛੋਟੇ ਅਤੇ ਮੱਧ ਵਰਗੀ ਕਿਸਾਨ ਹਨ। ਇਹਨਾ ਵਿੱਚ ਕਾਸ਼ਤਕਾਰ, ਪੱਟੇਦਾਰ ਸ਼ਾਮਲ ਹਨ। ਦੇਸ਼ 'ਚ ਸਿੱਕੇ ਬੰਦ 'ਖੇਤੀ ਨੀਤੀ' ਨਾ ਹੋਣ ਕਾਰਨ, ਇਹ ਕਿਸਾਨ ਮੁਸੀਬਤਾਂ 'ਚ ਫਸੇ ਰਹਿੰਦੇ ਹਨ। ਆਰਥਿਕ ਤੰਗੀਆਂ-ਤੁਰਸ਼ੀਆਂ ਦਾ ਸ਼ਿਕਾਰ ਬਣਦੇ ਹਨ। 2022 ਦੀ ਇੱਕ ਰਿਪੋਰਟ ਅਨੁਸਾਰ 11290 ਖੇਤੀ ਸੈਕਟਰ ਦੇ ਲੋਕਾਂ, ਜਿਹਨਾ ਵਿੱਚ 5270 ਕਿਸਾਨ ਅਤੇ 6083 ਖੇਤ ਮਜ਼ਦੂਰ ਸ਼ਾਮਲ ਸਨ, ਖ਼ੁਦਕੁਸ਼ੀਆਂ ਕੀਤੀਆਂ। ਇਹ ਦੇਸ਼ 'ਚ ਕੁਲ ਖ਼ੁਦਕੁਸ਼ੀ ਕਰਨ ਵਾਲੇ ਲੋਕਾਂ ਦਾ 6.6 ਫ਼ੀਸਦੀ ਸੀ। ਕਾਰਨ ਮੁੱਖ ਰੂਪ ਵਿੱਚ ਕਰਜ਼ਾ, ਮੌਨਸੂਨ ਦੀ ਘਾਟ, ਫ਼ਸਲਾਂ 'ਤੇ ਕਰੋਪੀ ਆਦਿ ਰਹੇ ਹਨ। ਪਰ ਚਿੰਤਾ ਦੀ ਗੱਲ ਤਾਂ ਇਹ ਹੈ ਕਿ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ ਦੀ ਦਰ ਹਰ ਸਾਲ ਵਧਦੀ ਜਾ ਰਹੀ ਹੈ। ਪਿਛਲੇ ਇੱਕ ਦਹਾਕੇ ਵਿੱਚ 1,12,000 ਖੇਤੀ ਸੈਕਟਰ ਦੇ ਲੋਕਾਂ ਨੇ ਖ਼ੁਦਕੁਸ਼ੀ ਕੀਤੀ।

ਦੇਸ਼ 'ਚ ਔਰਤਾਂ ਦੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਹੈਰਾਨੀਜਨਕ ਢੰਗ ਨਾਲ ਵਧੀ ਹੈ। ਸਾਲ 2022 ਦੌਰਾਨ 48000 ਔਰਤਾਂ ਨੇ ਅਤੇ ਜਦਕਿ 1,22,000 ਮਰਦਾਂ ਨੇ ਖ਼ੁਦਕੁਸ਼ੀ ਕੀਤੀ। ਦੇਸ਼ 'ਚ ਸਾਲ 2021 'ਚ 1,64,033 ਖ਼ੁਦਕੁਸ਼ੀਆਂ ਕਰਨ ਵਾਲਿਆਂ ਦੀ ਗਿਣਤੀ ਸੀ। ਇਸ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਨੌਜਵਾਨ ਔਰਤਾਂ 'ਚ ਖ਼ੁਦਕੁਸ਼ੀ ਜ਼ਿਆਦਾ ਹੋ ਰਹੀ ਹੈ। 15 ਤੋਂ 39 ਸਾਲ ਦੀਆਂ ਔਰਤਾਂ 'ਚ 2021 ਸਾਲ 'ਚ ਖ਼ੁਦਕੁਸ਼ੀ ਕਰਨ ਵਾਲੀਆਂ ਔਰਤਾਂ ਦੀ ਗਿਣਤੀ ਇੱਕ ਲੱਖ ਪਿਛੇ 12.7 ਸੀ ਜੋ ਕਿ 2021 'ਚ ਵਧਕੇ ਇੱਕ ਲੱਖ ਪਿੱਛੇ 17.5 ਹੋ ਗਈ ਖ਼ੁਦਕੁਸ਼ੀ ਕਰਨ ਦਾ ਕਾਰਨ ਔਰਤਾਂ 'ਚ ਮੁੱਖ ਤੌਰ 'ਤੇ ਪਰਿਵਾਰਕ, ਬੀਮਾਰੀ, ਇਕੱਲੇਪਨ ਦੀ ਭਾਵਨਾ, ਔਲਾਦ ਪੈਦਾ ਨਾ ਹੋਣਾ, ਵਿਆਹ ਟੁੱਟਣਾ ਆਦਿ ਰਿਹਾ ਹੈ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਦੀ ਗਿਣਤੀ 31 ਫ਼ੀਸਦੀ ਰਹੀ।ਇਹ ਵੱਡੀ ਚਿੰਤਾ ਦਾ ਵਿਸ਼ਾ ਹੈ।

ਖ਼ੁਦਕੁਸ਼ੀਆਂ ਦੇ ਮਾਮਲੇ 'ਤੇ ਜਿਹੜੀਆਂ ਰਿਪੋਰਟਾਂ ਸਰਕਾਰੀ ਤੌਰ 'ਤੇ ਛਾਇਆ ਹੁੰਦੀਆਂ ਹਨ, ਉਹਨਾਂ ਤੋਂ ਵੱਖਰੀਆਂ ਰਿਪੋਰਟਾਂ ਹੋਰ ਏਜੰਸੀਆਂ ਵਲੋਂ ਮੀਡੀਆਂ 'ਤੇ ਉਪਲੱਬਧ ਹਨ। ਜਿਹੜੀਆਂ ਇਹ ਵਿਖਾਉਂਦੀਆਂ ਹਨ ਕਿ ਸਰਕਾਰੀ ਅੰਕੜਿਆਂ ਤੋਂ ਵੱਧ ਲੋਕਾਂ ਨੇ ਖ਼ੁਦਕੁਸ਼ੀ ਕੀਤੀ। ਉਦਾਹਰਨ ਦੇ ਤੌਰ 'ਤੇ 2010 ਦੇ ਸਰਕਾਰੀ ਅੰਕੜੇ 1,34,600 ਖੁਦਕੁਸ਼ੀਆਂ ਦੱਸਦੇ ਹਨ, ਜਦਕਿ ਮੈਡੀਕਲ ਮੈਗਜ਼ੀਨ 'ਦੀ ਲਾਂਸਿਟ' ਆਪਣੀ ਰਿਪੋਰਟ 1,87,000 ਮੌਤਾਂ ਦੀ ਵਿਖਾਉਂਦੀ ਹੈ। ਇਸਦਾ ਇੱਕ ਕਾਰਨ ਇਹ ਵੀ ਹੈ ਪਿੰਡਾਂ ਜਾਂ ਦੂਰ-ਦੁਰੇਡੇ ਦੇ ਲੋਕ ਖੁਦਕੁਸ਼ੀ ਦੇ ਮਾਮਲਿਆਂ ਨੂੰ ਲੁਕੋਅ ਲੈਂਦੇ ਹਨ ਤਾਂ ਕਿ ਉਹਨਾ ਦੀ ਸਮਾਜ ਵਿੱਚ ਬਦਨਾਮੀ ਨਾ ਹੋਏ।

ਭਾਵੇਂ ਬਹੁਤ ਸਾਰੇ ਕਾਰਨ ਖ਼ੁਦਕੁਸ਼ੀ ਦੇ ਮਾਮਲੇ 'ਤੇ ਗਿਣਾਏ ਜਾਂਦੇ ਹਨ, ਪਰ ਮੁੱਖ ਕਾਰਨ ਕੰਗਾਲੀ, ਬਦਹਾਲੀ, ਬੇਰੁਜ਼ਗਾਰੀ, ਸਿੱਖਿਆਂ ਸਿਹਤ ਸੇਵਾਵਾਂ ਦੀ ਘਾਟ ਅਤੇ ਜਨਤਕ ਨਿਆਂ ਨਾ ਮਿਲਣਾ ਹੈ। ਦੇਸ਼ ਇਸ ਵੇਲੇ ਬੇਰੁਜ਼ਗਾਰੀ ਦੀ ਮਾਰ ਹੇਠ ਹੈ। ਆਮ ਆਦਮੀ ਨਿਆਂ ਲੱਭ ਰਿਹਾ ਹੈ। ਰੋਟੀ ਲੱਭ ਰਿਹਾ ਹੈ। ਸਿੱਖਿਆ, ਸਿਹਤ, ਸੇਵਾਵਾਂ ਤੋਂ ਵਿਰਵਾ ਹੈ। ਸਾਧਨ ਵਿਹੂਣਾ ਹੈ। ਇਹੋ ਜਿਹੀਆਂ ਹਾਲਤਾਂ ਮਨੁੱਖ ਲਈ ਮਾਨਸਿਕ ਸੰਕਟ ਪੈਦਾ ਕਰਦੀਆਂ ਹਨ। ਆਰਥਿਕ ਤੇ ਮਾਨਸਿਕ ਸਥਿਤੀਆਂ ਦਾ ਟਾਕਰਾ ਨਾ ਕਰ ਸਕਣ ਕਾਰਨ ਉਹ ਮੌਤ ਨੂੰ ਹੀ ਆਖ਼ਰੀ ਹੱਲ ਲੱਭ ਲੈਂਦਾ ਹੈ।

ਸਮੇਂ ਸਮੇਂ ਤੇ ਫੈਲੀਆਂ ਜਾਂ ਫੈਲਾਈਆਂ ਗਈਆਂ ਕਰੋਨਾ ਵਾਇਰਸ ਵਰਗੀਆਂ ਬੀਮਾਰੀਆਂ, ਜਿਹਨਾ ਦੇ ਅਣਦਿਸਦੇ ਕਾਰਨਾਂ ਕਰਕੇ ਸਮਾਜ ਨੂੰ ਵੱਡੀ ਪ੍ਰੇਸ਼ਾਨੀ ਝੱਲਣੀ ਪਈ, ਉਸਤੋਂ ਵੀ ਵੱਡੀ ਪ੍ਰੇਸ਼ਾਨੀ "ਖੁਦਕੁਸ਼ੀ ਮਹਾਂਮਾਰੀ" ਹੈ, ਜੋ ਦੇਸ਼ ਦੇ ਦਰਪੇਸ਼ ਹੈ। ਇਹ ਘੁਣ ਵਾਂਗਰ ਦੇਸ਼ ਨੂੰ, ਦੇਸ਼ ਦੇ ਲੋਕਾਂ ਨੂੰ ਖਾ ਰਹੀ ਹੈ। ਇਸ ਮਹਾਂਮਾਰੀ ਨੂੰ ਠੱਲਣ ਅਤੇ ਇਸ ਤੋਂ ਨਿਜਾਤ ਪਾਉਣ ਲਈ ਵੱਡੇ ਜਨਤਕ ਯਤਨ ਤਾਂ ਲੋੜੀਂਦੇ ਹੀ ਹਨ, ਨਾਲ ਦੀ ਨਾਲ ਲੋਕਾਂ 'ਚ ਸਿਆਸੀ ਚੇਤਨਾ ਪੈਦਾ ਕਰਕੇ ਲੋਕ ਹਿਤੈਸ਼ੀ ਸਰਕਾਰਾਂ ਅੱਗੇ ਲਿਆਉਣ ਦੀ ਵੀ ਲੋੜ ਹੈ ਤਾਂ ਕਿ ਲੋਕਾਂ 'ਚ ਪੈਦਾ ਹੋਏ ਨਾਕਾਰਾਤਮਕ ਵਿਚਾਰ ਖ਼ਤਮ ਹੋ ਸਕਣ ਅਤੇ ਉਹ ਇੱਕ ਨਿਵੇਕਲੀ ਉਮੀਦ ਨਾਲ ਸਾਂਵੀ ਪੱਧਰੀ, ਖੁਸ਼ਹਾਲ ਜ਼ਿੰਦਗੀ ਜੀਊਣ ਦੇ ਸੁਪਨੇ ਉਣ ਸਕਣ।

* * * * * * * *

# ਆਓ ਜਾਣੀਏ ਹਿੰਦੀ ਦੇ ਪਹਿਲੇ ਮਹਾਨ ਕਵੀ ਚਾਂਦ ਬਰਦਾਈ ਬਾਰੇ

ਚਾਂਦ ਬਰਦਾਈ ਭਾਰਤ ਦੇ ਆਖਰੀ ਹਿੰਦੂ ਸਮਰਾਟ ਪ੍ਰਿਥਵੀਰਾਜ ਚੌਹਾਨ ਦਾ ਮਿੱਤਰ, ਸਾਥੀ ਅਤੇ ਸ਼ਾਹੀ ਕਵੀ ਅਤੇ ਹਿੰਦੀ ਦਾ ਪਹਿਲਾ ਮਹਾਨ ਕਵੀ ਸੀ। ਚਾਂਦ ਬਰਦਾਈ ਨੂੰ ਹਿੰਦੀ ਦੇ ਪਹਿਲੇ ਕਵੀ ਹੋਣ ਦਾ ਮਾਣ ਪ੍ਰਾਪਤ ਹੈ ਅਤੇ ਚਾਂਦ ਬਰਦਾਈ ਦੀ ਰਚਨਾ ਪ੍ਰਿਥਵੀਰਾਜ ਰਾਸੋ ਨੂੰ ਪਹਿਲੀ ਹਿੰਦੀ ਰਚਨਾ ਹੋਣ ਦਾ ਮਾਣ ਪ੍ਰਾਪਤ ਹੈ। ਪ੍ਰਿਥਵੀ ਰਾਜ ਰਾਸੋ' ਇਸ ਦੀ ਅਮਰ ਕਿਰਤ ਹੈ। ਚਾਂਦ ਬਰਦਾਈ ਦਾ ਜਨਮ 30 ਸਤੰਬਰ 1149 ਈ. ਨੂੰ ਲਾਹੌਰ ਵਿਖੇ ਹੋਇਆ ਸੀ।ਚਾਂਦ ਬਰਾਦਰੀ ਦਾ ਜਨਮ ਕਈ ਪੁਸਤਕਾਂ ਵਿੱਚ 1148 ਈ. ਵਿੱਚ ਹੋਇਆ ਦੱਸਿਆ ਗਿਆ ਹੈ।ਚਾਂਦ ਬਰਦਾਈ ਜਗਤ ਗੋਤ ਦਾ ਭੱਟ ਬ੍ਰਾਹਮਣ ਸੀ। ਚਾਂਦ ਬਰਦਾਈ ਨੂੰ ਪ੍ਰਿਥਵੀਰਾਜ ਰਾਸੋ ਦਾ ਲੇਖਕ ਮੰਨਿਆ ਜਾਂਦਾ ਹੈ। ਪ੍ਰਿਥਵੀਰਾਜ ਰਾਸੋ' ਚਾਂਦ ਬਰਦਾਈ ਦੇ ਪ੍ਰਸਿੱਧ ਗ੍ਰੰਥਾਂ ਵਿੱਚੋਂ ਇੱਕ ਹੈ ਭਾਸ਼ਾ ਵਿਗਿਆਨੀਆਂ ਨੇ ਇਸ ਦੀ ਭਾਸ਼ਾ ਨੂੰ ਪਿੰਗਲ ਕਿਹਾ ਹੈ।

ਪਿੰਗਲ ਰਾਜਸਥਾਨ ਵਿੱਚ ਬ੍ਰਜ ਭਾਸ਼ਾ ਦਾ ਸਮਾਨਾਰਥੀ ਹੈ। ਇਸ ਲਈ ਚਾਂਦ ਬਰਦਾਈ ਨੂੰ ਬ੍ਰਜ ਭਾਸ਼ਾ ਹਿੰਦੀ ਦਾ ਪਹਿਲਾ ਮਹਾਨ ਕਵੀ ਮੰਨਿਆ ਜਾਂਦਾ ਹੈ।ਚਾਂਦ ਬਰਾਦਰੀ ਨੇ ਕਵਿਤਾ ਵਿੱਚ ਮੁੱਖ ਰੂਪ ਵਿਚ ਵੀਰ ਤੇ ਸ਼ਿੰਗਾਰ-ਰਸ ਨੂੰ ਪ੍ਰਧਾਨਤਾ ਦਿੱਤੀ ਗਈ ਹੈ ਅਤੇ ਬਾਕੀ ਰਸ ਗੌਣ ਰੂਪ ਵਿਚ ਲਏ ਗਏ ਹਨ।ਅਲੰਕਾਰਾਂ ਦੀ ਵਰਤੋਂ ਬਹੁਤ ਜ਼ਿਆਦਾ ਕੀਤੀ ਗਈ ਹੈ।ਪ੍ਰਿਥਵੀਰਾਜ ਰਾਸੋ ਵਿੱਚ 68 ਪ੍ਰਕਾਰ ਦੇ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਪ੍ਰਿਥਵੀਰਾਜ ਰਾਸੋ ਵਿੱਚ ਦਿੱਤੇ ਵੇਰਵਿਆਂ ਅਨੁਸਾਰ ਚਾਂਦ ਬਰਦਾਈ ਅਤੇ ਪ੍ਰਿਥਵੀਰਾਜ ਦਾ ਜਨਮ ਇੱਕੋ ਦਿਨ ਹੋਇਆ ਸੀ ਅਤੇ ਉਨ੍ਹਾਂ ਦੀ ਮੌਤ ਵੀ ਉਸੇ ਦਿਨ ਹੋਈ ਸੀ। ਇਸ ਦੇ ਨਾਲ ਹੀ ਬਰਦਾਈ ਨੇ ਪ੍ਰਿਥਵੀਰਾਜ ਦੀ ਜ਼ਿੰਦਗੀ ਦੇ ਯੁੱਧ ਅਤੇ ਪ੍ਰੇਮ ਕਹਾਣੀ ਬਾਰੇ ਵੀ ਦੱਸਿਆ ਹੈ। ਇਸ ਪੁਸਤਕ ਵਿਚ ਲਗਭਗ 100,000 ਸਲੋਕ ਸਨ ਇਸ ਗ੍ਰੰਥ ਦੇ ਲਗਭਗ 30,000 ਸਲੋਕ, ਜੋ ਹੁਣ ਉਪਲਬਧ ਹਨ, ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰਨਲ ਟੌਡ ਦੁਆਰਾ ਕੀਤਾ ਗਿਆ ਹੈ। ਚਾਂਦ ਬਰਦਾਈ ਜਿਸ ਨੂੰ ਬ੍ਰਹਮਰਾਓ (ਬ੍ਰਹਮਭੱਟ) ਹੋਣ ਕਰਕੇ ਚੰਦਰ ਭੱਟ ਵੀ ਕਿਹਾ ਜਾਂਦਾ ਹੈ। ਚਾਂਦ ਬਰਦਾਈ ਨੂੰ ਛੇ ਭਾਸ਼ਾਵਾਂ ਵਿਆਕਰਣ, ਕਾਵਿ, ਸਾਹਿਤ, ਛੰਦ-ਸ਼ਾਸਤਰ, ਜੋਤਿਸ਼, ਪੁਰਾਣ, ਨਾਟਕ ਆਦਿ ਬਾਰੇ ਪੂਰਨ ਗਿਆਨ ਸੀ। ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਪ੍ਰਿਥਵੀਰਾਜ ਚੌਹਾਨ ਤੀਰਾਂ ਨੂੰ ਬਿੰਨ੍ਹਣ ਦੀ ਕਲਾ ਵਿੱਚ ਨਿਪੁੰਨ ਸੀ। ਚਾਂਦ ਬਰਦਾਈ ਇੱਕ ਭਾਰਤੀ ਕਵੀ ਸੀ ਜਿਸਨੇ ਪ੍ਰਿਥਵੀਰਾਜ ਰਾਸੋ ਦੀ ਰਚਨਾ ਕੀਤੀ ਸੀ, ਜੋ ਕਿ ਰਾਜਾ ਪ੍ਰਿਥਵੀਰਾਜ ਚੌਹਾਨ ਦੇ ਜੀਵਨ ਉੱਤੇ ਬ੍ਰਜ ਭਾਸ਼ਾ ਵਿੱਚ ਇੱਕ ਮਹਾਂਕਾਵਿ ਹੈ।

ਕਵਿਤਾ ਵਿੱਚ ਉਸਨੂੰ ਪ੍ਰਿਥਵੀਰਾਜ ਦੇ ਦਰਬਾਰੀ ਕਵੀ ਵਜੋਂ ਪੇਸ਼ ਕੀਤਾ ਗਿਆ ਹੈ। ਚਾਰ ਬੰਸ ਚੌਵੀ ਗਜ਼, ਅੰਗੁਲ ਅਸ਼ਟ ਪ੍ਰਣ', ਤਾ ਉਪਰ ਸੁਲਤਾਨ ਹੈ, ਮਤ ਚੂਕੋ ਚੌਹਾਨ' ਇਸ ਪ੍ਰਮੁੱਖ ਕਾਵਿ ਦੀ ਰਚਨਾ ਕਵੀ ਚਾਂਦ ਬਰਦਾਈ ਨੇ ਕੀਤੀ ਹੈ। ਇੱਕ ਦਰਬਾਰੀ ਕਵੀ ਹੋਣ ਦੇ ਨਾਤੇ, ਚਾਂਦ ਬਰਦਾਈ ਆਪਣੇ ਸਰਪ੍ਰਸਤ ਦੀ ਉਸਤਤ ਵਿੱਚ ਕਵਿਤਾਵਾਂ ਲਿਖਦਾ ਸੀ। ਯੁੱਧ ਦੌਰਾਨ ਉਹ ਹਮੇਸ਼ਾ ਫੌਜ ਦੇ ਨਾਲ ਰਿਹਾ ਅਤੇ ਫੌਜੀ ਅਭਿਆਸ ਵੀ ਕਰਦਾ ਸੀ। ਪ੍ਰਿਥਵੀਰਾਜ ਰਾਸੋ' ਕਵਿਤਾ ਵਿੱਚ ਮਹਾਰਾਜਾ ਪ੍ਰਿਥਵੀਰਾਜ ਦੇ ਯੁੱਧ ਦਾ ਵਰਣਨ ਵੀ ਕੀਤਾ ਗਿਆ ਹੈ। ਚਾਂਦ ਬਰਦਾਈ ਦੀਆਂ ਦੋ ਪਤਨੀਆਂ ਦੇ ਨਾਂ ਕਮਲਾ ਅਤੇ ਗੌਰਨ ਸਨ। ਚਾਂਦ ਬਰਦਾਈ ਦੇ 10 ਪੁੱਤਰ ਸਨ ਅਤੇ ਇੱਕ ਧੀ ਰਾਜਾਬਾਈ ਸੀ। ਚਾਂਦ ਬਰਦਾਈ ਕੇਵਲ ਇੱਕ ਦਰਬਾਰੀ ਕਵੀ ਹੀ ਨਹੀਂ ਸੀ ਸਗੋਂ ਰਾਜੇ ਦੇ ਵਿਸ਼ੇਸ਼ ਵਿਅਕਤੀਆਂ ਵਿੱਚੋਂ ਇੱਕ ਸੀ। ਕਵੀ ਯੁੱਧਾਂ ਸਮੇਂ ਰਾਜੇ ਦੇ ਨਾਲ ਜਾਂਦਾ ਸੀ। 1192 ਈ. ਵਿੱਚ ਤਰਾਇਨ ਦੀ ਦੂਜੀ ਲੜਾਈ ਵਿੱਚ ਪ੍ਰਿਥਵੀਰਾਜ ਦੀ ਹਾਰ ਹੋਈ, ਜਿਸ ਤੋਂ ਬਾਅਦ ਮੁਹੰਮਦ ਗੌਰੀ ਨੇ ਸੱਤਾ ਸੰਭਾਲੀ। ਇਸ ਔਖੀ ਘੜੀ ਵਿੱਚ ਵੀ ਚਾਂਦ ਬਰਦਾਈ ਉਸ ਦੇ ਨਾਲ ਖੜ੍ਹਾ ਸੀ।ਚਾਂਦ ਬਰਦਾਈ ਦੇ ਪੁੱਤਰ ਜਲ੍ਹਣ ਨੇ ਪ੍ਰਿਥਵੀਰਾਜ ਰਾਸੋ ਨੂੰ ਪੂਰਾ ਕੀਤਾ ਸੀ।ਕੁੱਝ ਇਤਿਹਾਸਕਾਰਾਂ ਅਨੁਸਾਰ ਚਾਂਦ ਬਰਾਦਰੀ ਦੀ ਮੌਤ 1192 ਈ. ਨੂੰ ਹੋਈ।

ਗਗਨਦੀਪ ਕੌਰ ਧਾਲੀਵਾਲ
ਅਸਿਸਟੈਂਟ ਪ੍ਰੋਫ਼ੈਸਰ (ਇਤਿਹਾਸ)
ਆਰੀਆ ਭੱਟ ਕਾਲਜ ਬਰਨਾਲਾ।

# ਦਸ ਦਾ ਨੋਟ

ਦਸ ਦਾ ਨੋਟ ਅਹਿਸਾਨ ਚੜ੍ਹਾਉਣ ਦਾ ਅਹਿਸਾਸ ਹੁੰਦਾ ਹੈ। ਨੋਟ ਬੰਦੀ ਤਾਂ ਖਾਹਮਖਾਹ ਬਦਨਾਮ ਹੋ ਗਈ। ਚੰਗਾ ਹੁੰਦਾ ਜੇ ਸਿਰਫ ਦਸ ਦਾ ਨੋਟ ਹੀ ਬੰਦ ਕਰ ਦਿੰਦੇ। ਅੱਜ ਛੋਟੀ ਅਤੇ ਸਹਿਣਯੋਗ ਰਾਸ਼ੀ ਦਸ ਦੇ ਨੋਟ ਵਿੱਚ ਛੁਪੀ ਪਈ ਹੈ। ਹਾਂ ਇੱਕ ਗੱਲ ਜ਼ਰੂਰ ਹੈ ਕਿ ਦਸ ਦਾ ਨੋਟ ਪਰਦੇ ਢਕ ਲੈਂਦਾ ਹੈ। ਅਸੀਂ ਜਦੋਂ ਧਾਰਮਿਕ ਅਸਥਾਨ ਜਾਂ ਸਮਾਗਮ ਵਿੱਚ ਜਾਂਦੇ ਹਾਂ, ਤਾਂ ਸਭ ਤੋਂ ਪਹਿਲਾਂ ਜੇਬ ਵਿੱਚ ਦਸ ਦਾ ਨੋਟ ਫਰੋਲਦੇ ਹਾਂ। ਦਸ ਦਾ ਨੋਟ ਜੇ ਨਾ ਹੋਵੇ ਤਾਂ ਵੱਡਾ ਨੋਟ ਤੁੜਵਾਉਣ ਲਈ ਕਈ ਥਾਵਾਂ ਤੇ ਜਾਂਦੇ ਹਾਂ ਨਾਲ ਹੀ ਸ਼ਰਤ ਲਾਉਂਦੇ ਹਾਂ ਕਿ ਦਸ ਦਾ ਨੋਟ ਜ਼ਰੂਰ ਹੋਵੇ। ਉਹੀ ਦਸ ਰੁਪਏ ਲੈ ਕੇ ਸਮਾਗਮ ਵਿੱਚ ਜਾਂਦੇ ਹਾਂ। ਸਮਾਜਿਕ ਪੈਂਠ ਅਤੇ ਮਾਲੀ ਨੁਕਸਾਨ ਬਚਾਉਣ ਲਈ ਦਸ ਦਾ ਨੋਟ ਸਹਾਈ ਹੁੰਦਾ ਹੈ।

ਗੁਰੂ ਘਰ ਦੇ ਪਾਠੀਆਂ ਬਾਰੇ ਤਨਖਾਹ ਅਤੇ ਹੋਰ ਘਾਟਾਂ ਬਾਰੇ ਚਰਚਾਵਾਂ ਚਲਦੀਆਂ ਹਨ। ਚੜ੍ਹਾਉਂਦੇ ਅਸੀਂ ਦਸ ਹੀ ਹਾਂ। ਲਾਗੀਆਂ ਨੂੰ ਵੀ ਸਿਰਫ਼ ਦਸ ਰੁਪਏ ਦੇਣ ਦਾ ਮਾਪਦੰਡ ਹੈ। ਬੱਚੇ ਨੂੰ ਵਰਾਉਣ ਲਈ ਵੀ ਦਸ ਰੁਪਏ ਦਿੰਦੇ ਹਾਂ। ਇਸ ਸਭ ਕੁੱਝ ਦਾ ਅੰਤ ਹੋ ਜਾਂਦਾ ਜੇ ਨੋਟ ਬੰਦੀ ਦਸ ਰੁਪਏ ਦੀ ਕਰਕੇ ਸਿੱਧਾ ਸੌ ਦਾ ਨੋਟ ਸ਼ੁਰੂ ਕਰ ਦਿੰਦੇ। ਦਸ ਦਾ ਨੋਟ ਸੁੱਟ ਕੇ ਅਹਿਸਾਨ ਕਰ ਦਿੰਦੇ ਹਾਂ। ਇਹ ਨੋਟ ਦੋਵੇਂ ਪੱਖ ਢੱਕ ਵੀ ਲੈਂਦਾ ਹੈ। ਅਮੀਰ ਗਰੀਬ ਦੇ ਪਾੜੇ ਨੂੰ ਵੀ ਦਸ ਦਾ ਨੋਟ ਦਰਸ਼ਾ ਦਿੰਦਾ ਹੈ। ਖਾਧੀ ਪੀਤੀ ਵਿੱਚ ਵੀ ਇਹ ਸਭ ਤੋਂ ਵੱਧ ਉਲਰਦਾ ਹੈ। ਸ਼ਰਾਬੀ ਵੀ ਦਸ ਦੀ ਸੋਝੀ ਰੱਖਦਾ ਹੈ। ਦਸ ਦਾ ਨੋਟ ਗ਼ਰੀਬ ਦਾ ਸਹਾਰਾ ਅਤੇ ਅਮੀਰ ਦਾ ਕੰਜੂਸਪੁਣਾ ਦਰਸਾਉਣ ਦਾ ਇੱਕ ਮਾਤਰ ਸਾਧਨ ਹੈ।

ਕੁੱਝ ਸਾਲ ਪਹਿਲਾਂ ਦਸ ਦਸ ਪਾ ਕੇ ਸ਼ਰਾਬ ਪੀਤੀ ਜਾਂਦੀ ਸੀ। ਹੁਣ ਮਹਿੰਗਾਈ ਕਰਕੇ ਸ਼ਰਾਬ ਦੀ ਦਸੀ ਬੰਦ ਹੋ ਚੁੱਕੀ ਹੈ। ਉਂਝ ਦਸ ਤੋਂ ਬਾਅਦ ਹੀ ਸੋ ਬਣਦਾ ਹੈ,ਪਰ ਜਦੋਂ ਦਸ ਦੇ ਨੋਟ ਨੂੰ ਇੱਕ ਮਾਪਦੰਡ ਵਿੱਚ ਨਿਰਧਾਰਤ ਕੀਤਾ ਜਾਂਦਾ ਹੈ ਤਾਂ ਵਿਅੰਗ ਮੱਲੋ ਮੱਲੀ ਫੁਰਦਾ ਹੈ ਕਿ ਦਸ ਦੀ ਨੋਟ ਬੰਦੀ ਹੋਵੇ।

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445

# ਮਿੰਨੀ ਕਹਾਣੀ "ਜਦੋਂ ਕੈਨੇਡਾ ਪੁੱਜੇ ਛੋਰੇ ਨੇ ਸੱਚ ਦੇ ਸਾਹਮਣੇ ਝੂਠ ਦੀ ਮਾਰ ਸਹੀ"






ਪੰਜਾਬ ਦੇ ਇੱਕ ਸ਼ਹਿਰ ਦੇ ਸਧਾਰਣ ਪਰਿਵਾਰ ਦੇ ਚਮਕਦੇ ਹੋਏ ਛੋਰੇ ਨੇ, ਪਲੱਸ ਟੂ ਵਿੱਚ ਸੱਤ ਬੈਂਡਾਂ ਵਾਲੀ ਸਫਲਤਾ ਪ੍ਰਾਪਤ ਕੀਤੀ। ਵੱਡੀਆਂ ਉਮੰਗਾਂ ਅਤੇ ਬਹੁਤ ਉੱਚੀਆਂ ਉਮੀਦਾਂ ਦੇ ਨਾਲ, ਉਹ ਖੁਸ਼ੀ-ਖੁਸ਼ੀ ਕੈਨੇਡਾ ਦੀ ਧਰਤੀ 'ਤੇ ਉਤਰਿਆ, ਸਿਰ 'ਤੇ ਕਈ ਸੁਖਣੇ ਸਜੋਏ। ਕੈਨੇਡਾ ਆ ਕੇ, ਉਸ ਨੇ ਪੜ੍ਹਾਈ ਦੇ ਨਾਲ-ਨਾਲ ਕੋਈ ਚੰਗਾ ਕੰਮ ਲੱਭਣ ਦੀ ਕੋਸ਼ਿਸ਼ ਵੀ ਸ਼ੁਰੂ ਕਰ ਦਿੱਤੀ। ਚਾਰ-ਪੰਜ ਮਹੀਨਿਆਂ ਦੀ ਦੌੜ-ਭੱਜ ਤੋਂ ਬਾਅਦ, ਇਕ ਫੈਕਟਰੀ ਵਿੱਚ ਇੰਟਰਵਿਊ ਦਾ ਮੌਕਾ ਮਿਲਿਆ। ਛੋਰੇ ਦਾ ਮਨ ਉੱਡਦਾ ਜਾ ਰਿਹਾ ਸੀ, ਉਹ ਸਮੇਂ ਸਿਰ ਇੰਟਰਵਿਊ ਲਈ ਪਹੁੰਚ ਗਿਆ। ਜਿਸ ਫੈਕਟਰੀ ਵਿੱਚ ਛੋਰਾ ਇੰਟਰਵਿਊ ਦੇਣ ਪਹੁੰਚਿਆ ਸੀ, ਉਸ ਦਾ ਮਾਲਕ ਵੀ ਉਸੇ ਪੰਜਾਬ ਦੇ ਸ਼ਹਿਰ ਤੋਂ ਸੀ ਜਿਸ ਤੋਂ ਇਹ ਛੋਰਾ ਆਇਆ ਸੀ। ਇੰਟਰਵਿਊ ਸ਼ੁਰੂ ਹੋਈ, ਫੈਕਟਰੀ ਮਾਲਕ ਨੇ ਦੋ-ਚਾਰ ਸਵਾਲ ਪੁੱਛੇ।

"ਤੂੰ ਕਿਹੜੇ ਸ਼ਹਿਰ ਤੋਂ ਆਇਆ ਹਾਂ ?"

ਪੰਜਾਬ ਦੇ ਫਲਾਣੇ ਸ਼ਹਿਰ ਤੋਂ, ਛੋਰੇ ਨੇ ਨਿਸ਼ਚੇਪੂਰਣ ਜਵਾਬ ਦਿੱਤਾ।

ਮਾਲਕ ਨੇ ਜ਼ਰਾ ਰੁਕ ਕੇ ਸੋਚਿਆ, "ਇਹ ਮੁੰਡਾ ਸਿਆਣਾ ਜਾਪਦਾ ਹੈ, ਉਪਰੋਂ ਮੇਰੇ ਹੀ ਸ਼ਹਿਰ ਦਾ ਹੈ, ਇਸ ਤੋਂ ਕੁਝ ਗੱਲਾਂ ਦੀ ਛਾਣਬੀਣ ਕਰਕੇ ਨੌਕਰੀ ਤੇ ਰੱਖ ਲੈਂਦੇ ਹਾਂ।"

ਉਸ ਨੇ ਫਿਰ ਪੁੱਛਿਆ, "ਵਿਦਿਆ ਯੋਗਤਾ ਕੀ ਹੈ ?"

"ਪਲੱਸ ਟੂ," ਛੋਰੇ ਨੇ ਮਾਣ ਨਾਲ ਕਿਹਾ।

"ਅੰਗ੍ਰੇਜ਼ੀ ਆਉਂਦੀ ਹੈ ? ਕੰਪਿਊਟਰ ਜਾਣਦਾ ਹੈਂ ?" ਮਾਲਕ।

ਬਿਲਕੁਲ ਸਰ, ਪੂਰੀ ਤਰ੍ਹਾਂ, ਛੋਰੇ ਨੇ ਫੁਰਤੀ ਨਾਲ ਜਵਾਬ ਦਿੱਤਾ।

ਮਾਲਕ ਹੱਸ ਕੇ ਬੋਲਿਆ, ਮੈਂ ਵੀ ਤੇਰੇ ਸ਼ਹਿਰ ਦਾ ਹੀ ਹਾਂ। ਪਰ ਇਸ ਤੋਂ ਪਹਿਲਾਂ ਕਿ ਮਾਲਕ ਹੋਰ ਗਹਿਰਾਈ ਨਾਲ ਕੁਝ ਪੁੱਛਦਾ, ਛੋਰੇ ਨੇ ਫਟਾਕ ਨਾਲ ਕਿਹਾ, "ਸਰ, ਤੁਸੀਂ ਮੇਰੇ ਸ਼ਹਿਰ ਦੇ ਹੋ, ਬਹੁਤ ਵਧੀਆ ! ਜੇ ਕੋਈ ਕੰਮ ਹੋਵੇ ਤਾਂ ਦੱਸਣਾ। ਮੇਰੇ ਡੈਡੀ ਸ਼ਹਿਰ ਵਿੱਚ ਬਹੁਤ ਪਹੁੰਚ ਵਾਲੇ ਹਨ।

ਮਾਲਕ ਨੇ ਹੱਸ ਕੇ ਪੁੱਛਿਆ, ਤੇਰੇ ਡੈਡੀ ਕੀ ਕਰਦੇ ਨੇ ?

ਉਹ ਪੁਲਸ ਇੰਸਪੈਕਟਰ ਨੇ, ਅਤੇ ਥਾਣੇ ਦੇ ਮੁਖੀ ਹਨ।

"ਅੱਛਾ ! ਕੀ ਨਾਂ ਹੈ ਉਨ੍ਹਾਂ ਦਾ, ਮਾਲਕ।

ਰਾਮਜੀ ਦਾਸ, ਛੋਰੇ ਨੇ ਭਰੋਸੇ ਨਾਲ ਕਿਹਾ।

ਮਾਲਕ ਨੇ ਹੋਰ ਅਜ਼ਮਾਉਂਦਿਆਂ ਪੁੱਛਿਆ, ਤੁਸੀਂ ਕਿੰਨੇ ਭੈਣ-ਭਰਾ ਹੋ ?

ਦੋ ਭਰਾ ਹਾਂ, ਛੋਰੇ ਨੇ ਕਿਹਾ।

ਤੇਰਾ ਕੀ ਨਾਂ ਹੈ ? ਮਾਲਕ।

ਮੋਨੂ ਕੁਮਾਰ, ਛੋਰਾ।

"ਤੇਰੇ ਛੋਟੇ ਭਰਾ ਦਾ ਕੀ ਨਾਂ ਹੈ, ਮਾਲਕ।

"ਸੋਨੂ ਕੁਮਾਰ, ਛੋਰਾ।

ਤੂੰ ਕਿਹੜੇ ਮੁਹੱਲੇ ਵਿੱਚ ਰਹਿੰਦਾ ਹੈਂ, ਮਾਲਕ।

ਫਲਾਣੇ ਮੁਹੱਲੇ ਵਿੱਚ, ਛੋਰੇ ਨੇ ਫਟਾਕ ਨਾਲ ਜਵਾਬ ਦਿੱਤਾ।

ਇਹ ਗੱਲਾਂ ਸੁਣ ਕੇ ਫੈਕਟਰੀ ਮਾਲਕ ਦੇ ਪਸੀਨੇ ਛੁੱਟ ਗਏ। ਉਸ ਨੇ ਲੜਕੇ ਨੂੰ ਕਿਹਾ, ਇਧਰ ਆ ਮੇਰੇ ਵੱਲ,ਇਹ ਦੱਸ ਕਿ ਮੇਰੇ ਟੇਬਲ ਦੇ ਸ਼ੀਸ਼ੇ ਹੇਠੀਂ ਪਈ ਤਸਵੀਰ ਕਿਸ ਦੀ ਹੈ ?

ਛੋਰਾ ਤਸਵੀਰ 'ਤੇ ਨਜ਼ਰ ਮਾਰਦਾ ਹੋਇਆ, ਕਿਸੇ ਪੁਲਸ ਇੰਸਪੈਕਟਰ ਦੀ ਲੱਗਦੀ ਹੈ।

ਮਾਲਕ ਨੇ ਹੌਲੀ ਆਵਾਜ਼ ਵਿੱਚ ਕਿਹਾ, ਇਹ ਮੇਰੇ ਪਿਤਾ ਜੀ ਦੀ ਤਸਵੀਰ ਹੈ। ਉਹਨਾਂ ਦਾ ਨਾਂ ਸ੍ਰੀ ਰਾਮਜੀ ਦਾਸ ਅਤੇ ਉਹੀ ਪੁਲਸ ਇੰਸਪੈਕਟਰ ਅਤੇ ਥਾਣੇ ਦੇ ਮੁਖੀ ਹਨ। ਅਸੀ ਵੀ ਦੋ ਭਰਾ ਹਾਂ। ਹੁਣ ਦੱਸ, ਜੇ ਤੂੰ ਉਹਨਾਂ ਦਾ ਪੁੱਤਰ ਹੈਂ, ਤਾਂ ਮੈਂ ਕੌਣ ਹਾਂ ?"

ਇਹ ਗੱਲ ਸੁਣ ਕੇ ਛੋਰੇ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਸ ਨੇ ਪੇਸ਼ਾਬ ਦਾ ਬਹਾਨਾ ਬਣਾਇਆ ਅਤੇ ਬਾਹਰ ਨਿਕਲਿਆ। ਬਾਹਰ ਪਹੁੰਚਦਿਆਂ ਹੀ, ਉਹ ਦਰਿਆ ਦੀ ਰਫ਼ਤਾਰ ਵਾਂਗ ਦੌੜਿਆ, ਜਿੱਥੋਂ ਆਇਆ ਸੀ। ਉਸ ਨੇ ਸੱਚ ਦੇ ਸਾਹਮਣੇ ਝੂਠ ਦੀ ਮਾਰ ਸਹਿ ਲਈ।

ਰਾਜਿੰਦਰ ਸਿੰਘ ਰਾਜਨ ਪਠਾਨਕੋਟ
ਮੋਬਾਇਲ 9417427656

## ਹਾਸ ਵਿਅੰਗ

ਕੇ.ਐਲ. ਗਰਗ

# ਝੂਠ ਬੋਲਣ ਵਿਚ ਸ਼ਰਮ ਕਾਹਦੀ ?

ਅਸੀਂ ਆਪਣੇ ਇੱਕ ਪੁਰਾਣੇ ਜਮਾਤੀ ਨੂੰ ਖਿੱਝ ਕੇ ਪੁੱਛਿਆ, "ਭਾਈ ਚੰਦੂ ਲਾਲ, ਤੈਨੂੰ ਪੈਰ ਪੈਰ 'ਤੇ ਝੂਠ ਬੋਲਦਿਆਂ ਸ਼ਰਮ ਮਹਿਸੂਸ ਨਹੀਂ ਹੁੰਦੀ? ਸ਼ਰਮ ਆਉਂਦੀ ਹੀ ਨ੍ਹੀਂ ਭੋਰਾ ਮਾਸਾ?"

ਸਾਡਾ ਸਵਾਲ ਸੁਣਦਿਆਂ ਹੀ ਚੰਦੂ ਲਾਲ ਤਾੜੀ ਮਾਰ ਕੇ ਖ਼ੂਬ ਹੱਸਿਆ। ਕਹਿਣ ਲੱਗਾ? "ਹੁਣ ਤਾਂ ਯਾਰ ਇਹ ਆਦਤ ਏਨੀਂ ਪੱਕ ਗਈ ਐ, ਬਈ ਕੁਝ ਵੀ ਮਹਿਸੂਸ ਨ੍ਹੀਂ ਹੁੰਦਾ। ਤੈਨੂੰ ਯਾਦ ਐ! ਜਦੋਂ ਆਪਾਂ ਸਕੂਲ ਦਾ ਕੰਮ ਕਰ ਕੇ ਨਈਂ ਲਿਜਾਂਦੇ ਹੁੰਦੇ ਸੀ ਤਾਂ ਗੰਜੇ ਮਾਸਟਰ ਦੀ ਕੁੱਟ ਤੋਂ ਡਰਦਿਆਂ ਝੂਠੀ-ਮੂਠੀ ਬੀਮਾਰ ਹੋ ਜਾਂਦੇ ਸੀ ਤੇ ਬੀਮਾਰੀ ਦੀ ਅਰਜ਼ੀ 'ਤੇ ਵੀ ਆਪਾਂ ਆਪਣੇ ਬਾਪੂਆਂ ਦੇ ਦਸਤਖ਼ਤ ਵੀ ਆਪ ਹੀ ਝਰੀਟ ਲਿਆ ਕਰਦੇ ਸੀ। ਫੇਰ ਤੈਨੂੰ ਯਾਦ ਹੋਣੈ ਜਦੋਂ ਇੱਕ ਦਿਨ ਗੰਜੇ ਮਾਸਟਰ ਨੇ ਆਪਾਂ ਨੂੰ ਆਪਣੇ ਬਾਪੂ ਸਕੂਲ ਲਿਆਉਣ ਲਈ ਆਖਿਆ ਸੀ ਤਾਂ ਆਪਾਂ ਹਲਦੀ ਮਸਾਲੇ ਵਾਲੇ ਰਾਧੂ ਮੱਲ ਨੂੰ ਹੀ ਆਪਣਾ ਬਾਪੂ ਬਣਾ ਕੇ ਲੈ ਗਏ ਸੀ। ਕਿੰਨਾ ਮਜ਼ਾ ਆਉਂਦਾ ਸੀ ਉਦੋਂ ਝੂਠ ਮਾਰ ਮਾਰ ਕੇ।"

"ਫੇਰ ਅਸੀਂ ਆਪਣੇ ਬਾਪੂ ਨੂੰ ਸਾਡੀ ਬੇਬੇ ਮੂਹਰੇ ਝੂਠ ਬੋਲਦਿਆਂ ਦੇਖਿਆ। ਬਾਪੂ ਘਰੇ ਆਉਂਦਾ ਹੁੰਦਾ ਸੀ ਹਾਣੀਆਂ ਨਾਲ ਤਾਸ਼ ਖੇਡ ਕੇ। ਬੇਬੇ ਮੂਹਰੇ ਭੋਲਾ ਜਿਹਾ ਮੂੰਹ ਬਣਾ ਕੇ ਕਿਹਾ ਕਰਦਾ ਸੀ: ਆਪਾਂ ਨੂੰ ਤਾਂ ਜਵਾਨੀ ਦੀ ਸਹੁੰ ਐ, ਟੀਂਡਾ ਮੱਲ ਹਸਪਤਾਲ ਦਾਖ਼ਲ ਐ, ਉਹਦਾ ਪਤਾ ਕਰ ਕੇ ਆਇਆਂ। ਉਹ ਤਾਂ ਖ਼ੂਨ ਵੀ ਮੰਗਦੇ ਸੀ ਪਰ ਮੈਂ ਤਾਂ ਅੱਖ ਬਚਾ ਕੇ ਖਿਸਕ ਆਇਆ। ਖ਼ੂਨ ਦੇਣ ਲੱਗ ਪੈਂਦੇ ਤਾਂ ਅੱਧੀ ਰਾਤ ਹੋ ਜਾਣੀ ਸੀ ਉੱਥੇ ਈ। ਘਰਦਿਆਂ ਨੇ ਗੁਆਚ ਜਾਣ ਦੀ ਮੁਨਾਦੀ ਕਰਵਾਉਣ ਲੱਗ ਪੈਣਾ ਸੀ।"

"ਫੇਰ ਆਹ ਆਪਣੇ ਨੇਤਾ ਝੂਠ ਬੋਲਦੇ ਦੇਖੇ। ਦੇਖ ਲੈ ਕਿੱਡੇ-ਕਿੱਡੇ ਗਪੌੜ ਛੱਡਦੇ ਐ। ਖਾਂਦੇ ਐ ਸ਼ਰਮ ਇਹ ਤੋਲਾ ਮਾਸਾ? ਤੋਲਾ ਮਾਸਾ ਤਾਂ ਵੱਡਾ ਵੱਟਾ ਐ, ਇਹ ਤਾਂ ਰੱਤੀ ਭਰ ਵੀ ਸ਼ਰਮ ਨਹੀਂ ਖਾਂਦੇ।" ਸਾਡੇ ਛੋਟੇ ਜਿਹੇ ਸਵਾਲ 'ਤੇ ਏਨਾ ਲੰਬਾ ਭਾਸ਼ਨ ਦਿੰਦਿਆਂ ਚੰਦੂ ਲਾਲ ਨੂੰ ਭੋਰਾ ਸ਼ਰਮ ਨਹੀਂ ਆਈ।

"ਪਰ ਚੰਦੂ ਲਾਲ ਤੈਨੂੰ ਪਤੈ ਬਈ ਇੱਕ ਝੂਠ ਢਕਣ ਵਾਸਤੇ ਸੌ ਹੋਰ ਰੰਗ ਬਰੰਗੇ ਝੂਠ ਬੋਲਣੇ ਪੈਂਦੇ ਐ। ਕਿਸੇ ਇੱਕ ਝੂਠ 'ਤੇ ਤਾਂ ਸ਼ਰਮ ਆਉਂਦੀ ਹੀ ਹੋਣੀ ਐਂ? ਸੱਚ ਐ ਕਿ ਝੂਠ?" ਅਸੀਂ ਆਖਿਆ।

"ਝੂਠ, ਝੂਠ ਤੇ ਨਿਰਾ ਝੂਠ। ਕਿਸੇ ਝੂਠ 'ਤੇ ਕੋਈ ਸ਼ਰਮ ਨਹੀਂ ਆਉਂਦੀ। ਆਪਣਾ ਹਿਸਾਬ ਤਾਂ ਹੁਣ ਇਹ ਐ ਮੋਤੀ ਰਾਮਾ! ਬਈ ਝੂਠ ਬੋਲਦੇ ਨਹੀਂ, ਤੇ ਸੱਚ ਦੇ ਨੇੜੇ ਨਹੀਂ ਜਾਂਦੇ। ਹੁਣ ਤਾਂ ਝੂਠ ਦੀ ਏਨੀ ਆਦਤ ਪੱਕ ਗਈ ਐ ਕਿ ਝੂਠ ਬੋਲਣ ਵਿਚ ਸੁਆਦ ਹੀ ਬਹੁਤ ਆਉਂਦਾ ਐ। ਕਦੇ ਬੋਲ ਕੇ ਦੇਖੀਂ। ਫੇਰ ਪਤਾ ਲੱਗੂ ਕਿ ਇਹ ਤਾਂ ਚਟਨੀ ਵਾਲੇ ਪਕੌੜਿਆਂ ਤੋਂ ਵੀ ਸਵਾਦ ਹੁੰਦਾ ਐ।"

ਚੰਦੂ ਲਾਲ ਜਿਹੇ ਪਕਰੌੜ ਝੂਠੇ ਨਾਲ ਮਗ਼ਜ਼ ਖਪਾਈ ਕਰਨ ਦਾ ਕੋਈ ਲਾਭ ਨਹੀਂ ਸੀ। ਅਸੀਂ ਤੂਫ਼ਾਨ ਸਿੰਘ ਨੂੰ ਵੀ ਇਹੋ ਸਵਾਲ ਪੁੱਛਿਆ, "ਤੂਫਾਨ ਸਿੰਹਾਂ, ਬੋਲਣ ਵੇਲੇ ਭੋਰਾ ਸ਼ਰਮ ਆਉਂਦੀ ਐ ਕਿ ਨਹੀਂ?"



ਸਾਡਾ ਸਵਾਲ ਸੁਣਦਿਆਂ ਹੀ ਤੂਫ਼ਾਨ ਸਿੰਘ ਨੇ ਤੂਫ਼ਾਨੀ ਲਹਿਜੇ ਵਿੱਚ ਆਖਿਆ, "ਸ਼ਰਮ ਤੇ ਝੂਠ ਵੱਖ-ਵੱਖ ਚੀਜ਼ਾਂ ਨੇ। ਦੋਵੇਂ ਕੰਮ ਇਕੱਠੇ ਨਹੀਂ ਹੋ ਸਕਦੇ। ਇਹ ਕਦੇ ਨਹੀਂ ਹੋ ਸਕਦਾ ਕਿ ਝੂਠ ਵੀ ਬੋਲੀਏ ਤੇ ਸ਼ਰਮ ਵੀ ਆਵੇ। ਇੱਕੋ ਕੰਮ ਹੀ ਹੋਊ, ਜਾਂ ਤਾਂ ਝੂਠ ਬੋਲਿਆ ਜਾਊ ਜਾਂ ਸ਼ਰਮ ਹੀ ਆਊ। ਜੇ ਚੰਦੂ ਲਾਲ ਜਿਹੇ ਹਰੀਸ਼ਚੰਦਰ ਝੂਠ ਬੋਲਦੇ ਸ਼ਰਮ ਨਹੀਂ ਮੰਨਦੇ ਤਾਂ ਆਪਣੇ ਜਿਹੇ ਪਾਪੀਆਂ ਨੂੰ ਸ਼ਰਮ ਕਿੱਥੋਂ ਆਉਣੀ ਐ? ਨਾਲੇ ਮੋਤੀ ਰਾਮਾ! ਝੂਠ ਬੋਲਣਾ ਤਾਂ ਹੁਣ ਫੈਸ਼ਨ ਹੀ ਹੋ ਗਿਐ। ਫੈਸ਼ਨ ਦਾ ਕੋਈ ਤਰਕ ਨਹੀਂ ਹੁੰਦਾ। ਜਿਵੇਂ ਢਾਈ ਸ਼ੌਕੀਨ ਅੱਜਕੱਲ੍ਹ ਬਗੈਰ ਸੋਚੇ ਸਮਝੇ ਫੈਸ਼ਨ ਕਰੀ ਜਾਂਦੇ ਐ, ਉਵੇਂ ਹੀ ਸਾਰੇ ਹੀ ਵੰਨ-ਸੁਵੰਨੇ ਝੂਠ ਬੋਲੀ ਜਾਂਦੇ ਐ। ਲੋਕ ਐਵੇਂ ਕਿੱਕਰਾਂ ਨੂੰ ਕਰੇਲੇ ਲਾਈ ਜਾਂਦੇ ਐ। ਫੇਰ ਸ਼ਰਮ ਕੀਹਨੂੰ ਕੀਹਤੋਂ ਆਉਣੀ ਐਂ ਭਲਾਂ?" ਤੂਫ਼ਾਨ ਸਿੰਘ ਆਪਣੀ ਗੱਲ ਆਖ ਕੇ ਲੀਡਰਾਂ ਦੇ ਤੂਫ਼ਾਨੀ ਦੌਰੇ ਵਾਂਗ ਅਹੁ ਗਿਆ, ਅਹੁ ਗਿਆ।

ਅਸੀਂ ਨੇਤਾ ਡੌਰੂ ਮੱਲ ਨੂੰ ਵੀ ਇਹੋ ਪ੍ਰਸ਼ਨ ਪੁੱਛਿਆ ਤਾਂ ਉਸ ਨੇ ਅਚਕਨ ਦੇ ਬਟਨ ਟੁੱਟ-ਟੁੱਟ ਜਾਂਦੀ ਤੋਂਦ 'ਤੇ ਹੱਥ ਫੇਰਦਿਆਂ, ਮੁਸਕਰਾ ਕੇ ਆਖਿਆ, "ਜਿਸ ਨੇ ਕੀ ਸ਼ਰਮ, ਉਸ ਦੇ ਫੂਟੇ ਕਰਮ। ਬੰਧੂ, ਸ਼ਰਮ ਖਾ ਕੇ ਕਰਮ ਫੁੱਟ ਜਾਂਦੇ ਐ। ਇਸ ਲਈ ਅਸੀਂ ਤਾਂ ਇਸ ਪਾਸੇ ਵੱਲ ਮੂੰਹ ਹੀ ਨਈਂ ਕਰਦੇ। ਬੰਦੇ ਦੇ ਕਰਮ ਟੁੱਟ ਜਾਣ ਤਾਂ ਅਸੈਂਬਲੀ ਚੋਣਾਂ ਲਈ ਪਾਰਟੀ ਟਿਕਟ ਨਹੀਂ ਮਿਲਦੀ। ਔਖੇ ਸੌਖੇ ਝੂਠ ਬੋਲ-ਬੋਲ ਜਨਤਾ ਦੀਆਂ ਵੋਟਾਂ ਨਾਲ ਜਿੱਤ ਵੀ ਜਾਈਏ ਤਾਂ ਮਨਿਸਟਰੀ ਨਹੀਂ ਮਿਲਦੀ। ਮਨਿਸਟਰੀ ਮਿਲ ਵੀ ਜਾਵੇ ਤਾਂ ਟੁੱਟੀ-ਫੁੱਟੀ ਝੂਠੀ ਜਿਹੀ ਮਿਲਦੀ ਐ, ਜਿਸ ਵਿਚੋਂ ਸਿੱਧੀ ਉਂਗਲੀ ਨਾਲ ਘੀ ਨਹੀਂ ਨਿਕਲਦਾ। ਇਸ ਲਈ ਅਸੀਂ ਨੇਤਾ ਲੋਕ ਤਾਂ ਸ਼ਰਮ ਖਾਣ ਵਾਲੇ ਟੇਬਲ ਵੱਲ ਮੂੰਹ ਹੀ ਨਈਂ ਕਰਦੇ।"

ਝੂਠ ਬੋਲਣ ਤੇ ਸ਼ਰਮ ਕਰਨ ਵਾਲਾ ਮਸਲਾ ਛੱਡ ਕੇ ਅਸੀਂ ਬਾਬੂ ਕਨਛੇਦੀ ਲਾਲ ਦੇ ਦਫ਼ਤਰ ਪਹੁੰਚਦੇ ਹਾਂ। ਸਾਡਾ ਬੀਮਾਰੀ ਵੇਲੇ ਦਾ ਇੱਕ ਮੈਡੀਕਲ ਬਿੱਲ ਕਿੰਨੀ ਦੇਰ ਤੋਂ ਅੜਿਆ ਪਿਆ ਸੀ। ਬਾਬੂ ਕਨਛੇਦੀ ਲਾਲ ਦੇ ਟੇਬਲ ਕੋਲ ਪਹੁੰਚੇ ਤਾਂ ਉਹ ਸਾਨੂੰ ਇਉਂ ਦੇਖਣ ਲੱਗੇ ਜਿਵੇਂ ਕੋਈ ਡਾਕਟਰ ਮਾਲਦਾਰ ਮਰੀਜ਼ ਵੱਲ ਦੇਖਦਾ ਹੈ।

"ਹਾਂ ਜੀ?" ਉਨ੍ਹਾਂ ਸਾਨੂੰ ਇਉਂ ਪੁੱਛਿਆ ਜਿਵੇਂ ਜਾਣਦੇ ਹੀ ਨਾ ਹੋਣ। "ਇੱਕ ਮੈਡੀਕਲ ਬਿੱਲ ਸੀ ਜੀ?" ਅਸੀਂ ਸੰਗਦੇ ਸੰਗਦੇ ਆਖਿਆ।

"ਹੈਗਾ। ਹੈਗਾ। ਬਿੱਲ ਤਾਂ ਹੈਗਾ। ਤੁਸੀਂ ਆਪ ਤਾਂ ਤੰਦਰੁਸਤ ਹੋ ਕੇ ਆ ਗਏ ਤੇ ਅਸੀਂ ਬਿੱਲ ਪਾਸ ਕਰਦੇ ਕਰਦੇ ਬੀਮਾਰ ਹੋਏ ਪਏ ਆਂ। ਕੋਈ ਟੀਕਾ ਟੂਕਾ ਸਾਡੇ ਵੀ ਲਾ ਦਿਉ ਤਾਕਤ ਦਾ।" "ਟੀਕਾ? ਤਾਕਤ ਦਾ?" ਅਸੀਂ ਹੈਰਾਨ ਪ੍ਰੇਸ਼ਾਨ ਹੋ ਗਏ ਸਾਂ। "ਤੁਸੀਂ ਅੰਗਰੇਜ਼ੀ ਮੁਹਾਵਰਾ ਸੁਣਿਆ ਹੀ ਹੋਣੈ। ਲੱਗਦੇ ਤਾਂ ਪੜ੍ਹੇ-ਲਿਖੇ ਓ, "ਟੂ ਗਰੀਸ ਦਿ ਪਾਮ' ਮਤਲਬ ਹਥੇਲੀ 'ਤੇ ਗਰੀਸ ਲਾਉਣੀ। ਕੋਈ ਗਰੀਸ ਲਾਉ, ਫੇਰ ਤੁਹਾਡੇ ਮੈਡੀਕਲ ਬਿੱਲ ਨੂੰ ਵੀ ਪਹੀਏ ਲਾਈਏ।"

"ਸ਼ਰੇਆਮ ਰਿਸ਼ਵਤ ਮੰਗਦਿਆਂ ਤੁਹਾਨੂੰ ਸ਼ਰਮ ਨਹੀਂ ਆਉਂਦੀ? ਤੁਸੀਂ ਤਾਂ ਸ਼ਰਮ ਵੇਚ ਕੇ ਹੀ ਖਾਧੀ ਲੱਗਦੀ ਐ?" ਅਸੀਂ ਬਾਬੂ ਕਨਛੇਦੀ ਲਾਲ ਦੀ ਰਮਜ਼ ਸਮਝਦਿਆਂ, ਝਾੜ ਪਾਊ ਲਹਿਜੇ ਵਿਚ ਆਖਿਆ।

"ਸੰਗ ਸ਼ਰਮ ਤਾਂ ਤਦ ਆਵੇ ਜੇ ਅਸੀਂ ਰਿਸ਼ਵਤ ਨਾ ਲਈਏ। ਦਫ਼ਤਰ ਵਿਚ ਕਿਸੇ ਬਾਊ ਨੂੰ ਮੂੰਹ ਦਿਖਾਉਣ ਜੋਗੇ ਨਾ ਰਹੀਏ। ਤੁਸੀਂ ਇਸ ਨੂੰ ਰਿਸ਼ਵਤ ਕਹਿ ਕੇ ਭ੍ਰਿਸ਼ਟ ਨਾ ਕਰੋ। ਇਹ ਤਾਂ ਚੰਗੀ ਭਾਵਨਾ ਦਿਖਾਉਣ ਦਾ ਬੋਨਸ ਹੈ। ਬੋਨਸ ਨਾ ਲੈ ਕੇ ਅਸੀਂ ਆਪਣੇ ਦਫ਼ਤਰੀ ਸਾਥੀਆਂ ਮੂਹਰੇ ਸ਼ਰਮਿੰਦਾ ਨਹੀਂ ਹੋਣਾ ਚਾਹੁੰਦੇ। ਤੁਸੀਂ ਕੁਝ ਗਰੀਸ ਵਾਲਾ ਕੰਮ ਕੀਤਾ ਹੁੰਦਾ ਤਾਂ ਇਸ ਬਿੱਲ ਦੇ ਪੈਸੇ ਡਕਾਰ ਕੇ ਤੁਸੀਂ ਦੁਬਾਰਾ ਹਸਪਤਾਲ ਜਾਣ ਜੋਗੇ ਹੁੰਦੇ। ਮੁਲਾਜ਼ਮ ਸਰਵਿਸ ਦੌਰਾਨ ਦਸ-ਵੀਹ ਮੈਡੀਕਲ ਬਿੱਲ ਹੀ ਹਜ਼ਮ ਨਾ ਕਰ ਸਕੇ, ਇਸ ਤੋਂ ਵੱਧ ਉਸ ਦੀ ਬਦਕਿਸਮਤੀ ਕੀ ਹੋਊ? ਸਾਡੇ ਕੋਲ ਤਾਂ ਤੁਹਾਡੇ ਇਹੋ ਜਿਹੇ ਬਾਬੂ ਵੀ ਆਉਂਦੇ ਐ ਜਿਹੜੇ ਹਰ ਮਹੀਨੇ ਇੱਕ ਵੱਡਾ ਮੈਡੀਕਲ ਬਿੱਲ ਪਾਸ ਕਰਵਾਉਂਦੇ ਐ। ਪੁੱਛੋ ਕਿਵੇਂ? ਸਾਡੇ ਨਾਲ ਆਪਸੀ ਮਿਲਵਰਤਣ ਸਦਕਾ। ਮਿਲਵਰਤਣ ਅੱਜ-ਕੱਲ੍ਹ ਬਹੁਤ ਵੱਡੀ ਚੀਜ਼ ਐ ਦਫ਼ਤਰੀ ਲਾਈਫ਼ ਵਿਚ। ਮਿਲਵਰਤਣ ਨਾ ਹੋਵੇ ਤਾਂ ਬਾਬੂ ਲੋਕ ਤਾਂ ਸ਼ਰਮ ਨਾਲ ਹੀ ਮਰ ਜਾਣ।" ਅਸੀਂ ਸਮਝ ਗਏ ਸਾਂ ਕਿ ਸਿੱਧੀ ਉਂਗਲੀ ਨਾਲ ਘੀ ਇੱਥੇ ਨਹੀਂ ਨਿਕਲਣਾ। ਉਂਗਲ ਟੇਢੀ ਕਰਨੀ ਹੀ ਪੈਣੀ ਹੈ। ਸਾਨੂੰ ਆਪਣੀ ਸਿਆਣੀ ਪਤਨੀ ਦਾ ਸਾਡੇ ਵੱਲ ਸੁੱਟਿਆ ਡਾਇਲਾਗ ਯਾਦ ਆਇਆ, "ਤੁਹਾਡੇ ਵਰਗਿਆਂ ਦੇ ਬਿੱਲ ਨਹੀਂ ਪਾਸ ਹੋਣੇ। ਗੁਆਂਢਣ ਭੂਰੀ ਦਾ ਘਰਵਾਲਾ ਤਾਂ ਬੀਮਾਰ ਵੀ ਨਹੀਂ ਸੀ ਹੋਇਆ। ਮੈਡੀਕਲ ਬਿੱਲ ਪਾਸ ਕਰਵਾ ਵੀ ਲਿਆਇਆ। ਉਸੇ ਬਿੱਲ ਦੇ ਪੈਸਿਆਂ ਨਾਲ ਉਸ ਨੂੰ ਇੱਕ ਸਾੜ੍ਹੀ ਤੇ ਮੁੰਡੇ ਨੂੰ ਸਾਈਕਲ ਲਿਆ ਕੇ ਦਿੱਤੈ। ਤੁਸੀਂ ਹਸਪਤਾਲ ਮੰਜਾ ਰਗੜ ਰਗੜ ਕੇ ਵੀ ਬਿੱਲ ਪਾਸ ਨਹੀਂ ਕਰਵਾ ਸਕੇ। ਡੰਗਮੇ ਮੱਥਾ ਉਸ ਚੰਦਰੇ ਦਾ। ਚਾਰ ਪੈਸੇ ਘਰ ਆਉਣ।"

ਅਸੀਂ ਕਨਛੇਦੀ ਲਾਲ ਨੂੰ ਬਾਹਰ ਆਉਣ ਦਾ ਇਸ਼ਾਰਾ ਕਰਦੇ ਹਾਂ ਤਾਂ ਉਹ ਹੁੱਬ ਕੇ ਆਖਦੇ ਹਨ, "ਇਸ ਦਫ਼ਤਰ ਵਿਚ ਬਾਊ ਜੀ! ਕਿਸੇ ਨੂੰ ਕਿਸੇ ਦਾ ਸ਼ਰਮ ਨਹੀਂ। ਚਿਕ ਉਹਲੇ ਸਾਡਾ ਅਫ਼ਸਰ ਬੈਠਾ ਐ। ਉਹ ਵੀ ਸਾਡੇ ਵਾਲੀ ਗੱਡੀ ਦਾ ਹੀ ਸਵਾਰ ਹੈ। ਅਸੀਂ ਜੋ ਕੁਝ ਕਰਦੇ ਆਂ, ਠੋਕ ਵਜਾ ਕੇ ਕਰਦੇ ਆਂ। ਲਿਆਉ ਜੋ ਦਾਨ ਦੱਛਣਾ ਦੇਣੀ ਐਂ, ਫੜਾਉ ਸਿੱਧੀ ਹੀ।"

ਅਸੀਂ ਦਫ਼ਤਰ ਦੇ ਦੂਸਰੇ ਬਾਬੂਆਂ ਵੱਲ ਝਾਕੇ ਤਾਂ ਕਨਛੇਦੀ ਲਾਲ ਹੱਸ ਕੇ ਕਹਿਣ ਲੱਗਿਆ, "ਇਹ ਸਭ ਵੀ ਇਸੇ ਗੱਡੀ ਦੇ ਸਵਾਰ ਐ, ਦਿਨ ਵਿਚ ਦੋ ਚਾਰ ਵਾਰ, ਕਈ ਵਾਰੀ ਜੇ ਭੀੜ ਜ਼ਿਆਦਾ ਹੋਵੇ ਤਾਂ ਦਸ ਦਸ ਵਾਰ ਵੀ। ਇਨ੍ਹਾਂ ਦੀ ਸ਼ਰਮ ਨਾ ਕਰੋ।"

ਬਾਬੂ ਕਨਛੇਦੀ ਲਾਲ ਦੀ ਸੀਟ ਦੇ ਪਿੱਛੇ ਕੰਧ 'ਤੇ ਵੱਡਾ ਪੋਸਟਰ ਲੱਗਿਆ ਹੋਇਆ ਸੀ। ਲਿਖਿਆ ਸੀ: ਰਿਸ਼ਵਤ ਲੈਣਾ ਤੇ ਦੇਣਾ ਪਾਪ ਹਨ ਤੇ ਕਾਨੂੰਨੀ ਜੁਰਮ ਵੀ।

ਬਾਬੂ ਕਨਛੇਦੀ ਲਾਲ ਨੇ ਉਸ ਪੋਸਟਰ ਦੀ ਹਾਜ਼ਰੀ ਵਿਚ ਹੀ ਗਾਂਧੀ ਮਾਅਰਕਾ ਦੋ ਹਰੇ ਪੱਤੇ ਸਾਥੋਂ ਖ਼ੁਸ਼ੀ-ਖ਼ੁਸ਼ੀ ਗ੍ਰਹਿਣ ਕੀਤੇ ਤੇ ਦਫਤਰੀ ਮਾਹੌਲ ਖ਼ੁਸ਼ਗਵਾਰ ਹੋ ਗਿਆ।

ਅਸੀਂ ਵੀ ਹੁਣ ਆਪਣੀ ਪਤਨੀ ਨੂੰ ਖ਼ੁਸ਼ ਕਰਨ ਲਈ ਸਾੜ੍ਹੀ ਤੇ ਆਪਣੇ ਛੋਟੂ ਦੀ ਜ਼ਿੱਦ ਪੂਰੀ ਕਰਨ ਲਈ ਸਾਈਕਲ ਖ਼ਰੀਦਣ ਬਾਰੇ ਸੋਚਣ ਦੇ ਕਾਬਲ ਹੋ ਗਏ ਸਾਂ। ਪਤਨੀ ਨੂੰ ਸਾੜ੍ਹੀ ਦਾ ਪੈਕਟ ਫੜਾਉਂਦਿਆਂ ਤੇ ਛੋਟੂ ਨੂੰ ਨਵੇਂ ਸਾਈਕਲ ਦੇ ਪੈਡਲ ਮਾਰਦਿਆਂ ਦੇਖ ਸਾਡੀਆਂ ਅੱਖਾਂ ਸ਼ਰਮ ਭਰੀਆਂ ਪਈਆਂ ਸਨ। ਪਤਨੀ ਨੇ ਸਾੜ੍ਹੀ ਪਹਿਨ ਕੇ ਸਾਨੂੰ ਪੁੱਛਿਆ, "ਕਿਹੋ ਜਿਹੀ ਲੱਗਦੀ ਆਂ ਮੈਂ?" "ਝੂਠਨੀ!" ਸਾਡੇ ਮੂੰਹੋਂ ਇਕਦਮ ਨਿਕਲ ਗਿਆ ਤੇ ਅਸੀਂ ਸ਼ਰਮ ਨਾਲ ਪਾਣੀ ਪਾਣੀ ਹੋ ਗਏ ਸਾਂ।

## ✶ ਖਿੜ ਖਿੜ ਹੱਸੋ ✶

ਇੱਕ ਸੋਹਣੀ ਔਰਤ ਮੈਨੇਜਰ ਦੇ ਦਫ਼ਤਰ ਦੇ ਬਾਹਰ ਬੈਠੇ ਚਪੜਾਸੀ ਨੂੰ, "ਕੀ ਮੈਂ ਮੈਨੇਜਰ ਸਾਹਿਬ ਨੂੰ ਮਿਲ ਸਕਦੀ ਹਾਂ?"

ਚਪੜਾਸੀ, "ਜ਼ਰੂਰ, ਉਹ ਤਾਂ ਸੋਹਣੀਆਂ ਔਰਤਾਂ ਨੂੰ ਮਿਲਣ ਦੇ ਉਂਵ ਵੀ ਸ਼ੌਕੀਨ ਨੇ।"

ਔਰਤ, "ਤਾਂ ਉਨ੍ਹਾਂ ਨੂੰ ਕਹਿ ਦਿਓ ਕਿ ਉਨ੍ਹਾਂ ਦੀ ਪਤਨੀ ਮਿਲਣ ਆਈ ਹੈ।"

* * *

ਬਚਨੋ (ਕੁਲਵੰਤ ਕੌਰ ਨੂੰ)-ਆਪਣੀ ਨਵੀਂ ਗੁਆਂਢਣ ਬਾਰੇ ਕੁੱਝ ਦੱਸ। ਕਿੰਨੀ ਕੁ ਉਮਰ ਹੈ ਉਸ ਦੀ, ਦੇਖਣ ਨੂੰ ਕਿਸ ਤਰ੍ਹਾਂ ਦੀ ਲੱਗਦੀ ਹੈ?

ਕੁਲਵੰਤ ਕੌਰ-ਦੇਖਣ ਨੂੰ ਚੰਗੀ ਲੱਗਦੀ ਹੈ, ਉਮਰ 50 ਸਾਲ ਹੋਵੇਗੀ, ਮੇਕਅੱਪ 40 ਸਾਲ ਵਾਲੀ ਦਾ ਕਰਦੀ ਹੈ, ਕੱਪੜੇ 30 ਸਾਲ ਵਾਲੀ ਦੇ ਪਾਉਂਦੀ ਹੈ ਅਤੇ ਹਰਕਤਾਂ 20 ਸਾਲ ਵਾਲੀ ਵਾਂਗ ਕਰਦੀ ਹੈ।

* * *


ਮੁਰਾਰੀ (ਸੋਹਣ ਨੂੰ), "ਤੂੰ ਤਾਂ ਵਿਆਹ ਕਰਵਾਉਣ ਦੇ ਸਖਤ ਖਿਲਾਫ਼ ਸੀ। ਫਿਰ ਵਿਆਹ ਕਿਉਂ ਕਰਵਾ ਲਿਆ?"

ਸੋਹਣ, "ਯਾਰ, ਅਸਲ 'ਚ ਮੈਨੂੰ ਆਪਣੇ ਵਿਚਾਰਾਂ ਨਾਲ ਰਲਦੇ-ਮਿਲਦੇ ਵਿਚਾਰਾਂ ਵਾਲੀ ਕੁੜੀ ਮਿਲ ਗਈ। ਉਹ ਵੀ ਮੇਰੇ ਵਾਂਗ ਵਿਆਹ ਦੇ ਸਖ਼ਤ ਖ਼ਿਲਾਫ ਸੀ।"

ਮਸਲਾ ਗੁਰਦਾਸ ਮਾਨ ਦੀ ਮੁਆਫੀ ਦਾ

# ਤਾਲੋਂ ਖੁੰਝੀ ਡੂਮਣੀ, ਗਾਵੇ ਆਲ ਪਤਾਲ

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ:)



ਸਿਆਣੇ ਕਹਿੰਦੇ ਹਨ ਕਿ ਜੇਕਰ ਕਿਸੇ ਦੇ ਪਾਸ ਕੋਈ ਕਲਾ ਹੈ ਤੇ ਉਸ ਕਲਾ ਦੇ ਬਲਬੂਤੇ ਜੇਕਰ ਉਸ ਨੂੰ ਮਾਣ ਜੱਸ ਦੀ ਪ੍ਰਾਪਤੀ ਹੋ ਜਾਵੇ ਤਾਂ ਉਹ ਮਾਣ ਜੱਸ ਦਿਲ ਚ ਰੱਖਣਾ ਚਾਹੀਦਾ ਕਿਉਂਕਿ ਅਜਿਹਾ ਕਰਨ ਨਾਲ ਨਿਮਰ ਭਾਵਨਾ ਬਣੀ ਰਹਿੰਦੀ ਹੈ ਤੇ ਸੰਬੰਧਿਤ ਕਲਾਕਾਰ ਦਾ ਨਾਮ ਹੋਰ ਬੁਲੰਦ ਹੁੰਦਾ ਹੈ , ਪਰੰਤੂ ਜੇਕਰ ਪ੍ਰਾਪਤ ਹੋਇਆ ਮਾਣ ਜੱਸ ਤੇ ਧਨ ਦੌਲਤ ਦਿਮਾਗ ਨੂੰ ਚੜ੍ਹ ਜਾਵੇ ਤਾਂ ਸੰਬੰਧਿਤ ਕਲਾਕਾਰ ਦੀ ਚੜ੍ਹਦੀਕਲਾ ਦੀ ਪੁੱਠੀ ਗਿਣਤੀ ਸ਼ੁਰੂ ਹੋ ਜਾਂਦੀ ਹੈ। ਗੁਰਦਾਸ ਮਾਨ ਨਾਲ ਵੀ ਪਿਛਲੇ ਪੰਜ ਕੁ ਸਾਲ ਤੋਂ ਏਹੀ ਕੁੱਜ ਹੋ ਵਾਪਰ ਰਿਹਾ ਹੈ। ਹਿੰਦੀ ਮਾਸੀ ਨਾਲ ਪ੍ਰੇਮ ਤੇ ਪੰਜਾਬੀ ਮਾਂ ਬੋਲੀ ਤੋ ਦੂਰੀ ਬਣਾ ਕੇ ਚੱਲਣ ਤੋਂ ਸ਼ੁਰੂ ਹੋਈ ਚਰਚਾ ਕਨੇਡਾ ਦੇ ਇਕ ਸ਼ੋਅ ਦੌਰਾਨ ਬੋਲੇ ਗਏ ਅਪਸ਼ਬਦਾਂ ਰਾਹੀਂ ਹੁੰਦੀ ਹੋਈ, ਕਿਸਾਨ ਅੰਦੋਲਨ ਚ ਜਾ ਮੁਆਫੀ ਮੰਗਣ ਤੋਂ ਹੁੰਦੀ ਹੋਈ "ਗੱਲ ਸੁਣੋ ਪੰਜਾਬੀਓ" ਦੇ ਫੇਹਲ ਹੋਏ ਪੈਂਤੜਿਆਂ ਤੋਂ ਹੁੰਦੀ ਹੋਈ ਹੁਣਵੀ ਮੁਆਫੀ ਮੰਗਣ ਵਾਲੀ ਸ਼ੋਸ਼ਲ ਡੀਈਏ ਚ ਵਾਇਰਲ ਹੋਈ ਤਾਜਾ ਵੀਡੀਓ ਆ ਤੱਕ ਪਹੁੰਚੀ ਹੈ।

ਆਪਣੀ ਗੱਲ 'ਤੇ ਅੜੇ ਰਹਿਣਾ, ਗਲਤੀ ਸਵਿਕਾਰ ਨਾ ਕਰਨਾ ਤੇ ਆਪਣੇ ਆਪ ਨੂੰ ਸਹੀ ਸਾਬਤ ਕਰਨ ਦੀ ਉਸ ਦੀ ਜ਼ਿਦ ਨੇ ਉਸ ਨੂੰ ਲਗਾਤਾਰ ਲੋਕ ਮਾਨਸਿਕਤਾ ਨਾਲੋਂ ਤੋੜਨ ਵਾਲੇ ਰਸਤੇ ਹੀ ਤੋਰਿਆ ਹੈ। ਵਿਡੰਬਣਾ ਇਹ ਵੀ ਹੈ ਕਿ ਗੁਰਦਾਸ ਮਾਨ ਨੇ ਜਾਂ ਤਾਂ ਲੋਕ ਮਾਨਸਿਕਤਾ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂ ਇਸ ਨੂੰ ਸਮਝਣ ਦੀ ਲੋੜ ਹੀ ਨਹੀਂ ਸਮਝੀ ਤੇ ਜਾਂ ਫਿਰ ਇਹ ਉਸ ਦੀ ਸਮਝ ਤੇ ਪਰੇ ਦੀ ਗੱਲ ਹੈ, ਇਸ ਗੱਲ ਦਾ ਜਵਾਬ ਤਾਂ ਗੁਰਦਾਸ ਮਾਨ ਹੀ ਦੇ ਸਕਦਾ ਹੈ, ਪਰ ਇਕ ਗੱਲ ਪੱਕੀ ਹੈ ਕਿ ਅਜਿਹਾ ਨਾ ਕਰਨ ਕਰਕੇ , ਹੁਣ ਤੱਕ ਉਸ ਦਾ ਹਰ ਪੱਖੋਂ ਨੁਕਸਾਨ ਹੀ ਹੋਇਆ ਹੈ। ਜਿਹਨਾਂ ਪੰਜਾਬੀਆਂ ਨੇ ਉਸ ਦੀ ਗੁੱਡੀ ਆਸਮਾਨੇ ਚੜ੍ਹਾਈ ਸੀ, ਉਹਨਾਂ ਨੇ ਹੀ ਮੁੜ ਪਟਕਾ ਕੇ ਜਮੀਨ 'ਤੇ ਲਿਆ ਸੁੱਟੀ ਹੈ। ਗੁਰਦਾਸ ਮਾਨ ਆਪਣੇ ਨਾਲ ਸ਼ੁਰੂ ਹੋਏ ਵਿਵਾਦ ਵਿੱਚ ਲਗਾਤਾਰ ਉਲਝਦਾ ਹੀ ਜਾ ਰਿਹਾ ਹੈ।

ਹੁਣ ਆਹ ਪੰਜਵੀਂ ਵਾਰ ਰੋਅ ਰੋਅ ਕੇ ਮੁਆਫੀ ਮੰਗਣ ਵਾਲੀ ਵੀਡੀਓ ਅਤੇ ਬੱਤੀ ਲੈਣ ਦੀ ਨਵੀਂ ਪਰਿਭਾਸ਼ਾ ਕਰਨ ਨਾਲ ਉਹ ਲੋਕ ਮਨਾਂ ਵਿਚੋਂ ਹੋਰ ਵੀ ਦੂਰ ਪਰੇ ਹੋ ਗਿਆ ਹੈ। ਉਸ ਦੀ ਮਾਨਸਿਕ ਹਾਲਤ ਇਸ ਵੇਲੇ ਤਾਲੋਂ ਖੁੰਝੀ ਡੂਮਣੀ , ਗਾਵੇ ਆਲ ਪਤਾਲ ਵਾਲੀ ਬਣੀ ਹੋਈ ਹੈ। ਆਪਣੇ ਆਪ ਨੂੰ ਬਹਤਾ ਸਿਆਣਾ ਸਮਝਣ ਵਾਲਾ ਗੁਰਦਾਸ ਮਾਨ ਝੱਲਾ ਬਣ ਚੁੱਕਾ ਹੈ ਤੇ ਵਾਰ ਵਾਰ ਝੱਲ ਖਿਲਾਰ ਕੇ ਇਕ ਸਧਾਰਨ ਜਿਹੇ ਮਸਲੇ ਨੂੰ ਏਨਾ ਕੁ ਵਿਗਾੜ ਚੁੱਕਾ ਹੈ ਕਿ ਹੁਣ ਇਸ ਮਸਲੇ ਦੇ ਸਮਾਪਤ ਹੋਣ ਦੇ ਅਸਾਰ ਬਹੁਤ ਮੱਧਮ ਪੈ ਚੁੱਕੇ ਹਨ, ਲੋਕ ਦਿਲਾਂ 'ਤੇ ਰਾਜ ਕਰਨ ਵਾਲਾ ਮਾਨ ਗਾਇਕੀ ਦੇ ਖੇਤਰ ਵਿਚ ਅਕਾਸ਼ੀਂ ਉਡਾਰੀਆਂ ਮਾਰਨ ਤੇ ਮੂੰ ਹ ਮੰਗੀ

ਫੀਸ ਵਸੂਲਣ ਵਾਲਾ ਕਲਾਕਾਰ ਅੱਜ ਮੂਧੇ ਮੂੰਹ ਇਕ ਚੱਲੀ ਹੋਈ ਆਤਿਸ਼ਬਾਜੀ ਵਾਂਗ ਅਸਮਾਨੋਂ ਡਿਗਕੇ ਜਮੀਨ ਉਤੇ ਸਪਾਟ ਪਿਆ ਤੜਫ ਰਿਹਾ ਹੈ, ਪਰ ਆਪਣੀ ਜਿਦ ਛੱਡਕੇ ਗਲਤੀ ਮੰਨਣ ਨੂੰ ਅਜੇ ਵੀ ਤਿਆਰ ਨਹੀਂ।

"ਗੱਲ ਸੁਣੋ ਪੰਜਾਬੀ ਦੋਸਤੋ" ਨਾਮ ਦੇ ਗੀਤ ਨਾਲ ਉਹ ਚੌਥੀ ਵਾਰ ਪੰਜਾਬੀ ਮਾਨਸਿਕਤਾ ਨੂੰ ਸਮਝਣੋ ਉਕ ਗਿਆ ਸੀ। ਪਹਿਲੀ ਵਾਰ ਕਨੇਡਾ ਵਿਚਲੇ ਸਰੀ ਚ ਚੱਲਦੇ ਰੈੱਡ ਐਫ ਐਮ ਰੇਡੀਓ ਦੇ ਇੰਟਰਵਿਊ ਵਿਚ ਉਸਨੇ ਇੱਕ ਰਾਸ਼ਟਰ: ਇੱਕ ਭਾਸ਼ਾ ਦੀ ਗੱਲ ਕਰਕੇ ਹਿੰਦੀ ਭਾਸ਼ਾ ਦੀ ਵਕਾਲਤ ਕੀਤੀ, ਦੂਜੀ ਵਾਰਚਲਦੇ ਪ੍ਰੋਗਰਾਮ 'ਚ ਵਿਰੋਧ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਬੱਤੀ ਬਣਾ ਕੇ ਪਿਛਵਾੜੇ ਲੈਣ ਵਾਲੀ ਗਾਲ੍ਹ ਕੱਢਕੇ, ਤੀਜੀ ਵਾਰ ਕਿਸਾਨ ਅੰਦੋਲਨ ਸਮੇਂ ਮੋਦੀਸਰਕਾਰ ਦਾ ਵਿਰੋਧ ਕਰਨ ਦੀ ਬਜਾਏ ਮੋਰਚੇ ਚ ਪਹੁੰਚ ਕੇ ਆਪਣੇ ਹੀ ਮਸਲੇ ਦਾ ਪਟਾਰਾ ਖੋਹਲਣ ਦੀ ਅਸਫਲ ਕੋਸ਼ਿਸ਼ ਕਰਕੇ, ਫਿਰ ਗੱਲ ਸੁਣੋ ਪੰਜਾਬੀਓ ਗੀਤ ਵਿਚਲੇ ਬੋਲਾਂ ਨਾਲ ਤੇ ਹੁਣ ਬੇਤੀ ਦੀ ਨਵੀਂ ਪਰਿਭਾਸ਼ਾ ਕਰਕੇ ਆਪਣੇ ਆਪ ਨੂੰ ਇਕ ਵਾਰ ਠੀਕ ਸਿੱਧ ਕਰਨ ਦੀ ਅਸਫਲ ਕੋਸ਼ਿਸ਼ ਕਰਕੇ।

ਸਰੀ ਵਿਖੇ ਹੋਏ ਉਸ ਦੇ ਸਟੇਜ ਸ਼ੋਅ ਵਾਲੀ ਘਟਨਾ ਦੀ ਸਮੁੱਚੀ ਵੀਡੀਓ ਦੇਖਣ ਤੋਂ ਬਾਅਦ ਮੈਂ ਇਹ ਗੱਲ ਬਿਨਾ ਕਿਸੇ ਝਿਜਕ ਕਹਿ ਸਕਦਾ ਹਾਂ ਕਿ ਉਸ ਨੂੰ ਕਦੇ ਵੀ ਕਿਸੇ ਨੇ ਮਾਂ ਦੀ ਗਾਲ ਨਹੀ ਕੱਢੀ ਪਰ ਮਾਂ ਦੇ ਓਹਲੇ ਹੇਠ ਉਸ ਨੇ ਆਪਣੇ ਦੁਆਰਾ ਕੱਢੀ ਹੋਈ ਗਾਲ ਨੂੰਨੂੰ ਸਹੀ ਸਾਬਤ ਕਰਨ ਦੀ ਜੋ ਕੋਸ਼ਿਸ਼ ਕੀਤੀ ਹੈ ਉਸ ਨਾਲ ਪੰਜਾਬੀ ਮਨਾ ਚ ਮਾਨ ਦੇ ਪ੍ਰਤੀ ਦੂਰੀ ਹੋਰ ਵਧੀ।

ਗੱਲ ਸੁਣੋ ਪੰਜਾਬੀਓ ਗੀਤ ਵਿੱਚ ਗੁਰਦਾਸ ਮਾਨ ਭਾਵੁਕ ਘੱਟ ਪਰ ਉਦਾਸ ਤੇ ਮਾਯੂਸ ਵਧੇਰੇ ਨਜਰ ਆਏ ਸਨ। ਉਹਨਾਂ ਦੀ ਬੌਡੀ ਲੈਂਗੁਏਜ ਬਿਖਰੀ ਹੋਈ ਨਜ਼ਰ ਆ ਰਹੀ ਸੀ। ਸਾਰੇ ਗਾਣੇ ਵਿੱਚੋਂ ਇਹ ਅਹਿਸਾਸ ਹੋ ਰਿਹਾ ਸੀ ਕਿ ਗੁਰਦਾਸ ਮਾਨ ਅੰਦਰ ਕੀਤੀ ਗਈ ਗਲਤੀ ਦਾ ਅਫ਼ਸੋਸ ਜਾਂ ਝੁਰੇਵਾਂ ਤਾਂ ਜਰੂਰ ਹੈ, ਪਰ ਗਲਤੀ ਮੰਨਣ ਵਾਸਤੇ ਉਸ ਦੀ ਹਓ ਹੈਂਕੜੀ ਉਸ ਦੀ ਬਿਲਕੁਲ ਵੀ ਪੇਸ਼ ਨਹੀਂ ਜਾਣ ਦਿੰਦੀ।

ਮਨੁੱਖ ਗਲਤੀਆਂ ਦਾ ਪੁਤਲਾ ਹੈ। ਭੁੱਲਾਂ ਹਰੇਕ ਤੋ ਹੋ ਜਾਂਦੀਆਂ ਹਨ ਪਰ ਭੁਲ ਬਖ਼ਸ਼ਾਉਣ ਦੀ ਜੁਗਤੀ ਬਹੁਤ ਘੱਟ ਲੋਕਾਂ ਕੋਲ ਹੁੰਦੀ ਹੈ। ਕਈ ਅਜਿਹੇ ਵੀ ਹੁੰਦੇ ਹਨ ਕਿ ਉਹ ਇਕ ਭੁਲ ਕਰਨ ਤੋ ਬਾਅਦ ਹੋਈ ਭੁੱਲ ਨੂੰ ਰਫਾ ਦਫ਼ਾ ਕਰਨ ਵਾਸਤੇ ਹੋਰ ਬਹੁਤ ਸਾਰੀਆਂ ਭੁੱਲਾਂ ਕਰ ਜਾਂਦੇ ਹਨ। ਆਪਣੀ ਭੁੱਲ ਨੂੰ ਸਹੀ ਦੱਸਣ ਵਾਸਤੇ ਉਹਨਾਂ ਦੁਆਰਾ ਦਿੱਤੇ ਗਏ ਦਲੀਲ ਤੇ ਸ਼ਪੱਸ਼ਟੀਕਰਨ, ਉਹਨਾ ਦੁਆਰਾ ਕੀਤੀ ਗਈ ਪਹਿਲੀ ਭੁੱਲ ਨੂੰ ਲੋਕ ਮਨਾਂ ਚ ਹੋਰ ਪੱਕਾ ਕਰ ਜਾਂਦੇ ਹਨ। ਦਰਅਸਲ ਗੁਰਦਾਸ ਮਾਨ ਨਾਲ ਵੀ ਏਹੀ ਕੁੱਜ ਹੋ ਰਿਹਾ ਹੈ। ਹੁਣ ਪੰਜ ਸਾਲ ਬਾਅਦ ਬੱਤੀ ਲੈਣ ਦੀ ਨਵੀਂ ਵਿਆਖਿਆ ਕਰਨ ਦੀ ਉਸ ਨੂੰ ਬਿਲਕੁਲ ਵੀ ਲੋੜ ਨਹੀਂ ਸੀ ਕਿਉਂਕਿ ਇਹ ਵਿਆਖਿਆ ਉਸ ਵਕਤ ਕੀਤੀ ਜਾਂਦੀ ਤਾਂ ਬਹੁਤ ਕਾਰਗਾਰ ਹੁੰਦੀ, ਜਿਸ ਵਕਤ, ਉਸ ਵਲੋਂ ਕਿਸੇ ਨੂੰ ਸਟੇਜ ਤੋਂ ਉਕਤ ਸ਼ਬਦ ਬੋਲੇ ਗਏ ਸਨ। ਹੁਣ ਪੰਜ ਸਾਲ ਬਾਅਦ ਉਕਤ ਸ਼ਬਦਾਂ ਦੀ ਵਿਆਖਿਆ ਕਰਕੇ ਮਾਨ ਨੇ ਖੁਦ ਹੀ ਇਹ ਸਾਬਤ ਕਰ ਦਿੱਤਾ ਹੈ ਕਿ ਉਸ ਦੁਆਰਾ ਗੁੱਸੇ ਵਿਚ ਬੋਲੇ ਗਏ ਉਕਤ ਸ਼ਬਦ ਬੇਸ਼ੱਕ



ਗਲਤ ਸਨ, ਪਰ ਉਹ ਅੱਜ ਵੀ ਆਪਣੀ ਕੀਤੀ ਹੋਈ ਗਲਤੀ ਨੂੰ ਮੰਨਣ ਵਾਸਤੇ ਤਿਆਰ ਨਹੀਂ, ਇਸ ਦਾ ਕਾਰਨ ਉਸ ਅੰਦਰਲੀ ਆਦਮ ਕੱਦ ਈਗੋ ਬਿਰਤੀ ਹੈ ਜਾਂ ਆਪਣੇ ਆਪ ਨੂੰ ਲੋਕਾਂ ਤੋਂ ਵੱਧ ਸਿਆਣਾ ਸਮਝਣ ਦਾ ਭਰਮ ਹੈ, ਜਿਸ ਬਾਰੇ ਗੁਰਦਾਸਮਾਨ ਖੁਦ ਹੀ ਖੁਲਾਸਾ ਕਰੇ ਤਾਂ ਬੇਹਤਰ ਹੋਵੇਗਾ।

ਮੈਂ ਇਥੇ ਸਿਰਫ ਏਹੀ ਕਹਾਂਗਾ ਕਿ ਗੁਰਦਾਸ ਮਾਨ ਨੂੰ ਇਸ ਮਸਲੇ ਦਾ ਹੱਲ ਕਰਨ ਵਾਸਤੇ ਹੋਰਾਂ ਦੀ ਬਜਾਏ ਆਪਣੇ ਨਾਮ (ਗੁਰ + ਦਾਸ = ਗੁਰਦਾਸ = ਗੁਰੂ ਦਾ ਦਾਸ) ਤੋਂ ਕੁਝ ਸੇਧ ਲੈ ਲੈਣੀ ਚਾਹੀਦੀ ਹੈ ਕਿਉਂ ਕਿ ਜੋ ਵਿਅਕਤੀ ਆਪਣੇ ਗੁਰੂ ਦਾ ਦਾਸ ਹੁੰਦਾ ਹੈ, ਉਹ ਗੁਰੂ ਦੀਆਂ ਸਿੱਖਿਆਵਾਂ ਦਾ ਪਾਲਣ ਬਹੁਤ ਹੀ ਨਿਮਰ ਹੋ ਕੇ ਕਰਦਾ ਹੈ, ਉਸ ਵਿਚ ਅੱਖੜਤਾ ਰੱਤੀ ਮਾਤਰ ਵੀ ਨਹੀਂ ਹੁੰਦੀ, ਉਹ ਹਾਉਮੈਂ ਤੋਂ ਰਹਿਤ ਹੋ ਕੇ ਚਲਦਾ ਤੇ ਗੁਰੂ ਦਾ ਦਾਸ ਬਣਨ ਦਾ ਏਹੀ ਇਕ ਰਸਤਾ ਹੈ, ਪਰ ਮਾਨ ਤਾਂ ਮੈਂ ਨਾ ਮਾਨੂੰ ਦੀ ਅੜੀ 'ਤੇ ਅੜਕੇ ਆਪਣੀ ਸਾਰੀ ਜਿੰਦਗੀ ਦੀ ਕਮਾਈ ਹੋਈ ਇੱਜਤ ਦਾਅ 'ਤੇ ਲਾਈ ਜਾ ਰਿਹਾ ਹੈ, ਇਹ ਕਿਥੋਂ ਦੀ ਅਕਲਮੰਦੀ ਹੋਈ ?

ਮੈਂ ਅੱਜ ਤੋਂ ਪੰਜ ਸਾਲ ਪਹਿਲਾਂ ਵੀ ਇਕ ਦੋ ਆਰਟੀਕਲ ਇਸ ਮਸਲੇ 'ਤੇ ਲਿਖੇ ਸਨ ਤੇ ਫਿਰ ਕਿਸਾਨ ਅੰਦੋਲਨ ਦੌਰਾਨ ਗੁਰਦਾਸ ਮਾਨ ਜਦੋਂ ਸੰਭੂ ਬਾਰਡਰ, ਸਿਰ 'ਤੇ ਪਰਨਾ ਬੰਨ੍ਹਕੇ ਗਿਆ ਸੀ ਤੇ ਬਾਅਦ ਵਿਚ ਇਸੇ ਵਿਸ਼ੇ ਨਾਲ ਸੰਬੰਧਿਤ ਗੀਤ "ਗੱਲ ਸੁਣੋ ਪੰਜਾਬੀਓ" ਰਿਲੀਜ ਕੀਤਾ ਸੀ, ਉਦੋਂ ਵੀ ਇਹ ਗੱਲ ਵਾਰ ਵਾਰ ਕਹੀ ਸੀ ਕਿ ਗੁਰਦਾਸ ਮਾਨ ਪੰਜਾਬੀਆਂ ਦਾ ਮਾਣ ਹੈ , ਗਲਤੀ ਹਰ ਇਕ ਤੋਂ ਹੁੰਦੀ ਹੈ, ਇਹ ਕੋਈ ਜੱਗੋਂ ਤੇਹਰਵੀਂ ਗੱਲ ਨਹੀਂ ਹੋਈ, ਇਸ ਕਰਕੇ ਬਿਨਾ ਕਿਸੇ ਵਾਦ ਵਿਵਾਦ ਉਸ ਨੂੰ ਗਲਤੀ ਮੰਨਕੇ ਇਸ ਮਸਲੇ ਤੋਂ ਅੱਗੇ ਵਧ ਜਾਣਾ ਚਾਹੀਦਾ ਹੈ, ਪੰਜਾਬੀ ਉਸ ਨੂੰ ਸਿਰ ਅੱਖਾਂ 'ਤੇ ਹੀ ਨਹੀਂ ਬਲਕਿ ਮੁੜ ਤੋਂ ਹਿਰਦੇ ਵਿਚ ਵਸਾ ਲੈਣਗੇ।

ਮੈਂ ਇਹ ਗੱਲ ਵੀ ਵਾਰ ਵਾਰ ਕੀਤੀ ਸੀ ਕਿ ਇਸ ਮਸਲੇ ਨੂੰ ਜਿੰਨਾ ਲਮਕਾਇਆ ਜਾਵੇਗਾ, ਉਂਨਾ ਹੀ ਇਹ ਮਸਲਾ ਹੋਰ ਪੇਚੀਦਾ ਬਣ ਜਾਵੇਗਾ ਤੇ ਮੇਰੀ ਕਹੀ ਹੋਈ ਗੱਲ ਬਿਲਕੁਲ ਸਾਬਿਤ ਹੋ ਰਹੀ ਹੈ। ਹੁਣ ਇਹ ਮਸਲਾ ਮਾਨ ਨੇ ਖੁਦ ਆਪ ਹੀ ਏਨਾ ਕੁ ਉਲਝਾ ਲਿਆ ਹੈ ਕਿ ਹਾਲਾਤ "ਆਪੇ ਫਾਥੜੀਏ, ਤੈਨੂੰ ਕੌਣ ਛੁਡਾਵੇ" ਵਾਲੇ ਬਣ ਚੁੱਕੇ ਹਨ। ਉਂਜ ਕਹਿਣ ਨੂੰ ਬੇਸ਼ੱਕ ਕੋਈ ਵੀ ਕਹੀ ਜਾਵੇ ਕਿ ਗੁਰਦਾਸ ਮਾਨ ਨੂੰ ਮੁਆਫ ਕਰ ਦੇਣਾ ਚਾਹੀਦਾ ਤੇ ਮੈ ਵੀ ਏਹੀ ਹਾਮੀ ਭਰਦਾ ਹਾਂ, ਪਰ ਕੋਈ ਉਸ ਦੇ ਹੱਕ ਵਿਚ ਉਸ ਵੇਲੇ ਗੱਲ ਕਰਦਾ ਹੀ ਸੋਂਹਦਾ ਹੈ ਜੇਕਰ ਗੁਰਦਾਸ ਮਾਨ ਖੁਦ ਆਪ ਦਿਲੋਂ ਮਨੋ ਗਲਤੀ ਮੰਨਣ ਲਈ ਸੰਜੀਦਾ ਹੋਵੇ , ਜਦ ਕਿ ਉਹ ਅਜਿਹਾ ਕਰਨ ਵਾਸਤੇ ਅਜੇ ਵੀ ਤਿਆਰ ਨਹੀਂ, ਉਹ ਅਜੇ ਵੀ ਏਹੀ ਮੰਨਕੇ ਚੱਲ ਰਿਹਾ ਹੈ ਕਿ ਸ਼ਾਇਦ ਪੰਜ ਸਾਲ ਪਹਿਲਾਂ ਹੋਈ ਘਟਨਾ ਪੰਜਾਬੀ ਭੁੱਲ ਗਏ ਹੋਣਗੇ, ਉਹ ਆਪ ਹੀ ਮੰਨੀ ਜਾਂਦਾ ਹੈ ਕਿ ਗਲਤੀ ਉਹ ਆਪ ਨਹੀਂ ਮੰਗ ਰਿਹਾ, ਬਲਕਿ ਉਸ ਨੂੰ ਅਮਰੀਕਾ ਵਿਚ ਸ਼ੋਅ ਆਯੋਜਿਤ ਕਰਾਉਣ ਵਾਲੇ ਪਰੋਮੋਟਰਾ/ ਪ੍ਰਬੰਧਕਾਂ ਦੇ ਕਹਿਣ 'ਤੇ ਅਜਿਹਾ ਕਰਨਾ ਪੈ ਰਿਹਾ ਹੈ।

ਨਿਰਸੰਦੇਹ ਗੁਰਦਾਸ ਮਾਨ ਪੰਜਾਬੀ ਗਾਇਕੀ ਦੀ ਧਰੂ ਤਾਰਾ ਹੈ, ਉਸ ਨੇ ਪੰਜਾਬੀ ਬੋਲੀ ਦਾ ਨਾਮ ਬਹੁਤ ਚਮਕਾਇਆ ਹੈ ਤੇ ਅਜਿਹਾ ਕਰਕੇ ਨਾਮ ਤੇ ਪੈਸਾ ਵੀ ਬਹੁਤ ਕਮਾਇਆ। ਉਸ ਨੇ ਜੋ ਵੀ ਲਿਖਿਆ ਤੇ ਗਾਇਆ ਉਸ ਨਾਲ ਪੰਜਾਬੀ ਬੋਲੀ ਦਾ ਬਹੁਤ ਮਾਣ ਤੇ ਸਨਮਾਨ ਹੋਇਆ, ਪਰ ਇਸ ਦੇ ਨਾਲ ਹੀ ਭੁੱਲਣਾ ਇਹ ਵੀ ਨਹੀਂ ਚਾਹੀਦਾ ਕਿ ਮਾਂ ਬੋਲੀ ਪੰਜਾਬੀ ਤੇ ਪੰਜਾਬੀ ਭਾਈਚਾਰੇ ਨੇ ਵੀ ਬਦਲੇ ਵਿੱਚ ਗੁਰਦਾਸ ਮਾਨ ਨੂੰ ਬਹੁਤ ਕੁੱਜ ਦਿੱਤਾ, ਉਸ ਨੂੰ ਦੌਲਤ, ਸ਼ੋਹਰਤ ਤੇ ਜਗਤ ਪਰਸਿੱਧੀ ਦਿੱਤੀ ਤੇ ਉਸ ਦੇ ਨਾਮ ਨਾਲ ਪੰਜਾਬੀ ਲੋਕਾਈ ਨੇ ਪੰਜਾਬੀ ਗਾਇਕੀ ਦਾ ਬਾਬਾ ਬੋਹੜ ਹੋਣ ਦਾ ਲਕਬ ਵੀ ਜੋੜਿਆ।

ਗੁਰਦਾਸ ਮਾਨ ਦੀ ਆਪਣੀ ਕੀਤੀ ਹੋਈ ਗਲਤੀ ਨੂੰ ਸੁਧਾਰਨ ਲਈ ਕੀਤੀ ਹਰ ਕੋਸ਼ਿਸ਼ ਤੋ ਬਾਅਦ ਹੁਣ ਇਹ ਗੱਲ ਵੀ ਉਭਰਕੇ ਸਾਹਮਣੇ ਆ ਰਹੀ ਹੈ ਕਿ ਸ਼ਾਇਦ ਉਸ ਨੂੰ ਅਜੇ ਤੱਕ ਵੀ ਇਹ ਸਮਝ ਨਹੀਂ ਆਈ ਕਿ ਮੁੱਖ ਮੁੱਦਾ ਗੁਰਦਾਸ ਮਾਨ ਬਨਾਮ ਪੰਜਾਬੀ ਬੋਲੀ ਦਾ ਨਹੀਂ ਬਲਕਿ ਮੁੱਦਾ ਤਾਂ ਉਸ ਦੁਆਰਾ ਉਹਨਾਂ ਫਿਰਕੂ ਤਾਕਤਾਂ, ਜੋ ਹਮੇਸ਼ਾ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਘਾਣ ਕਰਦੀਆਂ ਰਹੀਆ ਹਨ, ਦਾ ਹੱਥ ਠੋਕਾ ਬਣਕੇ ਪੰਜਾਬੀਅਤ ਦੇ ਵਿਰੋਧ ਚ ਭੁਗਤ ਜਾਣਾ ਹੈ। ਗੁਰਾਦਾਸ ਮਾਨ ਦੀ ਕਲਾਕਾਰੀ 'ਤੇ ਕਿਸੇ ਨੂੰ ਵੀ ਕੋਈ ਕਿੰਤੂ ਨਹੀਂ, ਬਸ ਗਿਲਾ, ਦੁੱਖ ਤੇ ਅਫ਼ਸੋਸ ਇਸ ਗੱਲ ਦਾ ਹੈ ਕਿ ਲੋਕ ਜਿਸ ਗੁਰਦਾਸ ਮਾਨ ਨੂੰ ਪੰਜਾਬੀਅਤ ਦਾ ਤਾਜ ਸਮਝਦੇ ਸਨ, ਉਸੇ ਗੁਰਦਾਸ ਮਾਨ ਨੇ ਉਸ ਤਾਜ ਨੂੰ ਫਿਰਕੂ ਤਾਕਤਾਂ ਦੇ ਪੈਰਾਂ ਚ ਸੁੱਟਣ ਦੀ ਕੋਸ਼ਿਸ਼ ਕੀਤੀ ਹੈ। 1947 ਤੋ ਲੈ ਕੇ ਅੱਜ ਤੱਕ ਪੰਜਾਬੀ ਜਿਹਨਾ ਤਾਕਤਾਂ ਦੇ ਜ਼ੁਲਮਾਂ ਦਾ ਸ਼ਿਕਾਰ ਹੋਏ ਜੇਕਰ ਗੁਰਦਾਸ ਉਹਨਾਂ ਦੇ ਹੱਕ ਚ ਭੁਗਤਿਆ ਹੈ ਤਾਂ ਨਿਸ਼ਚੇ ਹੀ ਉਸ ਨੂੰ ਪੰਜਾਬੀਆ ਦੇ ਗ਼ੁੱਸੇ ਦਾ ਸ਼ਿਕਾਰ ਵੀ ਹੋਣਾ ਹੀ ਪੈਣਾ ਸੀ। ਇਹ ਭੁੱਲ ਸੁਧਾਰੀ ਜਾ ਸਕਦੀ ਸੀ ਪਰ ਸਮੇਂ ਦੇ ਵਕਫ਼ੇ ਨਾਲ ਇਹ ਸੰਭਾਵਨਾ ਹੁਣ ਬਹੁਤ ਮੱਧਮ ਹੋ ਗਈ ਹੈ। ਗੁਰਦਾਸ ਮਾਨ ਦੀ ਹਰ ਕੋਸ਼ਿਸ਼ , ਲੋਕ ਮਨਾ ਚ ਉਸ ਪ੍ਰਤੀ ਪਹਿਲੀ ਪਈ ਦੂਰੀ ਦੀ ਤਰੇੜ ਨੂੰ ਹੋਰ ਪੱਕਾ ਕਰਨ ਦਾ ਕੰਮ ਕਰ ਰਹੀ ਹੈ ਤੇ ਗਲਤੀ ਮੰਨਣ ਸਬੰਧੀ ਸ਼ੋਸ਼ਲ ਮੀਡੀਓ ਉੱਤੇ ਵਾਇਰਲ ਹੋਈ ਉਸ ਦੀ ਤਾਜਾ ਵੀਡੀਓ, ਲੋਕ ਮਨਾਂ ਵਿਚ ਹੋਰ ਬਹੁਤ ਸਾਰੇ ਨਵੇਂ ਕਿੰਤੂ ਪਰੰਤੂ ਖੜ੍ਹੇ ਕਰ ਗਈ ਹੈ ਜਿਸ ਨਾਲ ਉਹ ਲੋਕ ਮਨਾਂ ਤੋਂ ਹੋਰ ਦੂਰ ਖਿਸਕ ਗਿਆ ਹੈ, ਜਿਸ ਦਾ ਬੇਹੱਦ ਅਫ਼ਸੋਸ ਹੈ।

ਧਰਮਪਾਲ ਸਹਿਗਲ
07475386265



## (ਹੱਡੀਂ ਰੱਚ ਗਿਆ ਜ਼ਹਿਰ)
# ਨਸ਼ਿਆਂ ਦੇ ਅਧਾਰ 'ਤੇ ਇਕ ਰੌਚਕ ਕਹਾਣੀ !



**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ-2**

ਵੈਦ ਮੇਹਰ ਚੰਦ ਖੁਸ਼ੀ ਵਿੱਚ ਵਾਪਸ ਆਪਣੇ ਪਿੰਡ ਆਇਆ। ਆਪਣੀ ਸ਼ਾਨਦਾਰ ਕੋਠੀ ਦਾ ਗੇਟ ਖੋਲਕੇ ਵੇਹੜੇ ਵਿੱਚ ਆਇਆ ਤੇ ਕੰਧ ਨਾਲ ਲੱਗੇ ਪਲੰਘ 'ਤੇ ਆ ਬੈਠਾ। ਪੰਜ ਮਿੰਟਾਂ ਵਿੱਚ ਇਕ ਹੋਰ ਬੰਦਾ ਕੋਠੀ ਦੇ ਅੰਦਰੋਂ ਬਾਹਰ ਆਇਆ, ਬੈਠੇ ਮੇਹਰ ਚੰਦ ਕੋਲ ਆ ਕੇ ਬੋਲਿਆ, ਓਏ ਏਨੀ ਦੇਰ ਕਰਤੀ? ਰਾਹ ਵਿੱਚ ਤਾਂ ਪਿੰਡ ਸੀ? ਕਿੱਦਾਂ ਫੇਰ? ਗੱਲ ਬਣੀਂ। ਲੈ ਗੱਲ ਕਿੱਦਾਂ ਨਾਂ ਬਣਦੀ? ਜਿਥੇ ਮੇਹਰੂ ਦਾ ਹੱਥ ਫਿਰ ਜਾਏ, ਉਹ ਸੁੱਕਾ ਨਹੀਂ ਬੱਚਦਾ? ਮਸੀਂ ਕਿਤੇ ਤਕੜਾ ਕੁੱਕੜ ਹੱਥ ਆਇਆ। ਏਦੇ ਹੌਲੀ ਹੌਲੀ ਖੰਭ ਖਿੱਚਾਂਗੇ। ਸਾਮੀਂ ਤੱਕੜੀ ਪੈਸੇ ਆਲੀ ਏ। ਅਗਲੇ ਐਤਵਾਰ ਨੂੰ ਤਿਆਰ ਰਹੀਂ। ਪੂਰਾ ਰਾਸ਼ਣ ਪਾਣੀ ਤਿਆਰ ਰੱਖੀਂ। ਲੈ ਲੈ ਸ਼ਾਹ ਜੀ, ਅੱਗੇ ਨਹੀਂ ਰੱਖਦਾ? ਕਿਨਾਂ ਚਿਰ ਹੋਇਆ ਆਪਾਂ ਨੂੰ ਇਹ ਧੰਧਾ ਕਰਦਿਆਂ? ਹੈਂ? ਹੱਦ ਕਰਤੀ ਸ਼ਾਹੀ ਜੀ ਤੂੰ ਤਾਂ! ਓਏ ਸ਼ਾਬਾਸ਼ੇ ਤੇਰੇ, ਮੈਨੂੰ ਪਤਾ, ਚੱਲ ਹੁਣ ਪਿੰਡ ਦੇ ਸਰਪੰਚ ਨੂੰ ਮਿਲੀਏ ਤੇ ਚੌਂਕੀ ਕਿਥੇ ਲਾਉਣੀ ਏ, ਇਹ ਪੁੱਛੀਏ ਜਾ ਕੇ।

ਵੈਦ ਮੇਹਰ ਚੰਦ ਤੇ ਧੰਨੂੰ ਸ਼ਾਹ, ਇਹ ਦੋ ਅੱਧਖੜ ਬੰਦੇ ਬਹੁਤ ਖ਼ਤਰਨਾਕ ਲੁਟੇਰੇ ਸਨ, ਅਖੀਰ ਪੈਸੇ ਵਾਲੀਆਂ ਸਾਮੀਆਂ ਦੇ ਲਾਡਲੇ ਬੇਟਿਆਂ ਨੂੰ ਨਸ਼ਿਆਂ ਵਿੱਚ ਲਾਉਂਦੇ ਤੇ ਚੰਗਾ ਲੁੱਟਦੇ। ਇਹ ਲੁਟੇਰੇ ਅਮੀਰ ਸਾਮੀਆਂ ਤੋਂ ਹੀ ਖੁਦ ਵੀ ਅਮੀਰ ਬਣ ਗਏ। ਇਨ੍ਹਾਂ ਦਾ ਇਹ ਧੰਦਾ ਚਿਰਾਂ ਤੋਂ ਚੱਲਦਾ ਆ ਰਿਹਾ ਸੀ। ਇਨ੍ਹਾਂ ਦੇ ਲੁੱਟਣ ਦਾ ਢੰਗ ਬਹੁਤ ਬੁਰਾ ਸੀ। ਲੁੱਟ ਹੋ ਰਿਹਾ ਬੰਦਾ ਖੁਦ ਇਨ੍ਹਾਂ ਕੋਲ ਆ ਕੇ ਲੁੱਟ ਹੁੰਦਾ ਸੀ। ਵੱਡੇ ਵੱਡੇ ਅਫਸਰਾਂ ਦੇ ਘਰਾਂ ਵਿੱਚ ਮਹੀਨਾ ਪਹੁੰਚ ਜਾਂਦਾ ਸੀ। ਕੋਈ ਵੀ ਇਨ੍ਹਾਂ ਵੱਲ ਅੱਖ ਨਹੀਂ ਸੀ ਚੁੱਕਦਾ, ਤੇ ਸਾਰਾ ਪਿੰਡ ਡਰਦਾ ਕੁਝ ਬੋਲਦਾ ਨਹੀਂ ਸੀ, ਸਭ ਨੇ ਅੱਖਾਂ ਮੀਟੀਆਂ ਹੋਈਆਂ ਸਨ। ਵੈਦ ਮੇਹਰ ਚੰਦ ਦਾ ਕੰਮ ਸੀ, ਪਿੰਡਾਂ ਸ਼ਹਿਰਾਂ ਵਿੱਚ ਜਾਣਾ, ਅਮੀਰ ਘਰਾਂ ਵਿੱਚ ਤਾਂਕ ਝਾਂਕ ਕਰਨੀ ਕਿ ਕੋਈ ਵੱਡੀ ਸਾਮੀ ਕਾਬੂ ਵਿੱਚ ਆ ਜਾਵੇ। ਅੱਜ ਐਤਵਾਰ ਦਾ ਦਿਨ ਸੀ, ਤੇ ਪਿੰਡ ਪੀਲੀ ਪੱਟੀ ਵਿੱਚ ਸਰਪੰਚ ਦੇ ਵੇਹੜੇ ਵਿੱਚ ਚੌਂਕੀ ਲੱਗੀ ਹੋਈ ਸੀ। ਸ਼ਾਮ ਦੇ 6 ਵਜੇ ਹੋਏ ਸਨ। ਸੁਰਜੀਤ ਮਸਤ ਹੋਇਆ ਸ਼ਬਦ ਗਾ ਰਿਹਾ ਸੀ। ਲੋਕੀ ਝੂਮ ਰਹੇ ਸਨ। ਵੈਦ ਮੇਹਰ ਚੰਦ ਤੇ ਧੱਨੂੰ ਸ਼ਾਹ, ਕੋਲ ਬੈਠੇ ਟੱਲੀਆਂ ਵਜਾ ਰਹੇ ਸਨ। ਸੁਰਜੀਤ ਦੇ ਨਾਲ ਉਸ ਦਾ ਗੁਆਂਢੀ ਮੁੰਡਾ (ਸੋਡੀ ਲਾਲ) ਵੀ ਨਾਲ ਸੀ। ਆਖਰ ਦੋ ਘੰਟਿਆਂ ਬਾਅਦ ਚੌਂਕੀ ਖ਼ਤਮ ਹੋ ਗਈ। ਸੁਰਜੀਤ ਹੁਣੀਂ ਜਾਣ ਲੱਗੇ, ਪਰ ਮੇਹਰ ਚੰਦ ਨੇ ਤਰਲਾ ਕੀਤਾ, ਨਾਂ ਜੀ ਨਾਂ, ਆਉ ਸਾਡੇ ਨਾਲ ਇਕ ਇਕ ਕੱਪ ਚਾਹ ਪੀਕੇ ਜਾਇਉ, ਤਾਂ ਕਿ ਅਸੀਂ ਵੀ ਸਮਝਾਂਗੇ ਕਿ ਅਸੀਂ ਵੀ ਇਕ ਸਾਡੇ ਮਸ਼ਹੂਰ ਗੱਭਰੂ ਗਾਇਕ ਨਾਲ ਚਾਹ ਪੀ ਰਹੇ ਹਾਂ। ਸੁਰਜੀਤ ਇਨਕਾਰ ਨਹੀਂ ਕਰ ਸਕਿਆ। ਵੈਦ ਮੇਹਰ ਚੰਦ ਤੇ ਧੱਨੂੰ ਸ਼ਾਹ ਜਲਦੀ ਨਾਲ ਆਪਣੀਂ ਕੋਠੀ ਲੈ ਆਏ। ਕਈ ਲੋਕ ਤੇ ਔਰਤਾਂ ਜਾਂਦਿਆਂ ਨੂੰ ਦੇਖ ਰਹੀਆਂ ਸਨ। ਵੈਦ ਮੇਹਰ ਚੰਦ ਨੇ ਸੁਰਜੀਤ ਨੂੰ ਸਟੀਲ ਦੇ ਗਲਾਸ ਵਿੱਚ ਚਾਹ ਪਾ ਕੇ ਫੜਾਈ ਤੇ ਸੋਡੀ ਲਾਲ ਨੂੰ ਸਿਰਫ ਠੰਡੇ ਦਾ ਗਲਾਸ ਦਿੱਤਾ। ਗੱਲਾਂ ਗੱਲਾਂ ਵਿੱਚ ਸੁਰਜੀਤ ਚਾਹ ਦਾ ਪੂਰਾ ਗਲਾਸ ਪੀ ਗਿਆ। ਸੁਰਜੀਤ ਦੇ ਜਾਣ ਲੱਗੇ ਨੂੰ ਵੈਦ ਮੇਹਰ ਚੰਦ ਹੱਥ ਜੋੜਕੇ ਬੋਲਿਆ, ਮੇਰੀ ਇਕ ਹੋਰ ਬੇਨਤੀ ਏ ਜੀ। ਉਹ ਇਹ ਹੈ, ਸਾਡੇ ਘਰ ਵਿੱਚ ਵੀ ਕੁਝ ਗੀਤ ਗਾ ਕੇ ਸਾਡੇ ਘਰ ਨੂੰ ਰੌਸ਼ਨ ਕਰ ਦਿਉ ਜੀ। ਦੱਸੋ ਅਸੀਂ ਕਦੋਂ ਲੈਣ ਆਈਏ? ਕੱਲ੍ਹ ਸ਼ਾਇਦ ਨਹੀਂ, ਹਾਂ ਪਰਸੋਂ ਨੂੰ ਸਹੀ। ਠੀਕ ਏ ਜੀ।

ਸੁਰਜੀਤ ਕਾਰ ਵਿੱਚ ਬੈਠਾ ਹਾਲੇ ਵੀ ਚਾਹ ਦਾ ਸੁਆਦ ਮਹਿਸੂਸ ਕਰ ਰਿਹਾ ਸੀ। ਵੈਦ ਮੇਹਰ ਚੰਦ ਦਾ ਤੇ ਧੱਨੂੰ ਦਾ ਜਾਦੂ ਚੱਲ ਗਿਆ। ਹੁਣ ਦੋਵੇਂ ਜਣੇਂ ਆਪ ਸੁਰ-ਜੀਤ ਨੂੰ ਲੈ ਕੇ ਚੌਂਕੀ ਲੁਆਂਦੇ ਤੇ ਸੁਆਦੀ ਚਾਹ ਪਲਾਉਂਦੇ। ਵਿਚਾਰਾ ਸੁਰਜੀਤ ਹੌਲੀ ਹੌਲੀ ਇਸ ਸੁਆਦੀ ਚਾਹ ਦਾ ਆਦੀ ਹੋ ਗਿਆ। ਸੁਰਜੀਤ ਦੇ ਘਰਦਿਆਂ ਨੂੰ ਕੁਝ ਪਤਾ ਨਹੀਂ ਸੀ। ਹੌਲੀ ਹੌਲੀ ਸੁਰਜੀਤ ਵਿੱਚ ਤਬਦੀਲੀ ਆਉਣੀ ਸ਼ੁਰੂ ਹੋ ਗਈ। ਹੱਸ ਮੁੱਖ ਚੇਹਰਾ ਗੰਭੀਰ ਹੋਣਾਂ ਸ਼ੁਰੂ ਹੋ ਗਿਆ। ਸਭ ਤੋਂ ਪਹਿਲਾਂ ਮਾਲਤੀ ਨੇ ਨੋਟ ਕੀਤਾ, ਪੁੱਛਿਆ ਵੀ, ਸੁਰਜੀਤ ਜੀ ਕੀ ਗੱਲ, ਅੱਜ ਕੱਲ੍ਹ ਤੁਸੀਂ ਚੁੱਪ ਚੁੱਪ ਗੁਆਚੇ ਜਿਹੇ ਰਹਿੰਦੇ ਹੋ? ਰਿਕਾਰਡਿੰਗ ਕਰਨ ਵੀ ਸਟੂਡਿਉ ਵਿੱਚ ਟੈਮ ਸਿਰ ਨਹੀਂ ਆਉਂਦੇ। ਕੀ ਗੱਲ ਸੇਹਤ ਠੀਕ ਏ? ਨਹੀਂ ਮਾਲਤੀ ਐਸੀ ਕੋਈ ਗੱਲ ਨਹੀ, ਬੱਸ ਕਦੀ ਥਕਾਵਟ ਜਿਹੀ ਹੋ ਜਾਂਦੀ ਏ। ਰਾਤ ਨੂੰ ਹਰਮੀਤ ਨੇ ਵੀ ਆਪਣੇ ਕਮਰੇ ਵਿੱਚ ਬੈਠੇ ਨੇ ਨੋਟ ਕੀਤਾ ਕਿ ਸੁਰਜੀਤ ਰਾਤ ਨੂੰ ਅੱਖ ਬਚਾ ਕੇ ਕਿਤੇ ਬਾਹਰ ਚਲੇ ਜਾਂਦਾ ਏ, ਤੇ ਸਵੇਰ ਹੋਣ ਤੋਂ ਪਹਿਲਾਂ ਵਾਪਸ ਆ ਜਾਂਦਾ ਏ। ਦੂਸਰੀ ਰਾਤ ਨੂੰ ਵੀ ਇਸੇ ਤਰ੍ਹਾਂ ਹੋਇਆ। ਸੁਰਜੀਤ ਅੱਖ ਬਚਾ ਕੇ ਦੌੜ ਗਿਆ। ਸੁਰਜੀਤ ਵੈਦ ਮੇਹਰ ਚੰਦ ਦੀ ਕੋਠੀ ਆ ਗਿਆ। ਧੱਨੂੰ ਸ਼ਾਹ ਹੁਣਾਂ ਨੂੰ ਪਤਾ ਸੀ। ਸੁਰਜੀਤ ਸਾਹੋ ਸਾਹੀ ਅੰਦਰ ਆਇਆ ਤੇ ਸੋਫੇ 'ਤੇ ਬੈਠਦਾ ਹੀ ਬੋਲਿਆ, ਲਿਆਉ ਚਾਹ ਲਿਆਉ, ਕੀ ਦੇਖਦੇ ਹੋ? ਵੈਦ ਮੇਹਰ ਚੰਦ ਹੱਥ ਮਲਦਾ ਹੋਇਆ ਬੋਲਿਆ, ਦਰਅਸਲ ਸਾਬ ਚਾਹ ਵਿੱਚ ਪਾਉਣ ਵਾਲੀ ਦਾਲਚੀਨੀ ਖਤਮ ਹੋ ਗਈ ਏ। ਓ ਹੋ ਸਾਰਾ ਦਿਨ ਕੀ ਕਰਦੇ ਰਹੇ? ਪਰਸੋਂ 5000 ਦਿੱਤਾ ਸੀ ਤੁਹਾਨੂੰ? ਸਾਬ ਪੈਸੇ ਬੰਦਾ ਲੈ ਗਿਆ ਸੀ, ਪਰ ਮਾਲ ਹਾਲੇ ਨਹੀਂ ਲਿਆਇਆ। ਮੇਹਰ ਚੰਦ ਦਾ ਕੀ ਕਸੂਰ? ਧੱਨੂੰ ਸ਼ਾਹ ਨੇ ਕਿਹਾ। ਮੈਂ ਕੁਝ ਵੀ ਸੁਣਨਾ ਨਹੀਂ ਚਾਹੁੰਦਾ। ਜਲਦੀ ਲਿਆਉ ਚਾਹ ਮੈਨੂੰ ਚੈਨ ਨਹੀਂ ਆਉਂਦੀ। ਅਛਾ ਸਾਬ ਮੈਂ ਪਿੰਡ ਦੇ ਇਕ ਬੰਦੇ ਕੋਲ ਜਾਂਦਾ ਹਾਂ ਪਰ ਉਹ 1000 ਰੁ ਪਹਿਲਾਂ ਮੰਗਦਾ ਵਾ। ਆ ਲੈ ਫੜ ਪੈਸੇ, ਤੇ ਦੌੜ ਜਾ। ਧੱਨੂੰ ਸ਼ਾਹ ਨੇ ਅੱਖ ਦਬਾ ਕੇ ਈਸ਼ਾਰਾ ਕੀਤਾ ਤੇ ਵੈਦ ਮੇਹਰ ਚੰਦ ਬਾਹਰ ਚਲਾ ਗਿਆ। ਸਵੇਰ ਹੋਣ ਤੋਂ ਪਹਿਲਾਂ ਸੁਰਜੀਤ ਵਾਪਸ ਆ ਗਿਆ।

ਧੱਨੂੰ ਸ਼ਾਹ ਤੇ ਮੇਹਰ ਚੰਦ ਸੁਰਜੀਤ ਨੂੰ ਨਸ਼ਿਆਂ 'ਤੇ ਲਾ ਕੇ ਉਸ ਕੋਲੋਂ ਚੰਗੀ ਰਕਮ ਧੂ ਲੈਂਦੇ, ਸੁਰਜੀਤ ਮਜਬੂਰ ਸੀ ਕਿਉਂਕਿ ਨਸ਼ਿਆਂ ਦਾ ਜ਼ਹਿਰ ਉਸ ਦੇ ਹੱਡਾਂ ਵਿੱਚ ਰੱਚ ਗਿਆ ਸੀ। ਇਕ ਦਿਨ ਘਰ ਦੇ ਸਾਰੇ ਮੈਂਬਰਾਂ ਨੂੰ ਸੁਰਜੀਤ ਦੀ ਸੇਹਤ ਦਾ ਫਿਕਰ ਹੋਣ ਲੱਗਾ। ਸੁਰਜੀਤ ਦੇ ਪਿਤਾ ਨੇ ਇਕ ਦਿਨ ਪੁੱਛਿਆ, ਮੱਖ ਕੀ ਗੱਲ ਸੁਰਜੀਤ, ਤੂੰ ਦਿਨ ਪੁਰ ਦਿਨ ਲਿੱਸਾ ਹੋਈ ਜਾਨਾਂ? ਕਾਹਦਾ ਫਿਕਰ ਏ ਤੈਨੂੰ? ਨਾਲੇ ਤੂੰ ਮਾਲਤੀ ਨਾਲ ਸਟੂਡੀਉ ਵੀ ਘੱਟ ਈ ਜਾਨਾਂ। ਡੈਡੀ ਮੈਨੂੰ ਕੁੱਸ਼ ਨਹੀਂ ਹੋਇਆ। ਸੁਰਜੀਤ ਥੋੜ੍ਹਾ ਖਿੱਝ ਗਿਆ, ਬੋਲਿਆ, ਮੈਨੂੰ ਬਾਰ ਬਾਰ ਨਾਂ ਪੁੱਛੋ। ਬੱਸ ਮੈਨੂੰ, ਗਾਉਣ ਬਜਾਉਣ ਵਿੱਚ ਹੁਣ ਰੁਚੀ ਨਹੀਂ। ਮਾਲਤੀ ਚਾਹੇ ਇਕੱਲੀ ਸਟੂਡੀਉ ਜਾ ਆਇਆ ਕਰੇ। ਸੁਣਕੇ ਸਾਰੇ ਮੈਂਬਰ ਸੁੰਨ ਹੋ ਗਏ। ਪਿਤਾ ਨੇ ਹੈਰਾਨ ਹੋ ਕੇ ਫਿਰ ਪੁੱਛਿਆ, ਕਿਉਂ ਕੀ ਗੱਲ? ਰੁਚੀ ਕਿਉਂ ਨਹੀਂ? ਅੜਿੱਕਾ ਕੇਹੜੀ ਗੱਲ ਦਾ? ਖਿੱਝਕੇ ਸੁਰ-ਜੀਤ ਉੱਠਿਆ ਤੇ ਦੱਗੜ ਦੱਗੜ ਪੌੜੀਆਂ ਚੱੜਕੇ ਆਪਣੇ ਕਮਰੇ ਵੱਲ ਚਲਾ ਗਿਆ। ਘਰ ਦੇ ਮੈਂਬਰ ਹੱਕੇ ਬੱਕੇ ਰਹਿ ਗਏ। ਹਰਮੀਤ ਨੇ ਵੀ ਆਪਣੀ ਭੈਣ ਚੰਨਣ ਕੌਰ ਨੂੰ ਦੱਸ ਦਿੱਤਾ ਸੀ ਕਿ ਸੁਰਜੀਤ ਰਾਤ ਨੂੰ ਕਿਤੇ ਚਲਾ ਜਾਂਦਾ ਏ। ਦਿਨ ਚੜ੍ਹ ਗਿਆ, ਤੇ ਘਰ ਦੇ ਕੰਮਾਂ 'ਤੇ ਚਲੇ ਗਏ। ਸੁਰਜੀਤ ਉੱਠਿਆ, ਮੌਕਾ ਦੇਖਦੇ ਉਸ ਨੇ ਜਲਦੀ ਜਲਦੀ ਆਪਣੇ ਕੱਪੜੇ ਤੇ ਹੋਰ ਸਮਾਨ ਝੋਲੇ ਵਿੱਚ ਪਾਏ। ਬੈਂਕ ਦੀ ਪਾਸਬੁੱਕ, ਚੈਕ ਬੁੱਕ ਜੇਬ ਵਿੱਚ ਪਾਈ, ਤੇ ਸਾਰਿਆਂ ਤੋਂ ਅੱਖ ਬਚਾ ਕੇ ਬਾਹਰ ਦੌੜ ਗਿਆ।

ਸ਼ਾਮ ਹੋਈ ਘਰ ਦੇ ਕੰਮਾਂ ਤੋਂ ਆ ਗਏ। ਸੁਰਜੀਤ ਨੂੰ ਘਰ ਨਾਂ ਦੇਖ ਕੇ ਮਾਂ ਨੇ ਹਰਮੀਤ ਨੂੰ ਕਿਹਾ ਕਿ ਗੁਆਂਢੀਆਂ ਤੋਂ ਪੁੱਛਕੇ ਆ। ਹਰਮੀਤ ਨੇ ਆ ਕੇ ਦੱਸਿਆ ਕਿ ਉਨ੍ਹਾਂ ਸੁਰਜੀਤ ਨੂੰ ਇਕ ਚਿੱਟੇ ਰੰਗ ਦੀ ਕਾਰ ਵਿੱਚ ਜਾਂਦੇ ਨੂੰ ਦੇਖਿਆ, ਜੋ ਅੱਗੇ ਵੀ ਆਈ ਸੀ। ਉਹ ਕਾਰ ਤਾਂ ਪਿੰਡ ਪੀਲੀ ਪੱਟੀ ਤੋਂ ਆਈ ਸੀ। ਸੁਰਜੀਤ ਚੌਂਕੀ ਲਾਉਣ ਗਿਆ ਸੀ। ਚੰਨਣ ਕੌਰ ਨੇ ਕਿਹਾ। ਹੈਂ ਪੀਲੀ ਪੱਟੀ ਪਿੰਡ, ਉੱਥੇ ਓਦਾ ਕੀ ਕੰਮ? ਸਾਨੂੰ ਦੱਸੇ ਬਿਨਾਂ ਚਲਾ ਗਿਆ? ਮਾਂ ਨੂੰ ਫਿਕਰ ਲੱਗ ਗਿਆ। ਚੰਨਣ ਕੌਰ, ਪਤੀ ਨਰੰਜਣ ਸਿੰਘ, ਸ਼ਾਮ ਪੈਣ ਤੋਂ ਪਹਿਲਾਂ ਹੀ ਆਪਣੀ ਜੀਪ ਲੈ ਕੇ ਪਿੰਡ ਪੀਲੀ ਪੱਟੀ ਨੂੰ ਚੱਲ ਪਏ। ਪਿੰਡ ਆ ਗਿਆ। ਨਰੰਜਣ ਸਿੰਘ ਨੇ ਜੀਪ ਇਕ ਪਾਸੇ ਖੜੀ ਕੀਤੀ। ਲੋਕਾਂ ਤੋਂ ਪੁੱਛ ਪੁਛਾ ਕੇ ਵੈਦ ਮੇਹਰ ਚੰਦ ਹੁਣਾਂ ਦੀ ਕੋਠੀ ਲੱਭ ਲਈ। ਕੋਠੀ ਦਾ ਗੇਟ ਖੁੱਲ੍ਹਾ ਹੋਇਆ ਸੀ। ਨਰੰਜਣ ਸਿੰਘ ਤੇ ਚੰਨਣ ਕੌਰ ਵੇਹੜੇ ਵਿੱਚ ਆ ਗਏ। ਦੇਖਿਆ ਮੰਜੇ 'ਤੇ ਸੁਰਜੀਤ ਪਿਆ ਸੀ। ਅੱਖਾਂ ਬੰਦ ਸਨ। ਦੇਖਦੇ ਸੁਰਜੀਤ ਨੂੰ ਦੋਵੇਂ ਘਬਰਾ ਗਏ। ਚੰਨਣ ਕੌਰ ਬਿਸਤਰੇ ਕੋਲ ਆ ਕੇ ਸੁਰ-ਜੀਤ ਦੇ ਸਿਰ 'ਤੇ ਹੱਥ ਰੱਖ ਕੇ ਬੋਲੀ, ਹਾਏ ਵੇ ਜੀਤੀ, ਤੂੰ ਏਥੇ ਕਿੱਦਾਂ ਪਿਆ? ਤੂੰ ਕਿਉਂ ਆਇਆ ਏਥੇ? ਚੱਲ ਚਲੀਏ। ਭਰਾ ਨੇ ਵੀ ਕਿਹਾ। ਸੁਰਜੀਤ ਨੇ ਅੱਖਾਂ ਖੋਲੀਆਂ ਬੋਲਿਆ, ਭਾਬੀ ਕਿਉਂ ਆਏ? ਚਲੇ ਜਾਉ ਮਿੰਨਤ ਨਾਲ! ਨਹੀਂ ਜੀਤੀ ਤੈਨੂੰ ਅਸੀਂ ਲੈਣ ਆਏ ਹਾਂ! ਉਠ! ਭਾ! ਮੈਂ ਨਹੀਂ ਜਾਣਾ। ਮੈਂ ਹੁਣ ਇਨ੍ਹਾਂ ਬੰਦਿਆਂ ਦੇ ਬੱਸ ਵਿੱਚ ਆ ਫੱਸਿਆਂ ਵਾਂ। ਇਨ੍ਹਾਂ ਨੇ ਮੈਨੂੰ ਅਮਲ ਲਾ ਦਿੱਤਾ ਏ। ਨਸ਼ਿਆਂ 'ਤੇ ਲਾ ਦਿੱਤਾ ਏ। ਮੈਂ ਨਸ਼ਿਆਂ ਤੋਂ ਬਗੈਰ ਰਹਿ ਨਹੀਂ ਸਕਦਾ। ਇਹ ਬੰਦੇ ਮੈਨੂੰ ਨਸ਼ੇ ਲਿਆ ਕੇ ਦਿੰਦੇ ਨੇ, ਏਸ ਕਰਕੇ ਮੈਂ ਘਰ ਨਹੀਂ ਜਾ ਸਕਦਾ। ਜੀਤੀ ਅਸੀਂ ਤੇਰਾ ਇਲਾਜ ਕਰਾਂਗੇ। ਨਸ਼ੇ ਛਡਾਵਾਂਗੇ ਚੱਲ ਸਾਡੇ ਨਾਲ। ਨਹੀਂ ਨਹੀਂ ਤੁਸੀਂ ਚਲੇ ਜਾਉ, ਕਹਿ ਕੇ ਸੁਰਜੀਤ ਚੰਨਣ ਕੌਰ ਤੇ ਨਰੰਜਣ ਸਿੰਘ ਦੇ ਲੱਤਾਂ, ਮੁੱਕੇ ਮਾਰਨ ਲੱਗ ਪਿਆ। ਹਾਰ ਕੇ ਕੱਲ੍ਹ ਨੂੰ ਆਵਾਂਗੇ ਕਹਿ ਕੇ ਦੋਵੇਂ ਪਤੀ ਪਤਨੀ ਗਲੀ ਵਿੱਚ ਆ ਗਏ। ਗਲੀ ਵਿੱਚ ਮਰਦ ਤੇ ਔਰਤ ਖਲੋਤੇ ਸਨ। ਦੋਵੇਂ ਜਦ ਉਨ੍ਹਾਂ ਦੇ ਕੋਲੋਂ ਦੀ ਲੰਘਣ ਲੱਗੇ ਤਾਂ ਔਰਤ ਬੋਲੀ, ਕੁੜੇ ਬੀਬੀ, ਤੁਹਾਡਾ ਮੁੰਡਾ ਏ? ਜੇਨੂੰ ਮਿਲਕੇ ਆਏ? ਹਾਂ ਜੀ। ਚੰਨਣ ਕੌਰ ਨੇ ਜਵਾਬ ਦਿੱਤਾ। ਨਾਲ ਖਲੋਤਾ ਮਰਦ ਵੀ ਬੋਲਿਆ, ਕਾਕਾ! ਏ ਬੰਦੇ ਬਹੁਤ ਜਾਲਮ ਨੇ। ਇਹ ਅਮੀਰਾਂ ਦੇ ਕਾਕਿਆਂ ਨੂੰ ਲੱਭਦੇ, ਤੇ ਨਸ਼ਿਆਂ 'ਤੇ ਲਾ ਕੇ ਉਨ੍ਹਾਂ ਤੋਂ ਰੱਜ ਕੇ ਪੈਸਾ ਲੁੱਟਦੇ ਨੇ। ਇਹ ਇਨ੍ਹਾਂ ਦਾ ਧੰਧਾ ਏ। ਇਨ੍ਹਾਂ ਦੀ ਬਹੁਤ ਵੱਡੀ ਪਹੁੰਚ ਏ। ਤੁਸੀਂ ਜਿੰਨੀ ਜਲਦੀ ਹੋ ਸਕੇ ਤਾਂ ਮੁੰਡੇ ਨੂੰ ਲੈ ਜਾਉ। ਏਸ ਕੋਠੀ ਵਿੱਚ ਕਈ ਗੱਭਰੂ ਮਰੇ ਨੇ। ਸੁਣਕੇ ਚੰਨਣ ਕੌਰ, ਨਰੰਜਣ ਸਿੰਘ, ਸੁੰਨ ਹੋ ਗਏ। ਨਰੰਜਣ ਸਿੰਘ ਬੋਲਿਆ, ਅਸੀਂ ਤਾਂ ਜੀ ਲੈਣ ਹੀ ਆਏ ਸਾਂ,

**ਬਾਕੀ ਹਿਸਾ ਸਫਾ 'ਤੇ ਪੜ੍ਹੋ**


# ਭਾਰਤੀ ਵੱਡੀ ਗਿਣਤੀ ਚ ਲਗਾ ਰਹੇ ਅਮਰੀਕਾ ਦੀ ਡੌਂਕੀ

**ਮੈਕਸੀਕੋ: ਭਾਰਤੀ ਵੱਡੀ ਗਿਣਤੀ ਚ ਲਗਾ ਰਹੇ ਅਮਰੀਕਾ ਦੀ ਡੌਂਕੀਭਾਵੇਂ ਕਿ ਦੁਨੀਆ ਭਰ ਦੇ ਵੱਖ ਵੱਖ ਦੇਸ਼ਾਂ ਦੇ ਲੋਕ ਅਮਰੀਕਾ ਜਾਣ ਨੂੰ ਆਪਣੇ ਸੁਪਨੇ ਵਾਂਗ ਦੇਖਦੇ ਨੇ ਅਤੇ ਉਥੇ ਜਾਣ ਲਈ ਹਰ ਤਰ੍ਹਾਂ ਦੇ ਹਥਕੰਡੇ ਅਪਣਾਉਂਦੇ ਨੇ ਪਰ ਜਿੰਨਾ ਜਨੂੰਨ ਅਮਰੀਕਾ ਜਾਣ ਨੂੰ ਲੈ ਕੇ ਭਾਰਤੀਆਂ ਵਿਚ ਪਾਇਆ ਗਿਆ ਏ, ਓਨਾ ਹੋਰ ਕਿਸੇ ਵਿਚ ਨਹੀਂ।ਭਾਰਤੀ ਵੱਡੀ ਗਿਣਤੀ ਚ ਲਗਾ ਰਹੇ ਅਮਰੀਕਾ ਦੀ ਡੌਂਕੀਭਾਵੇਂ ਕਿ ਦੁਨੀਆ ਭਰ ਦੇ ਵੱਖ ਵੱਖ ਦੇਸ਼ਾਂ ਦੇ ਲੋਕ ਅਮਰੀਕਾ ਜਾਣ ਨੂੰ ਆਪਣੇ ਸੁਪਨੇ ਵਾਂਗ ਦੇਖਦੇ ਨੇ ਅਤੇ ਉਥੇ ਜਾਣ ਲਈ ਹਰ ਤਰ੍ਹਾਂ ਦੇ ਹਥਕੰਡੇ ਅਪਣਾਉਂਦੇ ਨੇ ਪਰ ਜਿੰਨਾ ਜਨੂੰਨ ਅਮਰੀਕਾ ਜਾਣ ਨੂੰ ਲੈ ਕੇ ਭਾਰਤੀਆਂ ਵਿਚ ਪਾਇਆ ਗਿਆ ਏ, ਓਨਾ ਹੋਰ ਕਿਸੇ ਵਿਚ ਨਹੀਂ।**

ਭਾਰਤੀ ਵੱਡੀ ਗਿਣਤੀ ਚ ਲਗਾ ਰਹੇ ਅਮਰੀਕਾ ਦੀ ਡੌਂਕੀਭਾਵੇਂ ਕਿ ਦੁਨੀਆ ਭਰ ਦੇ ਵੱਖ ਵੱਖ ਦੇਸ਼ਾਂ ਦੇ ਲੋਕ ਅਮਰੀਕਾ ਜਾਣ ਨੂੰ ਆਪਣੇ ਸੁਪਨੇ ਵਾਂਗ ਦੇਖਦੇ ਨੇ ਅਤੇ ਉਥੇ ਜਾਣ ਲਈ ਹਰ ਤਰ੍ਹਾਂ ਦੇ ਹਥਕੰਡੇ ਅਪਣਾਉਂਦੇ ਨੇ ਪਰ ਜਿੰਨਾ ਜਨੂੰਨ ਅਮਰੀਕਾ ਜਾਣ ਨੂੰ ਲੈ ਕੇ ਭਾਰਤੀਆਂ ਵਿਚ ਪਾਇਆ ਗਿਆ ਏ, ਓਨਾ ਹੋਰ ਕਿਸੇ ਵਿਚ ਨਹੀਂ।ਅਗਸਤ 2023 ਤੋਂ ਲੈ ਕੇ ਇਕ ਸਾਲ ਦੌਰਾਨ ਜੋ ਡੌਂਕੀ ਲਗਾਉਣ ਵਾਲੇ ਭਾਰਤੀਆਂ ਦੇ ਅੰਕੜੇ ਸਾਹਮਣੇ ਆਏ ਨੇ, ਉਹ ਹੈਰਾਨ ਕਰਨ ਵਾਲੇ ਨੇ।

ਸਖ਼ਤ ਨਿਯਮਾਂ ਨੂੰ ਛਿੱਕੇ ਢੰਗ ਕੇ ਇਸ ਸਾਲ ਅਮਰੀਕਾ ਜਾਣ ਵਾਲੇ ਭਾਰਤੀ ਯਾਤਰੀਆਂ ਦੀ ਗਿਣਤੀ ਚ ਬੀਤੇ ਸਾਲਾਂ ਦੇ ਮੁਕਾਬਲੇ ਭਾਰੀ ਵਾਧਾ ਹੋਇਆ ਹੈ। ਸਾਲ 2023 ਚ ਅਮਰੀਕਾ ਚ 17.6 ਲੱਖ ਭਾਰਤੀ ਪਹੁੰਚੇ, ਜਦਕਿ ਇਸ ਸਾਲ ਜਨਵਰੀ ਤੋਂ ਅਗਸਤ ਤੱਕ ਸਿਰਫ਼ ਅੱਠ ਮਹੀਨਿਆਂ ਚ 15.5 ਲੱਖ ਤੋਂ ਵੱਧ ਭਾਰਤੀਆਂ ਨੇ ਆਪਣੀ ਜਾਨ ਜੋਖ਼ਮ ਵਿਚ ਪਾ ਕੇ ਅਮਰੀਕਾ ਦੀ ਡੌਂਕੀ ਲਗਾਈ। ਇਹ ਅੰਕੜੇ ਵਾਕਈ ਹੈਰਾਨ ਕਰਨ ਵਾਲੇ। ਅਮਰੀਕਾ ਦੇ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਵਿਭਾਗ ਦੇ ਤਾਜ਼ਾ ਅੰਕੜਿਆਂ ਅਨੁਸਾਰ ਅਕਤੂਬਰ 2023 ਤੋਂ ਅਗਸਤ 2024 ਦਰਮਿਆਨ 86,400 ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਮੈਕਸੀਕੋ ਸਰਹੱਦ ਤੇ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਹਿਰਾਸਤ ਵਿਚ ਲਿਆ ਗਿਆ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਏ ਕਿ ਇਸੇ ਸਮੇਂ ਦੌਰਾਨ 88,800 ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਉੱਤਰੀ ਸਰਹੱਦ ਤੇ ਰੋਕਿਆ ਗਿਆ।

## ਓਸ਼ੋ ਦੇ ਗੁੱਝੇ ਇਸ਼ਾਰੇ !



ਕੋਈ ਬੰਦਾ ਜੰਗਲੀ ਇਲਾਕੇ ਵਿਚ ਤੁਰਿਆ ਜਾ ਰਿਹਾ ਸੀ ਕਿ ਉਹ ਰਸਤੇ ਨਾਲ਼ ਲਗਦੇ ਵੀਰਾਨ ਪਏ ਖੂਹ ਵਿਚ ਡਿਗ ਪਿਆ। ਥੋੜ੍ਹੇ ਚਿਰ ਬਾਅਦ ਉਹਦੇ ਕੰਨੀਂ ਕੁਛ ਰਾਹਗੀਰਾਂ ਦੀਆਂ ਅਵਾਜ਼ਾਂ ਪਈਆਂ।ਉਸ ਨੇ ਉੱਚੀ ਉੱਚੀ ਹਾਕਾਂ ਮਾਰੀਆਂ ਕਿ ਭਰਾਵੋ ਮੈਂ ਖੂਹ 'ਚ ਡਿੱਗਾ ਹੋਇਆਂ,ਮੈਨੂੰ ਬਾਹਰ ਕੱਢਣ ਦਾ ਕੋਈ ਹੀਲਾ ਵਸੀਲਾ ਕਰੋ ?

"ਓ ਭਰਾਵਾ ਅਸੀਂ ਤਾਂ ਇੱਧਰ ਪਿਕਨਿਕ ਮਨਾਉਣ ਆਏ ਹਾਂ,ਸਾਥੋਂ ਨੀ 'ਇਹ ਕੰਮ' ਹੋਣਾ !" ਰਾਹੀਆਂ ਨੇ ਜਵਾਬ ਦਿੱਤਾ ! ਕੁੱਝ ਚਿਰ ਬਾਅਦ ਉਸਨੇ ਬਾਹਰ ਤੁਰੇ ਜਾਂਦਿਆਂ ਦੀ ਪੈੜਚਾ ਸੁਣਕੇ ਫੇਰ 'ਵਾਜਾਂ ਮਾਰੀਆਂ ਕਿ ਬਰਾਏ ਮਿਹਰਬਾਨੀ ਮੈਨੂੰ ਖੂਹ 'ਚੋਂ ਬਾਹਰ ਕੱਢੋ ਭਰਾਵੋ !

"ਵਾਹਿਗੁਰੂ ਵਾਹਿਗੁਰੂ !" ਬਾਹਰ ਤੁਰੇ ਜਾਂਦੇ ਬੰਦੇ ਬੋਲੇ-"ਸੱਜਣਾ ਅਸੀਂ ਤਾਂ ਦੁਨੀਆਂ ਦਾਰੀ ਤੋਂ ਉਪਰਾਮ ਹੋ ਕੇ ਇਕਾਂਤ ਵਿਚ ਭਜਨ ਬੰਦਗੀ ਕਰਨ ਜਾ ਰਹੇ ਹਾਂ,ਸਾਨੂੰ ਏਸ 'ਝੰਜਟ' ਵਿਚ ਨਾ ਪਾ !!"

ਘੜੀ ਘੰਟਾ ਬੀਤਣ ਤੋਂ ਬਾਅਦ ਬਾਹਰ ਹੋ ਰਹੀਆਂ ਗੱਲਾਂ ਸੁਣਕੇ ਉਸਨੇ ਫਿਰ ਤਰਲਾ ਮਾਰਿਆ ਕਿ ਵੀਰੋ ਮੈਨੂੰ ਖੂਹ ਵਿਚੋਂ ਕੱਢੋ ਕਿਸੇ ਤਰਾਂ ? ਉਹਦੀ ਪੁਕਾਰ ਸੁਣਕੇ ਬਾਹਰ ਵਾਲ਼ੇ ਸੱਜਣ ਕਹਿੰਦੇ ਘਬਰਾ ਨਾ ਭਾਈ, ਤੈਨੂੰ ਹੁਣੇ ਬਾਹਰ ਕੱਢਦੇ ਆਂ !

ਉਸੇ ਵੇਲ਼ੇ ਉਨ੍ਹਾਂ ਨੇ ਆਪਣੇ ਝੋਲ਼ਿਆਂ 'ਚੋਂ ਫਟਾ ਫਟ ਰੱਸੇ ਅਤੇ ਨਿੱਕੀ ਪੀਹੜੀ ਕੱਢੀ ਜਿਸਨੂੰ ਖੂਹ ਵਿਚ ਉਤਾਰ ਕੇ ਬੰਦੇ ਨੂੰ ਬਾਹਰ ਕੱਢ ਲਿਆ !ਬਾਹਰ ਨਿਕਲ਼ ਕੇ ਬੰਦਾ ਲੱਗਾ ਉਨ੍ਹਾਂ ਸੱਜਣਾ ਦਾ ਧੰਨਵਾਦ ਕਰਨ ਪਰ ਉਹ ਭਲੇ ਪੁਰਖ ਕਹਿੰਦੇ ਭਰਾਵਾ ਸਾਡਾ ਤਾਂ ਸੇਵਾਦਾਰਾਂ ਦਾ ਇਕ ਗਰੁੱਪ ਹੈ ਜੋ ਫਿਰ-ਤੁਰ ਕੇ ਖੂਹਾਂ 'ਚ ਡਿਗ ਪਏ ਬੰਦੇ ਜਾਂ ਖੂਹ 'ਚ ਡਿਗਿਆ ਹੋਇਆ ਕੋਈ ਹੋਰ ਸਮਾਨ ਵਗੈਰਾ ਬਾਹਰ ਕੱਢਣ ਦੀ ਸੇਵਾ ਕਰਦੇ ਹਾਂ ! ਧੰਨਵਾਦ ਦੀ ਕੋਈ ਲੋੜ ਨੀ, ਪਰ ਤੂੰ 'ਸ਼ਰਧਾ-ਸਤਿਕਾਰ' ਮੁਤਾਬਕ ਆਹ ਸਾਡੀ ਗੋਲ਼ਕ 'ਚ ਮਾਇਆ ਪਾ ਸਕਦਾ ਐਂ !

ਥੋੜੇ ਬਹੁਤੇ ਪੈਸੇ ਗੋਲ਼ਕ ਵਿਚ ਪਾ ਕੇ ਉਹ ਬੰਦਾ ਕਹਿੰਦਾ ਭਰਾਵੋ ਰਸਤੇ ਦੇ ਨਾਲ਼ ਲਗਦੇ ਇਸ ਪੁਰਾਣੇ ਖੂਹ ਦੀ ਮੌਣ ਦੀਆਂ ਇੱਟਾਂ ਖੂਹ ਵਿਚ ਡਿਗ ਚੁੱਕੀਆਂ ਹਨ। ਤੁਸੀਂ ਇਹਦੀ ਮੌਣ ਉੱਚੀ ਕਰਕੇ ਨਵੀਂ ਬਣਵਾ ਦਿਉ ਤਾਂ ਕਿ ਕੋਈ ਮੇਰੇ ਵਾਂਗ ਖੂਹ 'ਚ ਨਾ ਡਿਗ ਪਵੇ ? ਉਹ 'ਸੇਵਾਦਾਰ' ਬੋਲੇ-"ਨਾ ਜੀ ਨਾ ਭਰਾਵਾ ! ਇਹ ਕੰਮ ਨੀ ਅਸੀਂ ਕਰਨਾਂ !! ਜੇ ਅਸੀਂ ਮੌਣ ਉੱਚੀ ਕਰਵਾ ਦਿੱਤੀ ਤਦ 'ਸਾਡਾ ਤਾਂ ਕੰਮ' ਹੀ ਬੰਦ ਹੋ ਜਾਵੇ ਗਾ !" (ਓਸ਼ੋ ਦੀ ਕਥਾ ਵਿੱਚੋਂ)



ਤਰਲੋਚਨ ਸਿੰਘ ਦੁਪਾਲ ਪੁਰ # 001-408-915-1268

### 33 ਸਫ਼ੇ ਦੀ ਬਾਕੀ

ਪਰ ਮੁੰਡਾ ਸਾਨੂੰ ਹੱਥ ਨਹੀਂ ਲਾਉਣ ਦਿੰਦਾ, ਸੋ ਅਸੀਂ ਕੱਲ ਨੂੰ ਬੰਦੇ ਲੈ ਕੇ ਆਵਾਂਗੇ। ਕਹਿ ਕੇ ਦੋਨੋ ਘਰ ਆ ਗਏ, ਤੇ ਸਾਰੀ ਗੱਲ ਮਾਂ ਪਿਉ ਨੂੰ ਦੱਸੀ। ਦੂਸਰੇ ਦਿਨ ਸੁਰਜੀਤ ਦੇ ਡੈਡੀ ਹੁਣ ਸ਼ਹਿਰ ਦੇ ਵੱਡੇ ਪੁਲਸ ਹੈਡਕੁਆਰਟਰ ਗਏ।

ਹੈਡਕੁਆਰਟਰ ਵਿੱਚ ਸੁਰਜੀਤ ਦੇ ਡੈਡੀ ਹੁਣਾਂ ਦਾ ਦੋਸਤ, ਜੋ ਉਨ੍ਹਾਂ ਨਾਲ ਮਿਲਟਰੀ ਪੁਲਸ ਵਿੱਚ ਕੰਮ ਕਰਦਾ ਸੀ, ਮਿਲ ਪਿਆ ਤੇ ਉਸ ਨੂੰ ਪੂਰੀ ਗੱਲ ਦੱਸੀ। ਏਧਰ ਚੰਨਣ ਕੌਰ, ਨਰੰਜਣ ਸਿੰਘ, ਹਰਮੀਤ ਤੇ ਇਕ ਗੁਆਂਢੀ ਮੁੰਡਾ (ਤਰਲੋਚਨ) ਸਾਰੇ ਜਣੇ ਸੁਰਜੀਤ ਨੂੰ ਲੈਣ ਪਿੰਡ ਪੀਲੀ ਪੱਟੀ ਨੂੰ ਤੁਰ ਪਏ। ਘਰ ਮਾਲਤੀ ਤੇ ਸੁਰਜੀਤ ਦੀ ਮਾਤਾ ਰਹਿ ਗਈਆਂ। ਜਦੋਂ ਵੈਦ ਮੇਹਰ ਚੰਦ ਦੀ ਕੋਠੀ ਦੀ ਗਲੀ ਵਿੱਚ ਆਏ ਤਾਂ ਗਲੀ ਵਿੱਚ ਕੁਝ ਮਰਦ ਤੇ ਔਰਤਾਂ ਘੁੱਸਰ ਫੁੱਸਰ ਕਰ ਰਹੇ ਸਨ। ਚੰਨਣ ਕੌਰ ਨੂੰ ਪਛਾਣਦੇ ਔਰਤ ਇਨ੍ਹਾਂ ਕੋਲ ਆਈ ਤੇ ਰੋਣੀ ਅਵਾਜ ਵਿੱਚ ਬੋਲੀ, ਕੁੜੇ ਬੀਬੀ ਤੁਸੀਂ ਦੇਰ ਕਰ ਦਿੱਤੀ। ਹਾਏ ਬੀਬੀ, ਮੁੰਡਾ ਸੁਨੱਖਾ ਗੱਭਰੂ ਸੀ, ਜਦ ਇਹ ਪਾਪੀ ਉਹਨੂੰ ਕੋਠੀ ਵਿੱਚ ਲਿਆਏ ਸੀ। ਬੇਬੇ ਕੀ ਮਾਰੀ ਜਾਨੀ ਆਂ? ਕੇਦੀ ਗੱਲ ਕਰਦੀ ਏਂ? ਚੰਨਣ ਕੌਰ ਡਰ ਗਈ ਨੇ ਔਰਤ ਨੂੰ ਕਿਹਾ। ਜਾਓ ਕਰ ਲਉ ਦਰਸ਼ਨ ਜਾ ਕੇ। ਚੰਨਣ ਕੌਰ ਚੀਕ ਮਾਰ ਕੇ ਕੋਠੀ ਵੱਲ ਦੌੜੀ। ਬਾਕੀ ਵੀ ਦੌੜੇ। ਕੋਠੀ ਦੇ ਵੇਹੜੇ ਵਿੱਚ ਸੁਰਜੀਤ ਦਾ ਮੰਜਾ ਪਿਆ ਹੋਇਆ ਸੀ। ਸਾਰੇ ਮੰਜੇ ਕੋਲ ਆ ਗਏ। ਸੁਰਜੀਤ ਦਾ ਸਿਰਫ ਚੇਹਰਾ ਹੀ ਨੰਗਾ ਸੀ ਤੇ ਬਾਕੀ ਸਰੀਰ ਚਾਦਰ ਨਾਲ ਢੱਕਿਆ ਹੋਇਆ ਸੀ। ਸੁਰਜੀਤ ਦਾ ਪਿੱਚਕਿਆ ਹੋਇਆ ਚੇਹਰਾ ਦੇਖ ਕੇ ਸਾਰੇ ਰੋਣ ਲੱਗ ਪਏ। ਸਾਰੇ ਸਮਝ ਗਏ ਕਿ ਸੁਰਜੀਤ ਹੁਣ ਹੈ ਨਹੀਂ। ਚੰਨਣ ਕੌਰ ਦਾ ਬੁਰਾ ਹਾਲ ਸੀ ਪਿੰਡ ਦੇ ਕੁਝ ਲੋਕ ਵੀ ਨੀਵੀਂ ਪਾਈ ਖਲੋਤੇ ਸਨ।

ਕਿਥੇ ਗਏ ਉਹ ਦਰਿੰਦੇ? ਹਰਮੀਤ ਨੇ ਚੀਕ ਕੇ ਖਲੋਤੇ ਲੋਕਾਂ ਨੂੰ ਕਿਹਾ। ਜੀ ਉਹ ਸ਼ਹਿਰ ਬਾਲਣ ਦਾ ਬੰਦੋਬਸਤ ਕਰਨ ਗਏ ਆ। ਕਿਸੇ ਨੇ ਕਿਹਾ। ਗੁੱਸੇ ਵਿੱਚ ਆਏ ਹਰਮੀਤ ਨੇ ਆਪਣੀ ਜੀਪ ਵਿੱਚੋਂ ਹਾਕੀ ਕੱਢੀ ਤੇ ਕੋਠੀ ਦੇ ਦਰਵਾਜੇ ਦਾ ਜਿੰਦਾ ਤੋੜਿਆ। ਜੇਬ ਵਿੱਚੋਂ ਮਾਚਿਸ ਕੱਢੀ ਤੇ ਸਾਰੇ ਕਮਰਿਆਂ ਵਿੱਚ ਪਏ ਬਿਸਤਰਿਆਂ ਨੂੰ ਅੱਗ ਲਾਈ ਗਿਆ, ਜਿਵੇਂ ਸੋਚ ਕੇ ਹੀ ਆਇਆ ਸੀ। ਹਰਮੀਤ ਜਲਦੀ ਬਾਹਰ ਆ ਕੇ ਨਰੰਜਣ ਸਿੰਘ ਨੂੰ ਚੀਕ ਕੇ ਬੋਲਿਆ, ਭਾ ਜੀ, ਜਲਦੀ ਕਰੋ। ਚੁੱਕੋ ਸੁਰਜੀਤ ਨੂੰ ਤੇ ਇਥੋਂ ਨਿਕਲੀਏ ਜਲਦੀ ਕਰੋ। ਬਿਜਲੀ ਦੀ ਫੁਰਤੀ ਵਾਂਗ, ਹਰਮੀਤ, ਨਰੰਜਣ ਸਿੰਘ ਤੇ ਤਰਲੋਚਨ ਤਿੰਨਾਂ ਨੇ ਸੁਰਜੀਤ ਨੂੰ ਚੁੱਕਿਆ, ਜੀਪ ਵਿੱਚ ਰੱਖਕੇ ਜੀਪ ਨੂੰ ਗੋਲੀ ਵਾਂਗ ਦੁੜਾ ਕੇ ਲੈ ਗਏ। ਪਿੰਡ ਦੇ ਲੋਕ ਅੱਗ ਲੱਗੀ ਕੋਠੀ ਤੋਂ ਦੂਰ ਚਲੇ ਗਏ। ਉਨ੍ਹਾਂ ਦੇਖਿਆ ਪੂਰੀ ਕੋਠੀ ਅੱਗ ਨਾਲ ਧੂ ਧੂ ਕਰਕੇ ਜੱਲ੍ਹ ਰਹੀ ਸੀ।

ਸੁਰਜੀਤ ਦੇ ਮਾਤਾ ਪਿਤਾ ਦੇ ਘਰ ਵਿੱਚ ਹਾਹਾਕਾਰ ਮਚੀ ਹੋਈ ਸੀ। ਗੁਆਂਢੀ ਵੀ ਮੰਜੇ 'ਤੇ ਪਈ ਸੁਰਜੀਤ ਦੀ ਦੇਹ ਵੱਲ, ਉਸਦੇ ਚੇਹਰੇ ਨੂੰ ਦੇਖ ਦੇਖ ਹੌਕੇ ਲੈ ਰਹੇ ਸਨ। ਸੁਰਜੀਤ ਦੇ ਮਾਤਾ ਪਿਤਾ ਦਾ ਵੀ ਰੋ ਰੋ ਕੇ ਬੁਰਾ ਹਾਲ ਹੋ ਰਿਹਾ ਸੀ। ਅਚਾਨਕ ਨਰੰਜਣ ਸਿੰਘ ਦੀ ਨਜ਼ਰ ਸੁਰਜੀਤ ਦੀ ਕਮੀਜ਼ ਦੀ ਜੇਬ ਵਿੱਚ ਪਏ ਕਾਗਜ਼ 'ਤੇ ਪਈ ਜੋ ਜੇਬ ਵਿੱਚੋਂ ਥੋੜ੍ਹਾ ਬਾਹਰ ਨਿਕਲਿਆ ਹੋਇਆ ਸੀ। ਨਰੰਜਣ ਸਿੰਘ ਨੇ ਜੇਬ ਵਿੱਚੋਂ ਕਾਗਜ਼ ਕੱਢ ਲਿਆ। ਇਹ ਕਾਗਜ਼ ਇਕ ਕਾਪੀ ਦਾ ਵਰਕਾ ਸੀ। ਨਰੰਜਣ ਸਿੰਘ ਨੇ ਕਾਗਜ਼ ਆਪਣੀ ਜੇਬ ਵਿੱਚ ਰੱਖ ਲਿਆ। ਸੁਰਜੀਤ ਦੀ ਦੇਹ ਦੀਆਂ ਪੂਰੀਆਂ ਤਿਆਰੀਆਂ ਹੋ ਗਈਆਂ ਤੇ ਭਰੇ ਮਨਾਂ ਨਾਲ ਸੁਰਜੀਤ ਨੂੰ ਲੈ ਗਏ। ਇਕ ਹਫ਼ਤੇ ਬਾਅਦ ਘਰ ਦੇ ਸਾਰੇ ਮੈਂਬਰ ਉਦਾਸੇ ਮਨਾਂ ਨਾਲ ਬੈਠੇ ਸਨ। ਮਾਲਤੀ ਤੇ ਉਸ ਦੀ ਮੰਮੀ ਤੇ ਹੋਰ ਵੀ ਬੈਠੇ ਹੋਏ ਸਨ, ਕਿ ਅਚਾਨਕ ਨਰੰਜਣ ਸਿੰਘ ਸਾਰਿਆਂ ਨੂੰ ਬੋਲਿਆ, ਮੰਮ ਡੈਡ ਤੇ ਬਾਕੀ ਬੈਠੇ ਸਾਰਿਆਂ ਨੂੰ ਇਕ ਖੱਤ ਪੜ੍ਹਕੇ ਸੁਣਾਉਂਦਾ ਹਾਂ, ਜੋ ਮੈਨੂੰ ਸੁਰਜੀਤ ਦੀ ਕਮੀਜ਼ ਦੀ ਜੇਬ ਵਿੱਚੋਂ ਮਿਲਿਆ ਸੀ। ਸੁਣੋ!

ਭਾਪਾ ਜੀ ਮੈਂ ਸੁਰਜੀਤ, ਮੈਨੂੰ ਲੱਗਦਾ ਏ ਮੈਂ ਜ਼ਿਆਦਾ ਦੇਰ ਤੱਕ ਨਹੀਂ ਰਹਿਣਾਂ। ਮੇਹਰ ਚੰਦ ਤੇ ਧੰਨੂ ਸ਼ਾਹ ਇਨ੍ਹਾਂ ਦਰਿੰਦਿਆਂ ਨੇ ਮੈਨੂੰ ਖੋਖਲਾ ਕਰਕੇ ਪਿੰਜਰ ਬਣਾ ਕੇ ਰੱਖ ਦਿੱਤਾ ਏ। ਇਹ ਪਾਪੀ ਬੱਚਣੇ ਨਹੀਂ ਚਾਹੀਦੇ ਨਹੀਂ ਤਾਂ ਮੇਰੇ ਵਾਂਗ ਹੋਰ ਵੀ ਗੱਭਰੂ ਇਨ੍ਹਾਂ ਦੇ ਜਾਲ ਵਿੱਚ ਫੱਸਣਗੇ। ਹੁਣ ਅਸਲੀ ਗੱਲ। ਮੇਰੇ ਮਰਨ ਤੋਂ ਬਾਅਦ ਅਗਰ ਮਾਲਤੀ ਹਰਮੀਤ ਨਾਲ ਸ਼ਾਦੀ ਕਰਨਾ ਚਾਹੇ ਜਾਂ ਹਰਮੀਤ ਵੀ ਰਾਜੀ ਹੋਵੇ ਤਾਂ ਇਨ੍ਹਾਂ ਦੀ ਸ਼ਾਦੀ ਧੂਮ ਧਾਮ ਨਾਲ ਕਰ ਦਿਉ। ਸਾਰਿਆਂ ਨੇ ਸੁਣਕੇ ਚੁੱਪ ਵਰਤ ਲਈ। ਅੰਤ ਇਕ ਖੰਘੂਰਾ ਮਾਰਕੇ ਤੇ ਗਲਾ ਸਾਫ ਕਰਕੇ ਸੁਰਜੀਤ ਦੇ ਪਿਤਾ ਜੀ ਸਾਰਿਆਂ ਨੂੰ ਬੋਲੇ, ਸੋ ਮੈਂ ਖਾਸ ਕਰਕੇ ਹਰਮੀਤ ਤੇ ਮਾਲਤੀ ਦੋਨਾਂ ਤੋਂ ਪੁੱਛਣਾਂ ਚਾਹੁੰਦਾ ਹਾਂ ਕਿ ਕੀ ਤੁਸੀਂ ਦੋਨੋਂ ਸੁਰਜੀਤ ਦੀਆਂ ਕਹੀਆਂ ਗੱਲਾਂ ਤੋਂ ਖੁਸ਼ ਹੋ? ਕੀ ਤੁਸੀਂ ਸੋਚਣ ਦਾ ਟੈਮ ਚਾਹੁੰਦੇ ਹੋ? ਸੁਣਕੇ ਮਾਲਤੀ ਤੇ ਹਰਮੀਤ ਦੋਨਾਂ ਨੇ ਇਕ ਦੂਸਰੇ ਵੱਲ ਦੇਖਿਆ ਤੇ ਦੋਨਾਂ ਨੇ ਉਠ ਕੇ ਸੁਰ-ਜੀਤ ਦੇ ਮਾਤਾ ਤੇ ਪਿਤਾ ਦੇ ਪੈਰੀਂ ਹੱਥ ਲਾ ਦਿੱਤਾ।

ਇਕ ਦਿਨ ਹਰਮੀਤ ਤੇ ਮਾਲਤੀ ਆਪਣੇ ਵਿਆਹ ਦੀ ਸ਼ੋਪਿੰਗ ਕਰਕੇ ਆ ਰਹੇ ਸਨ ਕਿ ਰੇਲਵੇ ਦਾ ਫਾਟਕ ਬੰਦ ਹੋਣ ਕਰਕੇ ਇਨ੍ਹਾਂ ਨੂੰ ਆਪਣੀ ਜੀਪ ਰੋਕਣੀ ਪਈ। ਅਚਾਨਕ ਇਕ ਪੁਲਸ ਦੀ ਜੀਪ ਵੀ ਇਨ੍ਹਾਂ ਦੀ ਜੀਪ ਕੋਲ ਆ ਕੇ ਰੁੱਕ ਗਈ। ਅਚਾਨਕ ਦੋਨਾਂ ਦੀ ਨਜ਼ਰ ਪੁਲਸ ਦੀ ਜੀਪ 'ਤੇ ਪੈ ਗਈ ਤਾਂ ਦੋਨੋਂ ਚੌਂਕ ਉਠੇ, ਹਰਮੀਤ ਦੇ ਦੋਵੇਂ ਹੱਥ ਕੱਸ ਹੋ ਗਏ, ਅੱਖਾਂ ਖੁੱਲ੍ਹੀਆਂ ਰਹਿ ਗਈਆਂ। ਉਨ੍ਹਾਂ ਦੇਖਿਆ, ਜੀਪ ਦੇ ਵਿੱਚਕਾਰ ਵੈਦ ਮੇਹਰ ਚੰਦ ਤੇ ਧੰਨੂ ਸ਼ਾਹ ਨੀਵੀਂ ਪਾਈ ਬੈਠੇ ਸਨ। ਹੱਥਾਂ ਨੂੰ ਹੱਥਕੜੀਆਂ ਤੇ ਪੈਰਾਂ ਵਿੱਚ ਸੰਗਲ ਦੀਆਂ ਬੇੜੀਆਂ ਪਈਆਂ ਹੋਈਆਂ ਸਨ। ਹਰਮੀਤ ਨੇ ਆਪਣੀ ਤਾਕੀ ਦਾ ਸ਼ੀਸ਼ਾ ਖੋਲਿਆ ਤੇ ਉਨ੍ਹਾਂ ਕੈਦੀਆਂ ਨੂੰ ਕੁਝ ਕਹਿਣ ਹੀ ਲੱਗਾ ਸੀ, ਪਰ ਗੇਟ ਖੁੱਲਦੇ ਸਾਰ ਪੁਲਸ ਦੀ ਜੀਪ ਅੱਗੇ ਲੰਘ ਗਈ। ਹਰਮੀਤ ਦੰਦ ਪੀਸਦਾ ਰਹਿ ਗਿਆ॥ --**ਧਰਮਪਾਲ ਸਹਿਗਲ**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਹਰ ਥਾਂ ਪ੍ਰਭੂ ਆਪ ਹੀ ਵਰਤਦਾ ਹੈ; ਭਾਵ ਮੌਜੂਦ ਹੈ, ਤੇ ਪ੍ਰਭੂ ਆਪ ਹੀ (ਜੀਵਾਂ ਨੂੰ) ਆਪਣੇ ਨਾਮ ਵਿਚ ਜੋੜਦਾ ਹੈ ।"ਆਪੇ ਹੀ ਪ੍ਰਭੁ ਦੇਹਿ ਮਤਿ ਹਰਿਨਾਮੁ ਧਿਆਈਐ॥ ਵਡਭਾਗੀ ਸਤਿਗੁਰੁ ਮਿਲੈ ਮੁਖਿ ਅੰਮ੍ਰਿਤੁ ਪਾਈਐ ॥ ਹਉਮੈ ਦੁਬਿਧਾ ਬਿਨਸਿ ਜਾਇ ਸਹਜੇ ਸੁਖਿ ਸਮਾਈਐ ॥ ਸਭੁ ਆਪੇ ਆਪਿ ਵਰਤਦਾ ਆਪੇ ਨਾਇ ਲਾਈਐ ॥2॥ ਅੰਗ 163"।

**572. ਪ੍ਰਭੂ ਜੀਵ ਨੂੰ ਆਪਣਾ ਘਰ ਕਿੱਦਾਂ ਦਿਖਾਉਂਦਾ ਹੈ? ਆਪਣੇ ਨਾਲ਼ ਕਿੱਦਾਂ ਮਿਲਾਉਂਦਾ ਹੈ?**

ਗੁਰੂ ਨੂੰ ਮਿਲ ਕੇ ਜੀਵ ਪ੍ਰਭੂ ਦੀ ਯਾਦ ਵਿਚ ਜੁੜ ਕੇ ਪ੍ਰਭੂ ਦੇ ਚਰਨਾਂ ਵਿਚ ਲੀਨ ਹੋ ਜਾਂਦਾ ਹੈ । ਗੁਰੂ ਮਿਹਰ ਕਰ ਕੇ ਉਸ ਨੂੰ ਪ੍ਰਭੂ ਦਾ ਘਰ ਦਿਖਾ ਦਿੰਦਾ ਹੈ । ਸਤਿਗੁਰੂ ਜੀ ਬਚਨ ਕਰਦੇ ਹਨ ਕਿ ਜੀਵ ਦੀ ਹਉਮੈ ਦੂਰ ਕਰ ਕੇ ਗੁਰੂ ਉਸ ਨੂੰ ਪ੍ਰਭੂ ਨਾਲ਼ ਮਿਲਾ ਦਿੰਦਾ ਹੈ। "ਗੁਰਿ ਮਿਲਿਐ ਮਿਲਿ ਅੰਕਿ ਸਮਾਇਆ ॥ ਕਰਿ ਕਿਰਪਾ ਘਰੁ ਮਹਲੁ ਦਿਖਾਇਆ ॥ ਨਾਨਕ ਹਉਮੈ ਮਾਰਿ ਮਿਲਾਇਆ ॥4॥9॥ ਅੰਗ 153"।

**573. ਕੀ ਜਨਮ ਤੋਂ ਪਹਿਲਾਂ ਦੇ ਲਿਖੇ ਹੋਏ ਭਾਗ (ਪਇਆ ਕਿਰਤੁ) ਮੇਟੇ ਜਾ ਸਕਦੇ ਹਨ?**

ਨਹੀਂ ਜੀ! ਜਨਮਾਂ ਜਨਮਾਂਤਰਾਂ ਦੇ ਕੀਤੇ ਕੰਮਾਂ ਦੇ ਸੰਸਕਾਰਾਂ ਦਾ ਸਮੂਹ ਜੋ ਮਨ ਵਿਚ ਇਕੱਠਾ ਹੋਇਆ ਹੈ ਤੇ ਜੋ ਧੁਰੋਂ ਹੀ ਲਿਖਿਆ ਪਿਆ ਹੈ ਉਹ ਮੇਟਿਆ ਨਹੀਂ ਜਾ ਸਕਦਾ । ਉਸਦਾ ਅੱਛਾ ਬੁਰਾ ਫਲ ਸਾਨੂੰ ਭੋਗਣਾ ਪੈਂਦਾ ਹੈ । ਮਿਸਾਲ ਵਜੋਂ ਕੁਛ ਗੁਰਵਾਕ ਇੱਥੇ ਦਿੱਤੇ ਜਾਂਦੇ ਹਨ । "ਕਿਰਤੁ ਨਿੰਦਕ ਕਾ ਧੁਰਿ ਹੀ ਪਇਆ ॥ ਅੰਗ 280"। "ਕਿਰਤੁ ਪਇਆ ਨਹ ਮੇਟੈ ਕੋਇ॥ ਅੰਗ 154"। "ਪਇਆ ਕਿਰਤੁ ਨ ਮੇਟੈ ਕੋਇ ॥ ਅੰਗ 280"। "ਜੋ ਤਿਸੁ ਭਾਵੈ ਸੋਈ ਕਰਸੀ ਕਿਰਤੁ ਨ ਮੇਟਿਆ ਜਾਈ ॥5॥ ਅੰਗ 504"। ਪ੍ਰਭੂ ਦਾ ਨਾਮ ਉਚਾਰ ਕੇ ਬਹੁਤ ਤਾਂਘ ਕਰੀਏ ਤਾਂ ਵੀ ਨਹੀਂ! "ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ ॥ ਅੰਗ 65"। ਸਾਡੇ ਕਰਮਾਂ ਮੁਤਾਬਿਕ ਇਹ ਕਿਰਤ ਕਰਤੇ ਨੇ ਸਾਡੇ 'ਚ ਪਾਇਆ ਹੈ ਤੇ ਇਹ ਮੇਟਿਆ ਨਹੀਂ ਜਾ ਸਕਦਾ । "ਕਿਰਤੁ ਪਇਆ ਕਰਤੈ ਕਰਿ ਪਾਇਆ ਮੇਟਿ ਨ ਸਕੈ ਕੋਈ ॥ ਅੰਗ 763"। ਸਤਿਗੁਰੂ ਨਾਨਕ ਦੇਵ ਜੀ ਰਾਜੇ ਜਨਮੇਜੇ (ਜੋ ਕਹਿੰਦਾ ਸੀ ਕਿ ਮਹਾਂਭਾਰਤ ਦਾ ਯੁੱਧ ਰੋਕਿਆ ਜਾ ਸਕਦਾ ਸੀ) ਦੀ ਮਿਸਾਲ ਦੇ ਕੇ ਦੱਸਦੇ ਹਨ ਕਿ ਪਇਆ ਕਿਰਤ ਮੇਟਿਆ ਨਹੀਂ ਜਾ ਸਕਦਾ । ਬਿਆਸ ਰਿਸ਼ੀ ਨੇ ਮੱਤਾਂ ਦੇ ਕੇ ਰਾਜਾ ਜਨਮੇਜੇ ਨੂੰ ਸਮਝਾਇਆ ਤੇ ਵਰਜਿਆ (ਕਿ ਉਸਨੂੰ ਜੰਗਲ ਵਿਚ ਇਕ ਅਪੱਛਰਾਂ ਮਿਲੇਗੀ ਤੇ ਉਹ ਉਸਨੂੰ ਆਪਣੇ ਘਰ ਵਿਚ ਨਾ ਲਿਆਵੇ । ਪਰ ਪਰਮਾਤਮਾ ਨੇ ਉਸ ਦੀ ਮਤਿ ਮਾਰੀ ਹੋਈ ਸੀ । ਉਹ ਰਿਸ਼ੀ ਦੇ ਆਖੇ ਨਾ ਲੱਗਾ । ਅਪੱਛਰਾਂ ਨੂੰ ਲੈ ਕੇ ਆਇਆ । ਫਿਰ ਉਸ ਨੇ ਅਠਾਰਾਂ ਜੱਗ ਕਰ ਕੇ ਅਠਾਰਾਂ ਬ੍ਰਾਹਮਣ ਮਾਰ ਦਿੱਤੇ (ਕਿਉਂਕਿ ਉਹ ਅਪੱਛਰਾਂ ਅੱਤ ਬਰੀਕ ਅੱਧ-ਨਗਨ ਕਪੜਿਆਂ ਵਿਚ ਆਈ, ਹਵਾ ਨਾਲ਼ ਉਸਨੂੰ ਨੰਗੀ ਹੋਈ ਦੇਖ ਕੇ ਬ੍ਰਾਹਮਣ ਹੱਸ ਪਏ ਸਨ ਤੇ ਜਨਮੇਜੇ ਨੇ ਗੁੱਸੇ 'ਚ ਆ ਕੇ ਉਹ ਬ੍ਰਾਹਮਣ ਕਤਲ ਦਿੱਤੇ) । ਕੀਤੇ ਕਰਮਾਂ ਦੇ ਫਲ ਨੂੰ ਕੋਈ ਮਿਟਾ ਨਹੀਂ ਸਕਦਾ । ਬਿਆਸ ਰਿਸ਼ੀ ਨੇ ਪਹਿਲਾਂ ਹੀ ਇਹ ਦੱਸ ਦਿੱਤਾ ਸੀ ਕਿ ਤੇਰੇ ਨਾਲ਼ ਇੰਦਾਂ ਹੋਣੀ ਹੈ ਤੇ ਤੂੰ ਰੋਕ ਨਹੀਂ ਸਕੇਂਗਾਂ । "ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥ ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥4॥ ਅੰਗ 1344"।

ਹੇ ਪ੍ਰਾਣੀ! ਆਪਣੇ ਕੀਤੇ ਕਮਾਏ ਕਰਮਾਂ ਅਨੁਸਾਰ ਤੂੰ ਅਨੇਕਾਂ ਜੂਨਾਂ ਵਿਚ ਭਵਾਉਣ ਦਾ ਦੁੱਖ ਸਹਾਰ! ਇਸ ਵੱਡੀ ਮੋਹ ਲੈਣ ਵਾਲ਼ੀ ਮਾਇਆ ਦੇ ਨਾਲ਼ ਮਸਤ ਰਹਿ ਕੇ ਤੂੰ ਅਮੋਲਕ ਮਨੁੱਖਾ ਜਨਮ ਗਵਾ ਲਿਆ ਹੈ । "ਕਿਰਤ ਕਮਾਣੇ ਦੁਖ ਸਹੁ ਪਰਾਣੀ ਅਨਿਕ ਜੋਨਿ ਭ੍ਰਮਾਇਆ ॥ ਮਹਾ ਮੋਹਨੀ ਸੰਗਿ ਰਾਤਾ ਰਤਨ ਜਨਮੁ ਗਵਾਇਆ ॥ ਅੰਗ 546"। ਦੂਸਰੇ ਪਾਸੇ ਚੰਗੇ ਕਮਾਏ ਕਰਮਾਂ ਕਰਕੇ ਬੰਦਾ ਪ੍ਰਭੂ ਦਾ ਨਾਮ ਜਪਦਾ ਹੈ ਤੇ ਧੰਨਤਾ ਤੇ ਸ਼ਾਬਾਸ਼ੇ ਪ੍ਰਾਪਤ ਕਰਦਾ ਹੈ । "ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ ॥ ਅੰਗ 575"।


ਧੁਰੋਂ ਪਇਆ ਕਿਰਤ ਹੀ ਸਾਨੂੰ ਜਗ੍ਹਾ ਜਗ੍ਹਾ ਦਾਣਾ ਪਾਣੀ ਖਾਣ ਲਈ ਧੱਕਦਾ/ਭੇਜਦਾ ਹੈ। "ਮਃ 2 ॥ ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥ ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥2॥ ਅੰਗ 653"। ਹੇ ਪ੍ਰਭੂ ਤੇਰੇ ਗੁਣ ਬੇਅੰਤ ਹਨ, ਜਿੱਦਾਂ ਜਿੱਦਾਂ ਸਾਡੇ ਕਰਮ ਸਾਨੂੰ ਚਲਾਉਂਦੇ ਹਨ ਓਦਾਂ ਓਦਾਂ ਹੀ ਅਸੀਂ ਚੱਲਦੇ ਹਾਂ । "ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ॥1॥ ਅੰਗ 990"। ਪਰਮੇਸ਼ਰ ਪੰਜ ਤੱਤਾਂ ਨੂੰ ਇਕੱਠੇ ਕਰਕੇ ਮਨੁੱਖ ਦਾ ਸ਼ਰੀਰ ਬਣਾਉਂਦਾ ਹੈ ਤੇ ਪਏ ਕਿਰਤ ਕਰਕੇ ਹੀ ਜੀਵ ਆਤਮਾ ਦਾ ਸ਼ਰੀਰ ਨਾਲ਼ ਮਿਲਾਪ ਹੁੰਦਾ ਹੈ । "ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ ॥2॥ ਅੰਗ 884"। ਸਰੀਰ ਤੇ ਆਤਮਾ ਦਾ ਮਿਲਾਪ ਵੀ ਪਏ ਹੋਏ ਕਿਰਤ ਕਰਕੇ ਹੁੰਦਾ ਹੈ । ਕੀਤੇ ਕਰਮਾਂ ਦੇ ਸੰਜੋਗਾਂ ਨਾਲ (ਆਤਮਾ ਅਤੇ ਸਰੀਰ) ਇਕੱਠੇ ਹੁੰਦੇ ਹਨ ਤੇ ਭੋਗ ਬਿਲਾਸ ਕਰਦੇ ਰਹਿੰਦੇ ਹਨ । "ਕਿਰਤ ਸੰਜੋਗੀ ਭਏ ਇਕਤ੍ਰਾ ਕਰਤੇ ਭੋਗ ਬਿਲਾਸਾ ਹੇ ॥1॥ ਅੰਗ 1072"। ਕਿਰਤ ਦਾ ਬੱਝਾ ਹੋਇਆ ਹੀ ਮਨੁੱਖ ਭੇਖੀ ਬਣਦਾ ਹੈ, ਪਰ ਰਾਮ ਨਾਮ ਬਿਨਾ ਤ੍ਰਿਪਤੀ ਨਹੀਂ ਹੁੰਦੀ । "ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ ॥ ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤ ਕੈ ਬਾਂਧੈ ਭੇਖੁ ਭਇਆ ॥4॥ ਅੰਗ 1127"। ਪਇਆ ਕਿਰਤੁ ਨੂੰ ਗੁਰਬਾਣੀ ਵਿਚ ਧੁਰੋਂ ਕਰਤਾ ਪੁਰਖ ਵਲੋਂ ਲਿਖਿਆ ਹੋਇਆ 'ਲੇਖੁ' ਵੀ ਕਿਹਾ ਹੈ ਜੋ ਕਿ ਮਿਟਦਾ ਨਹੀਂ। ਮਿਸਾਲ ਵਜੋਂ "ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥ ਅੰਗ 937"।

ਬਾਕੀ ਅਗਲੇ ਹਫ਼ਤੇ ਪੜ੍ਹੋ


## ਪੰਜਾਬੀ ਸਿੱਖਣ ਲਈ ਕਿਤਾਬਾਂ

**ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ**

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੋਟ ਕੋਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

**Whats App (M) 07966 388388**

**PANJAB TIMES**

BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk



## ਤਜ਼ਰਬੇਕਾਰ ਪੰਜਾਬੀ ਗਾਇਕਾਂ, ਗਿੱਧੇ ਭੰਗੜੇ ਵਾਲੇ ਮੁੰਡੇ ਕੁੜੀਆਂ ਅਤੇ ਸਾਜ਼ੀਆਂ ਦੀ ਤੁਰੰਤ ਲੋੜ

**PUNJABI FOLK SINGERS, DANCERS AND MUSICIANS**

**URGENTLY REQUIRED**

Eurowood is one of the leading European and Asian events company. Our main objective is to develop and enhance the European and Asian arts & cultural industry and promote new talent in movies (Bollywood and International), documentaries, TV live shows, concerts and live studio recordings distributed worldwide.

We require Punjabi folk singers to provide live rendition of Punjabi Sufi, folk, qawwali, ghazals, Boliyan and Tappe,and popular and classical Bollywood songs, as well as own compositions.

Also required are Punjabi folk dancers familiar with Bhangra and Gidda, and musicians to play a variety of Indian / Punjabi folk musical instruments (e.g., Dhol and Sarangi) and Western musical instruments (e.g., Banjo and Keyboard).

Artists must be fluent in Punjabi and Hindi and be well versed with Punjabi folklore and culture. Artists with international experience and performing in front of large live audiences, or prior experience of working in film and television would be given preference.

Artists will be required to perform throughout the UK on selected weekdays and most weekends. Typical performances last 3-4 hours duration, with breaks provided in between. The rates of pay are as follows:

Singers: £15.95 - £18.00 per hour
Dancers: £11.44 - £17.00 per hour
Musicians: £16.00 - £18.00 per hour

Overtime (for performances over 4 hours) shall be paid at pro-rata basis. Overnight accommodation provided during performances. Applicants to apply with Resume and evidence of previous performances (e.g showreel or demo-tape) awards, citations, media coverage, etc, to the following address:

FAO: R Sharma, Eurowood Entertainment Ltd, 23 Saxon Street, Leicester LE3 0BL Email: info@eurowood.tv

**Closing date for applications: 11 October 2024**

# ਨਿੱਜੀ ਵਿੱਦਿਅਕ ਅਦਾਰਿਆਂ ਤੇ ਸਰਕਾਰਾਂ ਮਿਹਰਬਾਨ

**ਡਾ. ਅਮਨਪ੍ਰੀਤ ਸਿੰਘ ਬਰਾੜ**
9653790000



ਅੱਜ ਤਕਰੀਬਨ ਚਾਰ ਸਾਲ ਹੋਣ ਵਾਲੇ ਹਨ ਨਵੀਂ ਸਿੱਖਿਆ ਨੀਤੀ ਆਈ ਨੂੰ, ਪਰ ਇਸ ਨਾਲ ਪੜ੍ਹਾਈ ਵਿੱਚ ਤਾਂ ਕੋਈ ਬਹੁਤਾ ਸੁਧਾਰ ਆਇਆ ਨਹੀਂ ਲੱਗਦਾ। ਇਹ ਗੱਲ ਜ਼ਰੂਰ ਹੈ ਕਿ ਇਸ ਨੂੰ ਲਾਗੂ ਕਰਨ ਲਈ ਮਾਪਿਆ ਤੇ ਵੱਡਾ ਆਰਥਿਕ ਬੋਝ ਪੈ ਗਿਆ ਹੈ ਕਿਤਾਬਾਂ, ਵਰਦੀਆਂ ਅਤੇ ਫੀਸਾਂ ਦੇ ਰੂਪ ਵਿੱਚ। ਹੈਰਾਨੀ ਜਨਕ ਗੱਲ ਹੈ ਕਿ 34 ਸਾਲਾਂ ਬਾਅਦ ਇਸ ਨੀਤੀ ਵਿੱਚ ਅਧਿਆਪਕਾਂ ਨੂੰ ਕੋਈ ਸਥਾਨ ਨਹੀਂ ਮਿਲਿਆ। ਇਸ ਨੂੰ ਲਾਗੂ ਇਮਾਰਤਾਂ, ਕਿਤਾਬਾਂ, ਵਰਦੀਆਂ ਨੇ ਨਹੀਂ ਕਰਨਾ ਬਲਕਿ ਅਧਿਆਪਕਾਂ ਨੇ ਕਰਨਾ ਹੈ। ਅੱਜ ਹਾਲਾਤ ਇਹ ਹਨ ਕਿ ਇੱਕ ਅਧਿਆਪਕ ਆਪਣੇ ਬੱਚੇ ਨੂੰ ਅਧਿਆਪਕ ਬਣਾਉਣਾ ਨਹੀਂ ਚਾਹੁੰਦਾ। ਇਹਨਾਂ ਹਾਲਾਤਾਂ ਲਈ ਸਿੱਖਿਆ ਦਾ ਨਿੱਜੀਕਰਨ ਜਿੰਮੇਵਾਰ ਹੈ। ਅੱਜ ਸਿੱਖਿਆ ਦੇ ਵਿੱਚ ਸਕੂਲ ਤੋਂ ਲੈ ਕਿ ਕਾਲਜ਼, ਯੂਨੀਵਰਸਟੀਆਂ ਵਿੱਚ ਨਿੱਜੀ ਸਿਖਿੱਆ ਅਦਾਰਿਆਂ ਦਾ ਬੋਲ ਬਾਲਾ ਹੈ। ਸਰਕਾਰਾਂ ਆਪਣੇ ਅਧਾਰਿਆਂ ਨੂੰ ਹੋਲੀ-ਹੋਲੀ ਘਟਾਉਣ ਅਤੇ ਬੰਦ ਕਰਨ ਦੀ ਨੀਤੀ ਅਪਨਾ ਰਹੀਆਂ ਹਨ।

**ਨਿੱਜੀ ਸਕੂਲ:-** ਹਾਲਾਂਕਿ ਹਰ ਸੂਬੇ ਵਿੱਚ ਸੂਬਾ ਸਿਖਿੱਆ ਵਿਭਾਗ ਹੈ ਅਤੇ ਉਸਦੇ ਹੇਠ ਸਰਕਾਰੀ ਅਤੇ ਨਿੱਜੀ ਸਕੂਲ ਆਂਉਦੇ ਹਨ। ਵਿਭਾਗ ਵੇਲੇ ਕੁਵਲੇ ਚਿੱਠੀ ਕੱਡਦਾ ਹੈ ਪਰ ਅਸਰ ਕੁੱਝ ਨਹੀਂ ਹੁੰਦਾ। ਅੱਜ ਸੂਬਿਆਂ ਦੇ ਸਰਕਾਰੀ ਸਕੂਲਾਂ ਦੀ ਹਾਲਤ ਐਨੀ ਪਤਲੀ ਹੈ ਕਿ ਨਾਂ ਤਾਂ ਉਹਨਾਂ ਵਿੱਚ ਆਧੁਨਿਕ ਕਲਾਸ ਰੂਮ ਹਨ ਨਾਂ ਹੀ ਬਣਾਉਣ ਲਈ ਕਸ਼ਮਤਾ ਹੈ। ਇਮਾਰਤਾਂ ਖਸਤਾ ਹਾਲਤ ਵਿੱਚ ਹਨ ਅਤੇ ਪੜਾਉਣ ਲਈ ਅਧਿਆਪਕ ਨਹੀ ਹਨ। ਪੰਜਾਬ ਦੀ ਗੱਲ ਕਰੀਏ ਤਾਂ ਇਸ ਵੇਲੇ ਪੰਜਾਬ ਵਿੱਚ ਤਕਰੀਬਨ 19262 ਸਕੂਲ ਹਨ ਜਿਹਨਾਂ ਵਿਚੋਂ 12880 ਸਕੂਲ ਪ੍ਰਾਈਮਰੀ ਹਨ। ਹੈਰਾਨੀ ਜਨਕ ਖੁਲਾਸੇ ਕੀਤੇ ਪਿਛੇ ਜਿਹੇ ਆਈ "ਨੈਸ਼ਨਲ ਅਚੀਵਮੈਂਟ ਸਰਵੇ" ਰਿਪੋਰਟ ਨੇ। ਰਿਪੋਰਟ ਅਨੁਸਾਰ ਤੀਜੀ ਤੋਂ ਅੱਠਵੀਂ ਤੱਕ ਜਮਾਤ ਦੇ ਵਿਦਿਆਰਥੀਆਂ ਵਿਚੋਂ 50 ਫੀਸਦੀ ਪੰਜਾਬੀ ਅਤੇ 75 ਫੀਸਦੀ ਅੰਗਰੇਜ਼ੀ ਪੜ੍ਹਨ ਦੇ ਅਸਮਰਥ ਸਨ। ਵਿਚਾਰਨ ਦੀ ਗੱਲ ਹੈ ਕਿ ਦੋ ਭਾਸ਼ਾਵਾਂ ਇੱਕ ਪੰਜਾਬ ਦੀ ਮਾਂ ਬੋਲੀ ਦੂਜੀ ਅੰਤਰਾਸ਼ਟਰੀ ਭਾਸ਼ਾ ਜੇ ਵਿਦਿਆਰਥੀ ਇਹਨਾਂ ਨੂੰ ਹੀ ਚੰਗੀ ਤਰ੍ਹਾਂ ਨਾਲ ਪੜ੍ਹ ਲਿਖ ਨਹੀਂ ਸਕਦਾ ਤਾਂ ਫੇਰ ਉਸਦੀ ਪੜ੍ਹਾਈ (ਜਿਸ ਵਿੱਚ ਅੱਠ ਸਾਲ ਬਰਬਾਦ ਹੋਏ) ਕਿਸ ਕੰਮ ਦੀ? ਸਰਕਾਰੀ ਸਕੂਲਾਂ ਦੇ ਹਾਲਾਤ ਇਹ ਹਨ ਕਿ ਅਗਸਤ 2022 ਵਿੱਚ 400 ਸਕੂਲਾਂ ਵਿੱਚ ਇੱਕ ਵੀ ਅਧਿਆਪਕ ਨਹੀਂ ਸੀ ਅਤੇ 1600 ਸਕੂਲ ਸਿਰਫ ਇੱਕ ਅਧਿਆਪਕ ਨਾਲ ਚੱਲ ਰਹੇ ਸਨ। ਮਾਨਯੋਗ ਪੰਜਾਬ ਦੇ ਸਿਖਿੱਆ ਮੰਤਰੀ ਦੇ 30 ਨਵੰਬਰ 2023 ਨੂੰ ਵਿਧਾਨ ਸਭਾ ਵਿੱਚ ਦਿੱਤੇ ਬਿਆਨ ਮੁਤਾਬਕ 600 ਦੇ ਕਰੀਬ ਸਕੂਲਾਂ ਵਿੱਚ ਇੱਕ ਅਧਿਆਪਕ ਹੈ। ਉਹਨਾਂ ਅੱਗੇ ਕਿਹਾ ਮਾਰਚ 2024 ਵਿੱਚ ਕੋਈ ਵੀ ਸਕੂਲ ਬਿਨਾਂ ਅਧਿਆਪਕ ਤੋਂ ਨਹੀਂ ਹੋਵੇਗਾ। ਸਵਾਲ ਇਹ ਹੈ ਕਿ ਇਹ ਨੰਬਰ ਸਕੂਲ ਬੰਦ ਕਰਕੇ ਘਟਾਏ ਗਏ ਹਨ ਜਾਂ ਫਿਰ ਨਵੇਂ ਅਧਿਆਪਕ ਭਰਤੀ ਕਰਕੇ। ਸੁਣਨ ਵਿੱਚ ਆਇਆ ਹੈ ਕਿ ਜਿਥੇ ਵਿਦਿਆਰਥੀਆਂ ਦੀ ਭਰਤੀ ਘੱਟ ਹੈ ਉਹਨਾਂ ਸਕੂਲਾਂ ਨੂੰ ਬੰਦ ਕਰਕੇ ਅਧਿਆਪਕ ਦੂਜੇ ਸਕੂਲਾਂ ਵਿੱਚ ਭੇਜੇ ਗਏ ਹਨ। ਇਸ ਸਭ ਦੇ ਬਾਵਜੂਦ ਵਿਭਾਗ ਦੀ ਕੁਸ਼ਲਤਾ ਵੇਖੋ ਮੁੱਖ ਅਧਿਆਪਕਾਂ ਦੇ ਨਤੀਜੇ ਭੇਜਣ ਤੋਂ ਪਹਿਲਾਂ ਹੀ ਪੋਰਟਲ ਤੇ ਨਤੀਜਾ 100 ਫੀਸਦੀ ਪਾ ਦਿੱਤਾ। ਜਿਹੜੇ ਵਿਦਿਆਰਥੀ ਸਕੂਲ ਵਿੱਚੋਂ ਗੈਰ ਹਾਜ਼ਰ ਰਹੇ ਉਹਨਾਂ ਨੂੰ ਵੀ ਉਪਰਲੀ ਕਲਾਸ ਵਿੱਚ ਭੇਜ ਦਿੱਤਾ। ਏਥੇ ਹੀ ਬੱਸ ਨਹੀਂ ਇਹ ਵੀ ਹੁਕਮ ਕਰ ਦਿੱਤਾ ਕਿ ਪਰੀ ਨਰਸਰੀ ਜਾਂ ਨਰਸਰੀ ਵਾਲੇ ਬੱਚਿਆਂ ਨੂੰ ਸਕੂਲ ਅਧਿਆਪਕ ਆਪਣੇ ਲੇਵਲ ਤੇ ਰਿਟੇਨ ਕਰ ਲੈਣ।

ਇਸ ਸਭ ਦਾ ਫਾਇਦਾ ਸਿੱਧਾ ਨਿੱਜੀ ਸਕੂਲਾਂ ਨੂੰ ਹੁੰਦਾ ਹੈ। ਅੱਜ ਨਿੱਜੀ ਸਕੂਲ ਪਿੰਡਾਂ ਵਿੱਚ ਵੀ ਖੁੱਲ੍ਹ ਚੱਕੇ ਹਨ ਪਰ ਪੜ੍ਹਾਈ ਦਾ ਮਿਆਰ ਉੱਥੇ ਸ਼ਹਿਰੀ ਸਕੂਲਾਂ ਵਰਗਾ ਨਹੀਂ ਪਰ ਕਈ ਜਗ੍ਹਾ ਸਰਕਾਰੀ ਸਕੂਲਾਂ ਨਾਲੋਂ ਉੱਚਾ ਹੈ। ਹੈਰਾਨੀ ਦੀ ਗੱਲ ਹੈ ਕਿ ਸਰਕਾਰੀ ਅਧਿਆਪਕ ਜੋ 70-80 ਹਜ਼ਾਰ ਤਨਖਾਹ ਲੈਂਦਾ ਹੈ ਆਪਣਾ ਬੱਚਾ ਪ੍ਰਾਈਵੇਟ ਜਿੱਥੇ 20 ਹਜ਼ਾਰ ਤਨਖਾਹ ਲੈਣ ਵਾਲਾ ਅਧਿਆਪਕ ਪੜਾਉਂਦਾ ਹੈ ਉਥੇ ਫੀਸ ਦੇ ਕੇ ਭੇਜਦਾ ਹੈ। ਇਥੋਂ ਸ਼ੁਰੂ ਹੁੰਦਾ ਹੈ ਮਾਪਿਆ ਦਾ ਸ਼ੋਸ਼ਣ! ਅੱਜ ਨਿੱਜੀ ਸਕੂਲਾਂ ਨੂੰ ਖੁੱਲ੍ਹ ਹੈ ਕਿ ਹਰ ਸਾਲ ਉਹ 8 ਫੀਸਦੀ ਤੱਕ ਦੀ ਦਰ ਨਾਲ ਫੀਸ ਵਧਾ ਸਕਦੇ ਹਨ। ਜੇ ਮਹਿੰਗਾਈ ਉਹਨਾਂ ਲਈ ਵੱਧਦੀ ਹੈ ਤਾਂ ਸਭ ਲਈ ਵੱਧ ਰਹੀ ਹੈ। ਪੰਜਾਬ ਦੀ ਅੱਧੀ ਅਬਾਦੀ ਖੇਤੀ ਤੇ ਨਿਰਭਰ ਕਰਦੀ ਹੈ। 8 ਫੀਸਦੀ ਨਾਲ ਨਾਂ ਤਾਂ ਕਿਸਾਨ ਦੀ ਆਮਦਨ ਵੱਧਦੀ ਹੈ ਨਾਂ ਹੀ ਮਜ਼ਦੂਰ ਦੀ ਦਿਹਾੜੀ। ਉੱਧਰ ਆਮ ਲੋਕ ਜੋ ਨਿੱਜੀ ਨੌਕਰੀ ਕਰਦੇ ਹਨ ਉਹਨਾਂ ਦੀ ਦਿਹਾੜੀ ਵੀ ਨਹੀਂ ਵੱਧਦੀ। ਇਥੋਂ ਤੱਕ ਕੇ ਇਹਨਾਂ ਨਿੱਜੀ ਸਕੂਲਾਂ ਵਿੱਚ ਕੰਮ ਕਰਨ ਵਾਲੇ ਅਧਿਆਪਕਾਂ ਦੀ ਤਨਖਾਹ ਵੀ 8 ਫੀਸਦੀ ਨਾਲ ਨਹੀਂ ਵੱਧਦੀ। ਫੇਰ ਨਿੱਜੀ ਸਕੂਲਾਂ ਨੂੰ ਇਹ ਖੁੱਲ ਕਿਉਂ, ਕੀ ਹੈ ਸਰਕਾਰ ਦੀ ਮਜ਼ਬੂਰੀ?

ਜ਼ਿਕਰ ਯੋਗ ਹੈ ਕਿ ਸਰਕਾਰ ਨੂੰ ਸਹੂਲਤਾਂ ਦੇ ਅਧਾਰ ਤੇ ਮੁੱਡਲੀ ਫੀਸ ਤਹਿ ਕਰਨੀ ਚਾਹੀਦੀ ਹੈ। ਇਸ ਵਿੱਚ ਬੁਨਿਆਦੀ ਢਾਂਚਾ ਕਿਹੋ ਜਿਹਾ ਹੈ, ਸਹਾਇਕ ਸਟਾਫ ਕਿੰਨਾ ਹੈ ਜੋ ਬੱਚਿਆ ਦੀ ਦੇਖ ਭਾਲ ਕਰ ਸਕੇ ਅਤੇ ਅਧਿਆਪਕਾਂ ਦਾ ਤਜੁਰਬਾ ਕੀ ਹੈ ਤੇ ਉਹਨਾਂ ਦਾ ਵੇਤਨ ਕਿੰਨਾ ਹੈ। ਇਸ ਬੇਸ ਟਿਊਸ਼ਨ ਫੀਸ ਦੇ ਨਾਲ ਕੰਪਿਊਟਰ ਫੀਸ, ਪ੍ਰਯੋਗਸ਼ਾਲਾ ਦੇ ਖਰਚੇ ਕਿੰਨੇ ਹਨ ਅਤੇ ਉਹਨਾਂ ਦੀ ਵਰਤੋਂ ਕਿਵੇਂ ਹੋ ਰਹੀ ਹੈ। ਇਹਨਾਂ ਖਰਚਿਆਂ ਨੂੰ ਟਿਊਸ਼ਨ ਫੀਸ ਵਿੱਚ ਹੀ ਗਿਣਨਾ ਚਾਹੀਦਾ ਹੈ ਕਿਉਂ ਕਿ ਇਹ ਤਾਂ ਪੜ੍ਹਾਈ ਦਾ ਹਿਸਾ ਹਨ। ਫੀਸ ਦਾ ਵਾਧਾ ਵੀ ਬੇਸ ਅਧਾਰ ਤੇ ਹੀ ਹੋਣਾ ਚਾਹੀਦਾ ਹੈ ਜਿਵੇਂ ਮੁਲਾਜਮਾਂ ਦੀ ਬੇਸ ਤਨਖਾਹ ਤੇ ਵਾਧਾ ਹੁੰਦਾ ਹੈ।

**ਕਿਤਾਬਾਂ:** ਅੱਜ ਤੁਸੀਂ ਦੇਖੋਗੇ ਕਿ ਸਕੂਲ ਤਾਂ ਕਿਤਾਬਾਂ ਨਹੀਂ ਦਿੰਦੇ ਪਰ ਕਿਤਾਬਾਂ ਦੀ ਲਿਸਟ ਦੇ ਦਿੰਦੇ ਹਨ। ਜਿਹੜੀਆਂ ਕਿਤਾਬਾਂ ਦੱਸੀਆ ਜਾਂਦੀਆ ਹਨ ਉਹ ਆਮ ਦੁਕਾਨਾਂ ਤੋਂ ਮਿਲਦੀਆਂ ਹੀ ਨਹੀ। ਹਰ ਸਕੂਲ ਦੀ ਕਿਤਾਬ ਕਿਸੇ ਖਾਸ ਦੁਕਾਨਦਾਰ ਤੋਂ ਹੀ ਮਿਲਦੀ ਹੈ। ਉਹ ਪੈਸੇ ਸਕੂਲ ਤੋਂ ਵੀ ਵੱਧ ਲਾਉਂਦਾ ਹੈ ਅਤੇ ਧੱਕੇ ਨਾਲ ਸਟੇਸ਼ਨਰੀ ਅਤੇ ਕਾਪੀਆਂ ਵੀ ਚੁਕਾਉਂਦਾ ਹੈ। ਗੱਲ ਤਾਂ ਸੋਚਣ ਵਾਲੀ ਹੈ ਕਿ ਨਰਸਰੀ ਤੋਂ ਪੰਜਵੀ ਤੱਕ ਐਨ ਸੀ ਈ ਆਰ ਟੀ ਨਹੀਂ ਆਉਂਦੀ ਉੱਥੇ ਕਿਉਂ ਨਹੀ ਜਿਸ ਬੋਰਡ ਨਾਲ ਸਕੂਲ ਸੰਬੰਧਿਤ ਹਨ ਉਹ ਬੋਰਡ ਹੀ ਕਿਤਾਬਾਂ ਦੀ ਲਿਸਟ ਜਾਰੀ ਕਰਨ ਅਤੇ ਹਰ ਵਿਸ਼ੇ ਦੀਆਂ ਦੋ ਤੋਂ ਤਿੰਨ ਕਿਤਾਬਾਂ ਅਲੱਗ-ਅਲੱਗ ਪਬਲਿਸ਼ਰ ਦੀਆਂ ਸਿਫਾਰਿਸ਼ ਕਰਨ। ਸਕੂਲ ਉਹਨਾਂ ਵਿੱਚੋਂ ਹੀ ਚੁਣੇ ਅਤੇ ਲਗਵਾਏ। ਉਹ ਲਿਸਟ ਬੋਰਡ ਦੀ ਵੈਬਸਾਈਟ ਤੇ ਹੋਵੇ ਤਾਂ ਕਿ ਕਿਤਾਬਾਂ ਵੇਚਣ ਵਾਲੇ ਦੁਕਾਨਦਾਰ ਉਹ ਕਿਤਾਬਾਂ ਰੱਖ ਕਿ ਵੇਚ ਸਕਣ, ਮੁਕਾਬਲਾ ਵੱਧੇਗਾ ਤਾਂ ਕਮਿਸ਼ਨ ਘੱਟੇਗਾ। ਇਸੇ ਤਰ੍ਹਾਂ ਛੇਵੀਂ ਤੋਂ ਐਨ. ਸੀ. ਈ. ਆਰ. ਟੀ ਦੀਆਂ ਕਿਤਾਬਾਂ ਲੱਗ ਜਾਂਦੀਆਂ ਹਨ ਪਰ ਅੰਗਰੇਜੀ, ਪੰਜਾਬੀ, ਹਿੰਦੀ ਦੀਆਂ ਕਿਤਾਬਾਂ ਐਨ ਸੀ ਈ ਆਰ ਟੀ ਦੀਆਂ ਨਹੀ ਆਉਂਦੀਆਂ। ਪ੍ਰਾਈਵੇਟ ਸਕੂਲ ਇਹਨਾਂ ਵਿਸ਼ਿਆਂ ਵਿੱਚ ਮਹਿੰਗੀ ਤੋਂ ਮਹਿੰਗੀ ਕਿਤਾਬ ਲਗਵਾਉਂਦੇ ਹਨ। ਕਿਤਾਬ ਦਾ ਰੇਟ ਇਹਨਾਂ ਵੱਧ ਹੁੰਦਾ ਹੈ ਕਿ ਹਰ ਕੋਈ ਦੁਕਾਨਦਾਰ ਉਸਨੂੰ ਰੱਖਦਾ ਹੀ ਨਹੀਂ। ਇਹ ਮਾਪਿਆਂ ਦੀ ਵੀ ਪਹੁੰਚ ਤੋਂ ਬਾਹਰ ਹੁੰਦੀਆ ਹਨ। ਕੀ ਇਹ ਧੱਕਾ ਨਹੀਂ?

**ਵਰਦੀਆਂ:-** ਵਰਦੀਆਂ ਦਾ ਹਾਲ ਵੀ ਇਹੋ ਜਿਹਾ ਹੀ ਹੈ ਇਸ ਤੇ ਰਾਈਡਰ ਲੱਗਣਾ ਚਾਹੀਦਾ ਹੈ ਕਿ ਜੋ ਵਰਦੀ ਸਕੂਲ ਲੱਗਵਾਉਦਾ ਹੈ ਉਸ ਦਾ ਰੰਗ, ਡਿਜ਼ਾਇਨ ਘੱਟੋ ਘੱਟ 5 ਸਾਲ ਤੋਂ ਪਹਿਲਾਂ ਬਦਲਿਆ ਨਹੀ ਜਾਣਾ ਚਾਹੀਦਾ ਤਾਂ ਜੋ ਸਾਰੇ ਵਰਦੀ ਬਣਾਉਣ ਵਾਲਿਆਂ ਨੂੰ ਪਤਾ ਹੋਵੇ ਅਤੇ ਉਹ ਵਰਦੀਆਂ ਬਣਾਉਣ। ਹੁਣ ਹੁੰਦਾ ਕੀ ਹੈ ਕਿ ਇੱਕ ਬਣਾਉਣ ਵਾਲੇ ਨੂੰ ਸਕੂਲ ਡਿਜ਼ੀਇਨ ਤੇ ਰੰਗ ਦੱਸ ਦਿੰਦਾ ਹੈ ਅਤੇ ਉਹ ਹੀ ਬਣਾਉਦਾ ਹੈ ਅਤੇ ਮਨਮਰਜ਼ੀ ਦਾ ਰੇਟ ਲਾਉਂਦੇ ਹੈ ਬਾਕੀਆਂ ਨੂੰ ਅਗਲੇ ਸਾਲ ਪਤਾ ਲਗਦਾ ਹੈ। ਸਕੂਲ ਦਾ ਪਤਾ ਨਹੀਂ ਕਦੋਂ ਵਰਦੀ ਦੇ ਰੰਗ ਜਾਂ ਡਿਜ਼ਾਇਨ ਬਦਲ ਦਿੰਦੇ ਹਨ।

**ਰੈਗੂਲੇਟਰੀ ਅਥਾਰਟੀ –** ਇੱਕ ਨਵੀਂ ਰੈਗੂਲੇਟਰੀ ਅਥਾਰਟੀ ਬਣਨੀ ਚਾਹੀਦੀ ਜਿਸ ਕੋਲ ਫੀਸ ਨੂੰ ਸੈਟ ਕਰਨ ਦੇ ਨਾਲ ਨਾਲ ਬਾਕੀ ਅਧਿਕਾਰ ਵੀ ਹੋਣ ਜਿਵੇ ਬੁਨਿਆਦੀ ਢਾਚਾਂ, ਕਿਤਾਬਾਂ, ਡਰੈਸ, ਟੀਚਰਾਂ ਦੀ ਤਨਖਾਹ ਅਤੇ ਪੜ੍ਹਾਈ ਦਾ ਮਿਆਰ ਕਿਹੋ ਜਿਹਾ ਹੈ। ਇਸ ਵਿੱਚ ਧਿਆਨ ਦੇਣ ਦੀ ਲੋੜ ਹੈ ਕਿ 2016 ਵਿੱਚ ਜੋ ਰੈਗੂਲੇਟਰੀ ਅਥਾਰਟੀ ਬਣਾਈ ਸੀ ਉਹ ਸਿਰਫ ਫੀਸ ਪ੍ਰਤੀ ਹੀ ਸੀ ਅਤੇ ਉਸ ਵਿਚ ਮਾਪਿਆਂ ਨੂੰ ਨਹੀਂ ਰੱਖਿਆ ਗਿਆ ਸੀ। ਸੋ ਇਸ ਨਵੀਂ ਅਥਾਰਟੀ ਵਿਚ ਮਾਪਿਆਂ ਦੇ ਪ੍ਰਤੀਨਿਧੀ ਵੀ ਹੋਣ ਅਤੇ ਚੁਣੇ ਉਹ ਹੀ ਜਾਣ ਜਿੰਨਾਂ ਦੇ ਬੱਚੇ ਸਕੂਲਾਂ ਵਿੱਚ ਪੜ੍ਹਦੇ ਹੋਣ ਅਤੇ ਪ੍ਰਾਈਮਰੀ, ਮਿਡਲ, ਹਾਈ, ਤਿੰਨਾਂ ਦੀ ਪ੍ਰਤੀਨਿਧਤਾ ਕਰਨ।

ਇਕ ਹੋਰ ਗੱਲ ਵੀ ਜ਼ਿਕਰ ਯੋਗ ਹੈ ਕਿ ਜੇ ਬੱਚਾ ਪੜ੍ਹਾਈ ਵਿੱਚ ਕਮਜ਼ੋਰ ਹੈ ਉਸ ਨੂੰ ਅੱਠਵੀਂ ਤੱਕ ਸਕੂਲ ਵਿੱਚ ਬਿਠਾਈ ਰੱਖਦੇ ਹਨ ਅਤੇ ਫੀਸ ਲਈ ਜਾਂਦੇ ਹਨ। ਉਸ ਤੋਂ ਬਾਅਦ ਆਪਣੇ ਸਕੂਲਾਂ ਦਾ ਨਤੀਜਾ ਠੀਕ ਰੱਖਣ ਲਈ ਨੌਵੀ, ਦਸਵੀਂ ਵਿੱਚ ਉਸ ਨੂੰ ਕੱਡ ਦਿੰਦੇ ਹਨ। ਇਹ ਗਲਤ ਹੈ ਜਦੋਂ ਉਹ ਪੜ੍ਹਦਾ ਹੀ ਨਹੀਂ ਸੀ ਫੇਰ ਅੱਠਵੀ ਤੱਕ ਕਿਉਂ ਬਿਠਾਈ ਰੱਖਿਆ, ਅਗਰ ਰੱਖਿਆ ਹੈ ਤਾਂ ਫਿਰ ਦਸਵੀਂ ਦਾ ਇਮਤਿਹਾਨ ਵੀ ਉਸੇ ਸਕੂਲ ਵਿੱਚ ਹੀ ਹੋਵੇ ।

ਸਕੂਲਾਂ ਤੇ ਕੋਈ ਆਮਦਨ ਟੈਕਸ ਨਹੀ ਲੱਗਦਾ ਕਿਉਂਕਿ ਇਹ ਸਮਾਜ ਭਲਾਈ ਦਾ ਕੰਮ ਕਰ ਰਹੇ ਹਨ। ਸੋ ਇਹਨਾ ਦਾ ਸਮਾਜਿਕ ਆਡਿਟ ਹੋਵੇ ਅਤੇ ਉਸ ਨੂੰ ਜਨਤਕ ਕੀਤਾ ਜਾਵੇ।

**ਨਿਚੋੜ:** ਅਗਰ ਉਪਰੋਕਤ ਸਿਸਟਮ ਵਿੱਚ ਬਦਲਾਵ ਲਿਆਉਣਾ ਹੈ ਇਕ ਅਸਰਦਾਰ ਰੇਗੂਲੇਟਰੀ ਅਥਾਰਟੀ ਬਣਾਈ ਜਾਵੇ ਜੋ ਘੱਟੋ ਘੱਟ ਸਾਲ ਵਿੱਚ ਇੱਕ ਵਾਰ ਸਕੂਲ ਦਾ ਮੁਆਇਨਾ ਕਰਕੇ ਰਿਪੋਰਟ ਦੇਵੇ ਜਿਸ ਲਈ ਇੱਕ ਵਿਸਥਾਰ ਪੂਰਵਕ ਪ੍ਰੋਫਰਮਾ ਬਣਾਇਆ ਜਾਵੇ। ਮੁਫਤ ਦੀਆਂ ਸਹੂਲਤਾਂ ਜਿਵੇਂ "ਮਿਡ ਡੇ ਮੀਲ" ਬੰਦ ਕਰਕੇ ਪੜ੍ਹਾਈ ਤੇ ਜੋਰ ਦਿੱਤਾ ਜਾਵੇ। ਅੱਜ ਹੋ ਕੀ ਰਿਹਾ ਹੈ ਮਾਸਟਰਾਂ ਨੂੰ ਪੜਾਈ ਦਾ ਫਿਕਰ ਘੱਟ ਅਤੇ ਮਿਡ ਡੇ ਮੀਲ ਦਾ ਜਿਆਦਾ ਰਹਿੰਦਾ ਹੈ। ਪਿਛੇ ਸਰਕਾਰੀ ਨੁੰਮਾਇੰਦੇ ਸਕੂਲਾਂ ਵਿੱਚ ਗਏ ਉਹ ਰਸੋਈ ਵਿੱਚ ਵੀਡੀਓ ਬਣਾਉਂਦੇ ਰਹੇ ਅਤੇ ਪੜ੍ਹਾਈ ਦੀ ਕੋਈ ਗੱਲ ਨਹੀਂ ਕੀਤੀ। ਪੰਜਾਬ ਵਿੱਚ ਕੋਈ ਐਸਾ ਘਰ ਨਹੀਂ ਜਿਥੇ ਰੋਟੀ ਨਾ ਪੱਕਦੀ ਹੋਵੇ। ਮਜ਼ਦੂਰ ਵੀ ਸਵੇਰੇ ਆਪਣੀ ਰੋਟੀ ਖਾ ਕੇ ਵੀ ਜਾਂਦਾ ਹੈ ਅਤੇ ਨਾਲ ਲੈ ਕੇ ਜਾਂਦਾ ਹੈ । ਇਸ ਤੋਂ ਉੱਪਰ ਮੁਫਤ ਅਨਾਜ ਤਾਂ ਮਿਲਦਾ ਹੈ। ਸਕੂਲ ਸਾਲ ਵਿੱਚ 180-190 ਦਿਨ ਲੱਗਦੇ ਹਨ। ਜਿਥੋਂ ਬਾਕੀ 6 ਮਹੀਨੇ ਬੱਚਾ ਦੁਪਿਹਰੇ ਰੋਟੀ ਖਾਂਦਾ ਹੈ ਉੱਥੋਂ ਸਕੂਲ ਵਾਲੇ ਦਿਨ ਵੀ ਖਾ ਲਵੇਗਾ। ਹਰ ਬੱਚੇ ਤੋਂ ਫੀਸ ਵੀ ਲਈ ਜਾਵੇ ਭਾਵੇਂ ਥੋੜੀ ਹੋਵੇ ਜਿਵੇਂ ਹਸਪਤਾਲ ਵਿੱਚ ਪਰਚੀ ਬਣਾਉਣ ਵੇਲੇ ਲਈ ਜਾਂਦੀ ਹੈ। ਮਾਸਟਰਾਂ ਦੀ ਭਰਤੀ ਹੋਵੇ ਤੇ ਫਾਲਤੂ ਕੰਮ, ਸਰਵੇ ਜਾਂ ਵੋਟਾਂ ਬਣਾਉਣ ਲਈ ਅਧਿਆਪਕਾਂ ਨੂੰ ਨਾ ਲਗਾਇਆ ਜਾਵੇ। ਨਤੀਜਾ ਅਸਲ ਹੋਵੇ ਬਨਾਉਟੀ ਨਤੀਜੇ ਕੱਡ ਕੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਧੋਖੇ ਵਿੱਚ ਨਾ ਰੱਖਿਆ ਜਾਵੇ। ਪੜ੍ਹਾਈ ਉਥੋਂ ਤੱਕ ਕਰਵਾਈ ਜਾਵੇ ਜਿਥੋਂ ਤੱਕ ਬੱਚੇ ਦੀ ਸਮਰੱਥਾ ਹੋਵੇ।

* * * * * * *

# ਕੇਜਰੀਵਾਲ ਤੇ 'ਆਪ' ਪਾਰਟੀ ਉਪਰ ਲੋਕਾ ਦਾ ਵਿਸ਼ਵਾਸ ਕਿਉਂ ਟੁੱਟਿਆ ?

ਬਲਵਿੰਦਰ ਸਿੰਘ ਭੁੱਲਰ

• • •



ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦਰ ਕੇਜਰੀਵਾਲ ਨੇ ਸੁਪਰੀਮ ਕੋਰਟ ਵੱਲੋਂ ਦਿੱਤੀ ਜ਼ਮਾਨਤ ਦੇ ਆਧਾਰ 'ਤੇ ਜੇਲ੍ਹ ਤੋਂ ਬਾਹਰ ਆਉਣ ਸਾਰ ਆਪਣੇ ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਵਿਧਾਨ ਸਭਾ ਦੀ ਲਗਾਮ ਆਪਣੀ ਵਿਸ਼ਵਾਸਪਾਤਰ ਬੀਬੀ ਆਤਿਸ਼ੀ ਦੇ ਸਪੁਰਦ ਕਰ ਦਿੱਤੀ ਹੈ। ਅਰਵਿੰਦਰ ਕੇਜਰੀਵਾਲ ਨੇ ਇਹ ਐਲਾਨ ਕੀਤਾ ਹੈ ਕਿ ਜਦੋਂ ਲੋਕ ਉਸ ਨੂੰ ਇਮਾਨਦਾਰ ਕਰਾਰ ਦੇਣਗੇ, ਉਦੋਂ ਹੀ ਉਹ ਮੁੜ ਚੋਣਾਂ ਦੇ ਸਿਆਸੀ ਪਿੜ ਵਿੱਚ ਆਉਣਗੇ। ਬਹੁ ਚਰਚਿਤ ਆਬਕਾਰੀ ਘੁਟਾਲੇ ਦੇ ਮਾਮਲੇ ਵਿੱਚ ਕਰੀਬ ਛੇ ਮਹੀਨੇ ਜੇਲ੍ਹ ਵਿੱਚ ਰਹਿਣ ਨਾਲ ਉਹਨਾਂ ਦੀ ਇਮਾਨਦਾਰੀ ਵਾਲੀ ਛਵ੍ਹੀ 'ਤੇ ਭਾਰੀ ਸੱਟ ਵੱਜੀ ਹੈ। ਹੁਣ ਲੋਕ ਉਸ ਨੂੰ ਇਮਾਨਦਾਰੀ ਦਾ ਸਾਰਟੀਫਿਕੇਟ ਦੇਣਗੇ ਜਾਂ ਨਹੀਂ, ਇਸ ਸਵਾਲ ਦਾ ਜਵਾਬ ਤਾਂ ਕੁਝ ਸਮੇਂ ਬਾਅਦ ਮਿਲੇਗਾ। ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੇਜਰੀਵਾਲ ਨੇ ਅਸਤੀਫ਼ਾ ਦੇ ਕੇ ਲੋਕਾਂ ਦੇ ਜਜ਼ਬਾਤ ਭੜਕਾ ਕੇ ਹਮਦਰਦੀ ਹਾਸਲ ਕਰਨ ਦੀ ਇੱਕ ਵੱਡੀ ਸਿਆਸੀ ਚਾਲ ਖੇਡੀ ਹੈ। ਉਹ ਸਿਆਸੀ ਚਾਲਾਂ ਖੇਡਣ ਵਿੱਚ ਕਾਫ਼ੀ ਮੁਹਾਰਤ ਰੱਖਦਾ ਹੈ ਤੇ ਕਈ ਵਾਰ ਸਫ਼ਲ ਵੀ ਹੋਇਆ ਹੈ।

ਆਮ ਆਦਮੀ ਪਾਰਟੀ ਸਾਲ 2011 ਵਿੱਚ ਉੱਘੇ ਸਮਾਜ ਸੇਵੀ ਅੰਨਾ ਹਜ਼ਾਰੇ ਵੱਲੋਂ ਚਲਾਏ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਵਿੱਚੋਂ ਹੀ ਨਿਕਲੀ ਸੀ। ਉਸ ਤੋਂ ਪਹਿਲਾਂ ਭਾਜਪਾ, ਕਾਂਗਰਸ ਸਮੇਤ ਖੇਤਰੀ ਪਾਰਟੀਆਂ ਦੇ ਸਿਆਸੀ ਨੇਤਾਵਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਦੇ ਰਹੇ ਸਨ। ਦੇਸ਼ ਦੇ ਲੋਕ ਅੱਕੇ ਹੋਏ ਸਨ ਅਤੇ ਇਮਾਨਦਾਰ ਆਗੂਆਂ ਦੀ ਭਾਲ ਵਿੱਚ ਸਨ। ਇਸ ਅੰਦੋਲਨ ਦੇ ਉਭਾਰ ਦਾ ਲਾਹਾ ਲੈਂਦਿਆਂ ਕੁਝ ਉੱਚਕੋਟੀ ਦੇ ਇਮਾਨਦਾਰ ਵਿਅਕਤੀਆਂ, ਜਿਹਨਾਂ ਵਿੱਚ ਅਰਵਿੰਦ ਕੇਜਰੀਵਾਲ ਵੀ ਸ਼ਾਮਲ ਸੀ, ਨੇ 2012 ਵਿੱਚ ਨਵੀਂ ਆਮ ਆਦਮੀ ਪਾਰਟੀ ਹੋਂਦ ਵਿੱਚ ਲਿਆਂਦੀ। ਲੋਕ ਅਜਿਹਾ ਤੀਜਾ ਬਦਲ ਚਾਹੁੰਦੇ ਸਨ, ਉਹਨਾਂ ਡਟ ਕੇ ਸਾਥ ਦਿੱਤਾ। ਲੋਕਾਂ ਵੱਲੋਂ ਸਹਿਯੋਗ ਮਿਲਦਾ ਵੇਖ ਕੇ ਖ਼ੁਦ ਨੂੰ ਸ਼ਕਤੀਸ਼ਾਲੀ ਬਣਾਉਣ ਦੀ ਇੱਛਾ ਸਦਕਾ ਅਰਵਿੰਦ ਕੇਜਰੀਵਾਲ ਨੇ ਹੌਲੀ ਹੌਲੀ ਆਪਣੇ ਸਾਥੀਆਂ ਨੂੰ ਝਾੜਨਾ ਸ਼ੁਰੂ ਕਰ ਦਿੱਤਾ ਅਤੇ ਪਾਰਟੀ ਦੀ ਲਗਾਮ ਆਪਣੇ ਹੱਥ ਵਿੱਚ ਸੁਰੱਖਿਅਤ ਕਰ ਲਈ। ਸਾਲ 2013 ਵਿੱਚ ਪਹਿਲੀ ਵਾਰ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਲੜ ਕੇ ਕਾਂਗਰਸ ਦੀ ਆਗੂ ਸ੍ਰੀਮਤੀ ਸ਼ੀਲਾ ਦੀਕਸ਼ਤ ਦੀ ਅਗਵਾਈ ਵਿੱਚ ਲੜੀਆਂ ਜਾ ਰਹੀਆਂ ਚੋਣਾਂ ਵਿੱਚ ਮੁਕਾਬਲਾ ਕਰਦਿਆਂ 28 ਸੀਟਾਂ 'ਤੇ ਜਿੱਤ ਹਾਸਲ ਕਰ ਲਈ ਅਤੇ ਅਰਵਿੰਦ ਕੇਜਰੀਵਾਲ ਦਿੱਲੀ ਦੇ ਮੁੱਖ ਮੰਤਰੀ ਬਣ ਗਏ। ਦੋ ਮਹੀਨੇ ਦੇ ਅੰਦਰ ਅੰਦਰ ਹੀ ਉਹਨਾਂ ਅਸਤੀਫਾ ਦੇ ਦਿੱਤਾ ਅਤੇ ਇਹ ਵਿਖਾਉਣ ਦਾ ਯਤਨ ਕੀਤਾ ਕਿ ਉਸ ਨੂੰ ਨਾ




ਆਮ ਆਦਮੀ ਪਾਰਟੀ ਦਾ ਗਰਾਫ਼ ਵੀ ਹੁਣ ਪਹਿਲਾਂ ਨਾਲੋਂ ਕਾਫ਼ੀ ਹੇਠਾਂ ਆ ਗਿਆ ਹੈ ਅਤੇ ਸ੍ਰੀ ਅਰਵਿੰਦ ਕੇਜਰੀਵਾਲ ਦੇ ਅਕਸ ਨੂੰ ਵੀ ਕਾਫ਼ੀ ਢਾਹ ਲੱਗੀ ਹੈ। ਦੇਸ਼ ਦੇ ਹਾਲਾਤ ਵੀ ਕਾਫ਼ੀ ਬਦਲ ਗਏ ਹਨ, ਪਹਿਲਾਂ ਵਾਲੇ ਨਹੀਂ ਰਹੇ। ਆਮ ਆਦਮੀ ਪਾਰਟੀ ਦੇ ਆਗੂਆਂ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਸਦਕਾ ਹੁਣ ਆਮ ਲੋਕ ਇਹ ਸਮਝਣ ਲੱਗ ਪਏ ਹਨ ਕਿ ਇਹ ਪਾਰਟੀ ਵੀ ਕਾਂਗਰਸ ਜਾਂ ਭਾਜਪਾ ਦੇ ਰਸਤੇ 'ਤੇ ਹੀ ਚੱਲ ਪਈ ਹੈ। ਲੋਕਾਂ ਦਾ ਵਿਸ਼ਵਾਸ ਟੁੱਟਿਆ ਹੈ। ਇਸ ਵਿਸ਼ਵਾਸ ਨੂੰ ਮੁੜ ਬਹਾਲ ਕਰਨ ਲਈ ਹੀ ਅਰਵਿੰਦ ਕੇਜਰੀਵਾਲ ਨੇ ਅਸਤੀਫ਼ਾ ਦੇ ਕੇ ਲੋਕਾਂ ਦੇ ਜਜ਼ਬਾਤ ਭੜਕਾ ਕੇ ਉਹਨਾਂ ਤੋਂ ਇਮਾਨਦਾਰੀ ਦਾ ਸਾਰਟੀਫਿਕੇਟ ਹਾਸਲ ਕਰਨ ਦਾ ਦਾਅ ਪੇਚ ਖੇਡਿਆ ਹੈ। ਪਰ ਕੀ ਸਿਆਸਤ, ਇਮਾਨਦਾਰੀ ਤੇ ਜਜ਼ਬਾਤਾਂ ਦਾ ਸੁਮੇਲ ਹੋ ਸਕੇਗਾ ? ਜੇ ਇਹ ਸੁਮੇਲ ਹੋ ਜਾਂਦਾ ਹੈ ਤਾਂ ਉਸਦਾ ਰੰਗ ਕਿਹੋ ਜਿਹਾ ਉੱਘੜੇਗਾ ? ਅਜਿਹੇ ਸਵਾਲ ਅੱਜ ਹਰ ਚੇਤੰਨ ਵਿਅਕਤੀ ਦੇ ਮਨ ਵਿੱਚ ਘੁੰਮ ਰਹੇ ਹਨ।

ਕੁਰਸੀ ਦੀ ਭੁੱਖ ਹੈ ਅਤੇ ਨਾ ਹੀ ਪੈਸੇ ਦੀ। ਉਹਨਾਂ ਦਾ ਮੁੱਖ ਨਿਸ਼ਾਨਾ ਕੇਵਲ ਲੋਕ ਸੇਵਾ ਅਤੇ ਭ੍ਰਿਸ਼ਟਾਚਾਰ ਰਹਿਤ ਸਮਾਜ ਉਸਾਰਨਾ ਹੈ। ਦੇਸ਼ ਦੀ ਰਾਜਧਾਨੀ ਵਿੱਚ ਵਸਦੇ ਲੋਕਾਂ ਨੇ ਉਸ ਉੱਤੇ ਵਿਸ਼ਵਾਸ ਕਰਕੇ ਉਸਦਾ ਸਾਥ ਦਿੱਤਾ ਅਤੇ ਸਾਲ 2015 ਵਿੱਚ ਹੋਈਆਂ ਚੋਣਾਂ ਵਿੱਚ ਦਿੱਲੀ ਦੀਆਂ 70 ਵਿੱਚੋਂ 67 ਸੀਟਾਂ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਇਆ। ਇਸ ਤੋਂ ਬਾਅਦ 2020 ਵਿੱਚ ਹੋਈਆਂ ਚੋਣਾਂ ਵਿੱਚ ਵੀ 62 ਹਲਕਿਆਂ ਵਿੱਚ ਜਿਤਾ ਕੇ ਉਸ ਨੂੰ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਰਾਜਮਾਨ ਕੀਤਾ।

ਇਸ ਵੱਡੀ ਜਿੱਤ ਤੋਂ ਬਾਅਦ ਅਰਵਿੰਦਰ ਕੇਜਰੀਵਾਲ ਦੀ ਨਿਗਾਹ ਮੁੱਖ ਮੰਤਰੀ ਦੀ ਬਜਾਏ ਦੇਸ਼ ਦੇ ਪ੍ਰਧਾਨ ਮੰਤਰੀ ਦੀ ਕੁਰਸੀ ਹਾਸਲ ਵੱਲ ਹੋ ਗਈ। ਉਸਨੇ ਆਮ ਆਦਮੀ ਪਾਰਟੀ ਨੂੰ ਪੰਜਾਬ ਵਿੱਚ ਸਰਗਰਮ ਕਰਕੇ ਚੋਣਾਂ ਲੜਨ ਦਾ ਐਲਾਨ ਕੀਤਾ। ਪੰਜਾਬ ਦੀ ਹਾਲਤ ਵੀ ਦਿੱਲੀ ਵਰਗੀ ਸੀ। ਇੱਥੋਂ ਦੇ ਲੋਕ ਪਹਿਲੀਆਂ ਕਾਂਗਰਸ ਤੇ ਅਕਾਲੀ ਦਲ ਦੀਆਂ ਸਰਕਾਰਾਂ ਸਮੇਂ ਹੋਈਆਂ ਧੱਕੇਸ਼ਾਹੀਆਂ ਅਤੇ ਭ੍ਰਿਸ਼ਟਾਚਾਰ ਘੁਟਾਲਿਆਂ ਤੋਂ ਬਹੁਤ ਦੁਖੀ ਸਨ। ਉਹਨਾਂ ਨੂੰ ਇੱਕ ਤਰ੍ਹਾਂ ਤੀਜਾ ਬਦਲ ਦਿਖਾਈ ਦਿੱਤਾ। ਪੰਜਾਬ ਵਾਸੀਆਂ ਨੇ ਡਟ ਕੇ ਸਾਥ ਦਿੱਤਾ ਅਤੇ ਪੰਜਾਬ ਵਿੱਚ 90 ਸੀਟਾਂ ਜਿਤਾ ਕੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਦਿੱਤੀ ਤੇ ਸ੍ਰੀ ਭਗਵੰਤ ਮਾਨ ਮੁੱਖ ਮੰਤਰੀ ਬਣ ਗਏ।

ਕੇਜਰੀਵਾਲ ਨੇ ਇਸ ਤੋਂ ਬਾਅਦ ਗੋਆ ਅਤੇ ਗੁਜਰਾਤ ਵਿੱਚ ਹੋਈਆਂ ਚੋਣਾਂ ਵਿੱਚ ਹਿੱਸਾ ਲਿਆ ਅਤੇ ਉਹਨਾਂ ਆਪਣੀ ਪਾਰਟੀ ਨੂੰ ਨੈਸ਼ਨਲ ਪਾਰਟੀ ਦਾ ਰੁਤਬਾ ਹਾਸਲ ਕਰਵਾ ਲਿਆ। ਕਈ ਕਈ ਦਹਾਕੇ ਪੁਰਾਣੀਆਂ ਪਾਰਟੀਆਂ ਦੇ ਮੁਕਾਬਲੇ ਵਿੱਚ ਬਹੁਤ ਥੋੜ੍ਹੇ ਸਮੇਂ ਵਿੱਚ ਆਮ ਆਦਮੀ ਪਾਰਟੀ ਨੂੰ ਨੈਸ਼ਨਲ ਪਾਰਟੀ ਦਾ ਰੁਤਬਾ ਦਿਵਾਉਣਾ ਕੋਈ ਛੋਟਾ ਕੰਮ ਨਹੀਂ ਸੀ, ਇਹ ਇੱਕ ਵੱਡੀ ਪ੍ਰਾਪਤੀ ਸੀ।

ਸਿਆਣੇ ਕਹਿੰਦੇ ਹਨ ਕਿ ਇਨਸਾਨ ਨੂੰ ਤਾਕਤ ਅਤੇ ਸ਼ੋਹਰਤ ਮਿਲ ਤਾਂ ਜਾਂਦੀ ਹੈਪਰ ਉਸ ਨੂੰ ਸੰਭਾਲ ਕੇ ਰੱਖਣਾ ਮੁਸ਼ਕਿਲ ਹੁੰਦਾ ਹੈ। ਪਾਰਟੀ ਹੋਵੇ ਜਾਂ ਸਰਕਾਰ, ਸ਼ਕਤੀ ਮਿਲਣ ਉਪਰੰਤ ਉਸ ਵਿੱਚ ਆਗੂ ਲੋਕ ਮਨਮਾਨੀਆਂ ਕਰਨ ਲਗਦੇ ਹਨ ਅਤੇ ਮਾੜਾ ਰੁਝਾਨ ਪੈਦਾ ਹੋਣ ਲਗਦਾ ਹੈ। ਅਜਿਹਾ ਹੀ ਆਮ ਆਦਮੀ ਪਾਰਟੀ ਨਾਲ ਹੋਣਾ ਸ਼ੁਰੂ ਹੋ ਗਿਆ। ਦਿੱਲੀ ਵਿੱਚ ਆਬਕਾਰੀ ਘੁਟਾਲਾ ਸਾਹਮਣੇ ਆਇਆ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਦਿੱਗਜ਼ ਆਗੂ ਮਨੀਸ਼ ਸਿਸੋਦੀਆਂ ਦੀ ਗ੍ਰਿਫਤਾਰੀ ਹੋ ਗਈ। ਪੜਤਾਲ ਸ਼ੁਰੂ ਹੋਈ ਤਾਂ ਘੁਟਾਲੇ ਨਾਲ ਮੁੱਖ ਮੰਤਰੀ ਤੇ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦਾ ਨਾਂ ਵੀ ਜੁੜ ਗਿਆ। ਜਿਹੜੀ ਪਾਰਟੀ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਵਿੱਚੋਂ ਹੀ ਹੋਂਦ ਵਿੱਚ ਆਈ ਸੀ, ਉਸ ਦੇ ਮੁਖੀ ਦਾ ਨਾਂ ਭ੍ਰਿਸ਼ਟਾਚਾਰ ਨਾਲ ਜੁੜਨਾ ਜਿੱਥੇ ਅਤੀ ਦੁਖਦਾਈ ਸੀ, ਉੱਥੇ ਲੋਕਾਂ ਨੂੰ ਹੈਰਾਨ ਕਰਨ ਵਾਲਾ ਵੀ ਸੀ। ਇਸ ਘੁਟਾਲੇ ਵਿੱਚ ਸ੍ਰੀ ਕੇਜਰੀਵਾਲ ਨੂੰ ਗ੍ਰਿਫਤਾਰ ਕਰਕੇ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ। ਉਹਨਾਂ ਕਈ ਵਾਰ ਜ਼ਮਾਨਤ ਲਈ ਅਰਜ਼ੀਆਂ ਦਿੱਤੀਆਂ ਤੇ ਜੇਲ੍ਹ ਤੋਂ ਬਾਹਰ ਆਉਣ ਦੇ ਹੋਰ ਯਤਨ ਕੀਤੇ ਪਰ ਸਫ਼ਲ ਨਾ ਹੋਏ। ਆਖ਼ਰ ਕਰੀਬ ਛੇ ਮਹੀਨੇ ਬਾਅਦ ਦੇਸ਼ ਦੀ ਸਰਵਉੱਚ ਅਦਾਲਤ ਨੇ ਉਹਨਾਂ ਨੂੰ ਸ਼ਰਤਾਂ ਦੇ ਆਧਾਰ 'ਤੇ ਜ਼ਮਾਨਤ ਦਿੱਤੀ। ਸ਼ਰਤਾਂ ਸਨ ਕਿ ਉਹ ਸਕੱਤਰੇਤ ਵਿਚਲੇ ਦਫਤਰ ਨਹੀਂ ਜਾਣਗੇ, ਕੈਬਨਿਟ ਦੀ ਮੀਟਿੰਗ ਨਹੀਂ ਬੁਲਾ ਸਕਣਗੇ, ਕਿਸੇ ਫਾਈਲ 'ਤੇ ਦਸ਼ਖਤ ਨਹੀਂ ਕਰਨਗੇ ਆਦਿ।

ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਜੇਲ੍ਹ ਜਾਣ ਵਾਲੇ ਇਹ ਕੋਈ ਪਹਿਲੇ ਮੁੱਖ ਮੰਤਰੀ ਨਹੀਂ ਸਨ। ਇਸ ਤੋਂ ਪਹਿਲਾਂ ਵੀ ਹੇਮੰਤ ਸੋਰੇਨ, ਮਧੂ ਕੌੜਾ, ਸਿੱਬੂ ਸੋਰੇਨ, ਜੈ ਲਲਿਤਾ ਵੀ ਮੁੱਖ ਮੰਤਰੀ ਹੁੰਦਿਆਂ ਵੱਖ ਵੱਖ ਦੋਸ਼ਾਂ ਹੇਠ ਜੇਲ੍ਹ ਵਿੱਚ ਗਏ, ਪਰ ਉਹ ਜੇਲ੍ਹ ਜਾਣ ਤੋਂ ਪਹਿਲਾਂ ਹੀ ਅਸਤੀਫ਼ਾ ਦੇ ਦਿੰਦੇ ਸਨ। ਸ੍ਰੀ ਕੇਜਰੀਵਾਲ ਨੇ ਛੇ ਮਹੀਨੇ ਜੇਲ੍ਹ ਵਿੱਚ ਬਿਤਾਏ ਪਰ ਅਹੁਦੇ ਤੋਂ ਅਸਤੀਫ਼ਾ ਨਹੀਂ ਸੀ ਦਿੱਤਾ। ਸ਼ਾਇਦ ਇਹ ਕਾਰਨ ਸੀ ਕਿ ਜੇਕਰ ਅਸਤੀਫ਼ਾ ਦੇ ਦਿੱਤਾ ਤਾਂ ਇਸ ਅਹੁਦੇ ਦੀ ਜ਼ਿੰਮੇਵਾਰੀ ਕਿਸੇ ਹੋਰ ਆਗੂ ਨੂੰ ਦੇਣੀ ਪਵੇਗੀ, ਇਹ ਨਾ ਹੋਵੇ ਕਿ ਉਹ ਪੱਕਾ ਹੀ ਸਥਾਪਤ ਹੋ ਜਾਵੇ। ਹੁਣ ਜ਼ਮਾਨਤ ਮਿਲੀ ਤਾਂ ਅਦਾਲਤ ਨੇ ਸ਼ਰਤਾਂ ਹੀ ਅਜਿਹੀਆਂ ਲਾ ਦਿੱਤੀਆਂ ਕਿ ਉਸਦਾ ਮੁੱਖ ਮੰਤਰੀ ਰਹਿਣਾ ਬੇਕਾਰ ਹੋ ਗਿਆ। ਜੇਕਰ ਉਹ ਕੈਬਨਿਟ ਦੀ ਮੀਟਿੰਗ ਨਹੀਂ ਬੁਲਾ ਸਕੇਗਾ, ਫਾਈਲ 'ਤੇ ਦਸ਼ਖਤ ਨਹੀਂ ਕਰ ਸਕੇਗਾ ਤੇ ਸਕੱਤਰੇਤ ਨਹੀਂ ਜਾ ਸਕੇਗਾ ਤਾਂ ਮੁੱਖ ਮੰਤਰੀ ਕਾਹਦਾ ਹੋਇਆ ? ਆਖ਼ਰ ਉਸ ਨੂੰ ਮਜਬੂਰੀ ਵੱਸ ਅਹੁਦੇ ਤੋਂ ਵੱਖ ਹੋਣਾ ਪਿਆ। ਅਜਿਹੇ ਮੌਕੇ ਫਿਰ ਉਸਨੇ ਪਾਰਟੀ ਦੇ ਕਈ ਸੀਨੀਅਰ ਅਤੇ ਤਜਰਬੇਕਾਰ ਆਗੂਆਂ ਨੂੰ ਅੱਖੋਂ ਪਰੋਖੇ ਕਰਦਿਆਂ ਬੀਬੀ ਆਤਿਸ਼ੀ ਨੂੰ ਮੁੱਖ ਮੰਤਰੀ ਘੋਸ਼ਿਤ ਕਰ ਦਿੱਤਾ। ਉਹ ਸ੍ਰੀ ਕੇਜਰੀਵਾਲ ਦੀ ਵਿਸਵਾਸ਼ਪਾਤਰ ਹੈ ਅਤੇ ਬਹੁਤੀ ਤਜਰਬੇਕਾਰ ਨਾ ਹੋਣ ਕਾਰਨ ਹਰ ਤਰ੍ਹਾਂ ਕੇਜਰੀਵਾਲ 'ਤੇ ਹੀ ਨਿਰਭਰ ਰਹੇਗੀ।

ਆਮ ਆਦਮੀ ਪਾਰਟੀ ਦਾ ਗਰਾਫ਼ ਵੀ ਹੁਣ ਪਹਿਲਾਂ ਨਾਲੋਂ ਕਾਫ਼ੀ ਹੇਠਾਂ ਆ ਗਿਆ ਹੈ ਅਤੇ ਸ੍ਰੀ ਅਰਵਿੰਦ ਕੇਜਰੀਵਾਲ ਦੇ ਅਕਸ ਨੂੰ ਵੀ ਕਾਫ਼ੀ ਢਾਹ ਲੱਗੀ ਹੈ। ਦੇਸ਼ ਦੇ ਹਾਲਾਤ ਵੀ ਕਾਫ਼ੀ ਬਦਲ ਗਏ ਹਨ, ਪਹਿਲਾਂ ਵਾਲੇ ਨਹੀਂ ਰਹੇ। ਆਮ ਆਦਮੀ ਪਾਰਟੀ ਦੇ ਆਗੂਆਂ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਸਦਕਾ ਹੁਣ ਆਮ ਲੋਕ ਇਹ ਸਮਝਣ ਲੱਗ ਪਏ ਹਨ ਕਿ ਇਹ ਪਾਰਟੀ ਵੀ ਕਾਂਗਰਸ ਜਾਂ ਭਾਜਪਾ ਦੇ ਰਸਤੇ 'ਤੇ ਹੀ ਚੱਲ ਪਈ ਹੈ। ਲੋਕਾਂ ਦਾ ਵਿਸ਼ਵਾਸ ਟੁੱਟਿਆ ਹੈ। ਇਸ ਵਿਸ਼ਵਾਸ ਨੂੰ ਮੁੜ ਬਹਾਲ ਕਰਨ ਲਈ ਹੀ ਅਰਵਿੰਦ ਕੇਜਰੀਵਾਲ ਨੇ ਅਸਤੀਫ਼ਾ ਦੇ ਕੇ ਲੋਕਾਂ ਦੇ ਜਜ਼ਬਾਤ ਭੜਕਾ ਕੇ ਉਹਨਾਂ ਤੋਂ ਇਮਾਨਦਾਰੀ ਦਾ ਸਾਰਟੀਫਿਕੇਟ ਹਾਸਲ ਕਰਨ ਦਾ ਦਾਅ ਪੇਚ ਖੇਡਿਆ ਹੈ। ਪਰ ਕੀ ਸਿਆਸਤ, ਇਮਾਨਦਾਰੀ ਤੇ ਜਜ਼ਬਾਤਾਂ ਦਾ ਸੁਮੇਲ ਹੋ ਸਕੇਗਾ ? ਜੇ ਇਹ ਸੁਮੇਲ ਹੋ ਜਾਂਦਾ ਹੈ ਤਾਂ ਉਸਦਾ ਰੰਗ ਕਿਹੋ ਜਿਹਾ ਉੱਘੜੇਗਾ ? ਅਜਿਹੇ ਸਵਾਲ ਅੱਜ ਹਰ ਚੇਤੰਨ ਵਿਅਕਤੀ ਦੇ ਮਨ ਵਿੱਚ ਘੁੰਮ ਰਹੇ ਹਨ। ਇਹ ਚਾਲ ਕਿੰਨੀ ਕੁ ਸਫ਼ਲ ਹੁੰਦੀ ਹੈ, ਇਸ ਸਵਾਲ ਦੇ ਜਵਾਬ ਦੀ ਬੇਸਬਰੀ ਨਾਲ ਉਡੀਕ ਹੈ।

# ਸਿੱਖ ਤਵਾਰੀਖ ਦੀ ਅਨੋਖੀ ਘਟਨਾ ਜਦੋਂ ਰੂੜੀਵਾਦ ਸੋਚ ਨੂੰ ਵੰਗਾਰਿਆ ਗਿਆ




**12 ਅਕਤੂਬਰ ਲਈ ਵਿਸ਼ੇਸ਼**



– ਲੇਖਕ –
**ਭਗਵਾਨ ਸਿੰਘ ਜੌਹਲ**

Email:bhagwansinghjohal@gmail.com


ਖ਼ਾਲਸਾ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ, ਨਿਰੋਲ, ਸ਼ੁੱਧ ਜਾਂ ਮਿਲਾਵਟ ਤੋਂ ਰਹਿਤ। ਫ਼ਾਰਸੀ ਭਾਸ਼ਾ ਵਿੱਚ ਉਸ ਇਲਾਕੇ ਜਾਂ ਜ਼ਮੀਨ ਜਾਂ ਇਲਾਕੇ ਨੂੰ ਵੀ ਖ਼ਾਲਸਾ ਕਿਹਾ ਜਾਂਦਾ ਹੈ, ਜੋ ਸਿੱਧੀ ਬਾਦਸ਼ਾਹ ਜਾਂ ਕਿਸੇ ਜਗੀਰਦਾਰ ਦੀ ਮਲਕੀਅਤ ਹੋਵੇ। ਪਾਵਨ ਗੁਰਬਾਣੀ ਵਿੱਚ ਉਨ੍ਹਾਂ ਗੁਰਸਿੱਖਾਂ ਜਾਂ ਗੁਰਮੁੱਖਾਂ ਲਈ ਵੀ ਖ਼ਾਲਸਾ ਸ਼ਬਦ ਦੀ ਵਰਤੋਂ ਹੋਈ ਹੈ, ਜੋ ਬਿਪਰਨ ਦੀਆਂ ਰੀਤਾਂ-ਰਿਵਾਜਾਂ ਜਾਂ ਕਰਮਕਾਂਡਾਂ ਤੋਂ ਉੱਪਰ ਉੱਠ ਕੇ ਅਕਾਲ ਪੁਰਖ ਵਾਹਿਗੁਰੂ ਦੀ ਭਗਤੀ ਕਰਦੇ ਹਨ। ਸ਼੍ਰੋਮਣੀ ਸੰਤ ਕਬੀਰ ਸਾਹਿਬ ਨੇ ਕਹੁ ਕਬੀਰ ਜਨ ਭਏ ਖ਼ਾਲਸੇ ਪ੍ਰੇਮ ਭਗਤ ਜਿਤ ਜਾਨੀ ਨਾਲ ਖ਼ਾਲਸਾ ਸ਼ਬਦ ਦੀ ਵਰਤੋਂ ਕੀਤੀ ਹੈ। ਛੇਵੇਂ ਤੇ ਨੌਵੇਂ ਪਾਤਸ਼ਾਹ ਨੇ ਹੁਕਮਨਾਮਿਆਂ ਵਿੱਚ ਗੁਰੂ ਕਾ ਖ਼ਾਲਸਾ ਸ਼ਬਦ ਵਰਤਿਆ ਹੈ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦੀ ਪਾਹੁਲ ਦੇ ਕੇ ਆਪਣੇ ਪ੍ਰਾਣਾਂ ਤੋਂ ਪਿਆਰੇ ਸਿੱਖਾਂ ਨੂੰ ਖ਼ਾਲਸਾ ਸ਼ਬਦ ਨਾਲ ਸੰਬੋਧਨ ਕੀਤਾ। ਸੋ ਖ਼ਾਲਸਾ ਭਾਈਚਾਰਾ ਆਪਣੀ ਸਥਾਪਨਾ ਤੋਂ ਪਿੱਛੋਂ ਮੌਤ ਦੇ ਭੈਅ ਤੋਂ ਹਮੇਸ਼ਾ ਲਈ ਮੁਕਤ ਹੋ ਗਿਆ।

ਸਮੇਂ ਦੇ ਬੀਤਣ ਨਾਲ ਬਿਪਰਨ ਕੀ ਰੀਤ ਦੀ ਸੋਚ ਰੱਖਣ ਵਾਲੇ ਉੱਚ ਜਾਤੀ ਦੇ ਲੋਕਾਂ ਨੇ ਪਛੜੀਆਂ ਸ਼੍ਰੇਣੀਆਂ ਨਾਲ ਵਿਤਕਰਾ ਹਮੇਸ਼ਾਂ ਦੀ ਤਰ੍ਹਾਂ ਕਾਇਮ ਰੱਖਿਆ। 20ਵੀਂ ਸਦੀ ਦੇ ਆਰੰਭ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਤੋਂ ਪਹਿਲਾਂ ਇਕ ਅਜਿਹੀ ਸੰਸਥਾ ਖ਼ਾਲਸਾ ਬਰਾਦਰੀ ਦੀ ਸਥਾਪਨਾ ਕੀਤੀ ਗਈ ਤਾਂ ਜੋ ਅਖੌਤੀ ਪੱਛੜੀਆਂ ਜਾਤੀਆਂ ਦੇ ਸਿੱਖਾਂ ਨਾਲ ਹੋ ਰਹੇ ਵਿਤਕਰੇ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾ ਸਕੇ। ਅਜਿਹੀ ਸੰਸਥਾ ਬਨਾਉਣ ਦਾ ਵਿਚਾਰ ਜਥੇਦਾਰ ਮਹਿਤਾਬ ਸਿੰਘ ਬੀਰ ਦੇ ਮਨ ਵਿੱਚ ਪੈਦਾ ਹੋਇਆ। ਕਿਉਂਕਿ ਸ. ਮਹਿਤਾਬ ਸਿੰਘ ਖੁਦ ਮੁਸਲਮਾਨ ਹੁੰਦੇ ਹੋਏ, ਸਿੱਖ ਧਰਮ ਦੀ ਸਰਬਸਾਂਝੀ ਵਾਲਤਾ ਦੇ ਮਾਨਵਤਾ-ਵਾਦੀ ਸੰਦੇਸ਼ ਤੋਂ ਪ੍ਰਭਾਵਿਤ ਹੋ ਕੇ ਸਿੰਘ ਸਜਿਆ ਸੀ। ਉਸ ਸਮੇਂ ਉੱਚ ਜੀਵਨ ਵਾਲੇ ਗੁਰਸਿੱਖਾਂ ਨੂੰ ਵੀ ਉੱਚ ਜਾਤੀਆਂ ਵੱਲੋਂ ਕਈ ਪ੍ਰਕਾਰ ਦੇ ਤੰਗ-ਨਜ਼ਰੀਏ ਦਾ ਸ਼ਿਕਾਰ ਹੋਣਾ ਪਿਆ। 1914 ਈ: ਵਿੱਚ ਧੰਨ ਗੁਰੂ ਰਾਮਦਾਸ ਜੀ ਦੇ ਸਰਬਸਾਂਝੇ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਭਾਈ ਦਸੌਂਧਾ ਸਿੰਘ ਦੀ ਧਰਮਸ਼ਾਲਾ ਵਿੱਚ ਪੱਛੜੀਆਂ ਜਾਤੀਆਂ ਦੇ ਸਿੱਖਾਂ ਦਾ ਇਕੱਠ ਸਭਾ ਦੇ ਰੂਪ ਵਿੱਚ ਬੁਲਾਇਆ ਗਿਆ। ਇਸੇ ਸਭਾ ਵਿੱਚ ਖ਼ਾਲਸਾ ਬਰਾਦਰੀ ਦੀ ਸਥਾਪਨਾ ਕੀਤੀ ਗਈ। ਸਰਹਾਲਾ ਕਾਜੀਆਂ ਦੇ ਸ. ਈਸ਼ਰ ਸਿੰਘ ਨੂੰ ਇਸ ਸੰਸਥਾ ਦਾ ਪ੍ਰਧਾਨ ਅਤੇ ਭਾਈ ਮਹਿਤਾਬ ਸਿੰਘ ਨੂੰ ਜਨਰਲ ਸਕੱਤਰ ਬਣਾਇਆ ਗਿਆ।

ਇਸ ਸੰਸਥਾ ਦਾ ਉਦੇਸ਼ ਪੱਛੜੀਆਂ ਸ਼੍ਰੇਣੀਆਂ ਦੇ ਸਿੱਖਾਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ ਸਿੰਘ ਸਜਾਉਣਾ ਅਤੇ ਸਮਾਜਿਕ ਤੌਰ 'ਤੇ ਜਾਗ੍ਰਿਤ ਕਰਨਾ ਸੀ। ਰੂੜੀਵਾਦੀ ਸੋਚ ਰੱਖਣ ਵਾਲੇ ਲੋਕਾਂ ਨੂੰ ਗੁਰੂ ਸਾਹਿਬ ਦੇ ਸਰਬਸਾਂਝੀ ਵਾਲਤਾ ਸੁਨੇਹੇ ਪ੍ਰਤੀ ਜਾਗਰੂਕ ਕਰਨਾ ਸੀ। ਇਸ ਸੰਸਥਾ ਦਾ ਕੇਂਦਰੀ ਦਫ਼ਤਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਥਾਪਿਤ ਕਰਕੇ ਜ਼ਿਲ੍ਹਾ ਯੂਨਿਟ ਚੜ੍ਹਦੇ ਤੇ ਲਹਿੰਦੇ ਪੰਜਾਬ (ਸਾਂਝੇ ਪੰਜਾਬ) ਵਿੱਚ ਬਣਾਏ ਗਏ। ਸੰਸਥਾ ਦੇ ਪ੍ਰਚਾਰ ਲਈ ਤੇ ਸਮਾਜ ਲਈ ਬੀਰ ਨਾਂਅ ਦਾ ਹਫ਼ਤਾਵਾਰੀ ਮੈਗਜ਼ੀਨ ਵੀ ਸ਼ੁਰੂ ਕੀਤਾ ਗਿਆ। ਹੁਣ ਇਸ ਸੰਸਥਾ ਵੱਲੋਂ 11 ਅਤੇ 12 ਅਕਤੂਬਰ, 1920 ਨੂੰ ਜਲ੍ਹਿਆਂਵਾਲੇ ਬਾਗ ਵਿੱਚ ਭਾਰੀ ਇਕੱਠ ਬੁਲਾ ਕੇ ਅਗਾਂਹਵਧੂ ਪੜ੍ਹੇ-ਲਿਖੇ ਵਿਦਵਾਨਾਂ ਨੇ ਸੰਸਥਾ ਨੂੰ ਸੰਬੋਧਨ ਕੀਤਾ। ਦੀਵਾਨ ਤੋਂ ਬਾਅਦ ਵੱਡੀ ਗਿਣਤੀ ਵਿੱਚ ਪਛੜੀਆਂ ਜਾਤੀਆਂ ਦੇ ਅਤੇ ਰਾਮਦਾਸੀਏ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਵੱਲੋਂ ਤਿਆਰ ਕੀਤੇ ਕੜਾਹ-ਪ੍ਰਸ਼ਾਦਿ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿੱਚ ਪ੍ਰਵਾਨ ਕਰਵਾਉਣ ਲਈ ਨਵੇਂ ਸਜੇ ਸਿੰਘਾਂ ਦਾ ਜਥਾ ਬੜੀ ਸ਼ਰਧਾ ਤੇ ਸਤਿਕਾਰ ਨਾਲ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਹਾਜ਼ਰ ਹੋਇਆ। ਪਰ ਅੰਗ੍ਰੇਜ਼ ਹਕੂਮਤ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਮੁਤਾਬਿਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੇਵਾਦਾਰ ਦੀ ਅੰਗ੍ਰੇਜ਼ ਪ੍ਰਸਤ ਹੋਣ ਕਰਕੇ ਕੜ੍ਹਾਹ ਪ੍ਰਸ਼ਾਦਿ ਪ੍ਰਵਾਨ ਕਰਨ ਅਤੇ ਅਰਦਾਸ ਕਰਨ ਤੋਂ ਇਨਕਾਰ ਕਰਕੇ ਬਾਹਰ ਭੱਜ ਗਏ। ਹੁਣ ਇਸ ਸੰਸਥਾ ਦੇ ਸਿੰਘਾਂ ਵੱਲੋਂ ਪ੍ਰਸ਼ਾਦਿ ਪ੍ਰਵਾਨ ਕਰਵਾਉਣ ਲਈ ਖੁਦ ਅਰਦਾਸ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁੱਖ ਵਾਕ ਲਿਆ ਗਿਆ। ਜਾਗਤ-ਜੋਤਿ ਸਤਿਗੁਰੂ ਦਾ ਪਾਵਨ ਹੁਕਮ ਅਜਿਹੀ ਉਦਾਰ ਭਾਵਨਾ ਵਾਲਾ ਸੀ, ਜਿਸ ਨੂੰ ਸਰਵਣ ਕਰਦਿਆਂ ਹੀ ਨਵੇਂ ਸਜੇ ਸਿੰਘਾਂ ਦੇ ਚਿਹਰਿਆਂ 'ਤੇ ਨੂਰ ਤੇ ਲਾਲੀ ਦੇ ਭਾਵ ਪ੍ਰਗਟ ਹੋ ਗਏ। ਜਦੋਂ ਹੁਣ ਇਹ ਸਾਰੇ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜੇ ਤਾਂ ਉਥੋਂ ਦੇ ਸੇਵਾਦਾਰ ਵੀ ਖਿਸਕ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਹਾਜ਼ਰ ਗੁਰਦੁਆਰਾ ਸੁਧਾਰ ਲਹਿਰ ਦੇ ਪ੍ਰਮੁੱਖ ਆਗੂ ਜਥੇਦਾਰ ਕਰਤਾਰ ਸਿੰਘ ਭੁੱਚਰ ਅਤੇ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਅਰਦਾਸ ਕੀਤੀ।

ਇਸ ਅਨੋਖੀ ਘਟਨਾ ਤੋਂ ਪਿੱਛੋਂ ਇਕ 25 ਮੈਂਬਰੀ ਕਮੇਟੀ ਬਣਾ ਕੇ ਜਿਸ ਵਿੱਚ ਅਖੌਤੀ ਪੱਛੜੀਆਂ ਸ਼੍ਰੇਣੀਆਂ ਦੇ ਸਿੰਘਾਂ ਨੂੰ ਵੀ ਸ਼ਾਮਿਲ ਕੀਤਾ ਗਿਆ। ਇਸ ਦਾ ਉਦੇਸ਼ ਗੁਰਧਾਮਾਂ ਨੂੰ ਪਰੰਪਰਾਵਾਂ ਦੀ ਤੇ ਕੱਟੜਵਾਦੀ ਪੁਜਾਰੀਆਂ ਤੋਂ ਆਜ਼ਾਦ ਕਰਵਾਉਣਾ ਅਤੇ ਪੱਛੜੀਆਂ ਜਾਤੀਆਂ ਦੇ ਸਿੱਖਾਂ ਵਿੱਚ ਬਰਾਬਰੀ ਦੀ ਭਾਵਨਾ ਦਾ ਵਿਕਾਸ ਕਰਨਾ ਸੀ। ਅਸਲ ਵਿੱਚ ਇਹ ਘਟਨਾ-ਕ੍ਰਮ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਥਾਪਨਾ ਤੋਂ ਬਾਅਦ 1939 ਅਤੇ 1941 ਤੱਕ ਇਸ ਸੰਸਥਾ ਨੇ ਧਰਮ-ਪ੍ਰਚਾਰ ਅਤੇ ਸਮਾਜ ਸੁਧਾਰ ਲਈ ਵੱਡੇ ਯਤਨ ਕੀਤੇ। ਜਿਸ ਨਾਲ ਸਿੱਖ ਧਰਮ ਵਿੱਚ ਅਕੀਦਾ ਤੇ ਵਿਸ਼ਵਾਸ ਰੱਖਣ ਵਾਲਿਆਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਇਆ।

ਨਵੀਂ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਪ੍ਰਤੀਨਿੱਧਤਾ ਦਿੱਤੀ ਗਈ ਅਤੇ ਫੌਜ ਵਿੱਚ ਭਰਤੀ ਕਰਨ ਦੀ ਮੰਗ ਵੀ ਸਵੀਕਾਰੀ ਗਈ। ਇਸ ਯਤਨ ਨਾਲ ਸਿੱਖਾਂ ਵਿੱਚ ਉਦਾਰ-ਚੇਤਨਾ ਦਾ ਪ੍ਰਸਾਰ ਹੋਇਆ, ਸਿੱਟੇ ਵਜੋਂ ਦੂਜੇ ਧਰਮਾਂ ਵਿੱਚ ਰਹਿਣ ਵਾਲੇ ਦਲਿਤ ਵੀ ਸਿੱਖ ਧਰਮ ਨੂੰ ਅਪਨਾਉਣ ਲੱਗੇ। ਇਸ ਘਟਨਾ ਦੇ ਸੂਤਰਧਾਰ ਜਥੇਦਾਰ ਮਹਿਤਾਬ ਸਿੰਘ 1960 ਈ: ਵਿੱਚ ਇਸ ਫਾਨੀ ਸੰਸਾਰ ਤੋਂ ਕੂਚ ਕਰ ਗਏ। ਅੱਜ ਸਾਨੂੰ ਫਿਰ ਸੁਚੇਤ ਹੋਣਾ ਪਵੇਗਾ, ਕਿਤੇ ਮੁੜ ਅਜਿਹੀਆਂ ਪਰੰਪਰਾਵਾਂ ਦੀ ਤੇ ਕੱਟੜਪੰਥੀ ਜਥੇਬੰਦੀਆਂ ਸਰਬ ਸਾਂਝੇ ਤੇ ਵਿਲੱਖਣ ਸੋਚ ਦੇ ਧਾਰਨੀ ਖ਼ਾਲਸਾ ਪੰਥ ਵਿੱਚ ਤ੍ਰੇੜਾਂ ਪਾ ਕੇ ਸਾਨੂੰ ਖੇਰੂੰ-ਖੇਰੂੰ ਕਰਨ ਦੇ ਮਨਸੂਬੇ ਤਾਂ ਨਹੀਂ ਬਣਾ ਰਹੀਆਂ।


## ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।**

**ਫ਼ੋਨ ਨੰਬਰ: 01332 372851**


# ਇਟਲੀ ਸਮੇਤ 5 ਦੇਸ਼ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਸਖਤ, ਇਸ ਸਾਲ 2 ਲੱਖ ਵਾਪਸ ਭੇਜਣ ਦੀ ਤਿਆਰੀ


ਯੂਰਪ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਫ਼ਰਸਤੁੱਤੇ ਇਟਲੀ ਸਮੇਤ ਜਰਮਨੀ, ਫਰਾਂਸ, ਹੰਗਰੀ ਅਤੇ ਨੀਦਰਲੈਂਡ ਨੇ ਸਖਤ ਕਾਰਵਾਈ ਕਰਨ ਦਾ ਫੈਸਲਾ ਕੀਤਾ ਹੈ। ਇਸ ਸਾਲ ਦੋ ਲੱਖ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੀਆਂ ਤਿਆਰੀਆਂ ਹਨ। ਇਨ੍ਹਾਂ ਪੰਜ ਦੇਸ਼ਾਂ ਨੇ ਸਾਂਝਾ ਪ੍ਰੋਗਰਾਮ ਤਿਆਰ ਕੀਤਾ ਹੈ। ਇਸ ਤਹਿਤ ਸੂਚਨਾਵਾਂ ਦਾ ਆਦਾਨ-ਪ੍ਰਦਾਨ ਕੀਤਾ ਜਾਵੇਗਾ। ਇਨ੍ਹਾਂ ਦੇਸ਼ਾਂ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਕਾਰਨ ਕਾਨੂੰਨ ਵਿਵਸਥਾ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਧਾਰਮਿਕ ਦੁਸ਼ਮਣੀ ਵੀ ਵਧ ਰਹੀ ਹੈ। ਗੈਰ-ਕਾਨੂੰਨੀ ਪ੍ਰਵਾਸੀ ਇੱਥੇ ਪਹੁੰਚਦੇ ਹਨ ਅਤੇ ਸ਼ਰਨਾਰਥੀ ਦਰਜੇ ਦਾ ਦਾਅਵਾ ਕਰਦੇ ਹਨ। ਜਦੋਂ ਤੱਕ ਉਹ ਸ਼ਰਨਾਰਥੀ ਦਾ ਦਰਜਾ ਪ੍ਰਾਪਤ ਨਹੀਂ ਕਰਦੇ, ਉਹ ਯੂਰਪੀਅਨ ਦੇਸ਼ਾਂ ਵਿੱਚ ਰਹਿੰਦੇ ਹਨ ਅਤੇ ਅਪਰਾਧ ਵਿੱਚ ਸ਼ਾਮਲ ਹੋ ਜਾਂਦੇ ਹਨ।

ਪੰਜ ਯੂਰਪੀ ਦੇਸ਼ ਸੀਰੀਆ, ਅਫਗਾਨਿਸਤਾਨ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਸਮੇਤ ਉੱਤਰੀ ਅਫਰੀਕੀ ਅਲਜੀਰੀਆ, ਮੋਰੋਕੋ ਅਤੇ ਮਿਸਰ ਤੋਂ ਆਉਣ ਵਾਲੇ ਮੁਸਲਿਮ ਗੈਰ-ਕਾਨੂੰਨੀ ਪ੍ਰਵਾਸੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਤਿਆਰੀ ਕਰ ਰਹੇ ਹਨ। ਯੂਰਪੀਅਨ ਯੂਨੀਅਨ (ਈਯੂ) ਦੇ 27 ਦੇਸ਼ਾਂ ਵਿੱਚੋਂ 15 ਦੇਸ਼ਾਂ ਨੇ ਸਰਹੱਦੀ ਨਿਯਮ ਲਾਗੂ ਕੀਤੇ ਹਨ। ਇਨ੍ਹਾਂ ਦੇਸ਼ਾਂ ਵਿਚਾਲੇ ਯਾਤਰਾ 'ਤੇ ਪਾਬੰਦੀ ਹੋਵੇਗੀ।

ਜਰਮਨੀ ਨੇ ਵੀ ਇਸ ਨੂੰ 16 ਸਤੰਬਰ ਤੋਂ ਲਾਗੂ ਕਰ ਦਿੱਤਾ ਹੈ। ਹੋਰ ਵੀ ਤਿਆਰੀ ਵਿਚ ਹਨ। ਇਸ ਨਾਲ ਯੂਰਪੀ ਸੰਘ ਦੀ ਹੋਂਦ 'ਤੇ ਸੰਕਟ ਪੈਦਾ ਹੋ ਗਿਆ ਹੈ। ਕਿਉਂਕਿ ਈਯੂ ਖੁਦ ਖੁੱਲ੍ਹੀਆਂ ਸਰਹੱਦਾਂ ਦੇ ਸਿਧਾਂਤ 'ਤੇ ਬਣਾਈ ਗਈ ਸੀ।

# ਛਾਂਗੀਆਂ ਦਾੜ੍ਹੀਆਂ ਅਤੇ ਮੋਨੇ ਸਿਰਾਂ ਉਪਰ ਨੋਕਦਾਰ ਪੱਗਾਂ ਵਾਲੇ ਡਿਸਕੋ ਸਿੰਘ, ਸਿੱਖੀ ਲਈ ਘਾਤਕ ਪੰਜਾਬੀ ਫ਼ਿਲਮਾਂ ਅਤੇ ਟੀ ਵੀ ਰਾਹੀਂ ਸਿੱਖੀ ਸਰੂਪ ਨੂੰ ਮਲੀਆਮੇਟ ਕਰਨ ਦੀ ਸਾਜ਼ਿਸ਼

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਪਿਛੇ ਜਿਹੇ ਪੰਜਾਬੀ ਦੇ ਸਮਕਾਲੀ ਪੇਪਰਾਂ ਵਿੱਚ ਇਕ ਇਸ਼ਤਿਹਾਰ ਪੜ੍ਹਨ ਨੂੰ ਮਿਲਿ-ਆ ਕਿ ਪੀ.ਟੀ.ਸੀ. ਪੰਜਾਬੀ ਦੀ ਪੇਸ਼ਕਸ਼ ਪੰਜਾਬੀ ਫ਼ਿਲਮ ਡਿਸਕੋ ਸਿੰਘ। ਡਿਸਕੋ ਸਿੰਘ ਤੋਂ ਪਹਿਲਾਂ ਸਿੰਘ ਇਜ ਕਿੰਗ ਇਕ ਫ਼ਿਲਮ ਹਿੰਦੀ ਵਿੱਚ ਵੀ ਬਣ ਚੁੱਕੀ ਹੈ। ਦੋਹਾਂ ਹੀ ਫ਼ਿਲਮਾਂ ਵਿੱਚ ਰੋਮਾਂ ਦੀ ਬੇਅਦ-ਬੀ ਕਰਕੇ ਛਾਂਗੀਆਂ ਦਾੜ੍ਹੀਆਂ ਅਤੇ ਮੋਨੇ ਸਿਰਾਂ 'ਤੇ ਨੋਕਦਾਰ ਬੱਧੀਆਂ ਠੋਕਵੀਆਂ ਪੱਗਾਂ ਵਾਲੇ ਮੁੱਖ ਪਾਤਰਾਂ ਨੂੰ ਸਿੱਖ ਰੋਲ ਮਾਡਲ ਵਜੋਂ ਵਿਖਾਇਆ ਗਿਆ ਹੈ। ਜੋ ਕਿ ਸਿੱਖ ਧਰਮ ਅਤੇ ਸਾਬਤ ਸੂਰਤਿ ਦਸਤਾਰ ਸਿਰਾ, ਸਿੱਖੀ ਦੇ ਸਰੂਪ ਨੂੰ ਵਿਗਾੜ ਕੇ ਪੇਸ਼ ਕੀਤਾ ਗਿਆ ਹੈ। ਇਸ ਤੋਂ ਵੀ ਅੱਗੇ ਵੇਖੀਏ ਤਾਂ ਪੰਜਾਬ ਪੁਲਸ ਦੇ ਬਹੁਗਿਣਤੀ ਦੇ ਪੁਲਸ ਮੁਲਾਜ਼ਮਾਂ ਤੋਂ ਇਲਾਵਾ ਪੀ.ਟੀ.ਸੀ. ਪੰਜਾਬੀ 'ਤੇ ਪ੍ਰੋਗਰਾਮ ਕਰਨ ਵਾਲੇ ਗੀਤਕਾਰ, ਗਾਇਕ ਅਤੇ ਪ੍ਰੀਜ਼ੈਂਟਰਾਂ ਨੇ ਵੀ ਰੋਮਾਂ ਦੀ ਨਿਸ਼ਾਨੀ ਰੱਖਣ ਤੱਕ ਛਾਂਗੀਆਂ ਦਾੜ੍ਹੀਆਂ ਅਤੇ ਮੁੰਨੇ ਹੋਏ ਸਿਰਾਂ 'ਤੇ ਨੋਕਦਾਰ ਪੱਗਾਂ ਬੱਧੀਆਂ ਹੋਈਆਂ ਵੇਖਣ ਨੂੰ ਮਿਲਦੀਆਂ ਹਨ। ਸਿੱਖਾਂ ਦੇ ਇਸ ਵਿਗੜੇ ਹੋਏ ਸਿੱਖੀ ਸਰੂਪ 'ਤੇ ਮੋਹਰ ਲਾਉਣ ਲਈ ਪੀ.ਟੀ.ਸੀ. ਪੰਜਾਬੀ ਮੋਹਰੀ ਰੋਲ ਅਦਾ ਕਰ ਰਿਹਾ ਹੈ। ਪੀ.ਟੀ.ਸੀ. ਪੰਜਾਬੀ 'ਤੇ ਨਾਨ-ਸਟਾਪ ਪ੍ਰੋਗਰਾਮ ਵੇਖਣ ਵਾਲਿਆਂ ਨੂੰ ਕਿਸੇ ਸਬੂਤ ਦੀ ਵੀ ਲੋੜ ਨਹੀਂ ਹੈ ਕਿਉਂਕਿ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਦਾਹੜੀ ਛਾਂਗ ਕੇ ਰੋਮਾਂ ਦੀ ਬੇਅਦਬੀ ਕਰਨ ਦਾ ਅਰਥ ਹੈ ਸਿੱਖੀ ਦਾ ਬੰਦ-ਬੰਦ ਕੱਟ ਦੇਣਾ।

ਵੀਹਵੀਂ ਸਦੀ ਦੇ ਮਹਾਨ ਸਿੱਖ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਕਿਹਾ ਕਰਦੇ ਸਨ ਕਿ ਮੈਂ ਹਿੰਦੂਆਂ ਅਤੇ ਸਿੱਖਾਂ ਵਿੱਚਕਾਰ ਨਫ਼ਰਤ ਫੈਲਾਉਂਦਾ ਹਾਂ, ਇਹ ਗਲਤ ਹੈ। ਮੈਂ ਤਾਂ ਬੱਸ ਗੁਰੂਆਂ ਦੀ ਸਿੱਖਿਆ ਹੀ ਪ੍ਰਚਾਰਦਾ ਹਾਂ, ਮੈਂ ਅੰਮ੍ਰਿਤ ਪ੍ਰਚਾਰ ਹੀ ਕਰਦਾ ਹਾਂ ਅਤੇ ਸਿੱਖ ਨੌਜਵਾਨਾਂ ਨੂੰ ਦਾੜ੍ਹੀਆਂ ਛਾਂਗਣਾਂ ਬੰਦ ਕਰਨ, ਸਿਗਰਟ ਅਤੇ ਸ਼ਰਾਬ ਪੀਣਾ ਛੱਡਣ ਲਈ ਪ੍ਰੇਰਦਾ ਹਾਂ। ਸਿੱਖ ਧਰਮ ਦੇ ਸ਼ਹੀਦ ਸਿੰਘ ਤਾਂ ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਲਈ ਚਰਖੜੀਆਂ 'ਤੇ ਚੜ੍ਹੇ ਅਤੇ ਬੰਦ-ਬੰਦ ਕਟਵਾ ਦਿੱਤੇ ਪਰ ਅੱਜ ਦੇ ਸਿੱਖ ਨੌਜਵਾਨ ਦਾੜ੍ਹੀਆਂ ਛਾਂਗ ਕੇ ਮੁੰਨ ਕੇ ਸਿੱਖੀ ਦਾ ਹੀ ਬੰਦ-ਬੰਦ ਕੱਟੀ ਜਾ ਰਹੇ ਹਨ। ਮੈਂ ਇਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣ ਅਤੇ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗ ਕੇ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਦਿੰਦਾ ਹਾਂ ਕਿਉਂਕਿ ਧਰਮ ਦਾ ਪ੍ਰਚਾਰ ਕਰਨਾ ਮੇਰਾ ਸੰਵਿਧਾਨਕ ਹੱਕ ਹੈ।




ਪੀ. ਟੀ. ਸੀ. ਪੰਜਾਬੀ ਵਾਲੇ ਸਿੱਖੀ ਅਤੇ ਸਿੱਖ ਦਾ ਬਾਹਰੀ ਸਰੂਪ ਵਿਗਾੜ ਕੇ ਪਤਿਤਪੁਣੇ ਨੂੰ ਉਤਸ਼ਾਹਿਤ ਤਾਂ ਕਰ ਹੀ ਰਹੇ ਹਨ ਅਤੇ ਨਾਲ ਹੀ ਪੰਜਾਬੀ ਵਿਰਸੇ ਦਾ ਅੰਗਰੇਜ਼ੀਕਰਨ ਵੀ ਕਰ ਰਹੇ ਹਨ। ਪੰਜਾਬੀ ਅਤੇ ਪੰਜਾਬੀਅਤ ਦੇ ਨਾਂ 'ਤੇ ਬਣਨ ਵਾਲੀਆਂ ਪੰਜਾਬੀ ਫ਼ਿਲਮਾਂ ਦਾ ਨਾਂ ਵੀ ਅੰਗ੍ਰੇਜ਼ੀ ਭਾਸ਼ਾ ਵਿੱਚ ਰੱਖਿਆ ਜਾਣ ਲੱਗਾ ਹੈ। ਆਉ ਹੁਣ ਇਨ੍ਹਾਂ ਪੰਜਾਬੀ ਫ਼ਿਲਮਾਂ ਦੇ ਕੁਝ ਅੰਗ੍ਰੇਜ਼ੀ ਨਾਵਾਂ ਦੇ ਨਮੂਨੇ ਵੇਖੀਏ ਜਿਵੇਂ ਕਿ ਜੱਟ ਐਂਡ ਜੂਲੀਅਟ-1, ਜੱਟ ਐਂਡ ਜੂਲੀਅਟ-2, ਕੈਰੀ ਆਨ ਜੱਟਾ, ਨੌਟੀ ਜੱਟ, ਡੈਡੀ ਕੂਲ ਮੁੰਡੇ ਫੂਲ, ਮਾਈ ਸੈਲਫ ਘੈਂਟ, ਜੱਟ ਜੇਮਸ ਬਾਂਡ ਅਤੇ ਡਿਸਕੋ ਸਿੰਘ। ਅਜਿਹੀਆਂ ਅੰਗ੍ਰੇਜ਼ੀ ਨਾਂ ਵਾਲੀਆਂ ਪੰਜਾਬੀ ਫ਼ਿਲਮਾਂ ਦੇ ਨਿਰਮਾਤਾ ਤੇ ਨਿਰਦੇਸ਼ਕ ਆਪਣੀ ਫ਼ਿਲਮ ਹਿੱਟ ਕਰਾਉਣ ਲਈ ਪੰਜਾਬੀ ਪਹਿਰਾਵੇ ਦੀ ਥਾਂ ਅੰਗ੍ਰੇਜ਼ੀ ਡਰੈਸਾਂ ਦੀ ਵਰਤੋਂ ਕਰ ਰਹੇ ਹਨ । ਇਨ੍ਹਾਂ ਫ਼ਿਲਮਾਂ ਵਿੱਚ ਕੰਮ ਕਰਨ ਵਾਲੀਆਂ ਪੰਜਾਬੀ ਕੁੜੀਆਂ ਕਮੀਜ਼ ਦੀ ਥਾਂ ਸਲੀਵਲੈੱਸ ਫਰਾਕ ਅਤੇ ਸਲਵਾਰ ਦੀ ਥਾਂ ਲੱਤਾਂ ਨੰਗੀਆਂ ਰੱਖਣ ਲਈ ਸਕਰਟ ਪਾਉਂਦੀਆਂ ਹਨ। ਕੁੜੀਆਂ ਨੂੰ ਪੈਂਟਾਂ ਏਨੀਆਂ ਘੁੱਟਵੀਆਂ ਪੁਆਈਆਂ ਜਾਂਦੀਆਂ ਹਨ ਕਿ ਸ਼ੱਕ ਹੋਣ ਲੱਗਦਾ ਹੈ ਲੱਤਾਂ ਨੇ ਪੈਂਟ ਪਾਈ ਹੋਈ ਹੈ ਜਾਂ ਪੈਂਟ ਨੇ ਲੱਤਾਂ ਦਾ ਰੂਪ ਧਾਰਿਆ ਹੋਇਆ ਹੈ।

ਪੰਜਾਬੀ ਗੀਤਾਂ ਦੀਆਂ ਵੀਡੀਓ ਫ਼ਿਲਮਾਂ ਵਿੱਚ ਵੀ ਅਕਸਰ ਉਕਤ ਵਰਤਾਰਾ ਹੀ ਵੇਖਣ ਨੂੰ ਮਿਲਦਾ ਹੈ। ਬਹੁਤ ਸਾਰੇ ਗੀਤਕਾਰ ਅਤੇ ਗਾਇਕ ਵੀਡੀਓ ਫ਼ਿਲਮ ਬਣਾਉਣ ਵੇਲੇ ਤਾਂ ਮੁੰਨੇ ਹੋਏ ਸਿਰ 'ਤੇ ਪੱਗ ਬੰਨ੍ਹ ਲੈਂਦੇ ਹਨ ਪਰ ਅੱਗੋਂ ਪਿੱਛੋਂ ਤਾਂ ਨੰਗੇ ਸਿਰ ਹੀ ਵਿਚਰਦੇ ਹਨ ਅਤੇ ਕਈ ਵਾਰੀ ਸਿੱਧੀਆਂ ਪੁੱਠੀਆਂ ਟੋਪੀਆਂ ਵੀ ਲੈ ਲੈਂਦੇ ਹਨ। ਇਨ੍ਹਾਂ ਬਹੁਰੂਪੀਏ ਕਲਾਕਾਰਾਂ ਵੱਲੋਂ ਸਿੱਖੀ ਸਰੂਪ ਨੂੰ ਸਿਰਫ਼ ਪੈਸੇ ਕਮਾਉਣ ਲਈ ਹੀ ਵਰਤਿਆ ਜਾ ਰਿਹਾ ਹੈ। ਅਜਿਹੀਆਂ ਵੀਡੀਓ ਫ਼ਿਲਮਾਂ ਵਿੱਚ ਕੰਮ ਕਰਨ ਵਾਲੇ ਮੁੰਡੇ ਕੁੜੀਆਂ ਨੇ ਪੈਸੇ ਕਮਾਉਣ ਅਤੇ ਚੰਦ ਦਿਨਾਂ ਦੀ ਬੱਲੇ-ਬੱਲੇ ਲਈ ਸਿੱਖੀ ਸਰੂਪ ਅਤੇ ਪੰਜਾਬੀ ਪਹਿਰਾਵੇ ਨੂੰ ਤਿਆਗ ਦਿੱਤਾ ਹੈ ਅਤੇ ਆਪਣੇ ਆਪ ਨੂੰ ਮਾਡਰਨ ਤੇ ਅਪ-ਟੂ-ਡੇਟ ਦੱਸਦੇ ਹਨ ਅਤੇ ਸਿੱਖੀ ਸਰੂਪ ਅਤੇ ਪੰਜਾਬੀ ਪਹਿਰਾਵੇ ਵਾਲਿਆਂ ਨੂੰ ਬੈਕਵਰਡ ਸਮਝਦੇ ਹਨ, ਪਰ ਇਨ੍ਹਾਂ ਨੂੰ ਕੌਣ ਸਮਝਾਵੇ ਕਿ ਅਸਲੀ ਸੁੰਦਰਤਾ ਉਸ ਦੇ ਸਾਬਤ ਸੂਰਤ ਚਿਹਰੇ ਅਤੇ ਉਸ ਦੇ ਆਚਰਣ ਵਿੱਚ ਹੁੰਦੀ ਹੈ। ਸੀਲ, ਸੰਜਮ ਤੇ ਸਾਦਾ ਪਹਿਰਾਵਾ ਮਨੁੱਖੀ ਆਚਰਣ ਦੇ ਵਿਸ਼ੇਸ਼ ਅੰਗ ਹਨ। ਸੰਜਮ ਰਹਿਤ ਜੀਵਨ, ਅਸ਼ਲੀਲ ਮੰਨ ਸੁੰਦਰ ਤੇ ਦਿਲ ਨੂੰ ਮੋਹਣ ਵਾਲੇ ਪਹਿਰਾਵੇ ਹੇਠ ਉਵੇਂ ਹੈ ਜਿਵੇਂ ਕਿਸੇ ਹਲਕੀ ਧਾਤ ਨੂੰ ਮੁਲੰਮਾ ਕੀਤਾ ਹੋਵੇ।

ਦਾਸ ਨੇ ਸ. ਸ਼ੇਰ ਸਿੰਘ ਕੰਵਲ ਅਮਰੀ-ਕਾ ਵਾਲਿਆਂ ਦਾ ਇਕ ਲੇਖ ਪੜ੍ਹਿਆ, ਜਿਸ ਦਾ ਸਿਰਲੇਖ ਸੀ ਪ੍ਰਦੇਸੀ ਪਾਣੀਆਂ ਵਿੱਚ ਖੁਰ ਰਿਹਾ ਦੇਸੀ ਸੱਭਿਆਚਾਰ। ਪਰ ਜੇ ਕਿਤੇ ਕੰਵਲ ਸਾਹਬ ਪੀ.ਟੀ.ਸੀ. ਪੰਜਾਬੀ ਦੇ ਨੌਨ ਸਟਾਪ ਪ੍ਰੋਗਰਾਮ ਵੇਖ ਲੈਂਦੇ ਤਾਂ ਉਨ੍ਹਾਂ ਦੇ ਲੇਖ ਦਾ ਸਿਰਲੇਖ ਇਹ ਹੋਣਾ ਸੀ ਕਿ ਦੇਸੀ ਪਾਣੀਆਂ ਵਿੱਚ ਘੁਲ ਰਿਹਾ ਵਿਦੇਸ਼ੀ ਸੱਭਿਆਚਾਰ। ਕੰਵਲ ਸਾਹਬ ਨੇ ਆਪਣੇ ਉਸ ਲੇਖ ਵਿੱਚ ਇਕ ਹੋਰ ਵਰਣਨਯੋਗ ਗੱਲ ਲਿਖੀ ਹੈ ਕਿ ਪੰਜਾਬੀ ਸੁਭਾਅ ਐਸਾ ਹੈ ਕਿ ਇਹ ਕਿਸੇ ਚੀਜ਼ ਨੂੰ ਗ੍ਰਹਿਣ ਵੀ ਬੜੀ ਤੇਜ਼ੀ ਨਾਲ ਕਰਦਾ ਹੈ ਤੇ ਤਿਲਾਂਜਲੀ ਦਿੰਦਿਆਂ ਜਾਂ ਤੱਜਦਿਆਂ ਵੀ ਡੱਡਾ ਨਹੀਂ ਠੰਗਣ ਦਿੰਦਾ।

ਪੀ. ਟੀ. ਸੀ. ਪੰਜਾਬੀ ਵੱਲੋਂ ਅੰਗ੍ਰੇਜ਼ੀ ਨਾਂ ਵਾਲੀਆਂ ਪੰਜਾਬੀ ਫ਼ਿਲਮਾਂ ਨਾਲ ਜੱਟ ਸ਼ਬਦ ਜੋੜਨਾ ਅਤੇ ਇਕ ਕੁਰਹਿਤੀਏ ਸਿੱਖ ਨੂੰ ਸਿੰਘ ਬਣਾ ਕੇ ਡਿਸਕੋ ਡਾਂਸ ਕਰਦੇ ਵਿਖਾਉਣਾ ਕੋਈ ਸੁਭਾਵਿਕ ਜਾਂ ਸਾਧਾਰਨ ਵਰਤਾਰਾ ਨਹੀਂ ਹੈ, ਸਗੋਂ ਇਹ ਸਭ ਕੁਝ ਇਕ ਸੋਚੀ ਸਮਝੀ ਸਾਜ਼ਿਸ਼ ਤਹਿਤ ਕੀਤਾ ਜਾ ਰਿਹਾ ਹੈ ਕਿਉਂਕਿ ਜੇ ਇਕੱਲੇ ਜੱਟ ਸ਼ਬਦ ਦੀ ਗੱਲ ਕਰੀਏ ਤਾਂ ਭਾਰਤ ਦੇ ਬਾਕੀ ਸੂਬਿਆਂ ਦੇ ਹਿੰਦੂ ਜਾਟ ਵੀ ਜੱਟਾਂ ਦੀ ਸ਼੍ਰੇਣੀ ਵਿੱਚ ਹੀ ਗਿਣੇ ਜਾਂਦੇ ਹਨ ਪਰ ਪੰਜਾਬ ਦੇ ਜੱਟ ਨੂੰ ਸਿੱਖ ਜੱਟ ਲਿਖਿਆ ਜਾਂਦਾ ਰਿਹਾ ਹੈ। ਜੱਟ ਸਿੱਖ ਦਾ ਸਰੂਪ ਹੀ ਉਸ ਦੇ ਗੁਣਾਂ ਦੀ ਨਿਸ਼ਾਨੀ ਹੈ।

10 August, 1975 ਦੇ ILLUSTRATED WEEKLY ਭਾਰਤੀ ਪੰਜਾਬ ਦੇ ਮੁਕਾਬਲੇ 'ਤੇ 25 ਸਾਲਾਂ ਅੰਦਰ ਹੋਈ ਹੈਰਾਨ ਕਰਨ ਵਾਲੀ ਉਨਤੀ ਦਾ ਵਿਸਥਾਰ ਦਿੰਦਾ ਹੋਇਆ, ਅਖੀਰ ਸ੍ਰੀ ਧਰਸ਼ੀਲ ਦੀ ਜ਼ੁਬਾਨੀ ਕਹਿੰਦਾ ਹੈ ਕਿ THE SIKH JATTS IN THE PUNJAB ARE PRO-VERBIALLY THE FINEST PEASANTRY IN INDIA ਅਰਥਾਤ ਇਹ ਮੰਨੀ ਗਈ ਗੱਲ ਹੈ ਕਿ ਭਾਰਤ ਅੰਦਰ ਪੰਜਾਬ ਦਾ ਸਿੱਖ ਜੱਟ ਸਭ ਤੋਂ ਵਧੀਆ ਕਾਸ਼ਤਕਾਰ ਹੈ। ਅੱਗੇ ਜਾ ਕੇ ਉਹ ਲਿਖਦਾ ਹੈ BUT MUCH IS ALSO DUE TO THE FREEDOM & BOUNDNESS THE SIKH HAS IN-HERITED FROM THE TRADITION OF THE KHALSA ਅਰਥਾਤ ਇਸ ਦਾ ਵੱਡਾ ਕਾਰਨ ਸਿੱਖ ਦੀ ਉਹ ਸੁਤੰਤਰਤਾ ਤੇ ਦਲੇਰੀ ਹੈ ਜੋ ਉਸ ਨੇ ਖ਼ਾਲਸੇ ਦੀ ਪਰੰਪਰਾ ਤੋਂ ਵਿਰਸੇ ਵਿੱਚ ਲਿਖੀ ਹੋਈ ਹੈ। ਭਾਰਤ ਸਰਕਾਰ ਦੀ ਟਰੈਕਟਰ ਸੰਸਥਾ (ਸੈਂਟਰਲ ਟਰੈਕਟਰ ਆਰਗੇਨਾਈਜ਼ੇਸ਼ਨ) ਨੇ ਇਕ ਵਾਰ ਨੋਟ ਪ੍ਰਕਾਸ਼ਿਤ ਕੀਤਾ ਸੀ ਕਿ ਸਾਨੂੰ ਇਹ ਵੀ ਮੰਨਣਾ ਪੈਂਦਾ ਹੈ ਕਿ ਪੰਜਾਬੀ ਅਤੇ ਖ਼ਾਸਕਰ ਪੰਜਾਬੀ ਸਿੱਖ ਸਰਦਾਰਾਂ ਨੇ ਆਪਣੀ ਨਿੱਜੀ ਹਿੰਮਤ ਤੇ ਮਿਹਨਤ ਨਾਲ ਸਾਡੇ ਨਾਲੋਂ ਕਈ ਗੁਣਾਂ ਵੱਧ ਜ਼ਮੀਨ ਨੂੰ ਜੰਗਲ ਤੋਂ ਬਾਗ਼-ਬਗ਼ੀਚਿਆਂ ਵਿੱਚ ਬਦਲ ਦਿੱਤਾ ਹੈ ਤੇ ਲੱਖਾਂ ਟਨ ਅਨਾਜ ਤੇ ਕਰੋੜਾਂ ਟਨ ਗੰਨਾ ਪੈਦਾ ਕਰ ਰਹੇ ਹਨ ਅਤੇ ਔਸਤਨ ਇਕ-ਇਕ ਸਿੱਖ ਸਰਦਾਰ ਦੱਸ-ਦੱਸ ਮਜ਼ਦੂਰਾਂ ਨੂੰ ਕੰਮ ਦੇ ਰਿਹਾ ਹੈ। ਪਰ ਨਰਿੰਦਰ ਮੋਦੀ ਅਜਿਹੇ ਸਿੱਖ ਸਰਦਾਰਾਂ ਨੂੰ ਉਜਾੜਨ 'ਤੇ ਤੁਲਿਆ ਹੋਇਆ ਹੈ ਅਤੇ ਪੀ.ਟੀ.ਸੀ. ਪੰਜਾਬੀ ਦੇ ਸਰਪ੍ਰਸਤਾਂ ਨੇ ਪੰਜਾਬ ਦੇ ਸਿੱਖ ਸਰਦਾਰਾਂ ਦੀ ਪੱਗ ਲਾਹ ਕੇ ਆਪ ਹੀ ਸਿੱਖੀ ਅਤੇ ਸਿੱਖਾਂ ਦੇ ਕੱਟੜ ਵਿਰੋਧੀ ਨਰਿੰਦਰ ਮੋਦੀ ਦੇ ਸਿਰ 'ਤੇ ਰੱਖ ਦਿੱਤੀ ਹੈ ਅਤੇ ਸਟੇਜਾਂ ਤੋਂ ਗੁਰ ਫ਼ਤਹਿ ਦੀ ਬਜਾਇ ਜੈ ਸ੍ਰੀ ਰਾਮ ਕਹਿਣਾ ਅਰੰਭ ਕਰ ਦਿੱਤਾ ਹੈ। ਖ਼ੈਰ, ਇਹ ਇਕ ਵੱਖਰਾ ਵਿਸ਼ਾ ਹੈ।

ਖ਼ਾਲਸੇ ਦੀ ਸਾਜਨਾ 1699 ਵਿੱਚ ਹੋਈ ਸੀ ਪਰ ਮੌਜੂਦਾ ਪੰਜਾਬ ਦੇ ਵਾਹੀਕਾਰਾਂ ਦੀ ਅਜ਼ਾਦ ਤੇ ਦਲੇਰਾਨਾ ਸਪਿਰਟ ਨੂੰ ਸਿੱਖ ਦੇ ਨਾਂਅ ਨਾਲ ਜੋੜਨ ਦਾ ਕਾਰਨ ਵੀ ਸਿੱਖ ਦਾ ਸਾਬਤ ਸੂਰਤ ਦਸਤਾਰ ਸਿਰਾ ਵਾਲਾ ਸਰੂਪ ਹੈ ਜੋ ਉਸ ਨੂੰ ਖ਼ਾਲਸਾ ਨਾਂ ਹੇਠ 1699 ਨੂੰ ਪ੍ਰਾਪਤ ਹੋਇਆ ਵਰਨਾ ਪੰਜਾਬ ਅਜਿਹੀ ਵਡਿਆਈ ਦਾ ਹੱਕਦਾਰ ਪੰਜਾਬੀ ਤਾਂ ਹੋ ਸਕਦਾ ਸੀ ਪਰ ਸਿੱਖ ਨਾ ਹੁੰਦਾ। ਸਿੱਖਾਂ ਦੀ ਇਹ ਵਡਿਆਈ ਅਜ਼ਾਦ ਹਸਤੀ ਅੱਥਰੀ ਰਹਿਣੀ ਤੇ ਸਰੂਪ ਸਿੱਖ ਵਿਰੋਧੀਆਂ ਨੂੰ ਨਹੀਂ ਭਾਉਂਦਾ।

ਬਾਕੀ ਹਿਸਾ ਸਫ਼ਾ 40 ਤੇ ਪੜ੍ਹੋ

### 39 ਸਫ਼ੇ ਦੀ ਬਾਕੀ

ਖ਼ਾਲਸਾ ਪੰਥ ਦੀ ਵਿਰੋਧਤਾ ਵੀ ਆਪਣੀ ਬੁੱਕਲ ਵਿੱਚੋਂ ਹੀ ਸ਼ੁਰੂ ਹੋ ਗਈ ਹੈ। ਪੰਜਾਬੀ ਲੋਕ ਹੀ, ਜਿਨ੍ਹਾਂ ਵਿੱਚੋਂ ਜਨਮ ਲੈ ਕੇ ਸਿੱਖਾਂ ਨੇ ਵਿਸ਼ ਧਰਮੀ ਹੋਣ ਦਾ ਨਮੂਨਾ ਪੇਸ਼ ਕੀਤਾ; ਇਸ ਦੀ ਵੱਧਦੀ ਪ੍ਰਤਿਭਾ ਨੂੰ ਸਹਾਰ ਨਹੀਂ ਸਕੇ ਅਤੇ ਇਕ ਟੋਲੇ ਨੇ ਸਮੁੱਚੇ ਤੌਰ 'ਤੇ ਸਿੱਖ ਜਜ਼ਬੇ ਨਾਲ ਖੇਡਣੋਂ ਵੀ ਗੁਰੇਜ਼ ਨਹੀਂ ਕੀਤਾ (ਜੂਨ 1984 ਦਾ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਦਾ ਹਮਲਾ ਅਤੇ ਨਵੰਬਰ 1984 ਨੂੰ ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿੱਚ ਸਿੱਖਾਂ ਦੀ ਹੋਈ ਨਸਲਕੁਸ਼ੀ ਇਸ ਦੀਆਂ ਪ੍ਰਤੱਖ ਉਦਾਹਰਣਾਂ ਹਨ)। ਜਦੋਂ ਮੌਕਾ ਬਣਿਆ ਇਨ੍ਹਾਂ ਨੇ ਸਿੱਖ ਇਤਿਹਾਸ ਨੂੰ ਕਾਲਾ ਕਰਨ, ਸਿੱਖੀ ਸਰੂਪ ਨੂੰ ਵਿਗਾੜਨ, ਸਿੱਖ ਧਰਮ ਦੀ ਅਪਣਾਈ ਪੰਜਾਬੀ ਬੋਲੀ ਤੇ ਲਿੱਪੀ ਦਾ ਕੱਟੜ ਵਿਰੋਧ ਅਤੇ ਸਿੱਖ ਰਸਮਾਂ ਅਤੇ ਸਿੱਖੀ ਸਰੂਪ 'ਤੇ ਚੋਟ ਕਰਨ ਤੋਂ ਢਿੱਲ ਨਹੀਂ ਕੀਤੀ (ਛਾਂਗੀਆਂ ਦਾੜ੍ਹੀਆਂ ਅਤੇ ਮੋਨੇ ਸਿਰਾਂ 'ਤੇ ਬੱਧੀਆਂ ਨੋਕਦਾਰ ਪੋਚਵੀਆਂ ਪੱਗਾਂ ਇਸ ਦਾ ਪ੍ਰਤੱਖ ਸਬੂਤ ਹਨ)। ਇਸ ਦਾ ਵਿਰੋਧ ਅਜ਼ਾਦ ਭਾਰਤ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਪਿੱਛੋਂ ਬਹੁਤ ਹਾਨੀਕਾਰਕ ਸਾਬਤ ਹੋਇਆ ਹੈ, ਕਿਉਂਕਿ ਕਹੀ ਜਾਂਦੀ ਭਾਰਤ ਦੀ ਸੈਕੂਲਰ ਸਰਕਾਰ ਦਾ ਬਹੁਤ ਵੱਡਾ ਹਿੱਸਾ ਉਕਤ ਸ਼੍ਰੇਣੀ ਦੇ ਫ਼ਿਰਕੂਪੁਣੇ ਤੋਂ ਪ੍ਰਭਾਵਿਤ ਹੈ। ਪਰ ਅਜਿਹੇ ਵਧੇਰੇ ਹਾਨੀਕਾਰਕ ਪ੍ਰਭਾਵ ਉਨ੍ਹਾਂ ਸੁਸਾਇਟੀਆਂ ਦਾ ਹੈ, ਜੋ ਸਿੱਖ ਹੋਂਦ ਨੂੰ ਅੰਦਰੋਂ ਅੰਦਰ ਇਹ ਸਿੱਧ ਕਰਨ ਵਿੱਚ ਲੱਗੀਆਂ ਹੋਈਆਂ ਹਨ ਕਿ ਸਿੱਖ ਹਿੰਦੂ ਸਮਾਜ ਦਾ ਹੀ ਅਗਾਂਹਵਧੂ ਕੇਸਾਧਾਰੀ ਫ਼ਿਰਕਾ ਹੈ ਭਾਵ ਸਿੱਖ ਵੀ ਕੇਸਾਧਾਰੀ ਹਿੰਦੂ ਹੀ ਹਨ।

ਇਸ ਸਮੇਂ ਸਿੱਖ ਕੌਮ ਨੂੰ ਦੁਵੱਲੀ ਟੱਕਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਹਿਲੀ ਟੱਕਰ ਅਨਮਤ ਵਾਲਿਆਂ ਦੀ ਉਸ ਵੱਡੀ ਗਿਣਤੀ ਨਾਲ ਹੈ ਜੋ ਸਿੱਖ ਦੀ ਸਰਬਸਾਂਝੀ ਵਿਚਾਰਧਾਰਾ ਅਤੇ ਸਿੱਖੀ ਸਰੂਪ ਨੂੰ ਓਪਰਾ ਜਾਣਦੀ ਹੈ ਅਤੇ ਇਕ ਮਜ਼੍ਹਬ, ਇਕ ਭਾਸ਼ਾ ਤੇ ਇਕ ਕੌਮੀਅਤ ਦਾ ਦੇਸ਼ ਬਣਾਉਣ ਦੀ ਇੱਛਾ ਹਰ ਦੂਜੇ ਅਨਸਰ ਨੂੰ ਕੁਚਲ ਦੇਣ ਦੀ ਚਾਹਵਾਨ ਹੈ।

ਪੀ.ਟੀ.ਸੀ. ਪੰਜਾਬੀ ਦੇ ਮਾਧਿਅਮ ਰਾਹੀਂ ਪੰਜਾਬੀ ਸੱਭਿਆਚਾਰ ਦੇ ਬੁਰਕੇ ਹੇਠ ਸਿੱਖ ਸੱਭਿਆਚਾਰ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਅਤੇ ਪੰਜਾਬੀ ਸੱਭਿਆਚਾਰ ਦਾ ਵੀ ਪੱਛਮੀਕਰਨ ਕਰ ਕੇ ਪੰਜਾਬ ਵਾਸੀਆਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਜੋ ਹਥਿਆਰ ਅੱਜ ਦਾ ਸਿੱਖ ਵਿਰੋਧੀ ਅਨਸਰ ਸਿੱਖਾਂ ਦੇ ਖਿਲਾਫ਼ ਵਰਤ ਰਿਹਾ ਹੈ, ਉਹ ਵਰਤਮਾਨ ਕਾਲ ਦੇ ਜੰਗੀ ਸਾਧਨਾਂ ਦਾ ਉਹ ਹਥਿਆਰ ਹੈ, ਜਿਸ ਤੋਂ ਸਿੱਖੀ ਨੂੰ ਬਚਾਉਣਾ ਕਿਸੇ ਵਿਸ਼ੇਸ਼ ਯਤਨਾਂ ਤੋਂ ਬਿਨਾਂ ਸੰਭਵ ਨਹੀਂ ਹੈ। ਇਹ ਹਥਿਆਰ ਟੀ.ਵੀ. ਚੈਨਲਾਂ ਅਤੇ ਸੋਸ਼ਲ ਮੀਡੀਏ ਰਾਹੀਂ ਸਿੱਖੀ ਦਾ ਸਰੂਪ ਵਿਗਾੜ ਕੇ, ਬੜੇ ਮਿੱਠੇ ਤੇ ਮਨਭਾਉਣੇ ਤਰੀਕੇ ਨਾਲ ਸਿੱਖੀ ਦੀ ਵਿਲੱਖਣਤਾ ਖ਼ਤਮ ਕਰ ਰਿਹਾ ਹੈ। ਅਸੀਂ ਸਿੱਖ ਨੌਜਵਾਨ ਮੁੰਡੇ ਕੁੜੀਆਂ ਨੂੰ ਬੇਨਤੀ ਕਰਾਂਗੇ ਕਿ ਗਲੈਮਰ ਦੀ ਦੁਨੀਆਂ ਵਿੱਚੋਂ ਨਿਕਲ ਕੇ ਸਿੱਖ ਸੱਭਿਆਚਾਰ ਅਪਣਾਉ ਅਤੇ ਸਾਦਾ ਤੇ ਸੁਖੀ ਜੀਵਨ ਜੀਊਣ ਲਈ ਆਪਣਾ ਮਾਣਮੱਤਾ ਸਿੱਖ ਇਤਿਹਾਸ ਪੜ੍ਹ ਕੇ ਗੁਰਮਤਿ ਦੇ ਧਾਰਨੀ ਹੋਵੋ। ਫ਼ੈਸ਼ਨ ਦੀ ਚਕਾਚੌਂਧ ਜ਼ਿਆਦਾ ਦੇਰ ਨਹੀਂ ਰਹਿੰਦੀ ਅਤੇ ਜੁਆਨੀ ਢਲਦਿਆਂ ਹੀ ਜ਼ਿੰਦਗੀ ਹਨੇਰਿਆਂ ਵਿੱਚ ਗੁਆਚ ਜਾਂਦੀ ਹੈ।

ਸਾਡਾ ਇਹ ਲੇਖ ਲਿਖਣ ਤੋਂ ਭਾਵ ਮਨੋਰੰਜਨ ਦਾ ਵਿਰੋਧ ਕਰਨਾ ਨਹੀਂ ਹੈ ਕਿਉਂਕਿ ਮਨੋਰੰਜਨ ਪੰਜਾਬੀ ਵਿਰਸੇ ਦੀ ਪਰੰਪਰਾ ਰਹੀ ਹੈ। ਅਸੀਂ ਪੰਜਾਬੀ ਸੱਭਿਆਚਾਰ ਦਾ ਪੱਛਮੀ ਕਰਨ ਦੇ ਵਿਰੋਧ ਵਿੱਚ ਹਾਂ। ਪੀ. ਟੀ. ਸੀ. ਪੰਜਾਬੀ ਨੇ ਇਸ ਹੱਦ ਤੱਕ ਵਪਾਰੀਕਰਨ ਕਰ ਦਿੱਤਾ ਹੈ ਕਿ ਪੰਜਾਬ ਦੇ ਬਹੁਗਿਣਤੀ ਨੌਜਵਾਨ ਮੁੰਡੇ ਕੁੜੀਆਂ ਨੇ ਨੱਚ ਗਾ ਕੇ ਪੈਸੇ ਕਮਾਉਣ ਦਾ ਕਿੱਤਾ ਅਪਣਾ ਲਿਆ ਹੈ ਅਤੇ ਪੈਸਾ ਕਮਾਉਣ ਦੀ ਦੌੜ ਵਿੱਚ ਅਜੋਕੀ ਨੌਜਵਾਨ ਪੀੜ੍ਹੀ ਨੇ ਪੰਜਾਬੀ ਵਿਰਸੇ ਦੀਆਂ ਕਦਰਾਂ ਕੀਮਤਾਂ ਦੀ ਮਿੱਟੀ ਪਲੀਤ ਕੀਤੀ ਹੋਈ ਹੈ। ਕਿਸੇ ਗੀਤਕਾਰ ਜਾਂ ਗਾਇਕ ਦਾ ਕੋਈ ਗੀਤ ਲੋਕਾਂ ਨੂੰ ਪਸੰਦ ਆ ਜਾਂਦਾ ਹੈ ਤਾਂ ਪੀ.ਟੀ.ਸੀ. ਪੰਜਾਬੀ ਵਾਲੇ ਉਸ ਨੂੰ ਇਸ ਢੰਗ ਨਾਲ ਪੇਸ਼ ਕਰਦੇ ਹਨ ਕਿ ਕਈ ਸਿੱਖ ਨੌਜਵਾਨ ਜ਼ਮੀਨਾਂ ਵੇਚ ਕੇ ਅਤੇ ਕਰਜ਼ਾ ਲੈ ਕੇ ਗੀਤ ਰਿਕਾਰਡ ਕਰਨ ਅਤੇ ਗੀਤ ਦੀ ਵੀਡੀਓ ਬਣਾਉਣ ਲਈ ਉਮੜ ਪੈਂਦੇ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਆਪਣੇ ਪੈਸੇ ਦਾ ਨੁਕਸਾਨ ਕਰਾ ਕੇ ਪੀ.ਟੀ.ਸੀ. ਪੰਜਾਬੀ ਵਾਲਿਆਂ ਦੀ ਜਾਨ ਨੂੰ ਰੋਂਦੇ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਨਿਰਾਸ਼ ਹੋ ਕੇ ਨੌਜਵਾਨ ਮੁੰਡੇ ਤਾਂ ਕਈ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ ਤੇ ਮੁਟਿਆਰਾਂ ਮਜਬੂਰੀ ਦੀ ਹਾਲਤ ਵਿੱਚ ਜਾਂ ਕਿਸੇ ਆਰਕੈਸਟਰਾ ਨਾਲ ਸਟੇਜਾਂ 'ਤੇ ਨੱਚ ਕੇ ਗੁਜ਼ਾਰਾ ਕਰਨ ਲੱਗ ਪਈਆਂ ਹਨ ਜਾਂ ਫਿਰ ਕੈਟਰਸ ਦੇ ਨਾਲ ਮਿਲ ਕੇ ਵਿਆਹਾਂ ਮੌਕੇ ਮੈਰਿਜ ਪੈਲਸਾਂ ਵਿੱਚ ਸ਼ਰਾਬ ਵਰਤਾਉਣ ਦਾ ਕੰਮ ਕਰਨ ਲੱਗ ਪਈਆਂ ਹਨ।

ਸਿੰਘ, ਸਿੱਖ ਕੌਮ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਸ਼ਿਆ ਹੋਇਆ ਨਾਂ ਹੈ ਅਤੇ ਡਿਸਕੋ ਅੰਗ੍ਰੇਜ਼ੀ ਨਾਚ ਦਾ ਨਾਂ ਹੈ। ਡਿਸਕੋ ਨਾਲ ਸਿੰਘ ਸ਼ਬਦ ਜੋੜਨਾ, ਸਿੱਖ ਕੌਮ ਨਾਲ ਕੀਤਾ ਗਿਆ ਬੇਹੂਦਾ ਮਜ਼ਾਕ ਹੈ ਅਤੇ ਸਿੱਖ ਵਿਰੋਧੀ ਨੀਤੀ ਦਾ ਸੂਚਕ ਹੈ। ਪੰਥ ਦਰਦੀਆਂ ਨੂੰ ਅਜਿਹੀਆਂ ਸਾਜ਼ਿਸ਼ਾਂ ਦਾ ਨੋਟਿਸ ਲੈਣਾ ਚਾਹੀਦਾ ਹੈ। ਜਾਣੇ ਅਣਜਾਣੇ ਵਿੱਚ ਕਿਸੇ ਦੀ ਸ਼ਾਨ ਦੇ ਖ਼ਿਲਾਫ਼ ਕੁਝ ਲਿਖਿਆ ਗਿਆ ਹੋਵੇ ਤਾਂ ਖ਼ਿਮਾਂ ਦਾ ਜਾਚਕ ਹਾਂ।

**–ਜਥੇਦਾਰ ਮਹਿੰਦਰ ਸਿੰਘ ਯੂ.ਕੇ.**

(**ਨੋਟ** – ਇਹ ਲੇਖ ਅਪ੍ਰੈਲ 2014 ਨੂੰ ਲਿਖਿਆ ਗਿਆ ਜੋ ਯੂ.ਕੇ. ਤੋਂ ਛੱਪਦੇ ਪੰਜਾਬ ਟਾਈਮਜ਼ ਅਤੇ ਦੇਸ ਪ੍ਰਦੇਸ ਵਿੱਚ ਮਈ 2014 ਵਿੱਚ ਛੱਪ ਚੁੱਕਾ ਹੈ)।

## ਸ਼ਰਾਬ ਨੂੰ ਪਰਮੋਟ ਕਰਨ ਵਾਲੇ ਗੀਤ ਸਿੱਖ ਨੌਜੁਵਾਨੀ ਨੂੰ ਕਿਸ ਪਾਸੇ ਲੈ ਕੇ ਜਾਣਗੇ

ਸਤਿਕਾਰ ਯੋਗ ਪੁਰੇਵਾਲ ਸਾਹਿਬ,

ਵਾਹਿਗੁਰੂ ਜੀ ਕਾ ਖ਼ਾਲਸਾ

ਵਾਹਿਗੁਰੂ ਜੀ ਕੀ ਫਤਹਿ

ਦਾਸ ਜਿਹੜਾ ਲੇਖ ਆਪ ਜੀ ਨੂੰ ਭੇਜ ਰਿਹਾ ਹੈ ਇਹ ਅਪ੍ਰੈਲ 2014 ਨੂੰ ਉਦੋਂ ਲਿਖਿਆ ਸੀ ਜਦੋਂ ਦਿਲਜੀਤ ਦੁਸਾਂਝ ਨੇ ਸਿੰਘ ਸ਼ਬਦ ਦਾ ਮਜ਼ਾਕ ਉਡਾਉਣ ਲਈ ਡਿਸਕੋ ਸਿੰਘ ਫ਼ਿਲਮ ਬਣਾਈ ਸੀ, ਪਿਛਲੇ ਸਾਲ ਇਹ ਦਸਤਾਰ ਤੋਂ ਬਿਨਾਂ ਨੰਗੇ ਸਿਰ ਚਮਕੀਲਾ ਫਿਲਮ ਵੀ ਬਣਾ ਚੁੱਕਾ ਹੈ, ਹੁਣ ਫਿਰ ਯੂ.ਟੀਊਬ 'ਤੇ ਇਸ ਦਾ ਇਕ ਗੀਤ ਸ਼ਰਾਬ ਨੂੰ ਪਰਮੋਟ ਕਰਨ ਲਈ ਬਹੁਤ ਹੀ ਨਿੰਦਣਯੋਗ ਸ਼ਬਦਾਵਲੀ ਵਿੱਚ ਗੀਤ ਵਾਇਰਲ ਹੋ ਰਿਹਾ ਹੈ, ਉਸ ਦੀ ਵੀਡੀਓ ਵੀ ਮੈਂ ਆਪ ਜੀ ਨੂੰ ਭੇਜ ਰਿਹਾ ਹਾਂ। ਗੀਤ ਦੇ ਬੋਲ ਹਨ:

ਵਾਲ ਖਿਲਾਰ ਕੇ ਆ ਜਾ ਨੀ,<br>
ਮੋਰਨੀਏ ਪੈਲਾਂ ਪਾ ਜਾ ਨੀ।<br>
ਖੋਲ ਲੈ ਅੜੀਏ ਵਾਲ ਨਹੀਂ ਤਾਂ ਮੈਂ ਖੋਲ ਦੂੰ।<br>
ਜੇ ਤੂੰ ਨੱਚੀ ਨਾ ਮੇਰੇ ਨਾਲ ਗੋਰੀਏ,<br>
ਲਹਿੰਗੇ 'ਤੇ ਸ਼ਰਾਬ ਡੋਲ ਦੂੰ।

ਪੁਰੇਵਾਲ ਸਾਹਿਬ ਆਪ ਸੂਝਵਾਨ ਹੋ ਅਜਿਹੇ ਗੀਤ ਸਿੱਖ ਨੌਜੁਆਨੀ ਨੂੰ ਕਿਸ ਪਾਸੇ ਲੈ ਕੇ ਜਾਣਗੇ। ਆਸ ਕਰਦਾਂ ਕਿ 2014 ਵਾਲਾ ਲੇਖ ਦੁਬਾਰਾ ਛਾਪ ਕੇ ਧੰਨਵਾਦੀ ਬਣਾਓਗੇ। ਜਾਪਦਾ ਹੈ ਕਿ ਇਹ ਗੀਤ ਫਿਲਮ ਜੱਟ ਜੂਲੀਅਟ-3 ਦਾ ਹੈ।


**ਗੁਰੂ ਪੰਥ ਦਾ ਦਾਸ**

**ਜਥੇਦਾਰ ਮਹਿੰਦਰ ਸਿੰਘ ਯੂ.ਕੇ.**

# ਸਿੱਖ ਕੌਮ ਲਈ ਬਹੁਤ ਘਾਤਕ ਹੈ ਅੰਤਰਜਾਤੀ ਵਿਆਹ

## ਪਾਠਕਾਂ ਦੇ ਪੱਤਰ

ਪਹਿਲਾਂ ਆਮ ਅਸੀਂ ਬੇਨਤੀਆਂ ਕਰਦੇ ਸੀ ਕਿ ਬਗੈਰ ਚੰਗੀ ਤਰ੍ਹਾਂ ਪਹਿਚਾਣ ਦੇ ਕੁੜੀਆਂ ਜਾਂ even ਮੁੰਡਿਆਂ ਦੇ ਵਿਆਹ ਵਿਦੇਸ਼ਾਂ ਵਿੱਚ ਨਾ ਕਰੋ, ਪਹਿਲਾਂ ਕਨੇਡਾ, ਅਮਰੀਕਾ ਵਿੱਚ ਸਿਰਫ਼ ਪਰਿਵਾਰ ਜਾਣ ਲਈ ਕੁੜੀ ਦਾ ਰਿਸ਼ਤਾ ਬਗੈਰ ਸੋਚੇ ਸਮਝੇ ਤੋਂ ਬਗੈਰ ਕਰ ਦਿੰਦੇ, even ਦੇਖਿਆ ਗਿਆ ਹੈ ਅੱਟਾ ਸੱਟਾ ਕਰ ਲੈਣਾ ਤੁਸੀਂ ਲੜਕੀ ਦਾ ਰਿਸ਼ਤਾ ਕਰੋ ਅਸੀਂ ਲੜਕੇ ਦਾ ਕਰ ਦਿੰਦੇ ਹਾਂ even ਭੈਣ ਭਰਾ ਨੇੜੇ ਦੇ ਰਿਸ਼ਤੇ ਵਿੱਚ ਰਿਸ਼ਤੇ ਹੋਏ, ਨਤੀਜਾ ਸਾਹਮਣੇ ਹੈ। ਕਈ ਕੁੜੀਆਂ ਨੇ ਵਿਦੇਸ਼ ਆ ਕੇ ਮੈਂ U.K. ਦੀ ਗੱਲ ਕਰਾਂਗਾ ਵਿਆਹ ਕਰਵਾ ਲਿਆ, ਬੱਸ ਦੋ ਸਾਲ ਇਕ ਬਹੁਤ ਹੀ ਚੰਗੀ ਲੜਕੀ ਬਣ ਕੇ ਦਿਨ ਕੱਟੇ, ਬੱਸ ਸਾਰੇ ਰਿਸ਼ਤੇਦਾਰਾਂ ਨਾਲ ਇਤਨਾ ਘੁੱਲ ਮਿਲ ਗਈ ਕਿ ਬੱਸ ਇਤਨੀ ਪਿਆਰੀ ਔਰਤ ਲੜਕੀ ਕਦੀ ਨਹੀਂ ਮਿਲ ਸਕਦੀ, Stamp ਪੱਕੀ ਲੱਗੀ ਨਹੀਂ ਬੱਸ ਫਿਰ ਸਹੀ ਬਣ ਕੇ ਦੱਸ ਦਿੱਤਾ ਮੈਂ ਵੱਡੀ ਦੁਖੀ ਹੋ ਕੇ ਦਿਨ ਕੱਟੇ, ਬੱਸ ਸਾਰੇ ਰਿਸ਼ਤੇ ਖ਼ਤਮ, ਝੱਟ ਡਾਇਵੋਰਸ ਲੈ ਲਿਆ। ਫਿਰ ਦੋ ਸਾਲ ਜਾਂ ਵੱਧ ਸਮਾਂ ਮੁਸਲਮਾਨ ਲੜਕੇ ਨਾਲ ਜਾਂ ਹੋਰ ਜਿਸ ਤਰ੍ਹਾਂ ਦਾ ਦਿਨ ਕੱਟਣ ਵਾਲਾ ਮਿਲਿਆ ਰਹਿ ਕੇ Boy friend ਵੱਡੀ ਨੌਕਰੀ ਵਾਲਾ ਲੱਭਾ ਜਾਂ ਅਮੀਰ ਫਿਰ ਚੰਗੀ Job ਲੈ ਕੇ ਮੈਨੇਜਰ ਬਣ ਕੇ India ਤੋਂ ਮੁੰਡਾ ਲੈ ਆਂਦਾ, ਬੱਸ ਬਾਕੀ ਰਿਸ਼ਤੇ ਖ਼ਤਮ ਆਪਣਾ ਨਵਾਂ ਜੀਵਨ ਸ਼ੁਰੂ ਕਰ ਲਿਆ। ਕਈਆਂ ਗੋਰੇ ਨਾਲ ਵਿਆਹ ਕਰਵਾਇਆ, ਸਿੱਖ ਦੀ ਧੀ ਜਾਂ ਮੁੰਡਾ ਅੰਤਰਜਾਤੀ ਵਿਆਹ ਘਾਤਕ ਬਣ ਗਿਆ, ਇਕ ਤਾਂ ਆਪਣੇ ਰਿਸ਼ਤੇ ਤੋਂ ਟੁੱਟ ਗਏ ਦੂਸਰਾ ਸਿੱਖੀ ਨੂੰ ਭੀ ਬਹੁਤ ਘਾਟਾ ਪਿਆ। ਸਿੱਖ ਕੌਮ ਨੂੰ ਇਤਨਾ ਘਾਟਾ ਪਿਆ ਕਿ ਅਸੀਂ ਅੱਗੇ ਨਾਲੋਂ ਭੀ ਸਿੱਖ ਘੱਟ ਗਏ, ਸਾਡੀ ਅਬਾਦੀ ਵੱਧਣੀ ਤਾਂ ਕੀ ਸੀ ਘੱਟਦੀ ਰਹੀ। ਇਕ ਤਾਂ ਹੁਣ ਆਮ ਪਰਿਵਾਰ ਇਕ-ਦੋ ਬੱਚੇ ਤੋਂ ਜ਼ਿਆਦਾ ਜੰਮ ਹੀ ਨਹੀਂ ਰਿਹਾ, ਦੂਸਰਾ ਸਿੱਖ ਕੌਮ ਤੋਂ ਬਾਹਰ ਵਿਆਹ ਹੋਣ ਕਾਰਨ ਸਿੱਖ ਕੌਮ ਦਿਨ-ਬ-ਦਿਨ ਘੱਟ ਰਹੀ ਹੈ। ਬਾਕੀ ਕੌਮਾਂ ਦੇਖੋ ਜਰਾ ਮੁਸਲਮਾਨ ਕੌਮ ਵੱਲ ਧਿਆਨ ਮਾਰੋ ਕਿਤਨੇ ਪ੍ਰਤੀਸ਼ਤ ਵੱਧ ਰਹੇ ਹਨ, ਅਸੀਂ ਉਥੇ ਦੀ ਉਥੇ ਹੀ, ਸਾਡੀ ਸਿੱਖ ਕੌਮ ਦੀ ਅਬਾਦੀ ਜਿਤਨੀ ਵੱਧਣੀ ਚਾਹੀਦੀ ਸੀ, ਉਤਨੀ ਨਹੀਂ ਵੱਧ ਰਹੀ, ਸੋ ਅੰਤਰਜਾਤੀ ਵਿਆਹਾਂ ਨੇ ਬਹੁਤ ਨੁਕਸਾਨ ਕੀਤਾ, ਇਕ ਤਾਂ ਅਬਾਦੀ ਘਟੀ ਦੂਸਰੀ ਸਾਡੀ ਮਾਂ ਬੋਲੀ ਨੂੰ ਬਹੁਤ ਨੁਕਸਾਨ ਹੋਇਆ। ਦੂਸਰੀ ਕੌਮ ਨੇ ਪੰਜਾਬੀ ਕੀ ਲਿਖਣੀ ਹੈ ਸਾਡੇ ਸਿੱਖ ਕੌਮ ਦੇ ਬੱਚੇ ਵਿਦੇਸ਼ਾਂ ਵਿੱਚ ਉਥੇ ਦੀ ਜਬਾਨ, ਪੰਜਾਬ ਵਿੱਚ ਭੀ ਅੰਗ੍ਰੇਜ਼ੀ ਹਿੰਦੀ ਜ਼ਿਆਦਾ ਪ੍ਰਸਿੱਧ ਹੈ, ਬਾਕੀ ਸੂਬਿਆਂ ਦੀ ਅਸੀਂ ਕੀ ਗੱਲ ਕਰੀਏ। ਹੁਣ ਦੇਖੋ ਪੰਜਾਬ ਖਾਲੀ ਹੋ ਰਿਹਾ। ਵਿਦੇਸ਼ਾਂ ਵਿੱਚ ਕਈ ਧੀਆਂ ਦੀ ਹਾਲਤ ਇਤਨੀ ਖਰਾਬ ਹੈ ਕਿ ਰੋਟੀ-ਰੋਜ਼ੀ ਲਈ ਗਲਤ ਪਾਸੇ ਚੱਲ ਰਹੀਆਂ ਹਨ। ਉਧਰ ਪੰਜਾਬ ਵਿੱਚ ਮਾਂ-ਪਿਉ ਜ਼ਮੀਨਾਂ ਜਾਂ ਹੋਰ ਜਾਇਦਾਦ ਵੇਚ ਕੇ ਬੱਚੇ ਬਾਹਰ ਭੇਜ ਰਹੇ ਹਨ ਕਿ ਅਸੀਂ ਭੀ ਵਿਦੇਸ਼ ਵਿੱਚ ਚਲੇ ਜਾਵਾਂਗੇ। ਜਿਹੜੇ ਕਾਮਯਾਬ ਹੋਏ ਹਨ Good luck ਪਰ ਅਗਰ ਚੱਕਰ ਪੁੱਠਾ ਚੱਲਦਾ ਹੈ ਰੋਟੀ ਤੋਂ ਪਰਿਵਾਰ ਭੀ ਮੁਥਾਜ ਹੋ ਜਾਂਦਾ ਹੈ।




**ਕੇ ਐਸ ਜੋਗੀ**

## ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ। ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ।**

**ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ**

# ਸਿਹਤ ਤੇ ਸੁੰਦਰਤਾ



## ਦਿਨ 'ਚ ਕਿੰਨੇ ਕੱਪ ਕੌਫੀ ਪੀਣਾ ਨੁਕਸਾਨਦੇਹ ?



ਲੋਕ ਆਪਣੇ ਆਪ ਨੂੰ ਤਾਜ਼ਾ ਰੱਖਣ ਤੇ ਨੀਂਦ ਤੋਂ ਬਚਣ ਲਈ ਕੌਫੀ ਪੀਂਦੇ ਹਨ। ਇਸ ਗੁਣ ਦੇ ਕਾਰਨ ਹੀ ਲੋਕ ਇਸ ਨੂੰ ਕਾਫੀ ਪਸੰਦ ਕਰਦੇ ਹਨ ਪਰ ਤੁਹਾਨੂੰ ਦੱਸ ਦੇਈਏ ਕਿ ਜੇ ਤੁਸੀਂ ਇਸ ਨੂੰ ਜ਼ਿਆਦਾ ਮਾਤਰਾ 'ਚ ਪੀਂਦੇ ਹੋ ਤਾਂ ਇਸ ਨਾਲ ਤੁਹਾਡੀ ਰਾਤ ਦੀ ਨੀਂਦ ਖਰਾਬ ਹੋ ਸਕਦੀ ਹੈ। ਕੈਫੀਨ ਦਾ ਪ੍ਰਭਾਵ ਸਰੀਰ ਵਿੱਚ 7-8 ਘੰਟੇ ਤੱਕ ਰਹਿੰਦਾ ਹੈ। ਇਸ ਲਈ, ਬਹੁਤ ਜ਼ਿਆਦਾ ਕੌਫੀ ਪੀਣ ਨਾਲ ਰਾਤ ਨੂੰ ਆਰਾਮਦਾਇਕ ਨੀਂਦ ਆਉਣਾ ਮੁਸ਼ਕਲ ਹੋ ਸਕਦਾ ਹੈ।

ਕੈਫੀਨ ਸਰੀਰ ਦੀ ਪੈਰਾਸਿਮਪੈਥੀਟਿਕ ਸਿਸਟਮ ਨੂੰ ਡਿਸਟਰਬ ਕਰਦੀ ਹੈ। ਯਾਨੀ ਸਰੀਰ 'ਚ ਕੈਫੀਨ ਦੀ ਜ਼ਿਆਦਾ ਮਾਤਰਾ ਹੋਣ ਕਾਰਨ ਸਰੀਰ ਆਰਾਮ ਨਹੀਂ ਕਰ ਪਾਉਂਦਾ ਅਤੇ ਐਡਰੇਨਾਲੀਨ ਦਾ ਪੱਧਰ ਵਧਣ ਲੱਗਦਾ ਹੈ। ਇਸ ਕਾਰਨ ਦਿਲ ਦੀ ਧੜਕਣ ਵਧ ਸਕਦੀ ਹੈ। ਇਸ ਨੂੰ ਐਟਰੀਅਲ ਫਾਈਬਰਿਲੇਸ਼ਨ ਕਿਹਾ ਜਾਂਦਾ ਹੈ। ਇਸ ਕਾਰਨ ਦਿਲ ਨਾਲ ਜੁੜੀਆਂ ਸਮੱਸਿਆਵਾਂ ਸ਼ੁਰੂ ਹੋ ਸਕਦੀਆਂ ਹਨ। ਇਸ ਲਈ ਧਿਆਨ ਰੱਖੋ ਕਿ ਤੁਸੀਂ ਕਿੰਨੀ ਕੌਫੀ ਪੀ ਰਹੇ ਹੋ। ਕੈਫੀਨ ਸਰੀਰ ਵਿੱਚ ਐਡਰੇਨਾਲੀਨ ਦੇ ਪੱਧਰ ਨੂੰ ਵਧਾਉਂਦੀ ਹੈ।

## ਰੋਜ਼ ਸਵੇਰੇ ਖਾਲੀ ਪੇਟ ਪੀਓ ਮੇਥੀ ਦਾ ਪਾਣੀ, ਭਾਰ ਘਟਾਓ

ਮੇਥੀ ਭਾਰਤੀ ਰਸੋਈ ਵਿੱਚ ਪਾਇਆ ਜਾਣ ਵਾਲਾ ਇੱਕ ਆਮ ਮਸਾਲਾ ਹੈ, ਜਿਸਦੀ ਵਰਤੋਂ ਭੋਜਨ ਦੇ ਸੁਆਦ ਅਤੇ ਖੁਸ਼ਬੂ ਨੂੰ ਵਧਾਉਣ ਲਈ ਕੀਤੀ ਜਾਂਦੀ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਛੋਟੀ ਮੇਥੀ ਦੇ ਬੀਜ ਕਿੰਨੇ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦੇ ਹਨ। ਇਸ ਲਈ ਮੇਥੀ ਖਾਣ ਨਾਲ ਕਈ ਸਿਹਤ ਲਾਭ ਵੀ ਹੁੰਦੇ ਹਨ। ਸਿਰਫ ਇਸ ਨੂੰ ਖਾਣਾ ਹੀ ਨਹੀਂ, ਸਗੋਂ ਮੇਥੀ ਦਾ ਪਾਣੀ ਸਿਹਤ ਲਈ ਵੀ ਬਹੁਤ ਫ਼ਾਇਦੇਮੰਦ ਹੈ। ਮੇਥੀ ਦਾ ਪਾਣੀ ਖਾਸ ਤੌਰ 'ਤੇ ਸਵੇਰੇ ਖਾਲੀ ਪੇਟ ਪੀਣ ਨਾਲ ਕਈ ਸਿਹਤ ਲਾਭ ਮਿਲ ਸਕਦੇ ਹਨ।

### ਕਿਵੇਂ ਬਣਾਇਆ ਜਾਵੇ ਮੇਥੀ ਦਾ ਪਾਣੀ ?

ਇੱਕ ਕੱਪ ਪਾਣੀ ਵਿੱਚ ਇੱਕ ਚੱਮਚ ਮੇਥੀ ਦਾਣਾ ਪਾਓ।

ਮੇਥੀ ਦੇ ਬੀਜਾਂ ਨੂੰ ਰਾਤ ਭਰ ਪਾਣੀ ਵਿੱਚ ਭਿਓ ਦਿਓ।

ਸਵੇਰੇ ਉੱਠਣ ਤੋਂ ਬਾਅਦ ਮੇਥੀ ਦੇ ਦਾਣਿਆਂ ਨੂੰ ਪਾਣੀ ਨਾਲ ਛਾਣ ਲਓ।

ਇਸ ਪਾਣੀ ਨੂੰ ਖਾਲੀ ਪੇਟ ਪੀਓ।

ਮੇਥੀ ਦਾ ਪਾਣੀ ਪੀਣ ਦੇ ਫ਼ਾਇਦੇ

ਪਾਚਨ ਕਿਰਿਆ ਨੂੰ ਸੁਧਾਰਦਾ ਹੈ- ਮੇਥੀ ਪਾਚਨ ਕਿਰਿਆ ਲਈ ਬਹੁਤ ਫ਼ਾਇਦੇਮੰਦ ਹੁੰਦੀ ਹੈ। ਇਸ ਦਾ ਪਾਣੀ ਪੀਣ ਨਾਲ ਕਬਜ਼ ਤੋਂ ਰਾਹਤ ਮਿਲਦੀ ਹੈ। ਇਹ ਪੇਟ ਦੀਆਂ ਸਮੱਸਿਆਵਾਂ ਜਿਵੇਂ ਗੈਸ, ਬਦਹਜ਼ਮੀ ਆਦਿ ਨੂੰ ਵੀ ਘੱਟ ਕਰਦਾ ਹੈ।



ਭਾਰ ਘਟਾਉਣ 'ਚ ਮਦਦਗਾਰ-ਮੇਥੀ ਦੇ ਪਾਣੀ ਵਿਚ ਐਂਟੀ-ਆਕਸੀਡੈਂਟ ਹੁੰਦੇ ਹਨ ਜੋ ਭਾਰ ਘਟਾਉਣ ਵਿਚ ਮਦਦ ਕਰਦੇ ਹਨ। ਇਹ ਸਰੀਰ ਵਿੱਚ ਮੈਟਾਬੋਲਿਜ਼ਮ ਨੂੰ ਵਧਾਉਣ ਵਿੱਚ ਵੀ ਮਦਦ ਕਰਦਾ ਹੈ।

ਬਲੱਡ ਸ਼ੂਗਰ ਕੰਟਰੋਲ-ਮੇਥੀ ਦੇ ਪਾਣੀ ਵਿੱਚ ਕ੍ਰੋਮੀਅਮ ਹੁੰਦਾ ਹੈ ਜੋ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਇਹ ਸ਼ੂਗਰ ਦੇ ਮਰੀਜ਼ਾਂ ਲਈ ਫ਼ਾਇਦੇਮੰਦ ਹੋ ਸਕਦਾ ਹੈ।

ਦਿਲ ਦੀ ਸਿਹਤ-ਮੇਥੀ ਦੇ ਪਾਣੀ ਵਿੱਚ ਫੋਲਿਕ ਐਸਿਡ ਹੁੰਦਾ ਹੈ ਜੋ ਦਿਲ ਦੀ ਸਿਹਤ ਨੂੰ ਵਧਾਉਂਦਾ ਹੈ। ਇਹ ਦਿਲ ਦੀਆਂ ਬਿਮਾਰੀਆਂ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

ਮੁਹਾਸੇ ਦੀ ਸਮੱਸਿਆ ਨੂੰ ਘੱਟ ਕਰਦੈ- ਮੇਥੀ ਦੇ ਪਾਣੀ 'ਚ ਐਂਟੀ-ਬੈਕਟੀਰੀਅਲ ਗੁਣ ਹੁੰਦੇ ਹਨ ਜੋ ਕਿ ਮੁਹਾਂਸਿਆਂ ਦੀ ਸਮੱਸਿਆ ਨੂੰ ਦੂਰ ਕਰਨ 'ਚ ਮਦਦ ਕਰਦੇ ਹਨ।

ਅੱਖਾਂ ਦੀ ਰੋਸ਼ਨੀ ਵਧਾਉਂਦੀ ਹੈ-ਮੇਥੀ ਦੇ ਪਾਣੀ 'ਚ ਵਿਟਾਮਿਨ ਏ ਹੁੰਦਾ ਹੈ ਜੋ ਅੱਖਾਂ ਦੀ ਰੋਸ਼ਨੀ ਵਧਾਉਣ 'ਚ ਮਦਦ ਕਰਦਾ ਹੈ।

ਦਿਮਾਗ ਦੀ ਸਿਹਤ ਨੂੰ ਵਧਾਉਂਦਾ ਹੈ- ਮੇਥੀ ਦੇ ਪਾਣੀ ਵਿਚ ਟ੍ਰਿਪਟੋਫੈਨ ਹੁੰਦਾ ਹੈ ਜੋ ਦਿਮਾਗ ਦੀ ਸਿਹਤ ਨੂੰ ਵਧਾਉਂਦਾ ਹੈ। ਇਹ ਤਣਾਅ ਅਤੇ ਚਿੰਤਾ ਨੂੰ ਘਟਾਉਣ ਵਿੱਚ ਵੀ ਮਦਦ ਕਰ ਸਕਦਾ ਹੈ।

### ਕਿਹੜੀਆਂ ਗੱਲਾਂ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ ?

ਮੇਥੀ ਦੇ ਪਾਣੀ ਦਾ ਜ਼ਿਆਦਾ ਸੇਵਨ ਕਰਨ ਨਾਲ ਦਸਤ ਹੋ ਸਕਦੇ ਹਨ।

ਜੇ ਤੁਸੀਂ ਕੋਈ ਦਵਾਈ ਲੈ ਰਹੇ ਹੋ ਤਾਂ ਮੇਥੀ ਦਾ ਪਾਣੀ ਪੀਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲਓ।

ਗਰਭਵਤੀ ਔਰਤਾਂ ਨੂੰ ਮੇਥੀ ਦੇ ਪਾਣੀ ਦਾ ਸੇਵਨ ਕਰਨ ਤੋਂ ਪਹਿਲਾਂ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

## * ਚੂੰਝਾਂ-ਪ੍ਰੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਮੈਂ ਜੋ ਵੀ ਹਾਂ, ਉਸ 'ਚ ਹਰਿਆਣਾ ਦਾ ਵੱਡਾ ਯੋਗਦਾਨ ਹੈ- ਪ੍ਰਧਾਨ ਮੰਤਰੀ ਮੋਦੀ**

-ਗੰਗਾ ਗਏ ਗੰਗਾ ਰਾਮ, ਜਮਨਾ ਗਏ ਜਮਨਾ ਦਾਸ।



***ਸ਼ੰਭੂ ਬਾਰਡਰ ਬੰਦ ਹੋਣ ਨਾਲ ਲੋਕਾਂ ਨੂੰ ਵੱਡੀਆਂ ਸਮੱਸਿਆਵਾਂ ਦਾ ਸਾਹ-ਮਣਾ ਕਰਨਾ ਪੈ ਰਿਹੈ- ਖੱਟਰ**

-ਖੱਟਰ ਸਾਹਿਬ ਤੁਹਾਡੇ ਹੀ ਬੀਜੇ ਹੋਏ ਕੰਡੇ ਹਨ।



***ਭਾਰਤ ਭੂਸ਼ਨ ਮਾਮਲੇ 'ਚ ਈ. ਡੀ. ਨੇ ਉਸ ਦੀ ਕਰੋੜਾਂ ਰੁਪਏ ਦੀ ਜਾਇਦਾਦ ਕੀਤੀ ਕੁਰਕ- ਇਕ ਖ਼ਬਰ**

-ਇਨ੍ਹਾਂ ਸੁਹਣਿਆਂ ਮੂੰਹਾਂ 'ਤੇ ਖ਼ਾਕ ਪੈਣੀ, ਕੁੰਡੇ ਲੱਗਣੇ ਅੰਤ ਹਵੇਲੀਆਂ ਨੂੰ।

***ਕਾਂਗਰਸੀ ਕੌਂਸਲਰਾਂ ਨੂੰ ਭਾਜਪਾ 'ਚ ਸ਼ਾਮਲ ਹੋਣ ਵੇਲੇ ਗੰਗਾ ਜਲ ਅਤੇ ਗਊ ਮੂਤਰ ਛਿੜਕ ਕੇ ਸ਼ੁੱਧ ਕੀਤਾ ਗਿਆ- ਇਕ ਖ਼ਬਰ**

-ਡਿਜੀਟਲ ਇੰਡੀਆ ਜ਼ਿੰਦਾਬਾਦ।

***ਪਸ਼ੂ ਪਾਲਣ ਵਿਭਾਗ ਨੇ ਗਊ ਭਲਾਈ ਕੈਂਪ ਲਗਾਇਆ- ਇਕ ਖ਼ਬਰ**

-ਬਾਕੀ ਪਸ਼ੂਆਂ ਨੇ ਕੀ ਜ਼ੁਰਮ ਕਰ ਲਿਆ ਬਈ?




***ਸਿੰਗਾਪੁਰ ਦੇ ਭਾਰਤੀ ਮੂਲ ਦੇ ਸਾਬਕਾ ਮੰਤਰੀ ਈਸ਼ਵਰਨ ਦੋਸ਼ੀ ਕਰਾਰ- ਇਕ ਖ਼ਬਰ**

-ਰੁਕਨਦੀਨਾ ਨਾ ਆਦਤਾਂ ਜਾਂਦੀਆਂ ਨੇ, ਜਾਈਏ ਸਿੰਘਾਪੁਰ ਭਾਵੇਂ ਚੀਨ ਮੀਆਂ।

***ਅੰਮ੍ਰਿਤਸਰ ਦੇ ਜੱਜ ਨੂੰ 'ਹਾਈਕੋਰਟ ਵਲੋਂ ਝਾੜ' - ਇਕ ਖ਼ਬਰ**

-ਦੋ ਪਈਆਂ ਕਿਧਰ ਗਈਆਂ, ਸਦਕਾ ਢੂਈ ਦਾ।



***ਹੁਣ ਸ਼੍ਰੋਮਣੀ ਕਮੇਟੀ ਨੇ ਸੌਦਾ ਸਾਧ ਦੇ ਸਵਾਂਗ ਕੇਸ ਨੂੰ ਰੱਦ ਕਰਨ ਦੀ ਵਿਰੋਧਤਾ ਕੀਤੀ- ਇਕ ਖ਼ਬਰ**

-ਬੜੀ ਦੇਰ ਕਰ ਦੀ ਮੇਹਰਬਾਂ ਆਤੇ ਆਤੇ।

***ਇੰਦੌਰ 'ਚ ਗੁਰਦੁਆਰਾ ਚੋਣਾਂ ਨੂੰ ਲੈ ਕੇ ਭਖਿਆ ਵਿਵਾਦ, ਕੁਲੈਕਟਰ ਨੂੰ ਸ਼ਿਕਾਇਤ- ਇਕ਼ ਖ਼ਬਰ**

-ਕੂੰਡੇ ਟੁੱਟ ਗਏ ਘੋਟਣੇ ਭੱਜ ਗਏ, ਤਕੀਏ ਮਲੰਗ ਲੜ ਪਏ।



***ਇਕ ਪਰਵਾਰ ਦੀ ਪਾਰਟੀ, ਅਕਾਲੀ ਦਲ ਦਾ ਇੰਜਨ ਬਦਲਣ ਦੀ ਲੋੜ- ਭਗਵੰਤ ਮਾਨ**

-ਇੰਜਨ ਤਾਂ ਤੁਹਾਡਾ ਵੀ ਬਦਲਣ ਦੀਆਂ ਕਨਸੋਆਂ ਹਵਾ ਵਿਚ ਤੈਰ ਰਹੀਆਂ, ਬਈ।

***ਬਾਬਾ ਫਰੀਦ ਸਾਹਿਤ ਮੇਲੇ 'ਚ 30 ਲੱਖ ਦੀਆਂ ਕਿਤਾਬਾਂ ਖ਼ਰੀਦੀਆਂ ਪੰਜਾਬੀਆਂ ਨੇ- ਇਕ ਖ਼ਬਰ**

-ਅਜੇ ਕਹਿੰਦੇ ਪੰਜਾਬੀ ਕਿਤਾਬਾਂ ਨਹੀਂ ਪੜ੍ਹਦੇ।

***ਭਾਰਤ 'ਚ ਪੈਰਾਸੀਟਾਮੋਲ ਸਮੇਤ 53 ਦਵਾਈਆਂ ਕੁਆਲਿਟੀ ਦੇ ਟੈਸਟ 'ਚ ਫੇਲ੍ਹ- ਇਕ ਖ਼ਬਰ**

-ਖੂਹ ਟੋਭੇ ਤੇਰੀ ਚਰਚਾ ਹੁੰਦੀ, ਚਰਚਾ ਨਾ ਕਰਵਾਈਏ।



***ਕੇਜਰੀਵਾਲ ਨੇ ਹੰਝੂਆਂ ਨਾਲ ਲਿਖ ਕੇ ਚਿੱਠੀ ਮੋਹਨ ਭਾਗਵਤ ਨੂੰ ਪਾਈ- ਇਕ ਖ਼ਬਰ**

-ਦੁੱਖ ਮਿੱਤਰਾਂ ਕੋਲ਼ ਰੋਵਾਂ, ਕੰਤ ਨਿਆਣੇ ਦਾ।



***ਜੇ ਮੈਂ ਰਾਸ਼ਟਰਪਤੀ ਬਣ ਗਿਆ ਤਾਂ ਯੂਕਰੇਨ-ਰੂਸ ਯੁੱਧ ਰੁਕਵਾ ਦਿਆਂਗਾ- ਟਰੰਪ**

-ਨਹੀਂ ਲੱਭਣੇ ਲਾਲ ਗੁਆਚੇ, ਮਿੱਟੀ ਨਾ ਫਰੋਲ ਜੋਗੀਆ।



***ਟਰੂਡੋ ਖ਼ਿਲਾਫ਼ ਬੇਭਰੋਸਗੀ ਦਾ ਮਤਾ ਠੁੱਸ ਹੋ ਗਿਆ, ਬਚ ਗਈ ਸਰਕਾਰ- ਇਕ ਖ਼ਬਰ**

-ਬਾਜ਼ੀ ਮਾਰ ਗਿਆ ਬਠਿੰਡੇ ਵਾਲ਼ਾ ਗੱਭਰੂ, ਬਾਕੀ ਰਹਿ ਗਏ ਹਾਲ ਪੁੱਛਦੇ।

* * * * * * * *

**ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ**


**ਲੜੀਵਾਰ ਨਾਵਲ**




**ਸ਼ਿਵਚਰਨ ਜੱਗੀ (ਕੁੱਸਾ)**

**ਫੋਨ : 07853 317 891**

Email: jaggikussa@yahoo.de


# ਕੋਸੀ ਧੁੱਪ ਦਾ ਨਿੱਘ





**ਰਾਹ ਵਿੱਚ ਸਿਰਫ਼ ਉਹ ਦੋ ਜਗਾਹ ਰੁਕੇ ਸਨ।**
**ਸਵੇਰੇ ਚਾਰ ਕੁ ਵਜੇ ਉਹ ਘਰ ਪਹੁੰਚ ਗਏ। ਅਮਰੋ ਜਿਵੇਂ ਉਹਨਾਂ ਦੀ ਹੀ ਉਡੀਕ ਕਰ ਰਹੀ ਸੀ। ਉਸ ਨੇ ਗੱਡੀ ਦਾ ਖੜ੍ਹਕਾ ਸੁਣਨ ਸਾਰ ਦਰਵਾਜਾ ਖੋਲ੍ਹ ਦਿੱਤਾ। ਪਿਛਲੀ ਵਾਰ ਉਸ ਦੇ ਮਨ ਵਿੱਚ ਖੋਟ ਸੀ ਅਤੇ ਉਹ ਬੱਗੇ ਨਾਲ਼ ਬਖਤੌਰ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੀਆਂ ਗੱਲਾਂ ਕਰਦੀ ਸੀ। ਪਰ ਇਸ ਵਾਰ ਉਸ ਦਾ ਮਨ ਨਿਰਮਲ ਸੀ। ਬਖਤੌਰ ਵਰਗੇ ਨਿਰਵੈਰੇ ਅਤੇ ਫ਼ਕੀਰ ਬੰਦੇ ਦੇ ਪ੍ਰਤੀ ਮਨ ਖੋਟਾ ਕਰ ਕੇ ਉਸ ਨੇ ਸਾਰਾ ਕੁਛ ਗੁਆ ਲਿਆ ਸੀ। ਉਸ ਨੇ ਬਖਤੌਰ ਦੇ ਪੈਰੀਂ ਹੱਥ ਲਾ ਕੇ ਉਸ ਦੇ ਗਲ਼ ਲੱਗ ਕੇ ਰੋਣ ਲੱਗ ਪਈ।**
**-"ਅੰਮ੍ਰਿਤ ਵੇਲ਼ੇ ਰੋਈਦਾ ਨੀ ਹੁੰਦਾ, ਰੱਬ ਦਾ ਨਾਂ ਲਈਦਾ ਹੁੰਦੈ, ਅਮਰੋ...!" ਬਖਤੌਰ ਨੇ ਉਸ ਨੂੰ ਕਿਸੇ ਬਜ਼ੁਰਗ ਵਾਂਗ ਥਾਪੜਿਆ।**


**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ-71**

## ਕਾਂਡ 28

ਬਖਤੌਰ ਛੋਟੇ ਭਰਾ ਦੀ ਪੀੜ ਭਲੀ-ਭਾਂਤ ਸਮਝਦਾ ਸੀ। ਪਰ ਕੁਛ ਕਰ ਨਹੀਂ ਸਕਦਾ ਸੀ।

-"ਹੌਸਲਾ ਰੱਖ ਸ਼ੇਰਾ...!" ਬਖਤੌਰ ਦਾ ਮਨ ਵੀ ਭਰਿਆ ਹੋਇਆ ਸੀ। ਉਹ ਕੌਰੇ ਨੂੰ ਗਲ਼ਵਕੜੀ ਵਿੱਚ ਘੁੱਟੀ ਖੜ੍ਹਾ ਸੀ।

ਗੱਡੀ ਤੁਰ ਪਈ।

ਰਾਹ ਵਿੱਚ ਸਿਰਫ਼ ਉਹ ਦੋ ਜਗਾਹ ਰੁਕੇ ਸਨ। ਸਵੇਰੇ ਚਾਰ ਕੁ ਵਜੇ ਉਹ ਘਰ ਪਹੁੰਚ ਗਏ। ਅਮਰੋ ਜਿਵੇਂ ਉਹਨਾਂ ਦੀ ਹੀ ਉਡੀਕ ਕਰ ਰਹੀ ਸੀ। ਉਸ ਨੇ ਗੱਡੀ ਦਾ ਖੜ੍ਹਕਾ ਸੁਣਨ ਸਾਰ ਦਰਵਾਜਾ ਖੋਲ੍ਹ ਦਿੱਤਾ। ਪਿਛਲੀ ਵਾਰ ਉਸ ਦੇ ਮਨ ਵਿੱਚ ਖੋਟ ਸੀ ਅਤੇ ਉਹ ਬੱਗੇ ਨਾਲ਼ ਬਖਤੌਰ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੀਆਂ ਗੱਲਾਂ ਕਰਦੀ ਸੀ। ਪਰ ਇਸ ਵਾਰ ਉਸ ਦਾ ਮਨ ਨਿਰਮਲ ਸੀ। ਬਖਤੌਰ ਵਰਗੇ ਨਿਰਵੈਰੇ ਅਤੇ ਫ਼ਕੀਰ ਬੰਦੇ ਦੇ ਪ੍ਰਤੀ ਮਨ ਖੋਟਾ ਕਰ ਕੇ ਉਸ ਨੇ ਸਾਰਾ ਕੁਛ ਗੁਆ ਲਿਆ ਸੀ। ਉਸ ਨੇ ਬਖਤੌਰ ਦੇ ਪੈਰੀਂ ਹੱਥ ਲਾ ਕੇ ਉਸ ਦੇ ਗਲ਼ ਲੱਗ ਕੇ ਰੋਣ ਲੱਗ ਪਈ।

-"ਅੰਮ੍ਰਿਤ ਵੇਲ਼ੇ ਰੋਈਦਾ ਨੀ ਹੁੰਦਾ, ਰੱਬ ਦਾ ਨਾਂ ਲਈਦਾ ਹੁੰਦੈ, ਅਮਰੋ...!" ਬਖਤੌਰ ਨੇ ਉਸ ਨੂੰ ਕਿਸੇ ਬਜ਼ੁਰਗ ਵਾਂਗ ਥਾਪੜਿਆ।

-"ਰੋਟੀ ਲਾਹਾਂ...? ਕਿ ਚਾਹ ਪੀਣੀ ਐਂ...?"

-"ਇੱਕ ਗਿਲਾਸ ਤੇ ਪਾਣੀ ਦਾ ਜੱਗ ਲਿਆ ਦੇ, ਅਸੀਂ ਅਜੇ ਸੌਣੈਂ..! ਗੱਲਾਂ ਸਵੇਰੇ ਕਰਾਂਗੇ...!" ਕੌਰਾ ਬੋਲਿਆ।

ਅਮਰੋ ਨੇ ਗਿਲਾਸ ਅਤੇ ਪਾਣੀ ਲਿਆ ਦਿੱਤਾ।

-"ਮੈਂ ਸਬਜ਼ੀ ਤੱਤੀ ਕਰ ਕੇ ਲਿਆਉਨੀ ਆਂ..!"

ਉਹ ਦੋ-ਦੋ ਪੈੱਗ ਲਾ ਕੇ ਸੌਂ ਗਏ।

ਪੂਰੀ ਰਾਤ ਦੇ ਸਫ਼ਰ ਕਾਰਨ ਅਤੇ ਅਨੀਂਦਰੇ ਕਾਰਨ ਉਹਨਾਂ ਨੂੰ ਸੁੱਤਿਆਂ ਪਿਆਂ ਨੂੰ ਦਿਨ ਦੇ ਗਿਆਰਾਂ ਵੱਜ ਗਏ।

-"ਓਏ ਕਿੱਥੇ ਕਿਜੇ ਐਂ ਜਿਉਣ ਜੋਕਰਿਆ...?" ਚਾਚਾ ਕੇਹਰਾ ਮੱਥੇ 'ਤੇ ਹੱਥ ਦੀ ਓਟ ਕਰੀ ਵਿਹੜ੍ਹੇ ਵਿੱਚ ਖੜ੍ਹਾ ਸੀ। ਅਮਰੋ ਰਸੋਈ ਵਿੱਚ ਸਬਜ਼ੀ ਬਣਾ ਰਹੀ ਸੀ।

-"ਆਜਾ ਚਾਚਾ...! ਸਵੇਰੇ ਆਏ ਐ, ਅਜੇ ਸੁੱਤੇ ਈ ਪਏ ਆ..! ਬਹਿਜਾ ਮੈਂ ਚਾਹ ਧਰਦੀ ਆਂ...!"

-"ਮੈਂ ਫ਼ੇਰ ਆਜੂੰ ਪੁੱਤ...!" ਉਹ ਮੁੜ ਚੱਲਿਆ।

-"ਉਠ ਖੜ੍ਹੇ ਚਾਚਾ...! ਆਜਾ...!" ਕੌਰਾ ਬੈਠਕ ਵਿੱਚੋਂ ਬਾਹਰ ਆ ਗਿਆ।

-"ਓਏ ਮੈਂ ਤਾਂ ਕਲੋਟੇ ਸਮੇਂ ਈ ਆ ਗਿਆ ਸ਼ੇਰੋ, ਮੈਨੂੰ ਕੀ ਪਤਾ ਸੀ ਤੁਸੀਂ ਕੁਵੇਲ਼ੇ ਆਏ ਓਂ...?"

ਅਮਰੋ ਨੇ ਮੰਜਾ ਡਾਹ ਦਿੱਤਾ ਅਤੇ ਚਾਹ ਧਰ ਦਿੱਤੀ।

ਕੌਰਾ ਅਤੇ ਬਖਤੌਰ ਮੂੰਹ ਧੋ ਕੇ ਆ ਗਏ। ਬਖਤੌਰ ਨੇ ਚਾਚੇ ਦੇ ਪੈਰੀਂ ਹੱਥ ਲਾਏ। ਚਾਚੇ ਨੇ ਉਸ ਨੂੰ ਹਿੱਕ ਨਾਲ਼ ਘੁੱਟ ਲਿਆ।

-"ਮੈਨੂੰ ਤਾਂ ਜਾਣੀਦੀ ਟੇਕ ਜੀ ਨੀ ਆਈ, ਜੀਅ ਇਉਂ ਕਰੇ ਬਈ ਕਦੋਂ ਜਾ ਕੇ ਬਖਤੌਰ ਨੂੰ ਮਿਲ਼ ਲਾਂ...!" ਚਾਚੇ ਨੇ ਕਿਹਾ।

-"ਜੀ ਆਏ ਨੂੰ ਚਾਚਾ..! ਘਰ ਵੀ ਤੇਰਾ ਤੇ ਅਸੀਂ ਵੀ ਤੇਰੇ...! ਕੀ ਹਾਲ ਐ ਬਾਈ ਜੰਟੇ ਦਾ...?"

-"ਗੁਰੂ ਦੀ ਕਿਰਪਾ ਐਨ੍ਹ..! ਤੂੰ ਸੁਣਾ ਪੁੱਤ ਬਖਤੌਰ, ਤੇਰਾ ਪ੍ਰੀਵਾਰ ਤਕੜੈ..?"

-"ਬਿਲਕੁਲ ਚਾਚਾ...!"

ਚਾਹ ਆ ਗਈ। ਸਾਰੇ ਚਾਹ ਪੀਣ ਲੱਗ ਪਏ।

-"ਹੁਣ ਸ਼ੇਰਾ ਕਿੰਨੇ ਚਿਰ ਦੀ ਛੁੱਟੀ ਆਇਐਂ...?"

-"ਮਹੀਨਾ ਕੁ ਤਾਂ ਰਹੂੰਗਾ ਚਾਚਾ..! ਇੱਕ ਦੋ ਜ਼ਰੂਰੀ ਕੰਮ ਕਰਨੇ ਆਂ ਤੇ ਨਾਲ਼ੇ ਕੌਰੇ ਨੂੰ ਤੇ ਅਮਰੋ ਨੂੰ ਕਿਸੇ ਆਹਰ ਲਾਉਣੈ..!" ਉਹ ਚਾਹ ਦੀਆਂ ਚੁਸਕੀਆਂ ਲੈਂਦਾ ਬੋਲਿਆ।

-"ਜ਼ਰੂਰ ਲਾ ਸ਼ੇਰਾ...!" ਚਾਚੇ ਨੇ ਚਾਹ ਪੀ ਕੇ ਬਾਟੀ ਸਟੂਲ 'ਤੇ ਰੱਖ ਦਿੱਤੀ, "ਆਹ ਚਾਹ ਤੋਂ ਮੈਨੂੰ ਇੱਕ ਗੱਲ ਚੇਤੇ ਆਗੀ...!" ਚਾਚਾ ਆਪ ਮੁਹਾਰਾ ਹੱਸ ਪਿਆ।

-"ਸੁਣਾ ਚਾਚਾ...!"

-"ਅਸੀਂ ਦੁਆਈ ਲੈਣ ਗਏ ਸ਼ਹਿਰ..! ਮੈਂ ਤੇ ਜੰਟਾ...! ਤੇ ਭਾਈ ਦੁਆਈ ਲੈਣ ਤੋਂ ਬਾਅਦ ਜੰਟਾ ਕਹਿੰਦਾ; ਬਾਪੂ, ਤੂੰ ਬੈਠ ਆੜ੍ਹਤੀਆਂ ਕੋਲ਼ੇ, ਤੇ ਮੈਂ ਫ਼ਸਲ ਵਾਸਤੇ ਸਪਰੇਅ ਦੀਆਂ ਸ਼ੀਸ਼ੀਆਂ ਲੈ ਆਵਾਂ...! ਚਲੋ ਭਾਈ ਮੈਂ ਬਹਿ ਗਿਆ..!"

-"ਅੱਛਾ...!"

-"ਆੜ੍ਹਤੀਆ ਮੈਨੂੰ ਪੁੱਛਣ ਲੱਗਿਆ, ਅਖੇ ਕੇਹਰਾ ਸਿਆਂ ਚਾਹ ਪੀਵੇਂਗਾ..? ਮੈਂ ਕਿਹਾ ਮੰਗਵਾ ਲਓ, ਚਾਹ ਕਿਹੜਾ ਚਿੱਥਣੀ ਆਂ...? ਜਿੱਥੇ ਸੱਥਰਾ ਰੋਟੀਆਂ ਹਜ਼ਮ ਹੋਣਗੀਆਂ, ਓਥੇ ਚਾਹ ਵੀ ਹਜ਼ਮ ਹੁੰਦੀ ਫ਼ਿਰੂ...! ਮੁਕਦੀ ਗੱਲ, ਚਾਹ ਆਗੀ ਭਾਈ..! ਕੰਜਰ ਦਿਆਂ ਨੇ ਦੀਵੇ ਜੇ 'ਚ ਪਾ ਕੇ ਮੈਨੂੰ ਚਾਹ ਫ਼ੜਾਤੀ, ਤੇ ਮੈਂ ਇੱਕੋ ਘੁੱਟ ਨਾਲ਼ ਅੰਦਰ ਸਿੱਟਲੀ...! ਮੈਂ ਕਿਹਾ ਲਾਲਾ ਜੀ, ਇਹ ਚਾਹ ਮੈਨੂੰ ਪੀਣ ਆਸਤੇ ਦਿੱਤੀ ਸੀ, ਜਾਂ ਮਿੱਠਾ ਦਿਖਾਉਣ ਆਸਤੇ...?" ਚਾਚੇ ਨਾਲ਼ ਸਾਰੇ ਹੱਸ ਪਏ। ਰਸੋਈ 'ਚ ਬੈਠੀ ਅਮਰੋ ਦਾ ਵੀ ਉਚੀ-ਉਚੀ ਹਾਸਾ ਨਿਕਲ਼ ਗਿਆ।

ਚਾਚੇ ਦੇ ਆਉਣ ਕਾਰਨ ਮਾਹੌਲ ਸਾਅਵਾਂ ਅਤੇ ਸੁਖ਼ਾਵਾਂ ਹੋ ਗਿਆ ਸੀ।

-"ਚਾਚਾ, ਕੱਲ੍ਹ ਅਸੀਂ ਜਾਵਾਂਗੇ ਇੰਦਰ ਕੋਲ਼ੇ...!"

-"ਥੋਡੇ ਸਹੁਰੀਂ...?"

-"ਹਾਂ...!"

-"ਜੀ ਸਦਕੇ ਜਾਓ ਭਾਈ...! ਰਿਸ਼ਤੇਦਾਰ ਤਾਂ ਬਾਂਹਾਂ ਹੁੰਦੇ ਆ...! ਨਾਲ਼ੇ ਇੰਦਰ ਤਾਂ ਹੈ ਈ ਭਲਾ ਬੰਦਾ..!"

-"ਤੇ ਸਾਡੀ ਅਗਲੀ ਸਕੀਮ ਹੈਗੀ ਗੁਰਧਾਮਾਂ ਦੇ ਦਰਸ਼ਣ ਕਰਨ ਦੀ...!"

-"ਵਾਹ...! ਰੂਹਾਂ ਖ਼ੁਸ਼ ਕਰਤੀਆਂ ਜਿਉਣ ਜੋਕਰਿਆ...! ਜਰੂਰ ਕਰੋ..! ਨਾਲ਼ ਬੰਦੇ ਦੇ ਨਾਮ ਨੇ ਈ ਜਾਣੈ..! ਅਸੀਂ ਤਾਂ ਆਬਦੀ ਜੂਨ ਕੱਢਲੀ ਕਬੀਲਦਾਰੀਆਂ 'ਚ, ਤੇ ਪੁੱਤ ਤੁਸੀਂ ਤਾਂ ਆਬਦਾ ਜਨਮ ਸਫ਼ਲਾ ਕਰੋ..!" ਉਸ ਦੀਆਂ ਅੱਖਾਂ ਵਿੱਚ ਚਮਕ ਸੀ।

-"ਚਾਚਾ ਕਾਣੀ ਵੰਡ ਥੋੜ੍ਹੋ ਕਰਨੀ ਐਂ...? ਤੈਨੂੰ ਵੀ ਤੀਰਥ ਯਾਤਰਾ 'ਤੇ ਨਾਲ਼ ਲੈ ਕੇ ਜਾਣੈ...!" ਬਖਤੌਰ ਨੇ ਜੋਰ ਦੇ ਕੇ ਕਿਹਾ।

-"ਓਹ ਹੁਣ ਕਿੱਥੇ ਸ਼ੇਰ ਬੱਗਿਆ...! ਹੁਣ ਤਾਂ ਸਹੁਰੇ ਗੋਡੇ ਗਿੱਟੇ ਨੀ ਤੁਰਦੇ, ਮੈਂ ਕਿੱਥੇ ਢੀਚਕ ਮਾਰਦਾ ਜਾਊਂਗਾ..?"

-"ਤੈਨੂੰ ਫੁੱਲਾਂ ਮਾਂਗੂੰ ਲੈ ਕੇ ਚੱਲਾਂਗੇ ਚਾਚਾ, ਫ਼ਿਕਰ ਕਾਹਦਾ ਕਰਦੈਂ...?" ਕੌਰਾ ਬੋਲਿਆ।

-"ਫੁੱਲਾਂ ਮਾਂਗੂੰ ਲੈ ਕੇ ਜਾਂਦੇ-ਜਾਂਦੇ, ਕਿਤੇ ਮੇਰੇ ਫੁੱਲ ਨਾ ਤਾਰਨੇ ਪੈ ਜਾਣ ਥੋਨੂੰ...?" ਚਾਚਾ ਮੁੜ ਹੱਸਿਆ।

-"ਨਹੀਂ ਚਾਚਾ...! ਇੰਦਰ, ਨਸੀਬ ਕੌਰ ਤੇ ਆਪਾਂ ਸਾਰੇ ਇੱਕ ਛੋਟੀ ਬੱਸ ਕਿਰਾਏ 'ਤੇ ਕਰਲਾਂਗੇ, ਤੇ ਅਰਾਮ ਨਾਲ਼ ਸਾਰੇ ਗੁਰਧਾਮਾਂ ਦੇ ਦਰਸ਼ਣ ਕਰਾਂਗੇ...!"

-"ਆਹ ਤਾਂ ਬਖਤੌਰ ਪੁੱਤ 'ਸਮੇਧ ਜੱਗ' ਹੋਜੂ...! ਲੈ ਸੱਚੇ ਪਾਤਸ਼ਾਹ ਨੇ ਆਪ ਸੱਦ ਲਿਆ ਮੈਨੂੰ ਤਾਂ, ਮੈਂ ਤਾਂ ਕਦੇ ਸੋਚਿਆ ਵੀ ਨੀ ਸੀ ਬਈ ਤੀਰਥ ਅਸਥਾਨਾਂ ਦੇ ਦਰਸ਼ਣ ਮੇਰੇ ਭਾਗਾਂ 'ਚ ਵੀ ਹੈਗੇ ਆ...? ਆਪ 'ਵਾਜ ਮਾਰਲੀ ਮੇਰੇ ਕਲਗੀਆਂ ਆਲ਼ੇ ਪਾਤਸ਼ਾਹ ਨੇ..! ਬੜੇ ਚੰਗੇ ਭਾਗ ਐ ਮੇਰੇ, ਤੇ ਤੇਰੇ ਕਰਮਾਂ 'ਚ ਜੱਸ ਐ ਪੁੱਤ...!" ਚਾਚਾ ਮਨ ਭਰ ਆਇਆ। ਉਸ ਦਾ ਗਲ਼ ਰੁਕ ਗਿਆ ਸੀ।

-"ਮਨ ਨਾ ਹੌਲ਼ਾ ਕਰ ਚਾਚਾ...! ਤੂੰ ਸਾਨੂੰ ਕਦੇ ਸਾਡਾ ਪਿਉ ਨੀ ਯਾਦ ਆਉਣ ਦਿੱਤਾ, ਤੇ ਸਾਡਾ ਵੀ ਕੋਈ ਫ਼ਰਜ਼ ਬਣਦੈ...!"

-"ਸਾਰੀ ਉਮਰ ਦਰਸ਼ਣਾਂ ਨੂੰ ਮਨ ਤਰਸਦਾ ਰਿਹਾ..! ਪਰ ਕਬੀਲਦਾਰੀਆਂ ਦੇ ਜਾਲ਼ 'ਚੋਂ ਕਦੇ ਨਿਕਲ਼ ਈ ਨੀ ਹੋਇਆ ਸ਼ੇਰਾ..! ਮੈਂ ਥੋਡੀ ਚਾਚੀ ਨਾਲ਼ ਪੰਜਾਹ ਆਰੀ ਬਚਨ ਕੀਤਾ ਹੋਊ, ਬਈ ਜਦੋਂ ਸੌਖੇ ਜੇ ਹੋਏ, ਤੈਨੂੰ ਪਟਨਾ ਸਾਹਬ ਲੈ ਕੇ ਚੱਲੂੰ...! ਪਰ ਸੌਖੇ ਸਾਰੀ ਉਮਰ ਨੀ ਹੋਏ ਸ਼ੇਰਾ..! ਠੂਠੇ ਨਾਲ਼ ਕੁਨਾਲ਼ ਈ ਖੜਕਦਾ ਰਿਹਾ...! ਤੇ ਤੇਰੀ ਚਾਚੀ ਬਚਾਰੀ ਬਿਨਾਂ ਦਰਸ਼ਣਾਂ ਤੋਂ ਈ ਕੂਚ ਕਰਗੀ, ਮਜਬੂਰੀਆਂ ਕਰ ਕੇ ਬਚਨ ਵੀ ਪੁਗਾਏ ਨਾ ਗਏ...!" ਚਾਚੇ ਦੇ ਬੁਝੇ ਨੇਤਰ ਫ਼ਿਰ ਚੋਅ ਪਏ। ਬੈਠੇ ਚਾਚੇ ਨੂੰ ਬਖਤੌਰ ਨੇ ਜੱਫੀ ਪਾ ਲਈ।

ਉਹਨਾਂ ਨੂੰ ਗੱਲਾਂ ਕਰਦਿਆਂ ਸ਼ਾਮ ਹੋ ਗਈ।

ਬਖਤੌਰ ਦੇ ਇਸ਼ਾਰੇ 'ਤੇ ਕੌਰਾ ਬੋਤਲ ਚੁੱਕ ਲਿਆਇਆ।

-"ਤੁਸੀਂ ਲਾਓ ਰੰਗ ਪੁੱਤ, ਹੁਣ ਮੈਨੂੰ ਨਾ ਆਖਿਓ...!" ਚਾਚੇ ਨੇ ਹੱਥ ਖੜ੍ਹੇ ਕਰ ਦਿੱਤੇ।

-"ਕੀ ਗੱਲ ਚਾਚਾ...? ਅੱਜ ਕੀ ਬਿੱਲੀ ਛਿੱਕਗੀ...?" ਕੌਰਾ ਹੱਸ ਪਿਆ।

-"ਜੇ ਤੁਸੀਂ ਤੀਰਥ ਅਸਥਾਨਾਂ ਦਾ ਬਚਨ ਨਾ ਕਰਦੇ, ਤਾਂ ਸ਼ੈਂਤ ਮੈਂ ਪੀ ਲੈਂਦਾ, ਪਰ ਅੱਜ ਤੋਂ ਐਸ ਨਖਸਮੀਂ ਤੋਂ ਤੌਬਾ...!" ਚਾਚੇ ਨੇ ਕੰਨਾਂ ਨੂੰ ਹੱਥ ਲਾਏ।

-"ਚੱਲ ਫ਼ੇਰ ਆਪਾਂ ਵੀ ਰਹਿਣ ਦੇ ਕੌਰਿਆ...!"

-"ਲੈ ਚਾਚਾ ਬੇਲੀਆ...! ਅੱਜ ਤੋਂ ਅਸੀਂ ਵੀ ਮੂੰਹ ਸੁੱਚਾ ਈ ਰੱਖਾਂਗੇ...!" ਕੌਰਾ ਬੋਤਲ ਵਾਪਸ ਰੱਖ ਆਇਆ।

-"ਥੁੜਿਆ ਇਹਦੇ ਵੱਲੋਂ ਵੀ ਕੁਛ ਨੀ ਪਿਆ ਸ਼ੇਰਾ...! ਬੱਸ ਆਪਾਂ ਵੀ ਗਿੱਦੜ ਹੁਆਂਕਣੀਂ ਪੂਰੀ ਕਰਦੇ ਆਂ...!" ਬੋਤਲ ਵਾਪਸ ਰੱਖ ਕੇ ਆਉਂਦੇ ਕੌਰੇ ਨੂੰ ਦੇਖ ਕੇ ਚਾਚਾ ਹੱਸ ਪਿਆ।

-"ਲੈ ਹੁਣ ਨੀ ਕਰਾਂਗੇ ਚਾਚਾ...!"

-"ਤੂੰ ਕਹੇਂਗਾ ਚਾਚਾ ਹੁਣ ਕਹਿੰਦੈ, ਪਰ ਕੁਛ ਨੀ ਇਹਦੇ 'ਚੋਂ ਕੱਢਣ ਪਾਉਣ ਨੂੰ..!"

-"ਬੱਸ ਅੱਜ ਤੋਂ ਨਬੇੜਤਾ ਚਾਚਾ ਕੰਮ..!"

-"ਸ਼ਾਬਾਸ਼ੇ...! ਸ਼ਾਬਾਸ਼ੇ ਪੁੱਤ...!"

ਅਗਲੇ ਦਿਨ ਕੌਰਾ ਅਤੇ ਬਖਤੌਰ ਆਪਣੇ ਸਹੁਰੀਂ ਚਲੇ ਗਏ ਅਤੇ ਆਥਣ ਨੂੰ ਨਸੀਬ ਕੌਰ ਅਤੇ ਇੰਦਰ ਨੂੰ ਲੈ ਕੇ ਪਿੰਡ ਆ ਗਏ।

**ਚਲਦਾ...**


**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**
**-ਸੰਪਾਦਕ**

**ਲੇਖਿਕਾ**
**ਬਲਵਿੰਦਰ ਕੌਰ ਚਾਹਲ (ਸਾਊਥਾਲ)**



# ਐਮੇ ਝੱਖ ਮਾਰਨ ਦਾ ਲਾਭ ਨਹੀਂ ਆਪਣਾ ਪ੍ਰਭੂ ਧਿਆਉ ਮਨ ਟਿਕਾਉ ਸਲਾਮਤ ਰਹੋ

**ਜੀਵਨ ਦਾ ਸਾਰ**–ਐਸ਼ ਹੈ, ਪਲੇ ਬੰਨ ਲਈਏ ਪਰ ਇਸ ਦਾ ਸਹਾਰਾ ਲੈ ਕੇ ਆਪਣੇ ਨਾਤੇ ਰਿਸ਼ਤੇ, ਦੋਸਤੀਆਂ, ਮਿੱਤਰਤਾ ਤੋਂ ਪਾਸੇ ਵੱਟ ਲਈਏ, ਨਹੀਂ ਭਾਵ ਹੈ ਕਿ ਬਹੁਤੀਆਂ ਆਸਾਂ ਰੱਖ ਰੱਖ ਟੁੱਟਦੇ ਜਾਈਏ, ਉਹੀ ਕਾਰਨ ਹਨ ਜੀਵਨ ਦੁਖਾਂਤ ਦੇ, ਭਰਾਤਰੀ ਭਾਵ ਨਾਲ ਹੀ ਜੀਉਣਾ ਸੁਹਾਵਣੇ ਸਫਰ ਲਈ ਗਾਡੀ ਰਾਹ ਹੈ। ਮਨੁੱਖ ਇਕ ਸੋਸ਼ਲ ਜੀਵ ਹੈ, ਡੂੰਘੀ ਝਾਤੀ ਮਾਰੀਏ ਡੰਗਰ-ਪਸ਼ੂ, ਪੰਛੀ ਪੰਖੇਰੂ ਭੀ ਜਾਤ-ਨਸਲ ਨਾਲ ਜੁੜੇ ਹੁੰਦੇ ਹਨ, ਕਿਵੇਂ ਵਿਛੋੜੇ 'ਤੇ ਰੋਂਦੇ ਨੇ, ਸਾਡੀ ਤਾਂ ਭਾਵਨਾਵਾਂ ਨੂੰ ਆਹ ਰੂਸੀ ਲਾਣੇ ਨੇ ਵਸੋ ਵਿਰਸਾ ਹੀ ਨਸ਼ਟ ਕਰਿਆ ਹਾਲੇ ਭੀ ਪ੍ਰਵਾਰਵਾਦ ਦੀ ਧੁੰਨ ਰਟਣ ਲਾਈ ਜਾਂਦੇ ਨੇ, ਸ਼੍ਰੋਮਣੀ ਕਮੇਟੀ 'ਤੇ ਭੀ ਕਬਜਾ ਹੈ, ਸੰਤ ਲਹਿਰ ਨੇ ਭਰੱਪਣ ਵਧੋਣਾ ਸੀ ਸਗੋਂ ਲਹੂ ਵਿੱਚ ਪਾਣੀ ਪਾ ਧਰਿਆ ਸਭ ਲੋਭੀ ਲਾਣਾ ਹੈ, ਬਹੁਤ ਉਸੇ ਲਹਿਰ ਵਿੱਚ ਆਏ ਹਨ ਪ੍ਰਧਾਨ ਧਾਮੀ ਭੀ ਪਿੱਛੇ ਨਹੀਂ, ਵਿਰਸਾ ਸਿੰਘ ਵਲਟੋਹਾ, ਪੀਰ-ਮੁਹੰਮਦ ਆਦਿ ਹੁਣ ਹੋਰ ਨੇਰ੍ਹੀ ਦੀਪ ਸਿੱਧੂ, ਅਮ੍ਰਿਤਪਾਲ ਤਾਂ ਸੀ ਹੀ ਸਰਬਜੀਤ ਸਿੰਘ ਸ਼ਹੀਦ ਦੇ ਪੁੱਤ ਦੀ ਡਿਗਰੀ ਨਾ ਅਕਲ ਨਾ ਸ਼ਕਲ ਲੋਕ ਸਭਾ ਵਿੱਚ ਬੋਲਣਾ ਆਉਂਦਾ ਨੀ, ਉਧਰ ਸਤਵੰਤ ਸਿੰਘ ਦਾ ਭਾਣਜਾ ਹਾਲੇ ਪ੍ਰਵਾਰਵਾਦ ਬਾਦਲਾਂ ਵਿੱਚ ਹੈ। ਮੈਂ ਸਮਝਦੀ ਹਾਂ ਕਿ ਜੋ ਆਹ ਲੱਲੂ ਬੋਕੇ ਇਹ ਬੋਲੀ ਬੋਲਦੇ ਨੇ ਗੁਰੂ ਅਦੇਸ਼ ਨੂੰ ਨਹੀਂ ਸਮਝਦੇ, ਧਰਮ ਦੀ ਕਸਵੱਟੀ ਦਾ ਹਾਮੀ ਨਹੀਂ ਪਰ ਬਣਦੇ ਨੇ ਨੁਮਾਇੰਦੇ, ਮੈਂ ਤਾਂ ਪ੍ਰੇਸ਼ਾਨ ਹਾਂ ਕਿ ਆਹ ਪ੍ਰੋਫੈਸਰ ਕਿਵੇਂ ਬਣ ਗਏ, ਠੀਕ ਹੈ ਅਸੀਂ ਧਾਰਮਿਕ ਨਹੀਂ ਸੀ ਪਰ ਪ੍ਰੋਫੈਸਰੀ ਮਜਬੂਨ ਦੀ ਹੀ ਕਰਦੇ ਸੀ, ਨਾ ਕਿ ਸਿਆਸਤ ਦੀ, ਪੁਲੀਟੀਕਲ ਦੀ ਡਿਗਰੀ ਹਾਲੇ ਭੀ ਕਿਤਾਬੀ ਧੁਰਾ ਹੀ ਪੜਾਉਂਦੇ ਸੀ ਨਾ ਕਿ ਸਰਕਾਰੂ ਨੀਤੀਆਂ ਤੇ ਭੜਕਾਊ ਪ੍ਰਸਤਾਵ।

ਯੂ. ਕੇ. ਵਿੱਚ ਭੀ 70ਵਿਆਂ ਵਿੱਚ ਟੀਚਰ ਸਿਆਸਤ ਵਿੱਚ ਹਿੱਸਾ ਨਹੀਂ ਸਨ ਲੈ ਸਕਦੇ ਖੋਜ ਕਰੋ ਰਹਿੰਦੀ ਖੂੰਹਦੀ ਕਸਰ ਸਾਡੇ ਆਮਦੀ ਜੋ ਅੱਜ ਕੱਲ੍ਹ ਮਹਾਨ ਬਣਦੇ ਨੇ ਸਿਆਸੀਆਂ ਦੀਆਂ ਬੁੱਕਲਾਂ ਵਿੱਚ ਬੈਠਕੇ, ਉਹ ਭੀ ਮਕਸਦ ਲਈ ਮਹਾਨ ਅੰਦਰੋਂ ਸਮਝਦੇ ਨੇ ਸ਼ਤਾਨ ਜੋ ਭੁਖੜੇ ਸਿੱਖਾਂ ਨੇ ਆਪਣੀਆਂ ਕੁਟਿਲ ਨੀਤੀਆਂ ਦੇਸ਼ ਵਿੱਚ ਘਸੋੜ ਦਿੱਤੀਆਂ ਤਾਂ ਹੁਣ ਸੁਲਘ ਰਹੀ ਹੈ ਕਿ ਲੋਕ ਮਕਾਰ ਹਨ ਆਹ ਐਮ.ਪੀ. ਅਟਵਾਲ ਪਹਿਲਾਂ ਕੌਂਸਲਰ ਫੇਰ ਲੀਡਰ ਹੁਣ ਉਪਰਲੀ ਪੌੜੀ ਚੜ੍ਹਦਾ ਟਿੱਕਾ ਲੁਆ ਬੈਠਾ, ਢਿੱਡ ਤਾਂ ਆਪਣਾ ਹੈ ਜੇ ਘਰ ਬਗਾਨਾ ਹੈ, ਲੋੜ ਜਿੰਨਾ ਖਾਉ ਐਮੇ ਆਫਰ ਕੇ ਨਾ ਮਰੋ: ਇਸ ਵਾਰੀ ਕਿੰਨੇ ਐਮ.ਪੀ. ਆਪਣੇ ਬਣਾ ਲਏ ਕੀ ਸੁਆਰਣਗੇ ਦੇਖੀਏ ਜਾਂ ਫੇਰ ਦਿਨ ਦਿਹਾੜਿਆਂ 'ਤੇ ਰੌਣਕਾਂ ਲਾਉਣਗੇ ਸਾਡੇ ਤਾਂ 30 ਸਾਲਾਂ ਤੋਂ ਵੱਧ ਸਮਾਂ ਪੰਜਾਬੀ ਐਮ.ਪੀ. ਜੱਟ ਭੀ ਤੇ ਸ਼ਰਮਾ ਭੀ ਰਹੇ, ਸੋ ਸਾਰਾ ਤਜਰਬਾ ਹੈ। ਹੁਣ ਅੰਗ੍ਰੇਜ਼ (ਆਇਰਸ਼) ਬੀਬੀ ਨਾਲ ਦੇ ਸ਼ਹਿਰ ਤੋਂ ਹੈ। ਦੁਹਾਈ ਪਾ ਰਹੇ ਹਨ ਜੀ ਸਾਡੀ ਬੋਲੀ ਵਾਲੀ ਕਿਉਂ ਨਹੀਂ? ਕੋਈ ਪੁੱਛੇ 65 ਸਾਲ ਤੋਂ ਉੱਪਰ ਹੋ ਗਏ ਵੱਸਿਆਂ ਨੂੰ ਹਾਲੇ ਬੋਲੀ ਸਮੱਸਿਆ, ਕੰਮਾਂ 'ਤੇ ਦੂਜੇ ਦਿਨ ਬੋਲੀ ਸਮਝ ਜਾਂਦੇ ਨੇ ਹਾਲੇ ਅਸੀਂ ਵਿਤਕਰਿਆਂ ਦੇ ਸ਼ਿਕਾਰ, ਸਾਡੇ ਨਾਲ ਨਸਲਵਾਦ ਸਿੱਖ ਸਭ ਤੋਂ ਵੱਧ, ਝੰਡੇ ਚੁੱਕਣੇ ਤੇ ਆਪ ਜਹਾਨੋਂ ਅਲਹਿਦੇ ਨਸਲੀ ਪੰਜਾਬ ਵਿੱਚ ਹੀ ਦੇਖ ਲਵੋ, ਭਈਆਂ ਨੂੰ ਪ੍ਰਵਾਸੀ ਦੱਸਦੇ ਨੇ ਇਥੇ ਫੌਜੀ ਆਖੇ 'ਤੇ ਸ਼ਿਕਾਇਤਾਂ ਹੁਣ ਹੀ ਦੇਖੋ 19 ਸਾਲਾਂ ਦਾ 12 ਪੜ੍ਹਿਆ ਪੜਾਈ ਲਈ ਭੇਜਿਆ ਮਾਪਿਆਂ ਨੇ ਕਿਹੜੀ ਪੀ. ਐਚ. ਡੀ.? ਦੁੱਖਦਾਇਕ ਹੈ ਅੰਤ ਮੌਤ ਹੋ ਗਈ, ਚੈਨਲ 'ਤੇ ਸਹਾਇਤਾ ਦੀ ਗੁਹਾਰ, ਪਰ ਸਬਕ ਦੇਣ ਦੀ ਕੋਈ ਵਿਧੀ ਵਿਵਸਥਾ ਨਹੀਂ ਕਿ ਭਾਈ ਐਨੇ ਲੱਖ ਨਾਲ ਤਾਂ ਕਾਰੋਬਾਰ ਖੋਲ੍ਹੋ ਟੱਬਰ ਕਾਰੇ ਲੱਗੇ।

**ਸਪੈਸ਼ਲ ਸਾਂਝ**: ਪੱਤਰਕਾਰੀ ਭੀ ਜੁੜੀ, ਪਟਿਆਲੇ ਤੋਂ ਮਾਲਵਿੰਦਰ ਸਿੰਘ ਮਾਲੀ ਕੋਈ ਸਾਧਾਰਣ ਵਿਅਕਤੀ ਨਹੀਂ, ਪਿਛੋਕੜ ਨਕਸਲਵਾੜੀ, ਕਾਮਰੇਡ, ਅਧਿਆਪਕ, ਸਵ: ਜੱਜ ਅਜੀਤ ਸਿੰਘ ਬੈਂਸ ਨਾਲ ਸੰਪਰਕੀ (ਮੈਂ ਇਕ ਸਾਂਝ ਪਾਵਾਂ ਸਾਡੇ ਘਰ ਡਾਕਟਰ ਜਗਜੀਤ ਸਿੰਘ ਚੌਹਾਨ ਨਾਲ ਆਏ ਬੈਂਸ ਸਾਹਬ ਕੁਝ ਘੰਟੇ ਵਟਾਂਦਰੇ ਭਾਵੇਂ ਮੈਂ ਸਾਰਾ ਸਮਾਂ ਨਹੀਂ ਸੀ ਬੈਠੀ ਰਸੋਈ ਭੀ ਉਡੀਕਦੀ ਸੀ, ਉਦੋਂ ਹੁਣ ਵਾਂਗੂ ਘਰ ਕੰਮ ਕਰਨ ਨੂੰ ਕੁੜੀ ਨਹੀਂ ਸੀ ਲੱਭਦੀ ਹੁੰਦੀ) ਖੈਰ ਭਾਵ ਕਿ ਮੈਂ ਮਿਲੀ ਹੋਈ ਹਾਂ, ਮਾਲੀ ਹੋਰਾਂ ਦੀ ਗ੍ਰਿਫਤਾਰੀ 'ਤੇ ਬੜਾ ਤੜਪੀ ਆਂ ਜੀ ਭਗਵੰਤ ਮਾਨ ਨੇ ਆਪਣੇ ਆਮ ਦੇ ਸਮਰਥਕ ਤੋਂ ਕੇਸ ਕਰਵਾ ਤਾ ਕਿਉਂ? ਤਾਂ ਦੱਸਣ ਨਾ ਅੰਤ ਨਿਕਲਿਆ ਕਿ ਧਾਰਮਿਕ ਭਾਵਨਾਵਾਂ ਦੀ ਠੇਸ, ਪੁਰਾਣੇ ਕਾਮਰੇਡ ਰਹੇ ਹੁਣ ਵਾਹਿਗੁਰੂ ਜੀ ਖ਼ਾਲਸਾ ਪਹਿਲਾਂ ਇੰਕਲਾਬ ਹੁੰਦਾ ਸੀ ਖੁਰਪਾ ਦਾਤੀ ਹੁਣ ਕ੍ਰਿਪਾਨ ਗਾਤਰੇ, ਖੈਰ ਬਿਆਨ ਦੀ ਸੁਣੋ, ਅਰਵਿੰਦ ਕੇਜਰੀਵਾਲ ਜੇਲੋਂ ਜਮਾਨਤ 'ਤੇ ਉਪਰੰਤ ਕਹਿੰਦੇ ਜੀ ਮੇਰੀ (ਪਰਖ ਦੀ ਘੜੀ) ਲੋਕ ਦੱਸਣ ਮੈਂ ਈਮਾਨਦਾਰ ਹਾਂ ਜਾਂ ਗੁਨਾਹਗਾਰ, ਮਾਲੀ ਹੋਰੀ ਕਾਂਗਰਸੀ ਸਫਾਂ ਵਿੱਚ ਭੀ ਨਵਜੋਤ ਸਿੱਧੂ ਕਪਤਾਨ ਆਦਿ ਸਮਰਥੱਕ ਪਰ ਰਗਾਂ ਤਾਂ ਧਰਮ ਹਿੱਤ ਨਹੀਂ ਤਾਂ ਬਿਆਨ ਦੇ ਧਰਿਆ ਕਿ (ਪਰਖ ਦੀ ਘੜੀ) (ਸੀਤਾ, ਪਰ ਰਾਮ ਰਾਵਣ ਕੌਣ) ਹੁਣ ਸੁਹਿਰਦ ਪਾਠਕ ਲੇਖਕ ਨਿਰਣਾ ਕਰਨ ਕਿ ਕੀ ਇਹ ਤੁੱਕ ਜੁੜਦੀ ਹੈ, ਕੀ ਇਸ ਨੂੰ ਇਹ ਗਿਆਨ ਨਹੀਂ ਕਿ ਸੀਤਾ ਮਾਤਾ ਨੂੰ ਹਿੰਦੂ ਪੂਜਦੇ ਨੇ ਰਾਮ ਨੂੰ, ਰਾਵਣ ਨੂੰ ਸ੍ਰੀ ਲੰਕਾ ਦਾ ਪਤੀ ਮੰਨਦੇ ਨੇ ਤਾਂ ਕੀ ਇਹ ਬੰਦਾ ਇਹ ਬੋਲਣ ਤੋਂ ਪਹਿਲਾਂ ਇਹ ਗਿਆਨ ਵਿਹੂਣਾ ਹੈ? ਨਹੀਂ ਜਾਣ ਬੁੱਝ ਕੇ ਧਰਮ ਨੂੰ ਠੂੰਠਾ, ਟਿੱਚਰ, ਮਸ਼ਕਰੀ ਕਰਨੀ ਇਸ ਉਮਰੇ ਸ਼ਰਾਫਤ ਹੈ?

**ਹਿੰਦੂ ਇਸ਼ਟ ਜੋ ਇਹ ਸਤਰਾਂ ਪੜ੍ਹੋ ਸੀਤਾ ਮਾਤਾ ਨੂੰ ਕਿਵੇਂ ਸਤਿਕਾਰਦੇ ਨੇ** – ਧਰਤੀ ਜੇਡ ਜਤੀ ਨੀ ਕੋਈ, ਸੀਤਾ ਜੇਡ ਨੀ ਮਾਤਾ, ਰਾਮ ਜੇਡ ਨੀ ਦਾਤਾ ਤੇ ਲਛਮਣ ਜੇਡ ਨੀ ਭਰਾਤਾ। ਸਾਨੂੰ ਕੀ ਲੋੜ ਸੀ ਦੇਵੀ ਸਮਾਨ ਮਾਨਮੱਤੀ ਹਿੰਦੂ ਸੰਸਕ੍ਰਿਤੀ 'ਤੇ ਉਂਗਲ ਚੁੱਕਣ ਦੀ, ਜਦੋਂ ਕਿ ਤੁੱਕ ਜੁੜਦੀ ਭੀ ਨਹੀਂ। ਅਸੀਂ ਆਪਣੀ ਅੰਦਰ ਤੇ ਬਾਹਰ ਝਾਤੀ ਮਾਰੀਏ ਕਿ ਤਾਜ਼ਾ ਸਥਿਤੀ ਕੰਗਣਾ ਰਣੌਤ ਦੇ ਸੰਤ ਭਿੰਡਰਾਂਵਾਲਿਆਂ ਨੂੰ ਅਤਿਵਾਦ ਕਹਿਣ 'ਤੇ ਕੀ ਪੰਜਾਬ ਵਿੱਚ ਭੁਚਾਲ ਆਇਆ, ਕਿਉਂ ਅਸੀਂ ਜਾਣ ਬੁੱਝ ਕੇ ਡਾਂਗ ਸੋਟੇ ਦੀਆਂ ਵਿਉਂਤਾ ਬਣਾ ਰਹੇ ਹਾਂ। ਉਪਰੋਂ ਜੀ ਕਿਉਂ ਡੱਕਿਆ ਅੰਦਰ, ਜੀ ਉਹ ਕਹਿੰਦਾ ਮੈਂ ਜਮਾਨਤ ਨਹੀਂ ਲੈਣੀ ਆਦਿ, ਇਹ ਸਭ ਸ਼ਰਾਰਤੀ ਅਨਸਰ ਹੈ ਕੋਈ ਨਾ ਤਾਂ ਸ਼ਰਾਫਤ ਹੈ ਨਾ ਹੀ ਦਿਆਨਤਦਾਰੀ, ਅਜਿਹੇ ਅਨਸਰ ਨੇ ਹੀ 80-84 ਦਾ ਕਹਿਰ ਸੱਦਿਆ, ਮਸ਼ਕੂਲੇ ਭੀ ਕਰਨੇ ਤੇ ਨੇਤਾ ਭੀ ਬਨਣਾ, ਝੱਲਣੇ ਪਏ ਸਾਧਾਰਣ ਪਰਿਵਾਰਾਂ ਨੂੰ, ਕੁਝ ਪੁਲਸੀਆਂ ਨੂੰ, ਸਿਆਸੀਆਂ ਨੂੰ, ਆਪ ਵਿਦੇਸ਼ੀ ਉਡਾਰੀਆਂ, ਹੁਣ ਭੀ ਚੈਨਲਾਂ ਦੀ ਸੋਭਾ ਦਮਗਜੇ ਗੁਰੂ ਘਰਾਂ ਦੀ ਮਾਇਆ ਬੰਦੇ ਢੋਂਦੇ ਆਦਿ, 40 ਸਾਲਾਂ ਮਗਰੋਂ ਭੀ ਹਾਲੇ ਇਨ੍ਹਾਂ ਨੂੰ ਇਨਸਾਫ ਨਹੀਂ ਮਿਲਿਆ, ਹੁਣ ਜੀ ਨੌਜਵਾਨ ਵਾਗਡੋਰ ਸੰਭਾਲਣਗੇ, ਕੌਣ ਜੋ ਸਾਡੇ ਪਹਿਲਾਂ ਹੀ ਬਾਲਕੇ ਨੇ ਨਾਲ ਤਿੰਨ ਪੁਰਾਣੇ ਬਾਕੀ ਪਿੱਛੇ ਬੈਠ ਤਜਰਬਾ ਦੱਸਣਗੇ ਯਾਨੀ ਸਰਕਾਰਾਂ ਨੂੰ ਦੱਸਣਾ ਹੈ ਕਿ ਸਾਨੂੰ ਪੁੱਛੇ ਬਿਨਾਂ ਪੱਤਾ ਨਾ ਹਿੱਲੇ ਨਹੀਂ ਤਾਂ ਹਰ ਮਹੀਨੇ ਹੀ ਲੰਡਨ ਜਲੂਸ ਕੱਢਿਆ ਕਰਾਂਗੇ, ਵਿੱਚੇ ਤੁਹਾਡੀ ਥੋੜੀ ਲਾਹਾਂਗੇ ਭਾਰਤੀ ਦੂਤਾਵਾਸ ਦੀ ਤਰ੍ਹਾਂ, ਸਾਡਾ ਕੀ ਜਾਣਾ ਪੈਸਾ ਸੰਗਤਾਂ ਦਾ ਕੋਚਾਂ ਢੋਣ ਲਈ।

**ਤੁਣ ਵੇ, ਤੁਣ ਵੇ, ਤੂੰ ਬੁੱਢਾ ਸੁਣੀਦਾ ਮੇਰੀ ਜੁਆਨੀ ਹੁਣ ਵੇ**: ਬਜ਼ੁਰਗ ਹੀ ਨਹੀਂ ਜਵਾਨ ਪ੍ਰਚਾਕਰ ਬਣ ਪੈਸੇ ਕਮਾਉਣੇ ਭੀ ਮੱਤਾਂ ਬੜੀਆਂ ਦਿੰਦੇ ਨੇ, ਜੀ ਵਿਆਹੋਂ ਪਹਿਲਾਂ ਇਕੱਠੇ ਰਹਿਣੇ ਜੋੜਿਆਂ ਦੇ ਅਨੰਦ ਕਾਰਜ ਹੋਣ ਜਾਂ ਨਾ, ਅਵਸਥਾ ਬਜ਼ੁਰਗੀ ਤੇ ਗਿਆਨ ਸਾਰਾ ਦਿਨ ਗੁਰ-ਬਲਾਸ ਪੜ੍ਹੀ ਜਾਵੋ, ਭਾਈ ਗੁਰਦਾਸ, ਸੰਤੋਖ ਸਿੰਘ ਯਾਨੀ ਲੇਖਕਾਂ ਨੂੰ ਰੱਬ ਮੰਨੋ, ਹਾਲੇ ਆਪ ਨੂੰ ਧਰਮ ਦੀ ਸੋਝੀ ਨਹੀਂ, ਜਵਾਨ ਜਹਾਨ ਭੀ ਨਸੀਹਤਾਂ ਭਾਈ ਜੋ ਸਮਾਂ ਵਿਚਾਰੇ ਸੋਈ ਸੁਘੜ ਸੁਜਾਨ, ਹਰ ਗੱਲ ਗੁਰਮਤ ਨਾਲ ਜੋੜ ਆਪਣੀ ਪ੍ਰਸਿੱਧੀ ਨਾ ਬਣਾਉ, ਗੁਰੂ ਕਾਲ ਵੇਲੇ ਕੀ ਆਹ ਸਮਾਜ ਸੀ? ਅਨੰਦ ਕਾਰਜ ਸਨ? ਤੋਖਲੇ ਖੜ੍ਹੇ ਕਰ ਕਰ ਆਵਾਜਾਰ ਕਰਦੇ ਹੋ ਤੇ ਨੌਜਵਾਨ ਨੂੰ ਧੱਕ ਧਰਮ ਪਰਿਵਰਤਨ ਦੇ ਜ਼ਿੰਮੇਵਾਰ ਇਹੀ ਲੋਕ ਹਨ, ਗੁਰੂ ਨਾਨਕ ਦੇਵ ਜੀ ਦੀ ਨਸੀਹਤ ਕਿ ਕਿਰਤ ਕਰੋ ਤਾਂ ਤੁਸੀਂ ਕਦੀ ਵਿਚਾਰਦੇ ਨਹੀਂ, ਆਹ ਬਗਲੀਆਂ ਚੁੱਕੀ ਫਿਰਦੇ ਵਿਹਲੜ ਸਿੱਖ ਤੇ ਗੁਰ ਮਰਿਯਾਦੀਏ ਨੇ ਧੂ ਪੱਟਤੀ ਆਹ ਪ੍ਰਚਾਰਕਾਂ ਤੇ ਚੈਨਲਾਂ ਨੇ ਧਰਮ ਤੇ ਸੱਭਿਅਤਾ ਦੀ, ਪੁਰਾਤਨ ਸਮੇਂ ਲੋਕ ਲੀਹਾਂ 'ਤੇ ਜਿਮੇ ਸੁਣੋ ਬੀਬੀ ਦੀ, **ਜੇ ਮੁੰਡਿਆਂ ਤੂੰ ਹਲ ਨੀ ਜੋੜਨਾ ਅਸੀਂ ਨੀ ਧਰਨੀ ਦਾਲ ਮੁੰਡਿਆ, ਰੋਟੀ ਖਾਣੀ ਮਿਰਚਾਂ ਦੇ ਨਾਲ,** ਘੱਟੋ ਘੱਟ ਕਿਰਤ ਵੱਲ ਕੇਂਦਰਤ ਸਨ, ਭਾਵੇਂ ਗੁਟਕੇ ਚੁੱਕ ਸਵੇਰੇ ਬੈਠਦੇ ਨਹੀਂ ਸਨ ਪਰ ਪ੍ਰਮੇਸ਼ਰ ਨੂੰ, ਧਰਤੀ ਨੂੰ ਨਮਸਕਾਰਦੇ ਸੀ, ਪ੍ਰਭੂ ਭੀ ਦਿਆਲੂ ਸੀ, ਹੁਣ ਆਹ ਧਰਮ ਜੀ ਔਥੋਂ ਬੀੜ ਚੁੱਕੋ ਬੇਅਦਬੀ ਹੈ ਔਹ ਸਾਧ ਆਚਰਨਹੀਣ ਕੁੱਟੋ, ਫਰੌਤੀ ਮੰਗੋ ਤੇ ਧੀਆਂ ਭੈਣਾਂ ਜਲੀਲ ਕਰੋ, ਨਾਲੇ ਹੀ ਆਹ ਸੰਤ ਤਾਂ ਮਹਾਨ ਨੇ ਦੂਜੇ ਸ਼ਤਾਨ ਨੇ ਕਿਸੇ ਹੋਰ ਵਰਗ ਦੇ ਕੋਈ ਹੋਰ ਮਹਾਨ ਨੇ ਲੇਖਕ ਭੀ ਜੀ ਫਲਾਣਾ ਮਹਾਨ ਉਹਨੇ ਧਰਮ ਧੁਰਾ ਅੰਕਤ ਕੀਤਾ ਕਿਸੇ ਨੇ ਲਿਖਤਾ ਪੰਜਾਬ ਵੱਸਦਾ ਗੁਰਾਂ ਦੇ ਨਉਂ 'ਤੇ, ਹੁਣ ਸਿੱਧ ਹੈ? ਸੋਹਣ ਸਿੰਘ ਸੀਤਲ ਦੀਆਂ ਦਰਜਨਾਂ ਪੁਸਤਕਾਂ ਰਾਜਾ ਰਾਜ ਸ਼ੇਰੇ ਪੰਜਾਬ ਦੇ ਕਿਸੇ ਪਰਿਵਾਰ ਦਾ ਦੁਖਾਂਤ, ਮੈਂ ਪੜ੍ਹੇ ਸਨ ਪਰ ਉਦੋਂ ਤਾਂ ਬੱਸ ਕਿਤਾਬਾਂ ਪੜ੍ਹੋ ਸੋਝੀ ਥੋੜ੍ਹੀ ਸੀ, ਹੁਣ ਸੀਤਲ ਨੇ ਤਾਂ ਇਹ ਭੀ ਲਿਖਿਆ **ਪੁੱਤਰਾਂ ਵਾਂਝ ਨਾ ਸੋਹਦੀਆਂ ਮਾਵਾਂ, ਭਾਵੇਂ ਲੱਖ ਦੌਲਤ ਨਾਲ ਭਰੀਏ,** ਅੱਜ ਲਾਗੂ ਹੈ ਭਾਵੇਂ ਗੁਰ ਉਪਦੇਸ਼ ਭੀ ਹੈ ਪਰ ਸਮਾਂ ਨੀ ਸਹਿਮਤ, ਸੀਤਲ ਹੋਰਾਂ ਦੇ ਮੈਂ ਦਰਸ਼ਨ ਕੀਤੇ ਸਨ ਪਰ ਘਰ ਹਵੇਲੀ ਵਿੱਚ ਪਰਾਂ ਬੈਠਿਆਂ ਦੇ ਹੀ, ਪਿਤਾ ਛੁੱਟੀ ਆਉਂਦੇ ਤੇ ਸੀਤਲ ਜੀ ਇਕ ਗਿਆਨੀ ਦੀ ਹੱਟੀ 'ਤੇ ਜੁੜਦੇ, ਪਿਤਾ ਨੂੰ ਕਿਤਾਬਾਂ ਦੇਣੀਆਂ ਉਨ੍ਹਾਂ ਨੇ ਖੇਤੀਬਾੜੀ ਦੀਆਂ ਵਸਤਾਂ, ਸਬਜੀਆਂ ਆਦਿ ਆ ਕੇ ਸਾਈਕਲ 'ਤੇ ਲਿਜਾਂਦੇ ਹੁੰਦੇ ਸਨ, ਉਨ੍ਹਾਂ ਦਾ ਕੋਈ ਮਿੱਤਰ ਅਚਾਰਾਂ ਦਾ ਕਾਰੋਬਾਰੀ ਸੀ ਤਾਂ ਪਿਤਾ ਕਈ ਤਰ੍ਹਾਂ ਦਾ ਅਚਾਰ ਉਥੋਂ ਬਣਵਾਉਂਦੇ ਹੁੰਦੇ ਸਨ, ਕਿਤਾਬ ਲਈ ਮੈਨੂੰ ਹੁਕਮ ਕਰਨਾ ਐਨੇ ਸਮੇਂ ਵਿੱਚ ਮੈਂ ਪੜ੍ਹੀ ਹੈ ਤੂੰ ਭੀ ਖ਼ਤਮ ਕਰਨੀ ਹੈ ਬੱਸ ਪੜ੍ਹ ਲਈ ਮੰਨਣਾ ਪਊਗਾ ਕਿ ਹਰ ਲੇਖਕ ਪ੍ਰਚਾਰਕ ਦਾ ਆਪਣਾ ਨਜ਼ਰੀਆ ਹੁੰਦਾ ਹੈ ਅੱਡਰਾ ਕੱਲ੍ਹ ਅਸੀਂ ਕੁਝ ਵਟਾਂਦਰੇ ਵਿੱਚ ਰੁੱਝੇ ਕਿ ਕੀ ਗੁਰੂ ਨਾਨਕ ਦੇਵ ਜੀ ਵੇਲੇ ਦੀਆਂ ਲਿਖਤਾਂ ਹਨ ਕਿਉਂਕਿ ਉਸ ਵੇਲੇ ਤੱਕ ਤਾਂ ਹਿੰਦੂ ਧਾਰਮਿਕ ਗੀਤਾ, ਵੇਦ, ਉਪਨਿਸ਼ਦ ਆਦਿ ਸਨ, ਬਾਈਬਲ, ਕੁਰਾਨ-ਸ਼ਰੀਫ, ਯਾਨੀ ਛਾਪੇ ਖਾਨੇ ਤਾਂ ਕਿਉਂ ਫੇਰ ਐਨੇ ਸਮੇਂ ਮਗਰੋਂ ਸਾਡਾ ਗੁਰੂ ਗ੍ਰੰਥ ਹੋਂਦ ਵਿੱਚ ਆਇਆ, ਹੁਣ ਆਹ ਆਦਿ-ਗ੍ਰੰਥ ਦਾ ਦਿਵਸ ਮਨਾਉਣ ਲੱਗੇ ਹਨ, ਲੋਕੀ ਸੁਣ ਸੁਣ ਪ੍ਰੇਸ਼ਾਨ ਕੋਈ ਗੁਰ-ਦੁਆਰਾ ਆਖਦਾ ਹੈ ਜੀ ਪਹਿਲਾਂ ਪ੍ਰਕਾਸ਼ ਨਾਲ ਹੀ 550ਵਾਂ ਲੱਗਦਾ ਸਿੱਖ ਮੂੰਹ ਆਇਆ ਬੋਲ ਕੇ ਵਿਦਵਾਨ ਬਣਨ ਲੱਗੇ ਵੇ ਨੇ, ਗੁਰੂ ਪ੍ਰਬੰਧਕਾਂ ਨੂੰ ਸੁਮੱਤ ਬਖ਼ਸ਼ੇ ਬੱਸ ਧੂਤੂ ਫੜ ਜੀ ਆਹ ਚੈਨਲ ਦੀ ਦੇਣ ਹੈ,

**43 ਸਫ਼ੇ ਦੀ ਬਾਕੀ**

**ਬਾਕੀ ਹਿਸਾ ਸਫ਼ਾ 44 ਤੇ ਪੜ੍ਹੋ**

ਗੁਰੂ ਪਿਆਰਿਉ ਆਖ ਕੱਢੋ ਮਾਇਆ ਦਸਵੰਧ ਦਿਉ ਉਧਰ ਸ਼੍ਰੋਮਣੀ ਕਮੇਟੀ ਹਰ ਰੋਜ਼ ਹੀ ਦਿਵਸ ਜਲੂਸ ਕੱਢਣ ਤੇ ਕਿਰਤ ਕਿਥੋਂ? ਲੋਕੀ ਤਾਂ ਨਗਰ-ਕੀਰਤਨਾਂ ਮਗਰ ਜਾਣ 'ਤੇ ਨੇ, ਉਹੀ ਰੀਤ ਵਿਦੇਸ਼ੀ ਪਾ ਲਈ ਸਾਰਾ ਸਾਲ ਸੜਕਾਂ ਘੇਰੋ, ਚੈਨਲਾਂ ਨੂੰ ਖੱਟੀ, ਸੇਵਾ ਨੂੰ ਲੱਗਦਾ ਹੈ ਮੇਵਾ, ਇਕ ਗੁਰਦੁਆਰੇ ਦਾ ਗ੍ਰੰਥੀ ਜੁਆਨ ਕੱਢਤਾ ਤਾਂ ਚੈਨਲ 'ਤੇ ਆਖਦਾ ਕਿ ਮੈਂ ਕਿਹਾ ਗੁਰਦੁਆਰਾ ਖੋਹਲੂੰ ਮੈਂ ਭੀ, ਕਹਾਣੀ ਹਾਲੇ ਨਸ਼ਰ ਨਹੀਂ ਹੋਈ ਪਰ ਬਰਮਿੰਘਮ ਕਿਸੇ ਗੁਰਦੁਆਰੇ ਦੀ ਹੈ (ਪ੍ਰਸਿੱਧ ਹੈ ਗੁਰ-ਦੁਆਰਾ) ਧਰਮ ਦਾ ਪਸਾਰਾ ਹੀ ਇੰਨਾ ਹੈ ਕਿ ਕੋਈ ਭੀ ਸੱਚਾਈ ਵੱਲ ਵੱਧਣ ਨੂੰ ਤਿਆਰ ਨਹੀਂ ਕਿ ਚਰਚਾਂ ਵਾਂਗੂੰ ਥਾਂ ਥਾਂ ਗੁਰਦੁਆਰੇ ਕਿਉਂ ਧਰਮ ਲਈ? ਜਾਂ ਵਪਾਰ ਲਈ ਫੇਰ ਝਗੜੇ ਦਾਅਵੇ।

ਅੱਡਰਾ ਵਿਸ਼ਾ ਜੋ ਗੁਰਦੁਆਰਾ ਨਾਲ ਚੱਲਦਾ ਹੈ ਭਾਵੇਂ ਮੁਕੱਦਮੇ ਇਕੋ ਥਾਂ ਨਹੀਂ, ਗਾਥਾ ਅਰੰਭ ਕਰਨ ਤੋਂ ਪਹਿਲਾਂ ਭੂਮਿਕਾ ਬੰਨ ਦੇਵਾਂ ਗੁਰਦੁਆਰਿਆਂ ਦੇ ਝਗੜੇ ਨਵੇਂ ਨਹੀਂ, ਅਦਾਲਤਾਂ ਤੇ ਚੈਰਿਟੀ ਮੇਲੇ ਪਹਿਲਾਂ ਦੇ ਭਾਵੇਂ ਨਿਬੇੜੇ ਕੋਈ ਸਾਰਥਕ ਨਹੀਂ ਹੁੰਦੇ ਅਦਾਲਤਾਂ ਤਾਂ ਫੇਰ ਕਿਧਰੇ ਕੁਝ ਪੱਲੇ ਪਾ ਦੇਣ ਚੈਰਿਟੀ ਕਮਿਸ਼ਨ ਤਾਂ ਹਰ ਇਕ ਭਰੋਸੇ ਦੇਣ ਲਈ ਹੀ ਹੈ: ਆਉ ਜਰਾ ਸਿੱਖ ਪਰੰਪਰਾਵਾਂ, ਸੰਸਥਾਵਾਂ, ਜਥੇਬੰਦੀਆਂ ਦੀ ਦੇਣ ਵੱਲ ਝਾਤੀ ਮਾਰੀਏ :- ਦੋ ਸਿੱਖ ਕੌਂਸਲਾਂ ਪਿਛਲੇ ਸਾਲ ਵਕੀਲਾਂ ਨਾਲ ਰੱਲਕੇ ਕੁਝ ਮੋਹਤਵਰਾਂ ਨੇ ਨਵੀਂ ਘੜਤ ਜੀ ਸਿੱਖਸ ਇਨ ਲਾਅ ਯਾਨੀ ਸਿੱਖ ਅਦਾਲਤ ਹੈ ਜੀ ਪਰ ਹੈਗੀ ਆਪਣੀ ਹੋਂਦ ਤੇ ਪ੍ਰਸਿੱਧੀ ਲਈ ਕੀ ਸਰਕਾਰ ਨੂੰ ਪਤਾ ਨਹੀਂ ਕਿ ਇਹਦੀ ਮਾਨਤਾ ਕੀ ਹੈ? ਆਉ ਅਸਲੀ ਵਿਸ਼ੇ 'ਤੇ ਸਾਂਝ ਪਾਵਾਂ, ਇਕ ਭਾਈਵੰਦ ਨੇ ਬੇਟੀ ਤੋਂ ਕਰੋਲੀ ਗੁਰਦੁਆਰੇ ਜੋ ਦੋ ਧੜਿਆਂ ਵਿੱਚ ਖੜਕੀ ਹੋਈ ਹੈ ਪੁਰਾਣਾ ਗੁਰੂ ਘਰ ਤੇ ਨਵਾਂ ਥਾਂ ਖਰੀਦ ਕੇ ਵੱਡੀ ਪੱਧਰ ਦਾ ਉਪਰਾਲਾ ਭਾਵੇਂ ਕਹਿੰਦੇ ਕਿ ਜਗ੍ਹਾ ਹਾਲੇ ਪਲੈਨਿੰਗ ਲਈ ਦਿੱਕਤਾਂ ਹਨ, ਕਾਬਜ ਧੜਾ ਪਹਿਲੀ ਕਮੇਟੀ ਜੋ ਗੁਰਦੁਆਰਾ (ਪਹਿਲਾਂ) ਵੇਚਣਾ ਚਾਹੁੰਦੀ ਹੈ ਪਰ ਨਵੇਂ ਧੜੇ ਦੀ ਜਰਦਾਰੀ ਭੀ ਹੈ, ਅਦਾਲਤੀ ਕੇਸ ਤਾਂ ਹੱਕ ਵਿੱਚ ਨਹੀਂ ਹੋਇਆ ਪਰ ਕਬਜੇ ਕਰੀ ਬੈਠੇ ਹਨ, ਹੁਣ ਉਨ੍ਹਾਂ ਸੰਗਤਾਂ ਨੂੰ ਬੇਨਤੀ ਕੀਤੀ ਸੀ ਸਾਡੀ ਮੱਦਤ ਕਰੋ ਪਰ ਕਿਵੇਂ ਤੇ ਕਿਉਂ ਦਾ ਵੇਰਵਾ ਨਹੀਂ, ਸਵਾਲ ਬੇਟੀ ਨੂੰ ਸਲਾਹ ਲਈ ਜਦੋਂ ਪੂਰਾ ਕਾਗਜ਼ ਪੱਤਰ ਨਾ ਸਾਹਮਣੇ ਹੋਵੇ, ਮਸ਼ਵਰਾ ਕਿਵੇਂ, ਡਾਕਟਰ ਨੂੰ ਦੁੱਖ ਦੀ ਤਫਤੀਸ਼ ਕਰਕੇ ਹੀ ਦਾਰੂ ਦੇਣੀ ਹੁੰਦੀ ਹੈ। ਅਸੀਂ ਗੱਲ ਤਾਂ ਲਕੋਈ ਹੁੰਦੀ ਹੈ, ਸੰਗਤਾਂ ਨੂੰ ਦਾਸ ਬਣ ਕੇ ਨਾਲ ਰਲਾਉਣ ਦੀ ਗੁਹਾਰ, ਸੰਗਤਾਂ ਦੱਸੋ ਕੀ ਭਾਗ ਪਉਣ, ਗੁਰੂ ਘਰ ਖੋਲ੍ਹਣ ਵੇਲੇ ਤਾਂ ਪੈਸੇ ਨੇ ਹੁਣ ਕੀ ਜਾ ਕੇ ਧਰਨੇ ਲਾ ਦੇਣ, ਨੰਬਰ ਇਕ ਤਾਂ ਸਾਊਥਾਲ ਦੇ ਤਾਂ ਆਪਣੇ ਗੁਰਦੁਆਰੇ ਦਾ ਟਰੱਸਟੀਆਂ ਦੀ ਨਿਯੁਕਤੀ ਗੈਰ ਵਿਧਾਨਕ ਤੇ ਵਿਧਾਨ ਹੀ ਬਦਲ ਧਰਿਆ, ਵਿਰੋਧੀ ਧਿਰ ਆਪ ਅਦਾਲਤਾਂ ਦਾ ਬੂਹਾ ਖੜਕਾ ਕੇ ਹੱਲ ਲੱਭ ਰਹੀ ਹੈ, ਕਹਾਵਤ ਕਿ **ਆਪਣਾ ਝਾਟਾ ਉਲਝਿਆ ਪਿਆ ਦੂਜਿਆਂ ਦੇ ਸਿਰ ਗੁੰਦਣ ਜਾ ਰਹੇ ਨੇ,** ਦੂਜਾ ਨੁਕਤਾ ਕਿ ਕਾਬਜ਼ ਧੜੇ ਕਿਉਂ ਪੁਰਾਣੇ ਗੁਰਦੁਆਰੇ ਵਿੱਚ ਬੈਠਾ ਭੀ ਹੈ ਤੇ ਵੇਚਣਾ ਭੀ ਚਾਹੁੰਦਾ ਹੈ, ਵੇਚ ਕੇ ਕੀ ਕਰਨਾ ਹੈ, ਪੈਸਾ ਨਵੀਂ ਖਰੀਦ ਥਾਂ 'ਤੇ ਲਉਣਾ ਹੈ ਜਾਂ ਨਵੀਂ ਹੋਰ ਥਾਂ, ਫੇਰ ਕੀ ਨਵੀਂ ਥਾਂ ਦੀ ਡੀਡ ਪੁਰਾਣੇ ਟਰੱਸਟੀਆਂ ਦੇ ਨਾਉਂ ਹੈ, ਭਾਵੇਂ ਰੁਕਸਤ ਹੋ ਗਏ ਕੇਵਲ ਦੋ ਹੀ ਹਨ, ਪਰ ਵਿਧਾਨ ਕਿਹੜੇ ਅਨੁਸਾਰ ਕਾਰਵਾਈ? ਅਦਾਲਤੀ ਕੇਸ ਦਾ ਫੈਸਲਾ ਕੀ ਆਖਦਾ ਹੈ, ਰਹੀ ਗੱਲ ਕਿ ਕਬਜ਼ਾ ਕਰੀ ਬੈਠੇ ਕੀ ਦਲੀਲ ਦਿੰਦੇ ਹਨ ਨਜਾਇਜ਼ ਹੈ ਤਾਂ ਹੋਰ ਢੰਗ ਵਰਤੇ ਜਾ ਸਕਦੇ ਹਨ, ਪੂਰਾ ਵੇਰਵਾ ਨਸ਼ਰ ਕਰੋ ਨਹੀਂ ਤਾਂ ਫੇਰ ਲੋਕਲ ਝਗੜਾ ਹੈ ਆਪਸ ਵਿੱਚ ਨਿਬੇੜੋ, ਨਹੀਂ ਤਾਂ ਫੇਰ ਅਦਾਲਤ ਜਾਂ ਫੇਰ ਆਹ ਜੋ ਚੈਨਲ ਅਦਾਲਤ ਲਾਈ ਬੈਠਦੇ ਨੇ ਇਨ੍ਹਾਂ ਨੂੰ ਪੁੱਛੋ ਗੁਰੂ ਘਰਾਂ ਦਾ ਪੈਸਾ ਬਟੋਰਨ ਵਾਲੇ ਕੌਂਸਲ ਦੇ ਕਾਰਕੁਨ ਕੋਈ ਸੁਪਰੀਮ ਕੋਈ ਵੱਡੀ ਘੜੀਸੋ ਉਨ੍ਹਾਂ ਨੂੰ ਨਹੀਂ ਤਾਂ ਕਰੋ ਭੰਡੀ ਕਿ ਇਹ ਐਮੇ ਮੀਚੀ ਦੀਆਂ ਖੇਡਾਂ ਕਰ ਕਰ ਕੌਮ, ਧਰਮ ਤੇ ਗੁਰੂ ਘਰ ਵਰਤ ਰਹੇ ਹਨ। ਸਬਕ ਸਿੱਖਣ ਦੀ ਤਾਂ ਕੋਈ ਵਿਉਂਤ ਨਹੀਂ ਬੱਸ ਆਹ ਧੱਕਾ ਲਾਉ ਜੀ।

ਧਰਮ ਦੀ ਅਧੋਗਤੀ ਦੇ ਕੌਣ ਜ਼ਿੰਮੇਵਾਰ, ਮੇਰੇ ਵਿਚਾਰ ਪਹਿਲਾਂ ਤਾਂ ਡੇਰੇ, ਮਹੰਤ, ਸਾਧ ਸੀ, ਹੁਣ ਜਾਤ-ਬਰਾਦਰੀ ਹਰ ਥਾਂ ਪਸਰੀ ਹੈ। ਰੱਬ ਦੇ ਚੈਨਲ 'ਤੇ ਪ੍ਰੋਗਰਾਮ ਨਵਾਂ ਬਣਿਆ ਪੱਤਰਕਾਰ, ਪੱਤਰੀ ਫੋਲੇ ਜੀ ਰਾਧਾ ਸੁਆਮੀਆਂ ਨੇ ਸਿੱਖ ਧਰਮ ਦਾ ਬੜਾ ਨੁਕਸਾਨ ਕੀਤਾ ਤੇ ਗੁਰਬਾਣੀ ਨਾਲ ਅਨਰਥ ਕੋੜੇ ਅਰਥ ਆਦਿ ਵਿਸ਼ਾ ਸੀ ਕਿ ਦਾਦੂਵਾਲ ਦੀ ਦੋਸਤੀ, ਆਰ.ਐਸ.ਐਸ. ਕਿਸੇ ਮਹੰਤ ਨੂੰ ਗੱਦੀ, ਪੱਗ ਆਦਿ ਤੇ ਭਾਈ ਮੂਰਖਾ ਰਾਧਾ ਸੁਆਮੀਆਂ ਨੇ ਕਦੇ ਭੀ ਗੁਰੂ ਜਾਂ ਬਾਣੀ ਅਪਮਾਨ ਨਹੀਂ ਕੀਤਾ ਸਗੋਂ ਪੜ੍ਹਕੇ ਕਥਾ ਵਿਆਖਿਆ ਕਰਦੇ ਸੀ ਹਾਂ ਉਹ ਆਪਣੇ ਮੁਖੀ ਨੂੰ ਗੁਰੂ ਨਹੀਂ ਮਹਾਰਾਜ ਆਖਦੇ ਨੇ, ਜਾਦੂਵਾਲ (ਦਾਦੂਵਾਲ) ਦੀ ਨੇੜਤਾ ਅੱਜ ਦੀ ਨਹੀਂ, ਇਸ ਬੰਦੇ ਨੇ ਸੌਦੇ ਡੇਰੇ ਦਾ ਵਿਰੋਧ ਭੀ ਆਪਣੀ ਡੇਰੇਦਾਰੀ ਕਰਕੇ ਕੀਤਾ ਸੀ, ਭਾਵੇਂ ਕਿ ਪਿੱਛੋਂ ਜੋ ਭੰਗ ਭੁੱਜੀ ਮੈਂ ਨਹੀਂ ਛੇੜਨੀ, ਮੇਰਾ ਤਾਂ ਵਿਸ਼ਵਾਸ਼ ਕੇਵਲ ਪ੍ਰਮਾਤਮਾਂ 'ਤੇ ਹੀ ਹੈ ਪਰ ਸਿੱਖ ਸਾਈਕੀ ਮੂਰਤੀ, ਮੂਰਤਾਂ ਜਾਂ ਮਨੁੱਖਤਾ ਦੀ ਪੂਜਾਰੀ ਗੁਰੂ ਮਨੋਤ ਭੀ ਇਹ ਇਸੇ ਹਿਸਾਬ ਕਰਕੇ ਹਨ ਭਾਵੇਂ ਦਸਮੇ ਪਾਤਸ਼ਾਹ ਕਹਿੰਦੇ ਹਮ ਕੋ ਪ੍ਰਮੇਸ਼ਰ ਨਾ ਉਚਰੋ ਪਰ ਅਸੀਂ ਤਾਂ ਆਪਣਾ ਪਲ੍ਹੜਾ ਦੇਖਣਾ ਕਿਉਂ ਦਾਦੂਵਾਲ ਨੂੰ ਜਥੇਦਾਰੀ ਵਿੱਚ ਸ਼ਾਮਿਲ ਕੀਤਾ? ਕਿਉਂਕਿ ਉਹ ਕਾਂਗਰਸੀ ਇਕੱਤਰਤਾ ਸੀ ਬਰਗਾੜੀ ਭੀ ਹਰ ਥਾਂ ਕਿਉਂ ਅਕਾਲ ਤਖ਼ਤ 'ਤੇ ਇਹ ਦੀ ਸ਼ਿਕਾਇਤ ਨਹੀਂ? ਪੰਜਾਬ ਨੂੰ ਜਿੰਨਾ ਖਤਰਾ ਇਸ ਵਰਗ, ਜਾਤਪਾਤ ਤੋਂ ਅਤੇ ਕਿਸਾਨ ਆਗੂਆਂ ਤੋਂ ਹੈ ਕਿਸੇ ਹਮਲਾਵਰ ਤੋਂ ਨਹੀਂ, ਅੱਜ ਪੰਜਾਬ ਦੇ ਕਿਸਾਨ ਮਜ਼ਦੂਰ ਸਕੇ ਨਹੀਂ, ਧਰਨੇ ਕੋਈ ਭਲਾਈ ਲਈ ਨਹੀਂ ਕਾਂਗਰਸ ਸਤਾ ਲਈ ਹਨ ਆਈ ਤੇ ਛਾਈ ਮਾਈ, ਹੁਣ ਕੰਗਣਾ ਨੂੰ ਮੋਹਰਾ ਬਣਾ ਦੁਹਾਈ ਹਰਜੀਤ ਸਿੰਘ ਗਰੇਵਾਲ ਭੀ ਵਿਰੁੱਧ, ਭੁੱਲੋ ਨਾ ਇਹਨੇ ਹੀ ਪਹਿਲਾਂ ਭਾਜਪਾ-ਅਕਾਲੀ ਗੱਠਜੋੜ ਤੋੜੋ ਦੀ ਰੱਟ ਲਾਈ ਸੀ, ਹੁਣ ਪੁੱਛੋ ਕਿ ਇਹਨੂੰ ਕੀ ਦਿੱਤਾ? ਕਿਸਾਨ ਤਾਂ ਖੁਦਗਰਜ਼, ਬੇਗੁਰੇ ਤੇ ਅਸਾਨ ਫਰਾਮੋਸ਼ ਨੇ।

ਦੇਖੋ ਕਿਵੇਂ ਬਾਦਲ ਸਾਹਬ ਦੀਆਂ ਸੇਵਾਵਾਂ ਪਰ ਉਨ੍ਹਾਂ ਨੂੰ ਹੀ ਜਲੀਲ, ਕਿਸਾਨਾਂ ਨੂੰ ਬਿਜਲੀ ਮੁਫ਼ਤ (ਉਸ ਵੇਲੇ ਲੋੜ ਸੀ) ਟਰੈਕਟਰ ਦਾ ਟੈਕਸ ਮੁਆਫ ਕਰਾਇਆ, ਕੀ ਕੀ ਸਹੂਲਤਾਂ ਦਿੱਤੀਆਂ, ਹੁਣ ਹੋਰ ਨਹੀਂ ਤਾਂ ਜੀ (ਫ਼ਖਰੇ ਕੌਮ) ਮੋੜੋ, ਅਕਾਲੀ ਪੁਰਾਣੇ ਹੁੰਦੇ ਤਾਂ ਇਨ੍ਹਾਂ ਦੇ ਫੋੜਿਆਂ ਨਾਲ ਮੋਰੇ ਤੱਤੇ ਕਰਦੇ, ਕਾਸ਼! ਅੱਜ ਮੇਰੇ ਚਾਚਾ ਜੀ ਜਸਵੰਤ ਸਿੰਘ ਹੁੰਦੇ ਤਾਂ ਪੰਜਾਂ ਸੱਤਾਂ ਦਾ ਤਾਂ ਇਲਾਜ ਹੁੰਦਾ, ਆਹ ਅਗਿਆਨੀ ਕੇਵਲ ਸਿੰਘ ਤਾਂ ਤਲਬ ਹੋਣੇ ਚਾਹੀਦੇ ਨੇ, ਬੀਬੀ ਜਗੀਰ ਕੌਰ ਨੂੰ ਤਾਂ ਪ੍ਰਧਾਨਗੀ ਕੀ ਡੇਰੇਦਾਰੀ ਭੀ ਨਹੀਂ ਜਚਦੀ, ਕੀ ਅਕਾਲ ਤਖ਼ਤ ਦੇ ਜਥੇਦਾਰ ਦਾ ਹੁਕਮ ਤਰੀਕ ਲੰਘ ਗਈ ਕਿ ਕੋਈ ਬਿਆਨ ਨਾ ਦਿਉ? ਹੁਕਮ-ਨਾਮੇ ਬੱਸ ਭਾਸ਼ਨ ਹੀ ਨੇ ਸਾਧਾਰਨ ਵਿਅਕਤੀ ਡਰਦਾ ਹੈ ਇਹ ਹੰਭੇ, ਹੰਡੇ ਤੇ ਖੁੰਡੇ ਨੇਤਾ ਨਹੀਂ, ਕਸੂਰ ਸ਼੍ਰੋਮਣੀ ਕਮੇਟੀ ਦਾ ਭੀ ਹੈ, ਨੱਥੂ ਖੈਰਾ ਲੰਬੜਦਾਰ, ਭਰ ਲਈ ਕਮੇਟੀ ਮੁਲਾਜ਼ਮਾਂ ਨਾਲ ਹੇੜ ਵਿੱਚੋਂ ਕੋਈ ਭੀ ਵਫ਼ਾਦਾਰ ਨਹੀਂ, ਜਾਤਾਂ-ਪਾਤਾਂ ਆਧਾਰਿਤ ਨੌਕਰੀਆਂ ਉਹੀ ਪ੍ਰਚਾਰ ਕਰਦੇ ਨੇ ਨਿਹੰਗ ਜਥੇਬੰਦੀਆਂ ਭੀ ਕਈ ਵਿੰਗਾਂ ਵਿੱਚ ਵੰਡੀਆਂ ਨੇ, ਹੁਣ ਇਹ ਹੋਰ ਧਿਰ ਅਮ੍ਰਿਤਪਾਲ ਸਿੰਘ ਮਹਿਰੋ (ਮੋਗੇ ਜਿਲੇ ਦਾ ਪਿੰਡ) ਇਕੱਠ ਲਈ ਉਤਾਵਲਾ ਪਰ ਕੋਈ ਨਾਮਵਰ ਜਥੇਬੰਦੀ ਨਾਲ ਦਿਸਦੀ ਨਹੀਂ, ਪਰ ਹਾਂ ਇਕ ਬੀਬੀ ਨੇ ਬੜੀ ਢੁੱਕਦੀ ਗੱਲ ਆਖੀ ਕਿ ਇਹ ਪਰਿਵਾਰ ਮਾਂ, ਪਿਉ ਕਿਉਂ ਜਾਂਦੇ ਨੇ ਸਾਧਾਂ ਦੇ ਡੇਰੀ, ਫੇਰ ਧੀਆਂ ਨੂੰ ਕਿਉਂ ਲਿਜਾਂਦੇ ਨੇ, ਇਹੀ ਹਾਲ ਸੌਦੇ ਵੇਲੇ ਸੀ, ਲਾਲਚਾਂ ਨੂੰ ਜਾਂਦੇ ਨੇ ਕਿਸੇ ਨੇ ਕੋਠੀਆਂ ਲਈਆਂ, ਜਮੀਨਾਂ ਲਈਆਂ, ਮੁੜਕੇ ਭੱਜ ਕੇ ਬਦਖੋਹੀ, ਪਹਿਲਾਂ ਤਾਂ ਮੁਰੱਮਤ ਇਨ੍ਹਾਂ ਦੀ ਹੋਵੇ, ਚਲੋ ਸਿੱਖ ਧਰਮ ਵਿੱਚ ਤਾਂ ਜਣਾ ਕਣਾ ਠਾਣੇਦਾਰ ਹੈ। ਵਿਦੇਸ਼ੀ ਭੀ ਦੇਖ ਲਵੋ ਉਹੀ ਬੰਦੇ ਹਰ ਥਾਂ ਪੰਥਬਾਲੀ ਮਰਜੀ ਦਾ ਧਰਮ ਪ੍ਰਚਾਰਦੇ ਨੇ ਪਰ ਇਥੋਂ ਦੇ ਜੰਮਪਲ ਤਾਂ ਦੂਰ ਨੇ ਆਮਦੀਆਂ ਦੇ 84ਵਿਆਂ ਦੇ ਤੇ ਯੂਰਪੀਅਨਾਂ ਦੀ ਗਿਣਤੀ ਏ ਰੱਬ ਨੂੰ ਤਾਂ ਸਿੱਖ ਮੰਨਦੇ ਨਹੀਂ ਗੁਰੂ-ਪ੍ਰਥਾ ਤੋਂ ਮਨੁੱਖੀ ਪੂਜਾ ਦੀ ਪਿਰਤ ਦੇ ਹਾਮੀ ਹਨ ਹੱਟ ਨਹੀਂ ਸਕਦੇ, ਸਗੋਂ ਹੁਣ ਤਾਂ ਧਰਮ ਪ੍ਰਵਾਨਤ ਹੋ ਜਾਣਾ ਹੈ, ਐਮੇ ਝੱਖ ਮਾਰਨ ਦਾ ਲਾਭ ਨਹੀਂ ਆਪਣਾ ਪ੍ਰਭੂ ਧਿਆਉ ਮਨ ਟਿਕਾਉ ਸਲਾਮਤ ਰਹੋ।

* * * * * * *

# ਅਦਾਲਤ ਵਲੋਂ ਕੰਗਨਾ ਦੀ ਫਿਲਮ ਐਮਰਜੈਂਸੀ ਦੀ ਰਿਲੀਜ਼ ਦਾ ਰਸਤਾ ਹੋਇਆ ਸਾਫ



**ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):** ਕੰਗਨਾ ਰਣੌਤ ਦੀ ਬਹੁਚਰਚਿਤ ਫਿਲਮ ਐਮਰਜੈਂਸੀ ਦੀ ਰਿਲੀਜ਼ ਤੇ ਰੋਕ ਨੂੰ ਲੈ ਕੇ ਵੀਰਵਾਰ ਨੂੰ ਬੰਬੇ ਹਾਈ ਕੋਰਟ ਚ ਮੁੜ ਸੁਣਵਾਈ ਹੋਈ। ਇਸ ਦੌਰਾਨ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਨੇ ਕਿਹਾ ਕਿ ਕੰਗਨਾ ਰਣੌਤ ਦੀ ਇਹ ਫਿਲਮ ਰਿਲੀਜ਼ ਹੋ ਸਕਦੀ ਹੈ। ਇਸ ਤੋਂ ਪਹਿਲਾਂ ਫਿਲਮ ਫ਼ਲਸਤੋਂਚ ਕੁਝ ਕਟੌਤੀਆਂ ਕਰਨੀਆਂ ਪੈਣਗੀਆਂ, ਜਿਨ੍ਹਾਂ ਦਾ ਸੁਝਾਅ ਸੈਂਸਰ ਬੋਰਡ ਦੀ ਸਮੀਖਿਆ ਕਮੇਟੀ ਨੇ ਦਿੱਤਾ ਸੀ। ਬੋਰਡ ਨੇ ਇਹ ਗੱਲ ਜਸਟਿਸ ਬੀਪੀ ਕੋਲਾਬਾਵਾਲਾ ਅਤੇ ਜਸਟਿਸ ਫਿਰਦੌਸ ਪੋਨੀਵਾਲਾ ਦੀ ਬੈਂਚ ਦੇ ਸਾਹਮਣੇ ਕਹੀ। ਇਸ ਸਬੰਧੀ ਫਿਲਮ ਨਿਰਮਾਤਾ ਕੰਪਨੀ ਜ਼ੀ ਸਟੂਡੀਓ ਦਾ ਕਹਿਣਾ ਹੈ ਕਿ ਉਹ ਸੋਮਵਾਰ ਤੱਕ ਇਸ ਮਾਮਲੇ ਤੇ ਵਿਚਾਰ ਕਰੇਗੀ ਅਤੇ ਕਿਹਾ ਕਿ ਅਸੀਂ ਇਸ ਬਾਰੇ ਜਾਣਕਾਰੀ ਪ੍ਰਾਪਤ ਕਰਾਂਗੇ ਕਿ ਕਿਹੜੀਆਂ ਕਟੌਤੀਆਂ ਕੀਤੀਆਂ ਜਾ ਸਕਦੀਆਂ ਹਨ। ਅਦਾਲਤ ਅਗਲੇ ਹਫ਼ਤੇ ਇਸ ਮਾਮਲੇ ਦੀ ਸੁਣਵਾਈ ਕਰੇਗੀ। ਜ਼ੀ ਸਟੂਡੀਓਜ਼ ਨੇ ਖੁਦ ਅਦਾਲਤ ਚ ਅਰਜ਼ੀ ਦਾਇਰ ਕਰਕੇ ਸੈਂਸਰ ਬੋਰਡ ਵੱਲੋਂ ਇਸ ਨੂੰ ਸਰਟੀਫਿਕੇਟ ਜਾਰੀ ਕਰਨ ਦਾ ਹੁਕਮ ਦੇਣ ਦੀ ਮੰਗ ਕੀਤੀ ਸੀ। ਇਸ ਫਿਲਮ ਨੂੰ ਲੈ ਕੇ ਦੋਸ਼ ਲੱਗੇ ਸਨ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆ ਦੇ ਕਿਰਦਾਰ ਨਾਲ ਛੇੜਖਾਣੀ ਕੀਤੀ ਗਈ ਸੀ ਤੇ ਸਿੱਖ ਕੌਮ ਨੂੰ ਗਲਤ ਤਰੀਕੇ ਨਾਲ ਦਿਖਾਇਆ ਗਿਆ ਹੈ। ਇਸ ਤੋਂ ਬਾਅਦ ਵਿਵਾਦ ਵਧ ਗਿਆ ਅਤੇ ਸੈਂਸਰ ਬੋਰਡ ਨੇ ਰਿਲੀਜ਼ ਨੂੰ ਰੋਕ ਦਿੱਤਾ। ਜ਼ੀ ਸਟੂਡੀਓਜ਼ ਨੇ ਅਦਾਲਤ ਚ ਕਿਹਾ ਸੀ ਕਿ ਅਸੀਂ 29 ਅਗਸਤ ਨੂੰ ਹੀ ਫਿਲਮ ਸਰਟੀਫਿਕੇਸ਼ਨ ਬੋਰਡ ਦੇ ਸਾਹਮਣੇ ਆਪਣੀ ਅਰਜ਼ੀ ਦਾਖ਼ਲ ਕੀਤੀ ਸੀ। ਪਰ ਹੁਣ ਤੱਕ ਸਾਨੂੰ ਬੋਰਡ ਤੋਂ ਸੈਂਸਰ ਸਰਟੀਫਿਕੇਟ ਨਹੀਂ ਮਿਲਿਆ ਹੈ।

# ਸਿੰਗਾਪੁਰ ਦੇ ਭਾਰਤੀ ਮੂਲ ਦੇ ਸਾਬਕਾ ਮੰਤਰੀ ਐਸ. ਈਸ਼ਵਰਨ ਦੋਸ਼ੀ ਕਰਾਰ

ਭਾਰਤੀ ਮੂਲ ਦੇ ਸਿੰਗਾਪੁਰ ਦੇ ਸਾਬਕਾ ਆਵਾਜਾਈ ਮੰਤਰੀ ਐਸ. ਈਸ਼ਵਰਨ ਨੂੰ ਨਿਆਂ ਚ ਰੁਕਾਵਟ ਪਾਉਣ ਅਤੇ ਸਰਕਾਰੀ ਮੁਲਾਜ਼ਮ ਦੇ ਤੌਰ ਤੇ ਕੀਮਤੀ ਚੀਜ਼ਾਂ ਹਾਸਲ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਹੈ। ਇਕ ਮੀਡੀਆ ਰੀਪੋਰਟ ਫ਼ਰਸਤੋਂਚ ਇਹ ਜਾਣਕਾਰੀ ਦਿਤੀ ਗਈ। ਚੈਨਲ ਨਿਊਜ਼ ਏਸ਼ੀਆ ਦੀ ਖ਼ਬਰ ਮੁਤਾਬਕ ਭ੍ਰਿਸ਼ਟਾਚਾਰ ਦੇ ਦੋਸ਼ਾਂ ਚ ਮੰਗਲਵਾਰ ਨੂੰ ਸੁਣਵਾਈ ਤੋਂ ਬਾਅਦ 62 ਸਾਲ ਦੇ ਸਾਬਕਾ ਆਵਾਜਾਈ ਮੰਤਰੀ ਦੀ ਜ਼ਮਾਨਤ ਵਧਾ ਦਿਤੀ ਗਈ। ਵਕੀਲਾਂ ਨੇ 62 ਸਾਲ ਦੇ ਸਾਬਕਾ ਮੰਤਰੀ ਨੂੰ ਛੇ ਤੋਂ ਸੱਤ ਮਹੀਨੇ ਦੀ ਕੈਦ ਦੀ ਸਜ਼ਾ ਦੀ ਮੰਗ ਕੀਤੀ ਸੀ। ਈਸ਼ਵਰਨ ਨੇ ਕਿਹਾ ਸੀ ਕਿ ਉਹ ਇਹ ਸਾਬਤ ਕਰਨ ਲਈ ਕੇਸ ਲੜਨਗੇ ਕਿ ਉਹ ਇਮਾਨਦਾਰ ਹਨ, ਪਰ ਮੁਕੱਦਮੇ ਦੇ ਪਹਿਲੇ ਦਿਨ ਉਨ੍ਹਾਂ ਨੇ ਅਪਣਾ ਦੋਸ਼ ਕਬੂਲ ਕਰ ਲਿਆ। ਉਸ ਨੂੰ ਤਿੰਨ ਅਕਤੂਬਰ ਨੂੰ ਸਜ਼ਾ ਸੁਣਾਈ ਜਾਵੇਗੀ।

# ਪਾਠਕਾਂ ਦੇ ਪੱਤਰ

# ਮੈਂ ਆਪਣੇ ਵਿਚਾਰਾਂ ਲਈ ਸਹਿਮਤੀ ਅਸਹਿਮਤੀ ਦੀ ਗੁਹਾਰ ਨਹੀਂ ਲਾ ਰਹੀ, ਟਿੱਪਣੀ 'ਤੇ ਅਲੋਚਕ ਹਾਂ

(ਗੁਰੂ ਗ੍ਰੰਥ) ਨਾ ਦੇਹ, ਨਾ ਜੋਤ ਕੇਵਲ ਗਿਆਨ ਸੋਮਾ ਹੈ ਜੀਵਨ ਪੱਧਰ ਲਈ ਸੋਚ ਹੈ ਉਨ੍ਹਾਂ ਸਮਿਆਂ ਦੇ ਭੀ ਲੇਖਕ ਸਨ ਨਾ ਕਿ ਪੀਰ, ਪੈਗੰਬਰ, ਔਲੀਏ ਜੋ ਬਿਲਾਸ, ਪ੍ਰਕਾਸ਼ ਲਿਖ ਗਏ, ਰੋਜ਼ੀ ਲਈ ਉਦੋਂ ਭੀ ਸਾਧਨ ਸਨ, ਕੋਈ ਗੁਰੂ ਉਪਮਾਂ ਕੋਈ ਹਕੂਮਤ ਕੋਈ ਰਾਜੇ ਦੇ ਦਰਬਾਰੀ, ਦੋਹਰਾ ਤੇ ਅਰਦਾਸ ਕਦੋਂ ਪ੍ਰਚੱਲਤ ਹੋਈ, ਹੁਣ ਹੋਰ ਭੀ ਜੋੜੀ ਸੀ ਖੈਰ ਬੀਬੀ ਕਿਰਨਜੋਤ ਕੌਰ ਕੋਲ ਡਿਗਰੀ ਹੈ ਕਿ ਉਹ ਬੀਬੀ ਰਜਿੰਦਰ ਕੌਰ ਸਪੁੱਤਰੀ ਸਵ: ਪੰਥ ਰਤਨ ਮਾਸਟਰ ਤਾਰਾ ਸਿੰਘ 40 ਸਾਲ ਅਕਾਲੀ ਦਲ ਤੇ ਪੰਥ ਦੀ ਵਾਗਡੋਰ ਸਾਂਭੀ, ਬੀਬੀ ਜੀ ਰਜਿੰਦਰ ਕੌਰ ਹੋਰਾਂ ਦੀ ਮੈਂ ਤਾਂ ਸਮਰਥੱਕ ਹਾਂ ਮੈਨੂੰ ਬੜਾ ਮਾਣ ਸਤਿਕਾਰ ਦਿੱਤਾ ਸੀ ਪੰਜਾਬ ਗਈ ਨੂੰ ਤੇ ਇਥੇ ਪ੍ਰਧਾਨ ਇਸਤਰੀ ਅਕਾਲੀ ਦਲ ਤਿੰਨ ਸੌ ਦੇ ਕਠ ਵਿੱਚ ਖੈਰ ਬੀਬੀ ਜੀ ਉਸ ਵੇਲੇ ਦੇ ਇਸਤਰੀ ਅਕਾਲੀ ਦਲ ਦੇ ਪ੍ਰਧਾਨ ਸ਼ ਮੈਂਬਰ ਵੇਲੇ ਦੀ ਨੇਤਾ ਸੀ ਪਰ ਬੀਬੀ ਕਿਰਨਜੋਤ ਕੌਰ ਦੇ ਕੋਈ ਵਿਦਵਾਨੀ, ਖੋਜੀ ਤੇ ਧਾਰਮਿਕ ਸਕੋਲਰ ਨਹੀਂ ਹਾਂ ਸ਼੍ਰੋਮਣੀ ਕਮੇਟੀ ਮੈਂਬਰ ਪਰ ਸਮੇਂ ਸਮੇਂ ਉਘਰ ਦੁਘੜ ਭੀ ਬੋਲਦੇ ਨੇ, ਦੋਹਰੇ ਬਾਰੇ ਜਾਂ (ਗੁਰੂ-ਗ੍ਰੰਥ) ਤੋਂ ਬਾਹਰ ਪਿਰਤਾਂ ਤਾਂ ਆਪਣੀ ਪ੍ਰਸਿੱਧੀ ਲਈ ਲਿਖਤਾਂ ਨੇ ਅੱਡਰੀਆਂ ਭੀ ਮੈਂ ਆਪਣੇ ਵਿਚਾਰਾਂ ਲਈ ਸਹਿਮਤੀ ਅਸਹਿਮਤੀ ਦੀ ਗੁਹਾਰ ਨਹੀਂ ਲਾ ਰਹੀ, ਟਿੱਪਣੀ 'ਤੇ ਅਲੋਚਕ ਹਾਂ, ਇਹ ਜੋ ਵਿਵਾਦ ਨੇ ਇਹ ਸਾਧਾਂ ਦੇ ਅਤੇ ਉਸ ਵੇਲੇ ਭੀ ਕੋਈ ਸਿੱਖ ਧਰਮ ਦਾ ਏਨਾ ਪਸਾਰਾ ਨਹੀਂ ਜਦੋਂ ਦੀਆਂ ਬਹੁਤੀਆਂ ਲਿਖਤਾਂ ਹਨ, ਮੈਂ ਦੱਸਾਂ ਅਸੀਂ ਕੁਝ ਸਕੋਲਰ ਟਾਈਪ ਜਵਾਨਾਂ ਨਾਲ ਭੀ ਵਟਾਂਦਰੇ ਕੀਤੇ ਇਕ ਸਿੱਟਾ ਕਿ ਸਕੋਲਰ ਦੋ ਤਰ੍ਹਾਂ ਦੇ ਨੇ ਇਕ ਤਾਂ ਕੇਵਲ ਲੇਖਕ ਨੇ ਪਰ ਗੁਰੂ-ਘਰਾਂ ਤੇ ਜਥੇਬੰਦੀਆਂ ਤੋਂ ਗਰਾਂਟਾਂ ਲੈ ਕੇ ਬੱਸ ਕਿਤਾਬਾਂ ਵਿੱਚ ਲਿਖ ਦਿਓ ਜੋ ਉਹ ਆਖਣ ਤੇ ਲਵੋ ਡਾਕਟਰੀ ਡਿਗਰੀ, ਦੂਜੇ ਸਕਾਲਰ ਜੋ ਪ੍ਰਸਿੱਧ ਯੂਨੀਵਰਸਿਟੀਆਂ ਤੋਂ ਖੋਜ ਲਈ ਨਾਮਜਦ ਹੁੰਦੇ ਨੇ (ਅਸਲੀ ਡਾਕਟਰ) ਬੱਸ ਆਹ ਦੁਖਾਂਤ ਹੈ ਸਿੱਖ ਸਿਧਾਂਤਾਂ ਦਾ ਅੱਗੋਂ ਮੈਂ ਤੇਰੇ ਗਾਨਾ ਬੰਨ ਦਿਊ ਤੂੰ ਮੈਨੂੰ ਸ਼ਗਨ ਦੇ ਦੇਈਂ ਡਾਕਟਰੀ ਦਾ, ਅੱਗੋਂ ਗੁਰੂ ਘਰ ਪ੍ਰਬੰਧਕ, ਚੈਨਲੀ ਠੇਕੇਦਾਰ, ਵਿਦਵਾਨ ਬਣ ਜਾਂਦੇ ਨੇ ਔਹਦੀ ਲਿਖਤ ਤੇ ਏਹਦੀ ਲਿਖਤ ਚੁੱਕ ਕੇ ਵਿਸ਼ਵਾਸ਼ ਕਰੋ, ਕੋਈ ਅੱਜ ਸਿੱਖੀ ਦੀਆਂ ਜੋ ਸਾਖੀਆਂ ਨੇ ਸੱਚ ਨਹੀਂ ਮੰਨਦਾ, ਹਾਂ ਸੁਣ ਸੁਣ ਕੇ ਚਾਨਣ ਹੋ ਰਿਹਾ ਹੈ ਸਗੋਂ ਮੰਨਣ ਲੱਗ ਪਏ ਨੇ ਕਿ ਸਭ ਮਿੱਸੀਆਂ ਰੋਟੀਆਂ ਨੇ ਖਾਲਸ ਕੁਝ ਨੀ ਅਖੀਰ 'ਤੇ ਹੁੱਬਦੇ ਨੇ ਜੀ ਕਿਰਨਜੋਤ ਕੌਰ ਨੇ ਬਾਦਲ ਸਾਹਬ ਦਾ (ਫ਼ਖਰੇ ਕੌਮ) ਮੋੜਨ ਲਈ ਹਾਮੀ ਭਰੀ, ਬੀਬੀ ਜੀ ਭਾਵੇਂ ਅਸੀਂ ਤਾਂ ਤੁਹਾਡੇ ਨਾਨਾ ਜੀ ਦੀ ਬੜੀ ਪ੍ਰਭਤਾ ਕਰਦੇ ਹਾਂ ਪਰ ਸਵਾਲ ਤਾਂ ਸੀ ਕਿ ਵੰਡ ਵੇਲੇ ਕਿਉਂ ਸਾਡਾ ਪੰਜਾਬ ਦਾ ਹਿੱਸਾ ਖਿੱਤਾ ਪਸ਼ਾਵਰ ਤੱਕ ਨਾ ਮੰਗਿਆ, ਕੀ ਫੇਰ ਹੁਣ (ਪੰਥ ਰਤਨ) ਦੀ ਉਪਾਧੀ ਮੋੜੀਏ ਤੇ ਉਨ੍ਹਾਂ ਨੂੰ ਪੰਥ ਨਾਲ ਧਰੋਹ ਆਖੀਏ, ਖੁਸ਼ ਹੋਵੋਗੇ, ਹਿੰਦੂ ਤੋਂ ਸਿੱਖ ਬਣਿਆ ਸਿੱਖਾਂ ਨੇ ਪਲਕਾਂ 'ਤੇ ਬਿਠਾਇਆ ਤੁਸੀਂ ਪੰਥ ਨੂੰ ਹੀ ਭੰਡਣ ਤੁਰ ਪਏ, ਕੁਝ ਗਿਆਨ ਕਰੋ ਪੰਥ ਕੇਵਲ ਪੇਂਡੂਆਂ ਦੇ ਹੀ ਸਿਰ 'ਤੇ ਸੀ, ਹੱਟੀਆਂ 'ਤੇ ਬੈਠਣ ਵਾਲੇ ਨਹੀਂ ਹੱਥਾਂ ਵਿੱਚ ਡਾਂਗਾਂ ਫੜਕੇ ਹੱਡ ਭਨੌਂਦੇ ਸੀ, ਫੇਰ ਮਾਸਟਰ ਜੀ ਨੂੰ 40 ਸਾਲ ਨੇਤਾਗਿਰੀ, ਵਿਰੋਧੀਆਂ ਦੀਆਂ ਚੁਪੜਾਂ ਨਾਲੋਂ ਸੱਤ ਦੇ ਸੱਤੂ ਸਤ ਕਰ ਮਾਨੋ ਨਹੀਂ ਤਾਂ ਜਬਾਨ ਸਭ ਦੇ ਹੈ, ਮੇਰਾ ਮੰਨਣਾ ਹੈ ਗੁਰੂ ਕਾਲ 5 ਸੋ ਸਾਲ ਤੋਂ ਨਹੀਂ ਮੰਨੋ, ਸਿੱਖ ਧਰਮ ਨਾਲ ਕੇਵਲ 1699 ਤੋਂ ਮਗਰੋਂ।

### ਪੰਜਾਬ ਦੇ ਅਤੇ ਦੇਸੀ ਚੈਨਲਾਂ ਦੀ ਭੜਕਾਹਟ ਗੁੰਮਰਾਹਕੁੰਨ ਪ੍ਰਾਪੇਗੰਡਾ, ਝੂਠ-ਤੂਫਾਨ ਸੁਣ ਪਰ ਮਨ 'ਤੇ ਅਸਰ ਨਹੀਂ ਕਰਨਾ

ਮਹੱਤਵਪੂਰਨ ਮੁੱਦਾ ਜੋ ਧਰਮ ਨਾਲੋਂ ਭੀ ਵੱਧ ਭਾਈਚਾਰਾ, ਸਮਾਜ ਤੇ ਪਰਿਵਾਰਕ ਜੀਵਨ ਦਾ ਹਿੱਸਾ ਵਿਚਾਰਿਆ, ਤਾਂ ਕੀ ਅਣਗੌਲਿਆ ਭੀ ਹੈ। ਸਾਡੇ ਜੀਵਨ ਨੂੰ ਸੁਖਾਲਾ ਜਾਂ ਦੁੱਭਰ ਲਈ ਜਰੂਰਤ ਨਿੱਤ-ਪ੍ਰਤੀ, ਟੱਬਰਾਂ ਵਿੱਚ ਅਸੀਂ ਜੋ ਕੁਝ ਦੇਖਦੇ ਤੇ ਸੁਣਦੇ ਹਾਂ ਪਰ ਗੌਰ ਨਹੀਂ ਕਰਦੇ ਨਾ ਹੀ ਬਹੁਤੀ ਮਹੱਤਤਾ ਦਿੰਦੇ ਹਾਂ, ਆਉ ਆਪਾਂ ਸਾਂਝਾਂ ਭੀ ਪਾਈਏ ਤੇ ਤੱਥਾਂ ਵੱਲ ਧਿਆਨ ਮਾਰੀਏ:- ਪਰਿਵਾਰ ਕਈ ਤਰ੍ਹਾਂ ਦੇ ਹੁੰਦੇ ਹਨ, ਵੱਡੇ, ਛੋਟੇ, ਇਕੱਠੇ, ਅੱਡਰੇ, ਹਰ ਇਕ ਦੇ ਆਪਣੇ ਵਤੀਰੇ ਤੇ ਢੰਗ ਨੇ ਪਰ ਸਮੱਸਿਆਵਾਂ ਭੀ ਵੱਖਰੀਆਂ ਹਨ, ਪਰ ਕੁਝ ਸਾਂਝੀਆਂ ਭੀ, ਵੱਡੇ ਟੱਬਰ ਹੁਣ ਘੱਟ, ਨਿਆਣੇ ਆਪੋ ਆਪਣੀ ਥਾਈਂ, ਪਰ ਸਾਰੇ ਨਹੀਂ ਸਾਡੇ ਪੰਜਾਬੀਆਂ ਦੇ ਸੁਭਾਅ ਭੀ ਕਸੂਤੇ ਹੀ ਨੇ ਟੱਬਰ ਸ਼ਾਇਦ ਸੁਖੀ ਰਹਿ ਭੀ ਸਕਣ ਪਰ ਬਿਨਾਂ ਮੰਗੇ ਸਲਾਹਾਂ ਦੇਣ ਆਪਣਾ ਭਾਗ ਪਉਣੋਂ ਨਹੀਂ ਰਹਿ ਸਕਦੇ, ਭਲੇ ਵੱਸਦੇ ਘਰ ਨੂੰ ਸਾਂਡੇ ਜੋ 65-75 ਸਾਲ ਕੰਮਾਂ ਤੋਂ ਵਿਹਲੇ ਹੋ ਗਏ ਤਾਂ ਹੁਣ ਪੁੱਠੇ ਸਿੱਧੇ ਰਾਹ ਹੀ ਦੱਸਦੇ ਨੇ ਬਹੁਤਿਆਂ ਨੇ ਜਾਂ ਤਾਂ ਘਰ ਵਾਰਸਾਂ ਨਉਂ ਲੁਆ ਆਪ ਕੌਂਸਲ ਦੇ ਫਲੈਟ ਲੈ ਲਏ, ਪਰ ਸੁਹਿਰਦ ਪਰਿਵਾਰਾਂ ਦੀ ਗਾਥਾ ਨੀ ਹੁਣ ਜੋ ਪੁੱਤ-ਨੂੰਹਾਂ, ਧੀਆਂ ਦੇ ਘਰ ਵਿੱਚ ਨਾਲ ਰਹਿਣ ਕਰਕੇ ਆਪਣੀਆਂ ਆਦਤਾਂ ਨਹੀਂ ਸੁਧਾਰਦੇ ਟੋਕਾ ਟੋਕੀ ਕਰਨੀ ਕਲੇਸ਼ ਤਣਾਅ ਅੱਗੋਂ ਜਵਾਨ ਹੋ ਰਹੇ ਬੱਚਿਆਂ ਨੂੰ ਅਵਾਜਾਰ ਕਰਨਾ, ਦੂਜੇ ਨੇ ਜੋ ਫਲੈਟੀਏ, ਸਵੇਰੇ ਉੱਠਕੇ ਹੀ ਗੁਰੂ ਘਰਾਂ ਵਿੱਚ ਜਾ ਬਹਿੰਦੇ ਨੇ ਤੇ ਲੱਗਦੇ ਨੇ ਮੱਤਾਂ ਦੇਣ, ਧੀ-ਪੁੱਤ ਕਾਹਦੇ ਜੋ ਆਖੇ ਨਾ ਲੱਗਣ, ਕਈ ਕੰਨਾਂ ਦੇ ਕੱਚੇ ਤਾਂ ਆਖਣ ਨੂੰ ਹੀ ਡੰਦ ਪਾ ਦਿੰਦੇ ਨੇ ਤੇ ਪੋਤੇ, ਦੋਹਤੇ ਦੁਖੀ ਹੋ ਕੇ ਕੁਸੰਗਤ ਵਿੱਚ ਤੇ ਮਾਂ ਪਿਉ ਮੁਸੀਬਤਾਂ ਵਿੱਚ ਕਈ ਫੇਰ ਆਖਣ ਲੱਗ ਜਾਂਦੇ ਨੇ ਇਹ ਬੁੜ੍ਹੇ ਪਿੱਛੇ ਚਲੇ ਜਾਣ ਜਾਂ ਕੌਂਸਲ ਦੇ ਕਸੂਰ ਮੰਨਣ ਦੀ ਥਾਂ ਜੁਆਕਾਂ ਨੂੰ ਕੋਸਣਗੇ, ਅਕਲਮੰਦ ਤਾਂ ਸਮੇਂ ਨਾਲ ਸਮਝੌਤੇ ਕਰ ਆਪ ਤੇ ਪਰਿਵਾਰ ਸੁਖੀ ਬਣਾ ਕੇ ਤਰੱਕੀਆਂ ਵੱਲ ਵਧਾ ਲੈਂਦੇ ਹਨ, ਲਾਈਲੱਗ ਝੁੱਗਾ ਚੌੜ ਤਬਾਹੀ ਤੇ ਘਰੇਲੂ ਝਗੜੇ ਝਮੇਲੇ ਸਹੇੜ ਦੁਖੀ ਬੀਮਾਰ ਹਨ। ਖਾਧ ਖੁਰਾਕ, ਚੰਗੀ ਸਿਹਤ ਲਈ ਗੁਣਕਾਰੀ ਸਿੱਧ ਨਹੀਂ ਹੁੰਦੀ ਜੇਕਰ ਜੀਵਨ ਦੀ ਗੱਡੀ ਵਿੱਚ ਖੁਸ਼ੀ ਦਾ ਤੇਲ ਨਾ ਪਵੇ, ਫੇਰ ਦਾਰੂ ਬੂਟੀ ਡਾਕਦਾਰ, ਵੈਦ-ਹਕੀਮ ਕੋਈ ਕਾਮ ਨਹੀਂ ਆਵੇ, ਨੁਸਕਾ: ਪਰਿ-ਵਾਰ ਵਿੱਚ ਜੀਵਨ, ਜੇਕਰ ਕੰਮਾਂ ਕਾਰਾਂ 'ਤੇ ਜਾਣ ਵਾਲੇ, ਬੱਚੇ ਸਕੂਲੀ, ਕਾਲਜੀ ਤੁਰਨ ਵਾਲੇ ਸਵੇਰੇ ਘਰ ਦੇ ਸਾਈਜ਼ ਅਨੁਸਾਰ, ਇਕ ਦੂਜੇ ਦੇ ਟਾਈਮ ਮੁਤਾਬਕ ਸਹਿਜ ਨਾਲ ਆਪਣਾ ਆਪਣਾ ਨਿੱਤ-ਨੇਮ ਨਿਭਾਉਣ, ਬਜ਼ੁਰਗ ਜਦੋਂ ਸਭ ਚਲੇ ਜਾਣ ਤਾਂ ਵਿੱਤ ਅਨੁਸਾਰ ਧੰਦੇ ਭੀ ਕਰਨ, ਆਪਣਾ ਆਪ ਭੀ ਸੰਭਾਲਣ, ਹਾਂ ਜੋ ਬਹੁਤੇ ਬਜ਼ੁਰਗ ਹੋਣ ਇਕ ਪਾਸੇ ਬੈਠ ਕੇ ਆਪਣੇ ਪਾਠ-ਪੂਜਾ ਵਿੱਚ ਜੁੜਨ, ਪਰ ਕਿਸੇ ਨੂੰ ਦਿੱਕਤ ਨਾ ਦੇਣ, ਨਿੱਤ-ਨੇਮ ਦੀ ਵਿਧੀ ਭੀ ਆਪੋ ਆਪਣੀ ਹੋਵੇ, ਕਿਸੇ ਨੂੰ ਘਤਿਤਾਂ ਨਾ ਦੇਵੋ ਹਰ ਵਿਅਕਤੀ ਦਾ ਆਪਣਾ ਢਾਂਚਾ ਹੈ, ਘਰੇਲੂ ਸਿਸਟਮ ਹੈ ਸਾਰਾ ਦਿਨ ਪ੍ਰਚਾਰੀ ਜਾਵੋ ਜੀ ਪਾਠ ਕਰੋ ਤੜਕੇ ਉਠੋ (ਭਾਵੇਂ ਟੱਬਰ ਨੂੰ ਜਗਾਵੋ) ਅਗਲਿਆਂ ਨੇ ਕੰਮ ਕਾਰ ਕਰਨੇ ਹੁੰਦੇ ਹਨ, ਅਸੀਂ ਨਹੁਣ ਧੋਣ ਲਈ ਭਾਂਡੇ ਖੜਕਾਉਣ ਲੱਗ ਜਾਈਏ, ਖੈਰ ਮਨੱਸਰ ਕਰਦਾ ਹੈ ਘਰ ਦੇ ਸਾਈਜ਼ 'ਤੇ, ਜੀਵਨ ਦਾ ਭੀ ਨਜ਼ਰੀਆ ਅਵਸਥਾ ਨਾਲ ਬਦਲਣਾ ਜਰੂਰੀ ਹੈ, ਕਿਵੇਂ : ਸਵੇਰੇ ਉੱਠ ਕੇ ਆਪਣੀ ਸੁਅਸਥਾ ਦਾ ਕਾਰ ਵਿਹਾਰ ਕਰੀਏ, ਵਿੱਤ ਤੇ ਸਿਹਤ ਉਮਰ ਅਨੁਸਾਰ ਕਸਰਤ ਕਰਕੇ ਸੁਅਸਥ ਹੋ ਕੇ ਗੁਟਕਾ ਫੜੀਏ ਜਾਂ ਜੋ ਤੁਹਾਡਾ ਨਿੱਜੀ ਪ੍ਰਸਤਾਵ ਹੈ ਅਨੁਸਾਰ ਚੱਲੋ ਮੇਰਾ ਕੀ ਹੈ ਮੈਂ ਤਾਂ ਦੱਸ ਹੀ ਸਕਦੀ ਹਾਂ ਕਿ ਕਸਰਤ ਪਤੀਲੇ ਵਿੱਚ ਉਬਲੀ ਵਿੱਚ ਚਮਚਾ ਕੁ ਸ਼ੱਕਰ ਜਾਂ ਬਰਾਊਨ ਸੂਗਰ ਜੜੀ ਬੂਟੀ ਤੇ ਖੁੱਲੀ ਵਧੀਆ ਚਾਹ-ਪੱਤੀ ਨਾਲ ਕੋਈ ਪੇਸਟੀ ਜਾਂ ਵਧੀਆ ਬਿਸਕੁੱਟ ਲੋੜ ਅਨੁਸਾਰ, ਦੇਸੀ ਰਸੋਈ ਦਾ ਸੇਵਨ, ਫਰੂਟ ਸਵੇਰੇ ਫਰੂਟ ਜੂਸ ਆਦਿ ਹੈ, ਦੁਪਹਿਰ ਤੱਕ ਕੋਈ ਫੂਨ ਨਹੀਂ ਕਰਨਾ ਸੁਨਣਾ, ਅਖ਼ਬਾਰ ਪੜ੍ਹਨਾ, ਖ਼ਬਰਾਂ ਸੁਣਕੇ ਸਾਰਾ ਆਲ੍ਹ ਦੁਆਲੇ ਦੀ ਖ਼ਬਰ ਫੇਰ ਪੰਜਾਬ ਦੇ ਅਤੇ ਦੇਸੀ ਚੈਨਲਾਂ ਦੀ ਭੜਕਾਹਟ ਗੁੰਮਰਾਹਕੁੰਨ ਪ੍ਰਾਪੇਗੰਡਾ, ਝੂਠ-ਤੂਫਾਨ ਸੁਣ ਪਰ ਮਨ 'ਤੇ ਅਸਰ ਨਹੀਂ ਕਰਨਾ।



**-ਬਲਵਿੰਦਰ ਕੌਰ ਚਾਹਲ ਸਾਊਥਾਲ**

## ਭਾਰਤ ਨੇ ਆਪਣੇ ਨਾਗਰਿਕਾਂ ਨੂੰ ਲੇਬਨਾਨ ਛੱਡਣ ਦੀ ਦਿੱਤੀ ਸਲਾਹ

ਬੇਰੂਤ : ਭਾਰਤ ਸਰਕਾਰ ਵੀ ਇਜ਼ਰਾਈਲ ਅਤੇ ਹਿਜ਼ਬੁੱਲਾ ਵਿਚਾਲੇ ਸੰਭਾਵਿਤ ਜੰਗ ਨੂੰ ਲੈ ਕੇ ਅਲਰਟ ਮੋਡ ਤੇ ਹੈ। ਦੱਸਿਆ ਜਾ ਰਿਹਾ ਹੈ ਕਿ ਭਾਰਤ ਨੇ ਆਪਣੇ ਨਾਗਰਿਕਾਂ ਨੂੰ ਲੇਬਨਾਨ ਛੱਡਣ ਦੀ ਸਲਾਹ ਦਿੱਤੀ ਹੈ। ਨਾਲ ਹੀ ਭਾਰਤੀਆਂ ਨੂੰ ਲੇਬਨਾਨ ਦੀ ਯਾਤਰਾ ਨਾ ਕਰਨ ਲਈ ਕਿਹਾ ਗਿਆ ਹੈ। ਕਿਆਸ ਲਗਾਏ ਜਾ ਰਹੇ ਹਨ ਕਿ ਇਜ਼ਰਾਈਲ ਛੇਤੀ ਹੀ ਲੇਬਨਾਨ ਤੇ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਹੈ। ਹਾਲ ਹੀ ਵਿੱਚ ਇਜ਼ਰਾਈਲ ਅਤੇ ਹਿਜ਼ਬੁੱਲਾ ਦਰਮਿਆਨ ਵੱਡੇ ਹਵਾਈ ਹਮਲੇ ਹੋਏ ਸਨ। ਬੇਰੂਤ ਵਿੱਚ ਭਾਰਤੀ ਦੂਤਾਵਾਸ ਦੁਆਰਾ ਜਾਰੀ ਇੱਕ ਐਡਵਾਈਜ਼ਰੀ ਵਿੱਚ ਕਿਹਾ ਗਿਆ ਹੈ, ਲੇਬਨਾਨ ਵਿੱਚ ਪਹਿਲਾਂ ਤੋਂ ਮੌਜੂਦ ਸਾਰੇ ਭਾਰਤੀ ਨਾਗਰਿਕਾਂ ਨੂੰ ਲੇਬਨਾਨ ਛੱਡਣ ਦੀ ਸਲਾਹ ਦਿੱਤੀ ਜਾਂਦੀ ਹੈ। ਇਸ ਵਿਚ ਅੱਗੇ ਕਿਹਾ ਗਿਆ ਹੈ, ਜੋ ਲੋਕ ਕਿਸੇ ਵੀ ਕਾਰਨ ਕਰਕੇ ਉਥੇ ਰਹਿ ਰਹੇ ਹਨ, ਉਨ੍ਹਾਂ ਨੂੰ ਬਹੁਤ ਸਾਵਧਾਨੀ ਵਰਤਣ, ਆਪਣੀ ਹਰਕਤ ਨੂੰ ਸੀਮਤ ਕਰਨ ਅਤੇ ਬੇਰੂਤ ਵਿਚ ਭਾਰਤੀ ਦੂਤਾਵਾਸ ਨਾਲ ਸੰਪਰਕ ਵਿਚ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ। ਦੂਤਾਵਾਸ ਦੁਆਰਾ ਈਮੇਲ ਆਈਡੀ- cons.bierut@mea.govi.n ਅਤੇ ਐਮਰਜੈਂਸੀ ਨੰਬਰ +96176860128 ਵੀ ਜਾਰੀ ਕੀਤਾ ਗਿਆ ਹੈ।

## ਸ਼ੰਭੂ ਬਾਰਡਰ ਬੰਦ ਹੋਣ ਕਾਰਨ ਪਿੰਡਾਂ ਚੋਂ ਲੰਘਣ ਤੇ ਦੇਣਾ ਪੈ ਰਿਹੈ ਹਰਜਾਨਾ

ਅੰਬਾਲਾ : ਪੰਜਾਬ ਦੇ ਸ਼ੰਭੂ ਬਾਰਡਰ ਨੇੜੇ ਇੱਕ ਪਿੰਡ ਤੋਂ ਇੱਕ ਵੀਡੀਓ ਸਾਹਮਣੇ ਆਇਆ ਹੈ। ਵੀਡੀਓ ਚ ਕੁਝ ਲੋਕ ਜ਼ਮੀਨ ਅਤੇ ਸੜਕ ਤੇ ਮਿੱਟੀ ਪਾਉਣ ਦੇ ਨਾਂ ਤੇ ਰਾਹਗੀਰਾਂ ਤੋਂ ਪ੍ਰਤੀ ਵਾਹਨ 100 ਰੁਪਏ ਲੈ ਰਹੇ ਹਨ। ਕਾਰ ਚਾਲਕ ਨੇ ਲੋਕਾਂ ਤੋਂ ਨਾਜਾਇਜ਼ ਵਸੂਲੀ ਕਰਨ ਦੀ ਵੀਡੀਓ ਬਣਾ ਲਈ। ਬਾਰਡਰ ਬੰਦ ਹੋਣ ਕਾਰਨ ਕਾਰ ਚਾਲਕ ਇੱਕ ਪੇਂਡੂ ਖੇਤਰ ਵਿੱਚੋਂ ਲੰਘਿਆ ਤਾਂ ਕੁਝ ਵਿਅਕਤੀਆਂ ਨੇ ਉਸ ਦੀ ਕਾਰ ਨੂੰ ਰੋਕ ਲਿਆ। ਵੀਡੀਓ ਚ ਉਹ ਸਪੱਸ਼ਟ ਤੌਰ ਫ਼ਲਸਰੂਪ ਉਸ ਨੂੰ ਜ਼ਮੀਨ ਅਤੇ ਸੜਕ ਤੇ ਮਿੱਟੀ ਪਾਉਣ ਲਈ 100 ਰੁਪਏ ਮੰਗਦੇ ਹਨ। ਇਹ ਪਤਾ ਨਹੀਂ ਲੱਗ ਸਕਿਆ ਕਿ ਪੈਸੇ ਮੰਗਣ ਵਾਲੇ ਲੋਕ ਕੌਣ ਸਨ। ਜਾਣਕਾਰੀ ਹੈ ਕਿ ਸ਼ੰਭੂ ਬਾਰਡਰ ਨੇੜੇ ਲੋਕਾਂ ਨੇ ਆਪਣੇ ਪੱਧਰ ਤੇ ਨਾਕਾ ਲਗਾ ਕੇ ਲੋਕਾਂ ਤੋਂ ਪੈਸੇ ਵਸੂਲਣੇ ਸ਼ੁਰੂ ਕਰ ਦਿੱਤੇ ਹਨ।

# ਕਾਵਿ-ਕਿਆਰੀ

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਗੁਰੂਆਂ, ਭੱਟਾਂ ਤੇ ਭਗਤਾਂ ਦੀ
ਬਾਣੀ ਦਾ ਸਤਿਕਾਰ,
ਗੁਰੂ ਗ੍ਰੰਥ ਜੀ ਮਾਨਵਤਾ ਲਈ
ਗਿਆਨ ਦਾ ਇੱਕ ਭੰਡਾਰ।

ਚਵਰ-ਛਤਰ ਦੇ ਮਾਲਕ ਦਾਤਾ
ਰਾਜਿਆਂ ਦੇ ਮਹਾਰਾਜਾ,
ਤੇਰੇ ਹੁਕਮ 'ਚ ਬੰਨ੍ਹਿਆ ਹੋਇਆ
ਆਹ ਸਾਰਾ ਸੰਸਾਰ।

ਗ੍ਰੰਥ ਸਾਹਿਬ ਕਿਰਪਾ ਦਾ ਸਾਗਰ
ਜੀਵਨ ਦਾ ਪੰਧ ਦੱਸੇ,
ਰਹਿਮਤ ਦਾ ਹੈ ਵਗਦਾ ਸੋਮਾ
ਜੱਗ ਦਾ ਪਾਲਣਹਾਰ।

ਸੱਚੀ-ਸੁੱਚੀ ਸੋਚ 'ਚ ਗੁੰਦੀ
ਅਰਸ਼ੋਂ ਉੱਤਰੀ ਬਾਣੀ,
ਫ਼ਲਸਫ਼ਾ ਜੀਵਨ ਦਾ ਸਮਝਾਵੇ
ਮਹਿਮਾ ਅਪਰੰਪਾਰ।

ਸਤਿਗੁਰਾਂ ਦੇ ਮੁੱਖੋਂ ਉਚਰੀ
ਰੱਬ ਬਰਾਬਰ ਦਰਜਾ,
ਗੁਰੂ-ਰੂਪ ਸੰਗਤ ਵਿੱਚ ਗਾਉਂਦੇ
ਰਲ-ਮਿਲ ਪੈਰੋਕਾਰ।

ਕਬੀਰ, ਫ਼ਰੀਦ ਅਤੇ ਤ੍ਰਿਲੋਚਨ
ਧੰਨਾ, ਸਦਨਾ ਤੇ ਰਵਿਦਾਸ,
ਗੁਰੂ ਗ੍ਰੰਥ ਵਿੱਚ ਅੰਕਿਤ ਹੋਏ
ਸੰਤ-ਭਗਤ, ਅਵਤਾਰ।

ਸਬਰ-ਸ਼ੁਕਰ ਦਾ ਸਬਕ ਸਿਖਾਵੇ
ਰਾਹ ਮੁਕਤੀ ਦਾ ਦੱਸੇ,
ਤੱਤੀ 'ਵਾਅ ਨਾ ਲੱਗਣ ਦੇਵੇ
ਜਪੇ ਜੋ ਸਤਿ ਕਰਤਾਰ।

ਸੱਚਖੰਡ ਵਿੱਚੋਂ ਆਈ ਬਾਣੀ
ਰਲ-ਮਿਲ ਪੌਣਾਂ ਸੰਗ,
ਅਮ੍ਰਿਤ ਧਾਰਾ ਹੈ ਗੁਰਬਾਣੀ
ਕਰਦੀ ਰੂਹ ਸਰਸ਼ਾਰ।

ਬਾਣੀ ਨਹੀਂ ਕੋਈ ਗ਼ਜ਼ਲ-ਕਹਾਣੀ
ਨਾ ਕੋਈ ਕਵਿਤਾ-ਸਾਖੀ,
ਬ੍ਰਹਮ ਗਿਆਨ ਦਾ ਨੂਰ ਚਮਕਦਾ
ਚੱਕੇ ਕੂੜ-ਅੰਧਿਆਰ।

ਰੱਬ-ਬਾਣੀ ਵਿੱਚ ਭੇਤ ਕੋ ਨਾਂਹੀ
ਪਲ-ਪਲ, ਜਾਣਣ ਹਾਰ,
ਸੱਭ ਜੀਵਾਂ ਦੀ ਰੱਖਿਆ ਕਰਦੀ
ਉਹਦੇ ਹੱਥ ਇਖਤਿਆਰ।

ਭਵਜਲੋਂ ਪਾਰ ਲੰਘਾਉਂਦੀ ਬਾਣੀ
ਤਨ-ਮਨ ਕਰੇ ਮੁਅੱਤਰ,
ਛੰਦ, ਸ਼ਲੋਕ, ਸਵਈਏ- ਦੋਹੜੇ
ਗ੍ਰੰਥ ਦਾ ਹਨ ਸ਼ਿੰਗਾਰ।

'ਸੁਖਮਨੀ' ਦਾਤ ਸੁੱਖਾਂ ਦੀ ਬਖ਼ਸ਼ੇ
'ਜਪੁਜੀ' ਅੰਤਰ ਧਿਆਨ,
ਮੂਲ-ਮੰਤਰ ਸਵਰਗ ਦੀ ਕੁੰਜੀ
ਜੱਗ ਦਾ ਕਰੇ ਉਧਾਰ।

ਕੱਟਦੀ ਗੇੜ ਚੁਰਾਸੀ ਵਾਲ਼ਾ
ਦੁੱਖਾਂ ਦਾ ਕਰੇ ਨਾਸ,
"ਨਾ ਕੋ ਬੈਰੀ ਨਹੀ ਬੇਗਾਨਾ"
ਸੱਭ ਨੂੰ ਵੰਡਦੀ ਪਿਆਰ।

"ਗੁਰਬਾਣੀ ਇਸੁ ਜਗ ਮਹਿ ਚਾਨਣੁ"
ਕਰਮ ਵਸੈ ਮਨਿ ਆਏ",
'ਭੋਗਲ' ਵਰਗੇ ਪਾਪੀਆਂ ਦੇ ਵੀ
ਕਰ ਦਏ ਬੇੜੇ ਪਾਰ।



ਨਛੱਤਰ ਸਿੰਘ ਭੋਗਲ "ਭਾਖੜੀਆਣਾ" (UK)

## ਸ਼ਹੀਦ ਭਗਤ ਸਿੰਘ (ਜਨਮ ਦਿਨ 'ਤੇ)

**ਆ ਵੇ ਵੀਰਾ ਭਗਤ ਸਿਆਂ, ਤੈਨੂੰ ਭਾਰਤ ਦੀ ਤਸਵੀਰ ਵਿਖਾਵਾਂ**
**ਦੇਸ਼ ਦੇ 'ਰਾਖੇ' ਕਿੱਦਾਂ ਕਰਦੇ, ਇਦ੍ਹਾ ਦਾਮਨ ਲੀਰੋ ਲੀਰ ਵਿਖਾਵਾਂ**
**ਆ ਵੇ ਵੀਰਾ ਭਗਤ ਸਿਆਂ.......................**
**ਵਾਅਦਾ ਆਪਣਾ ਕੀਤਾ ਤੂੰ ਪੂਰਾ, ਸਾਮਰਾਜ ਨੂੰ ਮਾਰ ਭਜਾਇਆ**
**ਪਾ ਕੇ ਆਪਣਾ ਖ਼ੂਨ ਤੂੰ ਵੀਰਿਆ, ਆਜ਼ਾਦੀ ਦਾ ਬੂਟਾ ਲਾਇਆ**
**ਟੋਡੀਆਂ ਲੁੱਟੀ ਕਿਵੇਂ ਆਜ਼ਾਦੀ, ਦਿਲ ਨੂੰ ਕਿੱਦਾਂ ਚੀਰ ਵਿਖਾਵਾਂ**
**ਆ ਵੇ ਵੀਰਾ ਭਗਤ ਸਿਆਂ.......................**
**ਕਿਰਤੀ ਰਾਤ ਨੂੰ ਭੁੱਖਾ ਸੌਂਵੇਂ, ਅੰਨ- ਦਾਤਾ ਖ਼ੁਦਕੁਸ਼ੀਆਂ ਕਰਦਾ**
**ਸਾਰਾ ਦਿਨ ਜੋ ਕਰੇ ਮਜੂਰੀ, ਉਦ੍ਹਾ ਡੰਗ ਦੇ ਡੰਗ ਨਹੀਂ ਸਰਦਾ**
**ਵੇਚ ਵੇਚ ਕੇ ਪਰਮਿਟ ਕੋਟੇ, ਬਣਦੇ ਕਿਵੇਂ ਅਮੀਰ ਵਿਖਾਵਾਂ**
**ਆ ਵੇ ਵੀਰਾ ਭਗਤ ਸਿਆਂ.........................**
**ਪੁਲਿਸ ਦਿਨੇ ਹੀ ਜੇਬਾਂ ਕੱਟਦੀ, ਅੱਜ ਵਾੜ ਖੇਤ ਨੂੰ ਖਾਈ ਜਾਵੇ**
**ਲੱਠ ਜੇਸ ਦੀ ਮੱਝ ਹੱਕ ਲਿਜਾਂਦਾ, ਸੱਤੀਂ ਵੀਹੀਂ ਨਾਲੇ ਸੌ ਕਰਾਵੇ**
**ਭਲੇਮਾਣਸ ਦੇ ਗਲ਼ ਵਿਚ ਪੈ ਜਾਂਦੀ, ਲੋਹੇ ਦੀ ਜ਼ੰਜੀਰ ਵਿਖਾਵਾਂ**
**ਆ ਵੇ ਵੀਰਾ ਭਗਤ ਸਿਆਂ...............**
**ਅਮਲੀ ਭੋਰਾ ਫ਼ੀਮ ਜੇ ਖਾ ਲਏ, ਝੱਟ ਪੁਲਿਸ ਠਾਣੇ ਲੈ ਜਾਂਦੀ**
**ਖੀਸੇ ਕਰ ਦਏ ਉਹਦੇ ਖਾਲੀ, ਹੱਡਾਂ ਵਿਚ ਨਾਲ਼ੇ ਪਾਣੀ ਪਾਂਦੀ**
**ਐਪਰ ਕਾਰਾਂ ਲੱਦੀ ਫਿਰਦੇ, ਅਫ਼ਸਰ ਅਤੇ ਵਜ਼ੀਰ ਵਿਖਾਵਾਂ**
**ਆ ਵੇ ਵੀਰਾ ਭਗਤ ਸਿਆਂ................**
**ਡਿਗਰੀਆਂ ਵਾਲ਼ੇ ਵਿਹਲੇ ਫਿਰਦੇ, ਅੱਧਪੜ੍ਹ ਕਿੱਥੇ ਜਾਣ ਵਿਚਾਰੇ**
**ਜੇ ਕਰ ਹੱਕ ਮੰਗਣ ਉਹ ਜਾਂਦੇ, ਭੁੱਜਦੇ ਗੋਲ਼ੀਆਂ ਨਾਲ ਵਿਚਾਰੇ**
**ਪਰਾਏ ਮੁਲਕੀਂ ਜੋ ਧੱਕੇ ਖਾਵਣ, ਤੈਨੂੰ ਤੇਰੇ ਆ ਵੀਰ ਵਿਖਾਵਾਂ**
**ਆ ਵੇ ਵੀਰਾ ਭਗਤ ਸਿਆਂ....................**



**ਨਿਰਮਲ ਸਿੰਘ ਕੰਧਾਲਵੀ**


## ਬਾਪੂ ਜਿਹਾ ਯਾਰ



ਮਿਲੇ ਜ਼ਿੰਦਗੀ ਵਿੱਚ ਯਾਰ ਵਥੇਰੇ
ਪਰ ਬਾਪੂ ਜਿਹਾ ਯਾਰ ਨਹੀਂ ਮਿਲਿਆ
ਗੁੱਸੇ ਵਿੱਚ ਵੀ ਬੱਸ ਭਲਾ ਹੀ ਸੋਚੇ
ਐਨਾ ਗੂੜ੍ਹਾ ਕਦੇ ਪਿਆਰ ਨਹੀਂ ਮਿਲਿਆ।
ਹੱਥੀਂ ਛਾਵਾਂ ਕਰੇ ਜੋ, ਸਹਿ ਕੇ ਧੁੱਪਾਂ ਦੁੱਖ ਦੀਆਂ
ਔਲਾਦ ਲਈ ਨਾ ਦਿਲੋਂ, ਦੁਆਵਾਂ ਮੁੱਕ ਦੀਆਂ
ਮਾਂ ਜਿਹਾ ਜੱਗ 'ਤੇ ਪਰ ਸਤਿਕਾਰ ਨਹੀਂ ਮਿਲਿਆ
ਮਿਲੇ ਜ਼ਿੰਦਗੀ ਵਿੱਚ ਯਾਰ ਵਥੇਰੇ
ਪਰ ਬਾਪੂ ਜਿਹਾ ਯਾਰ ਨਹੀਂ ਮਿਲਿਆ।
ਹਾਸੇ ਹੋਵਣ ਦੂਰ ਕਦੇ, ਪਲ ਵੀ ਲੰਘਿਆ ਨਾ
ਬਾਪੂ ਤੇ ਰੱਬ ਦੂਜਾ, ਹੋਰ ਕਿਸੇ ਤੋਂ ਮੰਗਿਆ ਨਾ
ਹਰ ਲਵੇ ਜੋ ਦੁੱਖ ਸਾਰੇ ਦਿਲਦਾਰ ਨਹੀਂ ਮਿਲਿਆ
ਮਿਲੇ ਜ਼ਿੰਦਗੀ ਵਿੱਚ ਯਾਰ ਵਥੇਰੇ
ਪਰ ਬਾਪੂ ਜਿਹਾ ਯਾਰ ਨਹੀਂ ਮਿਲਿਆ।
ਗੱਲੀਂ-ਬਾਤੀ ਕਹਿਣ ਜੋ, ਨਿੱਤ ਹਿੱਕਾਂ ਡਾਹਵਾਂਗੇ
ਪਹਿਲੀ ਹਾਕ 'ਤੇ ਸੱਜਣਾ, ਨੰਗੇ ਪੈਰੀਂ ਆਵਾਂਗੇ
ਮੌਕੇ 'ਤੇ ਕੰਮ ਆਵੇ ਐਸਾ ਹਥਿਆਰ ਨਹੀਂ ਮਿਲਿਆ
ਮਿਲੇ ਜ਼ਿੰਦਗੀ ਵਿੱਚ ਯਾਰ ਵਥੇਰੇ
ਪਰ ਬਾਪੂ ਜਿਹਾ ਯਾਰ ਨਹੀਂ ਮਿਲਿਆ।
ਫ਼ਿਕਰ ਵੇਖ ਕੇ ਮੇਰਾ ਜੋ, ਫ਼ਿਕਰਾਂ ਵਿੱਚ ਪੈ ਜਾਂਦਾ
ਮੇਰੇ ਸਿਰ ਜੇ ਭੀੜ ਪਵੇ, ਪਹਾੜ ਨ' ਵੀ ਖਹਿ ਜਾਂਦਾ
ਪਰਮਿੰਦਰਾ ਐਸਾ ਕਦੇ ਗਮਖ਼ਾਰ ਨਹੀਂ ਮਿਲਿਆ
ਮਿਲੇ ਜ਼ਿੰਦਗੀ ਵਿੱਚ ਯਾਰ ਵਥੇਰੇ
ਪਰ ਬਾਪੂ ਜਿਹਾ ਯਾਰ ਨਹੀਂ ਮਿਲਿਆ।

**ਪਰਮਿੰਦਰ ਸਿੰਘ ਸਿੱਧੂ**

## ਕਲਮਕਾਰਾਂ ਲਈ ਸਵੈ-ਚਿੰਤਨ



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਹੱਕ ਸੱਚ ਇਨਸਾਫ ਲਈ ਕਲਮ ਵਾਹੀਏ
ਪਾਠਕ ਵਰਗ ਦਾ ਮਿਲ਼ੂ ਸਤਿਕਾਰ ਸਾਨੂੰ।
ਬਹੁਤਾ ਦੇਈਏ 'ਉਪਦੇਸ਼' ਨਾ ਦੂਜਿਆਂ ਨੂੰ
ਖੁਦ ਦਾ ਦੇਖਣਾ ਚਾਹੀਏ ਕਿਰਦਾਰ ਸਾਨੂੰ।
'ਤਾਰੇ ਅੰਬਰ 'ਚੋਂ ਤੋੜ ਲਏ' ਬਹੁਤ ਆਪਾਂ
ਹੁਣ ਨਹੀਂ ਸੋਭਦੇ 'ਜ਼ੁਲਫ ਸ਼ਿੰਗਾਰ' ਸਾਨੂੰ।
ਲਿਖਤਾਂ ਵਿਚ ਮਨੁੱਖਤਾ ਦਲਈ ਸੇਧ ਹੋਵੇ
ਉਹ ਬਣਾਉਂਦੀਆਂ ਨੇ 'ਅਸਰਦਾਰ' ਸਾਨੂੰ।
ਕਦੇ ਮਾਣ ਸਨਮਾਨਾਂ ਲਈ ਲਲਚੀਏ ਨਾ
ਪਾਠਕ ਜਨਾਂ ਦਾ ਮਿਲਦਾ ਰਹੇ ਪਿਆਰ ਸਾਨੂੰ।
ਕਾਗਜ਼ ਕਲਮ ਸਿਆਹੀ ਹੁਣ ਵਰਤਦੇ ਨਾ
ਫਿਰ ਵੀ ਆਖਦੇ ਨੇ 'ਕਲਮਕਾਰ' ਸਾਨੂੰ !

000000-

## ਜਾਂਬਾਜ਼ੀ

**ਕਿਸੇ ਦੀ ਕਿਸੇ ਤੇ ਛੱਡ ਕੇ, ਤੂੰ ਆਪਣਾ ਦੇਖ ਲੈ ਸਰਦਾ।**
**ਤੇਰੇ ਚਿੱਤ ਤੇ ਤੇਰੇ ਵਿਚਕਾਰ , ਦੇਖੀਂ ਰਹੇ ਨਾ ਪਰਦਾ।**

**ਤੈਨੂੰ ਤਾਂ ਪਤਾ ਹੈ ਕਿ ਪਹਿਲਾਂ ਵਾਲ਼ੀ ਗੱਲ ਨਹੀਂ ਅੱਜਕਲ,**
**ਬਨੇਰੇ ਤੋਂ ਕਦੀ ਥਹੁ ਲੱਗ ਜਾਂਦਾ ਸੀ ਜਦੋਂ ਘਰ ਦਾ।**

**ਹੁਣ ਤਾਂ ਹਾਏ ਬਾਏ ਤਕ ਰਹਿ ਗਏ ਨੇ ਲਹੂ ਦੇ ਰਿਸ਼ਤੇ,**
**ਪੇਸ਼ ਪਰ ਜਾਣ ਨਹੀਂ ਦਿੰਦਾ, ਮਨਾ 'ਤੇ ਮੋਹ ਦਾ ਗਰਦਾ।**

**ਪਤਾ ਹੈ ਸੱਚ ਦਾ ਸੱਚ, ਕੱਚ ਦਾ ਕੱਚ ਰਹਿ ਜਾਣਾ ਆਖ਼ਰ,**
**ਕਿਹੜੇ ਕੰਮ ਨਾਟਕੀ ਦੱਸੋ, ਜੋ ਰਿਸ਼ਤਾ ਅੰਦਰੋਂ ਮਰਦਾ।**


**ਕਦੀ ਰੰਬਾ ਤੇ ਮੁੰਡਾ ਚੰਡ ਕੇ ਹੀ ਸੂਤ ਅਉਂਦੇ ਸੀ,**
**ਹੁਣ ਤਾਂ ਹਰ ਕੋਈ ਮਾਪਾ ਨਿਆਣੇ ਤੋਂ ਰਹੇ ਡਰਦਾ।**

**ਗਲੇ ਨਾਲ ਗਲੇ ਆ ਲੱਗਣ, ਫੇਰ ਅਨਜਾਣੀਆਂ ਬਾਹਾਂ,**
**ਅੰਦਰਲੇ ਓਪਰੇਪਨ 'ਤੇ, ਜੋ ਹੱਥ ਧੋ ਕੇ ਰਹੂ ਵਰ੍ਹਦਾ।**

**ਜਾਨ ਦੇ ਜਾਨੀ ਲਈ ਤਾਂ, ਜਾਨ ਦੀ ਜਾਂਬਾਜ਼ੀ ਚਾਹੀਦੀ,**
**ਬਹੁਤਾ ਸੋਚ ਕੇ ਕੋਈ ਇਸ਼ਕ ਦੇ ਪਿੜ ਪੱਬ ਨਹੀਂ ਧਰਦਾ।**

**ਮੁਹੱਬਤ ਸਦਾ ਹੈ ਸੰਭਵ, ਬਦੌਲਤ ਸ਼ਬਦ ਦੇ ਯਾਰੋ,**
**ਸੁਣ ਕੇ ਤੇ ਸੁਣਾ ਕੇ, ਭਾਗਾਂ ਵਾਲਾ ਰੂਹ ਰਹੇ ਭਰਦਾ।**

**ਨਸਾਂ ਨਾ ਜੰਮ ਜਾਣ ਦੇਖੀਂ, ਜੀਅ ਦੇ ਨਿੱਘ ਬਿਨਾ 'ਢੇਸੀ',**
**ਕੱਕਰ ਤੇ ਕੋਰੇ ਵਿਚ ਵੀ ਫੇਰ ਤਾਂ, ਤੂੰ ਉੱਕਾ ਨਹੀਂ ਠਰਦਾ।**



**ਕੁਲਵੰਤ ਸਿੰਘ ਢੇਸੀ, ਯੂ ਕੇ**

* * * * *

# ਅਕਾਲ ਤਖਤ ਦੇ ਜਥੇਦਾਰ ਬਾਦਲ ਪਰਿਵਾਰ ਦੇ ਪ੍ਰਭਾਵ ਅਧੀਨ ਬੀਬੀ ਜਗੀਰ ਕੌਰ ਨੂੰ ਜ਼ਲੀਲ ਨਾ ਕਰਨ-ਸਿਖ ਬੁਧਜੀਵੀ

## ✪ ਗੁਨਾਹਗਾਰ ਲੀਡਰਸ਼ਿਪ ਨੂੰ ਬਚਾਉਣ ਦਾ ਰਾਹ ਪੱਧਰਾ ਨਾ ਕਰੋ ਜਥੇਦਾਰ ਜੀ ✪ ਮੌਜੂਦਾ ਪੰਥਕ ਸੰਕਟ ਤੇ ਅਕਾਲੀ ਦਲ ਦੀ ਸਿਰਜਣਾ ਲਈ ਨੁਮਾਇੰਦਾ ਪੰਥਕ ਇਕੱਠ ਸੱਦੋ


ਜਥੇਦਾਰ ਰਘਬੀਰ ਸਿੰਘ


ਸ. ਗੁਰਤੇਜ ਸਿੰਘ ਆਈਏਐਸ




ਪਰਮਿੰਦਰਪਾਲ ਸਿੰਘ ਖਾਲਸਾ


ਭਾਈ ਹਰਸਿਮਰਨ ਸਿੰਘ


ਪ੍ਰੋ. ਬਲਵਿੰਦਰਪਾਲ ਸਿੰਘ

ਜਲੰਧਰ-ਸਿਖ ਬੁਧੀਜੀਵੀਆਂ ਸਿਰਦਾਰ ਗੁਰਤੇਜ ਸਿੰਘ ਆਈਏਐਸ, ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਪ੍ਰਧਾਨ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਭਾਈ ਹਰਸਿਮਰਨ ਸਿੰਘ, ਪ੍ਰੋਫੈਸਰ ਬਲਵਿੰਦਰ ਪਾਲ ਸਿੰਘ ਨੇ ਬੀਬੀ ਜਾਗੀਰ ਕੌਰ ਨੂੰ ਬੇਕਾਰਣ ਅਕਾਲ ਤਖਤ ਸਾਹਿਬ ਉਪਰ ਤਲਬ ਕਰਨ ਦਾ ਨੋਟਿਸ ਲੈਂਦਿਆਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ ਨੂੰ ਤਬਾਹ ਕਰਨ ਵਾਲੀ ਗੁਨਾਹਗਾਰ ਅਕਾਲੀ ਲੀਡਰਸ਼ਿਪ ਤੇ ਬਾਦਲ ਪਰਿਵਾਰ ਉਪਰ ਸਖਤ ਕਾਰਵਾਈ ਕਰਨ ਦੀ ਥਾਂ ਤੇ ਅਕਾਲੀ ਦਲ ਅਕਾਲ ਤਖਤ ਤੋਂ ਪੁਨਰ ਸਿਰਜਣਾ ਕਰਨ ਲਈ ਪੰਥਕ ਇਕਠ ਬੁਲਾਉਣ ਦੀ ਥਾਂ ਇਸ ਸਾਰੇ ਪੰਥਕ ਮਸਲੇ ਨੂੰ ਤਾਰਪੀਡੋ ਕਰਨ ਲਈ ਗੈਰਸਿਧਾਂਤਕ, ਗੈਰ ਸਿਖ ਮਰਿਯਾਦਾ ਵਾਲੇ ਕੇਸ ਦੀ ਸੁਣਵਾਈ ਕਰਕੇ ਅਕਾਲ ਤਖਤ ਸਾਹਿਬ ਦੀ ਮਹਾਨ ਪਰੰਪਰਾਵਾਂ ਨੂੰ ਗਿਆਨੀ ਗੁਰਬਚਨ ਸਿੰਘ ਵਾਂਗ ਢਾਹ ਲਗਾਉਣ ਤੋਂ ਸੰਕੋਚ ਕਰਨ। ਉਨ੍ਹਾਂ ਕਿਹਾ ਕਿ ਇਹ ਸਭ ਕੁਝ ਬਾਦਲ ਪਰਿਵਾਰ ਦਾ ਵਰਤਾਰਾ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਆਪਣੀ ਸਿਆਸਤ ਅਨੁਸਾਰ ਮੁੜ ਚਲਾਇਆ ਜਾਵੇ। ਜਥੇਦਾਰ ਅਕਾਲ ਤਖਤ ਸਾਹਿਬ ਨੂੰ ਇਸ ਕੂੜ ਸਿਆਸੀ ਲੀਡਰਸ਼ਿਪ ਦੇ ਚਕਰਵਿਊ ਤੋਂ ਨਿਕਲਣਾ ਚਾਹੀਦਾ।

ਉਨ੍ਹਾਂ ਕਿਹਾ ਕਿ ਹੁਣੇ ਜਿਹੇ ਅਕਾਲ ਤਖਤ ਦੇ ਜਥੇਦਾਰ ਵਲੋਂ ਬੀਬੀ ਜਗੀਰ ਕੌਰ ਨੂੰ ਆਪਣੀ ਧੀ ਦੀ ਮੌਤ ਦੇ ਮਾਮਲੇ ਵਿੱਚ 2000 ਦੌਰਾਨ ਦਰਜ ਹੋਏ ਕੇਸ ਵਿਚੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਬਰੀ ਕੀਤੇ ਜਾਣ ਤੋਂ ਛੇ ਸਾਲ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਨੂੰ ਨੋਟਿਸ ਜਾਰੀ ਕਰਕੇ ਕੁਝ ਵਿਅਕਤੀਆਂ ਵੱਲੋਂ ਮਿਲੀ ਸ਼ਿਕਾਇਤ ਤੇ ਰੋਮਾਂ ਦੀ ਬੇਅਦਬੀ 'ਤੇ 7 ਦਿਨਾਂ ਦੇ ਅੰਦਰ ਸਪੱਸ਼ਟੀਕਰਨ ਮੰਗਿਆ ਗਿਆ ਹੈ। ਜਦ ਕਿ ਜਥੇਦਾਰ ਅਕਾਲ ਤਖਤ ਦੇ ਦੋਵੇਂ ਨੁਕਤੇ ਸਿਖ ਮਰਿਯਾਦਾ, ਅਕਾਲ ਤਖਤ ਸਾਹਿਬ ਦੇ ਸਿਧਾਂਤ ਅਨੁਸਾਰ ਨੀਵੇਂ ਤੇ ਕੂੜ ਪੱਧਰ ਦੇ ਹਨ ਤੇ ਇਕ ਇਸਤਰੀ ਤੇ ਅਕਾਲ ਤਖਤ ਸਾਹਿਬ ਦੀਆਂ ਮਹਾਨ ਪਰੰਪਰਾਵਾਂ ਦੀ ਤੌਹੀਨ ਹਨ। ਇਸ ਨਾਲ ਅਕਾਲ ਤਖਤ ਸਾਹਿਬ ਦੀਆਂ ਮਹਾਨ ਪਰੰਪਰਾਵਾਂ ਨੂੰ ਢਾਹ ਲਗਾਉਣ ਦਾ ਖਤਰਾ ਪੈਦਾ ਹੋ ਗਿਆ ਹੈ। ਸੁਆਲ ਇਹ ਵੀ ਹੈ ਕਿ ਕੀ ਜਥੇਦਾਰ ਰਘਬੀਰ ਸਿੰਘ ਨੇ ਇਹ ਨੋਟਿਸ ਭੇਜਣ ਤੋਂ ਪਹਿਲਾਂ ਬਾਕੀ ਸਿੰਘ ਸਾਹਿਬਾਨਾਂ ਨਾਲ ਸਲਾਹ ਕੀਤੀ ਹੈ?




ਸਿਖ ਬੁਧਜੀਵੀਆਂ ਨੇ ਕਿਹਾ ਕਿ ਬੀਬੀ ਜਾਗੀਰ ਕੌਰ 16 ਮਾਰਚ 1999 ਦੌਰਾਨ ਸ੍ਰੋਮਣੀ ਕਮੇਟੀ ਦੀ ਪਹਿਲੀ ਇਸਤਰੀ ਪ੍ਰਧਾਨ ਬਣੀ ਸੀ। ਫਿਰ ਨਵੰਬਰ 2000 ਦੌਰਾਨ, 2004 ਵਿਚ ਫਿਰ ਚੋਣ ਲੜੀ, 2011 ਦੀ ਵੀ ਚੋਣ ਲੜੀ। ਬੀਬੀ ਜਗੀਰ ਕੌਰ ਨੂੰ 2018 ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਆਪਣੀ ਧੀ ਹਰਪ੍ਰੀਤ ਕੌਰ ਦੇ ਕਤਲ ਦੇ ਮਾਮਲੇ ਤੋਂ ਬਰੀ ਕਰ ਦਿੱਤਾ ਸੀ। ਉਸ ਤੋਂ ਬਾਅਦ, ਉਸਨੇ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਖਡੂਰ ਸਾਹਿਬ ਤੋਂ 2019 ਦੀ ਲੋਕ ਸਭਾ ਚੋਣ ਲੜੀ, ਅਤੇ ਅਗਲੇ ਸਾਲ ਉਸਨੂੰ ਸ੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ ਸੀ।

ਕੀ ਉਸ ਸਮੇਂ ਅਕਾਲੀ ਦਲ ਦੇ ਮਹਾਰਥੀਆਂ, ਸਿੰਘ ਸਾਹਿਬਾਨਾਂ ਨੂੰ ਇਹ ਚੇਤੇ ਕਿਉਂ ਨਹੀਂ ਸੀ ਕਿ ਬੀਬੀ ਜਾਗੀਰ ਕੌਰ ਉਪਰ ਕੁੜੀ ਮਾਰ ਦੇ ਦੋਸ਼ ਹਨ ਜਾਂ ਉਸਨੇ ਕੇਸਾਂ ਦੀ ਬੇਅਦਬੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਬੀਬੀ ਨੂੰ 'ਕੁੜੀਮਾਰ' ਨਹੀਂ ਆਖਿਆ ਜਾ ਸਕਦਾ। ਇਹ ਲਫਜ਼ ਸਿਖ ਮਰਿਆਦਾ ਅਨੁਸਾਰ ਭਰੂਣ ਹੱਤਿਆ ਅਤੇ ਜੰਮਦੀਆਂ ਕੁੜੀਆਂ ਨੂੰ ਮਾਰਨ ਲਈ ਹੀ ਵਰਤਿਆ ਜਾ ਸਕਦਾ ਹੈ। ਸਾਡੀ ਗੁਰਭਾਈਆਂ ਦੀ ਭਰਪੂਰ ਹਮਦਰਦੀ ਬੀਬੀ ਦੇ ਨਾਲ ਹੋਣੀ ਚਾਹੀਦੀ ਹੈ। ਕਿਹਾ ਕਿ ਜਦ ਇਹ ਮਸਲਾ ਅਦਾਲਤ ਵਿਚ ਬੀਬੀ ਜਿਤ ਚੁਕੀ ਹੈ ਤਾਂ ਜਥੇਦਾਰ ਜੀ ਨੂੰ ਇਸ ਮਸਲੇ ਨੂੰ ਨਹੀਂ ਵਿਚਾਰਨਾ ਚਾਹੀਦਾ ਸੀ।

ਉਨ੍ਹਾਂ ਕਿਹਾ ਕਿ ਜਥੇਦਾਰ ਅਕਾਲ ਤਖਤ ਨੂੰ ਅਜਿਹੇ ਗੈਰ ਸਿਧਾਂਤਕ ਮੁਦੇ ਤਿਆਗਕੇ ਪੰਥਕ ਸੰਕਟ ਸਬੰਧੀ ਕੇਸ ਉਪਰ ਕਾਰਵਾਈ ਕਰਨੀ ਚਾਹੀਦੀ ਹੈ, ਗੁਨਾਹਗਾਰ ਅਕਾਲੀ ਲੀਡਰਸ਼ਿਪ ਨੂੰ ਸਖਤ ਰਾਜਨੀਤਕ ਸਜ਼ਾ ਦੇਣੀ ਚਾਹੀਦੀ ਹੈ ਜਿਸ ਕਾਰਣ ਅਕਾਲੀ ਦਲ ਦੀ ਸਿਆਸੀ ਨਸਲਕੁਸ਼ੀ ਹੋਈ ਤੇ ਸਿਖ ਪੰਥ ਨਾਲ ਧ੍ਰੋਹ ਕਮਾਇਆ ਗਿਆ। ਇਸ ਵਿਚ ਬਾਦਲ ਪਰਿਵਾਰ ਹੀ ਨਹੀਂ, ਗਿਆਨੀ ਗੁਰਬਚਨ ਸਿੰਘ, ਗੁਰਮੁਖਿ ਸਿੰਘ, ਇਕਬਾਲ ਸਿੰਘ ਵੀ ਦੋਸ਼ੀ ਹਨ। ਇਨ੍ਹਾਂ ਨੂੰ ਹਾਲੇ ਤਕ ਅਕਾਲ ਤਖਤ ਸਾਹਿਬ ਤਲਬ ਕਿਉਂ ਨਹੀਂ ਕੀਤਾ ਗਿਆ। ਇਸ ਕੇਸ ਨੂੰ ਹੱਲ ਕਰਨ ਵਿਚ ਦੇਰੀ ਕਿਉਂ?

ਕਿਉਂ ਨਹੀਂ ਪ੍ਰਕਾਸ਼ ਸਿੰਘ ਬਾਦਲ ਨੂੰ ਫਖਰੇ ਕੌਮ ਅਵਾਰਡ ਜੋ ਅਕਾਲ ਤਖਤ ਸਾਹਿਬ ਵਲੋਂ ਦਿਤਾ ਗਿਆ, ਵਾਪਸ ਲਿਆ ਜਾ ਰਿਹਾ। ਜਦ ਕਿ ਇਸ ਸਬੰਧ ਵਿਚ ਆਪ ਜੀ ਕੋਲ ਕਾਰਵਾਈ ਲਈ ਅਰਜ਼ੀਆਂ ਭੇਜੀਆਂ ਜਾ ਚੁਕੀਆਂ ਹਨ। ਕਿਉਂ ਨਹੀਂ ਇਸ ਬਾਰੇ ਨੁਮਾਇੰਦਾ ਪੰਥਕ ਇਕਠ ਬੁਲਾਕੇ ਪੰਥਕ ਫੈਸਲੇ ਕਿਉਂ ਨਹੀਂ ਕੀਤੇ ਜਾ ਰਹੇ।

# ਐਸਐਚਓ ਨੇ ਔਰਤ ਕਾਂਸਟੇਬਲ ਦੀ ਅਸ਼ਲੀਲ ਵੀਡੀਓ ਬਣਾ ਕੇ ਕੀਤਾ ਬਲੈਕਮੇਲ

## ✪ ਘਟਨਾ ਦੇ ਬਾਅਦ ਐੱਸਐੱਚਓ ਫਰਾਰ, ਪੁਲਿਸ ਗ੍ਰਿਫ਼ਤਾਰੀ ਲਈ ਮਾਰ ਰਹੀ ਏ ਛਾਪੇ

ਲੁਧਿਆਣਾ-ਲੁਧਿਆਣਾ ਪੁਲਿਸ ਦੇ ਇੱਕ ਐਸਐਚਓ ਨੇ ਆਪਣੇ ਹੀ ਥਾਣੇ ਵਿੱਚ ਤਾਇਨਾਤ ਇੱਕ ਮਹਿਲਾ ਕਾਂਸਟੇਬਲ ਨਾਲ ਜਬਰ ਜਨਾਹ ਕੀਤਾ।

ਮਹਿਲਾ ਕਾਂਸਟੇਬਲ ਨੇ ਦੱਸਿਆ ਕਿ ਐਸਐਚਓ ਕੁਲਵਿੰਦਰ ਸਿੰਘ 2 ਦਿਨ ਪਹਿਲਾਂ ਉਸ ਨੂੰ ਆਪਣੇ ਬੱਚਿਆਂ ਤੇ ਪਤਨੀ ਨਾਲ ਮਿਲਵਾਉਣ ਦਾ ਬਹਾਨਾ ਬਣਾ ਕੇ ਗੱਡੀ ਵਿੱਚ ਬਿਠਾ ਕੇ ਆਪਣੇ ਫਾਰਮ ਹਾਊਸ ਲੈ ਗਿਆ। ਜਦੋਂ ਉਹ ਫਾਰਮ ਹਾਊਸ ਪਹੁੰਚਿਆ ਤਾਂ ਉੱਥੇ ਕੋਈ ਵੀ ਨਹੀਂ ਸੀ। ਐਸਐਚਓ ਨੇ ਉਸ ਦਾ ਉੱਥੇ ਬਲਾਤਕਾਰ ਕੀਤਾ ਹੈ।

ਜਬਰ ਜਨਾਹ ਤੋਂ ਪਹਿਲਾਂ ਐਸਐਚਓ ਨੇ ਮਹਿਲਾ ਕਾਂਸਟੇਬਲ ਦੀ ਅਸ਼ਲੀਲ ਵੀਡੀਓ ਬਣਾਈ ਸੀ। ਬਾਅਦ ਵਿਚ ਉਸ ਨੇ ਮਹਿਲਾ ਕਾਂਸਟੇਬਲ ਨੂੰ ਧਮਕੀ ਦਿੱਤੀ ਕਿ ਜੇਕਰ ਉਸ



ਨੇ ਕਿਸੇ ਨੂੰ ਕੁਝ ਦੱਸਿਆ ਤਾਂ ਉਹ ਉਸ ਦੀ ਵੀਡੀਓ ਵਾਇਰਲ ਕਰ ਦੇਵੇਗਾ।

ਹਾਲਾਂਕਿ ਮਹਿਲਾ ਕਾਂਸਟੇਬਲ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ। ਪੁਲਿਸ ਨੇ ਥਾਣਾ ਮੁੱਲਾਂਪੁਰ ਦਾਖਾ ਦੇ ਐਸ.ਐਚ.ਓ ਕੁਲਵਿੰਦਰ ਸਿੰਘ ਦੇ ਖਿਲਾਫ ਲੁਧਿਆਣਾ ਦੇਹਾਤ ਵਿੱਚ ਮਾਮਲਾ ਦਰਜ ਕਰ ਲਿਆ ਹੈ। ਘਟਨਾ ਦੇ ਬਾਅਦ ਤੋਂ ਐੱਸਐੱਚਓ ਫਰਾਰ ਹੈ। ਪੁਲਿਸ ਉਸ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕਰ ਰਹੀ ਹੈ।

ਐਸਐਸਪੀ ਲੁਧਿਆਣਾ ਨਵਨੀਤ ਸਿੰਘ ਬੈਂਸ ਨੇ ਘਟਨਾ ਦੀ ਪੁਸ਼ਟੀ ਕੀਤੀ। ਉਨ੍ਹਾਂ ਨੇ ਦੱਸਿਆ ਕਿ ਐਸਐਚਓ ਕੁਲਵਿੰਦਰ ਸਿੰਘ ਮੁੱਲਾਂਪੁਰ ਦਾਖਾ ਥਾਣੇ ਵਿਚ ਤਾਇਨਾਤ ਹੈ। ਉਸ ਖਿਲਾਫ਼ ਮਾਮਲਾ ਮੁਹਾਲੀ ਵਿੱਚ ਦਰਜ ਕੀਤਾ ਗਿਆ, ਜਿੱਥੇ ਉਸ ਨੇ ਮਹਿਲਾ ਕਾਂਸਟੇਬਲ ਨਾਲ ਜਬਰ ਜਨਾਹ ਕੀਤਾ ਸੀ।

## ਪੰਚਾਇਤਾਂ ਦੀ ਲਗੀ ਬੋਲੀ, 5 ਸਫ਼ੇ ਦੀ ਬਾਕੀ

ਇਸ ਦੌਰਾਨ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਚਮਿੰਡਾ ਦੇ ਲੋਕਾਂ ਨੇ ਵੀ ਆਪਸੀ ਏਕਤਾ ਦੀ ਮਿਸਾਲ ਪੇਸ਼ ਕਰਦੇ ਹੋਏ ਸਮੁੱਚੀ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਕੀਤੀ।

ਗੁਰਦਾਸਪੁਰ ਜ਼ਿਲ੍ਹੇ ਦੇ ਬਲਾਕ ਡੇਰਾ ਬਾਬਾ ਨਾਨਕ ਅਧੀਨ ਆਉਂਦੇ ਪਿੰਡ ਮੰਮਣ ਦੇ ਵੀ ਲੋਕਾਂ ਨੇ ਸਰਬਸੰਮਤੀ ਨਾਲ ਗ੍ਰਾਮ ਪੰਚਾਇਤ ਦੀ ਚੋਣ ਪਿਛਲੇ 15 ਸਾਲਾਂ ਤੋਂ ਸਰਬਸੰਮਤੀ ਨਾਲ ਪੰਚਾਇਤ ਚੋਣ ਕਰਨ ਦੀ ਆਪਣੀ ਪਰੰਪਰਾ ਨੂੰ ਕਾਇਮ ਰੱਖਿਆ। ਜ਼ਿਲ੍ਹਾ ਫਤਿਹਗੜ੍ਹ ਵਿਚ ਪੈਂਦੇ ਅਮਲੋਹ ਹਲਕੇ ਦੇ ਪਿੰਡ ਅੰਨੀਆਂ ਵਿਖੇ ਵੀ ਸਮੁੱਚੀ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਇਸੇ ਤਰ੍ਹਾਂ ਜ਼ਿਲ੍ਹਾ ਪਟਿਆਲਾ ਦੇ ਪਿੰਡ ਕਨਸੂਹਾ ਖੁਰਦ ਵਿਖੇ ਵੀ ਪਿੰਡ ਦੇ ਲੋਕਾਂ ਨੇ 70 ਸਾਲਾਂ ਬਾਅਦ ਇਕੱਠ ਕਰਕੇ ਪਹਿਲੀ ਵਾਰ ਗ੍ਰਾਮ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਕੀਤੀ। ਜਦਕਿ ਸੰਗਰੂਰ ਜ਼ਿਲ੍ਹੇ ਦੇ ਪਿੰਡ ਅਮਰ ਸਿੰਘ ਵਾਲੀ ਵਿਖੇ ਵੀ ਪਿੰਡ ਵਾਸੀਆਂ ਨੇ ਸਮੁੱਚੀ ਗ੍ਰਾਮ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਚੁਣੀ। ਜ਼ਿਲ੍ਹਾ ਕਪੂਰਥਲਾ ਦੇ ਪਿੰਡ ਨਿਹਾਲਗੜ੍ਹ ਵਿਖੇ ਵੀ ਪਿੰਡ ਦਾ ਸਰਪੰਚ ਸਰਬਸੰਮਤੀ ਨਾਲ ਚੁਣਿਆ ਗਿਆ। ਇਸੇ ਤਰ੍ਹਾਂ ਪਿੰਡ ਸਿੱਧਵਾਂ ਤੇ ਪਿੰਡ ਅਕਾਲਾ ਵਿਖੇ ਵੀ ਪਿੰਡ ਵਾਸੀਆਂ ਨੇ ਇਕੱਠ ਕਰਕੇ ਸਮੁੱਚੀ ਪੰਚਾਇਤ ਨੂੰ ਸਰਬਸੰਮਤੀ ਨਾਲ ਚੁਣ ਲਿਆ।

ਜਦੋਂ ਇਹ ਲੋਕ ਆਪਣੇ ਪਿੰਡ ਦੀ ਖੁਸ਼ਹਾਲੀ ਲਈ ਇਕ ਮੰਚ 'ਤੇ ਇਕੱਤਰ ਹੋ ਕੇ ਫ਼ੈਸਲਾ ਕਰਨਗੇ ਤਾਂ ਇਹ ਸੁਭਾਵਿਕ ਹੈ ਕਿ ਸਾਰੇ ਫ਼ੈਸਲੇ ਲੋਕਾਂ ਦੀ ਭਲਾਈ ਲਈ ਸਾਰਥਕ ਸਿੱਧ ਹੋਣਗੇ, ਕਿਉਂਕਿ ਚੋਣਾਂ ਜਿੱਤਣ ਵਾਸਤੇ ਵੱਖ-ਵੱਖ ਉਮੀਦਵਾਰਾਂ ਵਲੋਂ ਆਪਣੀ ਹੈਸੀਅਤ ਨਾਲੋਂ ਵਧ ਕੇ ਕੀਤਾ ਜਾਣ ਵਾਲਾ ਬਚਿਆ ਖਰਚ ਆਪਣੇ ਪਿੰਡ ਦੀ ਭਲਾਈ ਲਈ ਖਰਚਿਆ ਜਾ ਸਕਦਾ ਹੈ। ਜੇਕਰ ਦੇਖਿਆ ਜਾਵੇ ਤਾਂ ਅੱਜ ਪਿੰਡਾਂ ਅੰਦਰ ਸਿਹਤ 'ਤੇ ਸਿੱਖਿਆ ਸਹੂਲਤਾਂ ਦਾ ਜੋ ਹਾਲ ਹੈ, ਕਿਸੇ ਤੋਂ ਛੁਪਿਆ ਨਹੀਂ ਹੈ। ਜੇਕਰ ਇਕਜੁਟ ਹੋ ਕੇ ਪਿੰਡਾਂ ਦੀ ਭਲਾਈ ਲਈ ਕਾਰਜ ਆਰੰਭੇ ਜਾਣ ਤਾਂ ਚੰਗੇ ਨਤੀਜੇ ਮਿਲ ਸਕਦੇ ਹਨ।

ਇਨ੍ਹਾਂ ਬੋਲੀਆਂ ਉੱਤੇ ਜੇ ਗ਼ੌਰ ਨਾ ਕੀਤਾ ਗਿਆ ਤਾਂ ਇਹ ਲੋਕਤੰਤਰ ਦੀਆਂ ਨੀਂਹਾਂ ਨੂੰ ਖ਼ੋਰਾ ਲਾਉਣਗੀਆਂ। ਕਾਨੂੰਨ ਦਾ ਸ਼ਾਸਨ ਕਾਇਮ ਰੱਖਣ ਤੇ ਪੰਜਾਬ ਦੀ ਸ਼ਾਸਨ ਪ੍ਰਣਾਲੀ ਵਿੱਚ ਇਸ ਤਰ੍ਹਾਂ ਦੇ ਅਮਲਾਂ ਦੀਆਂ ਜੜ੍ਹਾਂ ਲੱਗਣ ਤੋਂ ਰੋਕਣ ਲਈ ਫੌਰੀ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।

**ਮੀਡੀਆ ਦੇ ਮਾਲਕ ਲੋਕਾਂ ਵਿੱਚ ਅੰਧ-ਵਿਸ਼ਵਾਸ ਫੈਲਾਉਣ ਵਾਲੇ ਅਖੋਤੀ ਨਜੂਮੀਆਂ ਤੇ ਬਾਬਿਆਂ ਦੇ ਇਸ਼ਤਿਹਾਰ ਨਾ ਲਾਉਣ। ਅੱਜਕਲ੍ਹ ਬਹੁਤੇ ਯੂ ਟਿਊਬ ਚੈਨਲ ਤੇ ਬਾਬਿਆਂ ਨੂੰ ਪ੍ਰਮੋਟ ਕਰਕੇ ਅੰਧ ਵਿਸ਼ਵਾਸ ਫੈਲਾ ਰਹੇ ਹਨ। ਇਨ੍ਹਾਂ ਚੈਨਲਾਂ ਨੂੰ ਸਬਸਕ੍ਰਾਈਬ ਨਾ ਕਰੋ ਅਤੇ ਨਾ ਹੀ ਇਹਨਾਂ ਦੀਆਂ ਖ਼ਬਰਾਂ ਦੂਜਿਆਂ ਨਾਲ ਸਾਂਝੀਆਂ ਕਰੋ।**

# ਜਲੰਧਰ ਦੇ ਪਾਸਪੋਰਟ ਦਫ਼ਤਰ ਵਿਚ ਹੋ ਰਿਹਾ ਭ੍ਰਿਸ਼ਟਾਚਾਰ ਦਾ ਮਾਮਲਾ ਕੇਂਦਰ ਕੋਲ ਪਹੁੰਚਿਆ

## ✪ ਸੀਬੀਆਈ ਨੇ ਕੁਝ ਮਹੀਨੇ ਪਹਿਲਾਂ ਮਾਰਿਆ ਸੀ ਛਾਪਾ

ਜਲੰਧਰ-ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਜਲੰਧਰ ਸਥਿਤ ਖੇਤਰੀ ਪਾਸਪੋਰਟ ਦਫ਼ਤਰ ਖ਼ਿਲਾਫ਼ ਕੇਂਦਰ ਸਰਕਾਰ ਨੂੰ ਸ਼ਿਕਾਇਤ ਭੇਜੀ ਹੈ। ਸ਼ਿਕਾਇਤ ਵਿੱਚ ਉਨ੍ਹਾਂ ਨੇ ਆਰਪੀਓ ਦਫ਼ਤਰ ਵਿੱਚ ਮਾੜੇ ਸਿਸਟਮ ਅਤੇ ਭ੍ਰਿਸ਼ਟਾਚਾਰ ਦੀ ਸ਼ਿਕਾਇਤ ਕੀਤੀ ਹੈ।




ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵੀ ਜਲੰਧਰ ਆਰਪੀਓ ਨੂੰ ਲੈ ਕੇ ਕੇਂਦਰੀ ਏਜੰਸੀ ਸੀਬੀਆਈ ਵੱਲੋਂ ਜਾਂਚ ਕੀਤੀ ਗਈ ਸੀ ਜਿਸ ਤੋਂ ਬਾਅਦ ਸੀਬੀਆਈ ਨੇ 16 ਫਰਵਰੀ ਨੂੰ ਛਾਪੇਮਾਰੀ ਕੀਤੀ ਅਤੇ ਰਿਜਨਲ ਪਾਸਪੋਰਟ ਅਧਿਕਾਰੀ ਅਨੂਪ ਸਿੰਘ ਸਮੇਤ 2 ਸਹਾਇਕ ਪਾਸਪੋਰਟ ਅਫਸਰਾਂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਸੀ।

ਸੰਤ ਸੀਚੇਵਾਲ ਨੇ ਦੱਸਿਆ ਕਿ ਸਭ ਤੋਂ ਵੱਧ ਪਾਸਪੋਰਟ ਖੇਤਰੀ ਪਾਸਪੋਰਟ ਦਫ਼ਤਰ ਜਲੰਧਰ ਵਿੱਚ ਬਣਦੇ ਹਨ। ਇਸ ਦਫ਼ਤਰ ਵਿੱਚ ਵੱਡੀ ਗਿਣਤੀ ਵਿੱਚ ਲੋਕ ਆਪਣਾ ਨਵਾਂ ਪਾਸਪੋਰਟ ਬਣਵਾਉਣ, ਇਸ ਨੂੰ ਰੀਨਿਊ ਕਰਵਾਉਣ ਅਤੇ ਪਾਸਪੋਰਟ ਠੀਕ ਕਰਵਾਉਣ ਲਈ ਆਉਂਦੇ ਹਨ ਪਰ ਜਲੰਧਰ ਪਾਸਪੋਰਟ ਦਫਤਰ 'ਚ ਲੋਕਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸੰਤ ਸੀਚੇਵਾਲ ਨੇ ਕਿਹਾ ਕਿ ਪਾਸਪੋਰਟ ਦਫਤਰ ਦੇ ਮੁਲਾਜ਼ਮਾਂ ਦਾ ਰਵੱਈਆ ਲੋਕਾਂ ਪ੍ਰਤੀ ਕਾਫੀ ਨਿਰਾਸ਼ਾਜਨਕ ਹੈ, ਜਿਸ ਦਾ ਸਿੱਧਾ ਅਸਰ ਕੇਂਦਰ ਸਰਕਾਰ ਦੇ ਅਕਸ 'ਤੇ ਪੈ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਪਾਸਪੋਰਟ ਜਾਰੀ ਕਰਨ ਵਿੱਚ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਘੱਟ ਕਰਨ ਅਤੇ ਉਨ੍ਹਾਂ ਨੂੰ ਜਲਦੀ ਪਾਸਪੋਰਟ ਜਾਰੀ ਕਰਨ ਲਈ ਬਹੁਤ ਉਪਰਾਲੇ ਕੀਤੇ ਜਾ ਰਹੇ ਹਨ। ਇਸ ਪਾਸਪੋਰਟ ਦਫ਼ਤਰ ਵਿੱਚ ਕੇਂਦਰ ਸਰਕਾਰ ਦੇ ਨਿਯਮਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ।

# ਗਲੋਬਲ ਸਿੱਖ ਕੌਂਸਲ ਦੀ ਮੰਗ ਕਿਊਬਿਕ ਵਿਚ ਦਸਤਾਰ 'ਤੇ ਪਾਬੰਦੀ ਲਗਾਉਣ ਵਾਲਾ ਕਾਨੂੰਨ ਰੱਦ ਹੋਵੇ

ਚੰਡੀਗੜ੍ਹ-ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਕੈਨੇਡਾ ਦੇ ਕਿਊਬਿਕ ਸੂਬੇ ਵੱਲੋਂ ਲਾਗੂ ਕੀਤੇ ਵਿਵਾਦਤ 'ਬਿੱਲ-21' ਨਾਮੀ ਕਾਨੂੰਨ ਦੀ ਸਖ਼ਤ ਨਿਖੇਧੀ ਕਰਦਿਆਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ (ਯੂ.ਐਨ.ਐਚ.ਆਰ.ਸੀ.) ਅਤੇ ਕੈਨੇਡਾ ਦੀ ਫੈਡਰਲ ਸਰਕਾਰ ਨੂੰ ਇਸ ਵਿਵਾਦਤ ਕਾਨੂੰਨ ਨੂੰ ਤੁਰੰਤ ਮਨਸੂਖ ਕਰਨ ਦੀ ਅਪੀਲ ਕੀਤੀ ਹੈ। ਇਸ ਕਾਨੂੰਨ ਤਹਿਤ ਜਨਤਕ ਖੇਤਰ ਵਿਚ ਨੌਕਰੀਪੇਸ਼ਾ ਸਿੱਖਾਂ ਨੂੰ ਦਫ਼ਤਰਾਂ ਅਤੇ ਕੰਮ ਦੌਰਾਨ ਧਾਰਮਿਕ ਚਿੰਨ੍ਹ ਪਹਿਨਣ 'ਤੇ ਪਾਬੰਦੀ ਲਗਾਈ ਗਈ ਹੈ।



ਗਲੋਬਲ ਸਿੱਖ ਕੌਂਸਲ ਨੇ ਕਿਹਾ ਹੈ ਕਿ ਇਹ ਕਾਨੂੰਨ ਮਨੁੱਖੀ ਅਧਿਕਾਰਾਂ ਪ੍ਰਤੀ ਸੰਯੁਕਤ ਰਾਸ਼ਟਰ ਦੇ ਵਿਸ਼ਵਵਿਆਪੀ ਘੋਸ਼ਣਾ ਪੱਤਰ ਦੀ ਸਿੱਧੇ ਤੌਰ 'ਤੇ ਉਲੰਘਣਾ ਕਰਦਾ ਹੈ ਜਿਸ ਉਪਰ ਕੈਨੇਡਾ ਸਰਕਾਰ ਵੱਲੋਂ ਦਸਤਖ਼ਤ ਕੀਤੇ ਹੋਏ ਹਨ। ਇਸ ਕਰਕੇ ਕੈਨੇਡਾ ਦੀ ਫੈਡਰਲ ਸਰਕਾਰ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਤੋਂ ਇਸ ਭਖਵੇਂ ਮਾਮਲੇ ਉਪਰ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ।

ਕੌਂਸਲ ਦੀ ਪ੍ਰਧਾਨ ਲੇਡੀ ਸਿੰਘ ਡਾ. ਕੰਵਲਜੀਤ ਕੌਰ, ਓ.ਬੀ.ਈ. ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕੈਨੇਡਾ ਮੁਲਕ ਦਾ ਸੰਵਿਧਾਨ ਸਾਰੇ ਦੇਸ਼ ਦੇ ਨਾਗਰਿਕਾਂ ਨੂੰ ਧਰਮ ਦੀ ਆਜ਼ਾਦੀ ਦੀ ਗਰੰਟੀ ਦਿੰਦਾ ਹੈ। ਇਸ ਤੋਂ ਇਲਾਵਾ ਨਸਲੀ ਅਤੇ ਧਾਰਮਿਕ ਅਧਿਕਾਰਾਂ ਦੀ ਰਾਖੀ ਕਰਨ ਦੇ ਵਚਨਬੱਧ ਵਾਲੀਆਂ ਸੰਯੁਕਤ ਰਾਸ਼ਟਰ ਦੀਆਂ ਸੰਧੀਆਂ ਨੂੰ ਕੈਨੇਡਾ ਨੇ ਪ੍ਰਵਾਨ ਕੀਤਾ ਹੋਇਆ ਹੈ। ਉਨਾਂ ਕਿਹਾ ਕਿ ਕਿਊਬਿਕ ਰਾਜ ਦਾ ਇਹ ਕਾਨੂੰਨ ਆਪਣੇ ਨਾਗਰਿਕਾਂ ਨਾਲ ਉਹਨਾਂ ਦੇ ਧਾਰਮਿਕ ਵਿਸ਼ਵਾਸਾਂ ਦੇ ਅਧਾਰ 'ਤੇ ਵਿਤਕਰੇ ਨੂੰ ਜਾਇਜ਼ ਠਹਿਰਾਉਂਦਾ ਹੈ ਅਤੇ ਉਹਨਾਂ ਦੇ ਬੁਨਿਆਦੀ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ।

ਉਨਾਂ ਕਿਊਬਿਕ ਸਰਕਾਰ ਨੂੰ ਕਿਹਾ ਕਿ ਇਹ ਕਾਨੂੰਨ ਸੂਬਾਈ ਨਿਜ਼ਾਮ ਨੂੰ ਧਾਰਮਿਕ ਪ੍ਰਗਟਾਵੇ ਦੀ ਉਲੰਘਣਾ ਕਰਨ ਅਤੇ ਪ੍ਰਸ਼ਾਸ਼ਨ ਨੂੰ ਇਹ ਲਾਗੂ ਕਰਨ ਦੀ ਆਗਿਆ ਦਿੰਦਾ ਹੋਇਆ ਇੱਕ ਖ਼ਤਰਨਾਕ ਮਿਸਾਲ ਕਾਇਮ ਕਰਦਾ ਹੈ ਕਿ ਇਸਦੇ ਵਸਨੀਕ ਕੀ ਪਹਿਨਣ ਜਾਂ ਕੀ ਨਾ ਪਹਿਨਣ।

ਡਾ. ਕੰਵਲਜੀਤ ਕੌਰ ਨੇ ਯੂ. ਐਨ. ਐਚ. ਆਰ. ਸੀ., ਨਾਗਰਿਕ ਸੁਤੰਤਰਤਾ ਸੰਗਠਨਾਂ, ਕੈਨੇਡਾ ਦੇ ਸਮੂਹ ਸੰਸਦ ਮੈਂਬਰਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਨੂੰ ਕਿਊਬਿਕ ਵਿੱਚ ਧਾਰਮਿਕ ਆਜ਼ਾਦੀ 'ਤੇ ਹੋਏ ਇਸ ਹਮਲੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਵੀ ਅਪੀਲ ਕੀਤੀ ਕਿ ਉਹ ਵਿਵਾਦਤ ਬਿੱਲ-21 ਦੇ ਵਿਰੋਧ ਵਿੱਚ ਸ਼ਾਮਲ ਹੋ ਕੇ ਉਥੇ ਵੱਸਦੇ ਸਿੱਖਾਂ ਨੂੰ ਬਣਦਾ ਇਨਸਾਫ ਦਿਵਾਉਣ ਲਈ ਇਸ ਕਾਨੂੰਨ ਨੂੰ ਅੰਤਰਰਾਸ਼ਟਰੀ ਨਿਆਂ ਅਦਾਲਤ ਵਿੱਚ ਚੁਣੌਤੀ ਦੇਵੇ।

ਕੌਂਸਲ ਦੀ ਪ੍ਰਧਾਨ ਨੇ ਕਿਹਾ ਕਿ ਦੁਨੀਆਂ ਭਰ ਦੇ ਸਿੱਖਾਂ ਨੂੰ ਆਪਣਾ ਧਰਮ ਨਿਭਾਉਣ ਲਈ ਆਪੋ-ਆਪਣੇ ਮੁਲਕਾਂ ਵਿੱਚ ਲਾਜ਼ਮੀ ਕਕਾਰ ਪਹਿਨਣ, ਦਸਤਾਰ ਸਜਾਉਣ ਅਤੇ ਦਾੜ੍ਹੀ-ਕੇਸ ਰੱਖਦੇ ਹੋਏ ਆਪਣੀ ਧਾਰਮਿਕ ਪਛਾਣ ਬਣਾਈ ਰੱਖਣ ਦੀ ਪੂਰੀ ਇਜਾਜ਼ਤ ਹੈ ਪਰ ਸਿਰਫ ਕਿਊਬਿਕ ਸੂਬੇ ਵਿੱਚ ਸਖ਼ਤ ਪਾਬੰਦੀਆਂ ਲਗਾਈਆਂ ਗਈਆਂ ਹਨ। ਦੱਸਣਯੋਗ ਹੈ ਕਿ ਧਰਮ ਨਿਰਪੱਖਤਾ ਦੀ ਆੜ ਹੇਠ ਕਿਊਬਿਕ ਸੂਬੇ ਦਾ 'ਬਿੱਲ 21' ਅਧਿਆਪਕਾਂ, ਪੁਲਿਸ ਅਧਿਕਾਰੀਆਂ, ਵਕੀਲਾਂ ਅਤੇ ਹੋਰ ਜਨਤਕ ਖੇਤਰ ਦੇ ਕਰਮਚਾਰੀਆਂ ਨੂੰ ਆਪਣੇ ਧਾਰਮਿਕ ਚਿੰਨ੍ਹ, ਜਿਵੇਂ ਕਿ ਮੁਸਲਮਾਨਾਂ ਲਈ ਹੈੱਡ ਸਕਾਰਫ਼, ਸਿੱਖਾਂ ਲਈ ਦਸਤਾਰ, ਯਹੂਦੀਆਂ ਲਈ ਯਾਰਮੁਲਕੇ ਅਤੇ ਈਸਾਈਆਂ ਨੂੰ ਕ੍ਰਾਸ ਪਹਿਨਣ ਤੋਂ ਰੋਕਦਾ ਹੈ।

ਜੀ.ਐਸ.ਸੀ. ਨੇ ਕਿਹਾ ਹੈ ਕਿ ਇਹ ਕਾਨੂੰਨ ਨਾ ਸਿਰਫ਼ ਧਾਰਮਿਕ ਆਜ਼ਾਦੀ ਨੂੰ ਸੀਮਤ ਕਰਦਾ ਹੈ ਸਗੋਂ ਕਿਊਬਿਕ ਰਾਜ ਵਿੱਚ ਨਸਲੀ ਅਤੇ ਧਾਰਮਿਕ ਘੱਟ ਗਿਣਤੀਆਂ ਨੂੰ ਗੈਰ-ਅਨੁਪਾਤਕ ਤੌਰ 'ਤੇ ਪ੍ਰਭਾਵਿਤ ਕਰਦਾ ਹੋਇਆ ਉਨ੍ਹਾਂ ਧਰਮਾਂ ਦੇ ਨਾਗਰਿਕਾਂ ਦੀ ਸੂਬੇ ਵਿੱਚੋਂ ਬੇਦਖਲ ਕਰਨ ਦਾ ਮਾਹੌਲ ਵੀ ਬਣਾਉਂਦਾ ਹੈ।

# ਪੰਜਾਬ ਸਰਕਾਰ ਦੀ ਸਿਹਤ ਸੰਭਾਲ ਵਲ ਅਣਗਹਿਲੀ, ਹਾਈਕੋਰਟ ਵਲੋਂ ਪਾਈਆਂ ਝਾੜਾਂ

**○ ਕੇਂਦਰ ਸਰਕਾਰ ਤੋਂ ਮਿਲੇ 350 ਕਰੋੜ ਰੁਪਏ ਹਸਪਤਾਲਾਂ ਨੂੰ ਰਿਲੀਜ਼ ਨਾ ਕੀਤੇ ○ ਸਰਕਾਰ ਸਿਆਸਤਦਾਨਾਂ, ਮੀਡੀਆ ਇਸ਼ਤਿਹਾਰਬਾਜ਼ੀ ਵਰਗੇ ਕਰ ਰਹੀ ਏ ਬੇਲੋੜੇ ਖ਼ਰਚੇ**

ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਕੀਤੀ ਝਾੜ-ਝੰਬ ਨੇ ਵਿੱਤੀ ਤਰਜੀਹਾਂ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਦੀ ਬਦਇੰਤਜ਼ਾਮੀ ਨੂੰ ਜੱਗ ਜ਼ਾਹਿਰ ਕਰ ਦਿੱਤਾ ਹੈ, ਖ਼ਾਸ ਤੌਰ 'ਤੇ ਬੇਲੋੜਾ ਖਰਚ ਕਰਨ ਅਤੇ ਸਿਹਤ ਸੰਭਾਲ ਦੀਆਂ ਜ਼ਿੰਮੇਵਾਰੀਆਂ ਤੋਂ ਮੂੰਹ ਮੋੜਨ ਦੇ ਪੱਖ ਤੋਂ। ਆਯੁਸ਼ਮਾਨ ਭਾਰਤ ਸਕੀਮ ਤਹਿਤ ਕੇਂਦਰ ਸਰਕਾਰ ਤੋਂ 350 ਕਰੋੜ ਰੁਪਏ ਮਿਲਣ ਦੇ ਬਾਵਜੂਦ ਰਾਜ ਸਰਕਾਰ ਹਸਪਤਾਲਾਂ ਨੂੰ ਇਹ ਫੰਡ ਰਿਲੀਜ਼ ਕਰਨ ਵਿੱਚ ਨਾਕਾਮ ਰਹੀ ਹੈ। ਨਤੀਜੇ ਵਜੋਂ ਸਰਕਾਰ ਵੱਲ ਮੈਡੀਕਲ ਸੰਸਥਾਵਾਂ ਦਾ 500 ਕਰੋੜ ਰੁਪਏ ਬਕਾਇਆ ਫਸ ਗਿਆ ਹੈ। ਇਹ ਲਾਪਰਵਾਹੀ ਉਸ ਵੇਲੇ ਕੀਤੀ ਗਈ ਹੈ ਜਦੋਂ ਪੂਰੇ ਰਾਜ ਦੇ ਹਸਪਤਾਲ ਵਿੱਤੀ ਸੰਕਟ ਕਾਰਨ ਢੁੱਕਵਾਂ ਇਲਾਜ ਦੇਣ ਲਈ ਸੰਘਰਸ਼ ਕਰ ਰਹੇ ਹਨ। ਇਸ ਤੋਂ ਪਹਿਲਾਂ ਵੀ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿੱਥੇ ਸਕੀਮਾਂ ਤਹਿਤ ਫੰਡ ਨਾ ਰਿਲੀਜ਼ ਹੋਣ ਕਰ ਕੇ ਹਸਪਤਾਲਾਂ ਨੇ ਇਲਾਜ ਤੋਂ ਮਨ੍ਹਾ ਕੀਤਾ ਹੈ।



ਅਦਾਲਤ ਨੇ ਰਾਜ ਦੇ ਸੀਨੀਅਰ ਸਿਹਤ ਅਧਿਕਾਰੀਆਂ ਦੀਆਂ ਤਨਖਾਹਾਂ ਰੋਕ ਕੇ ਜਵਾਬਦੇਹੀ ਯਕੀਨੀ ਬਣਾਉਣ ਵੱਲ ਅਹਿਮ ਕਦਮ ਚੁੱਕਿਆ ਹੈ। ਹਾਲਾਂਕਿ ਗੰਭੀਰ ਮੁੱਦਾ ਸਿਹਤ ਸੰਭਾਲ ਵਰਗੀਆਂ ਜ਼ਰੂਰੀ ਸੇਵਾਵਾਂ ਪ੍ਰਤੀ ਸੂਬੇ ਵੱਲੋਂ ਧਿਆਨ ਨਾ ਦਿੱਤਾ ਜਾਣਾ ਹੈ। ਸਰਕਾਰ ਦਾ ਸਿਆਸਤਦਾਨਾਂ ਲਈ ਨਵੀਆਂ ਕਾਰਾਂ, ਦਫ਼ਤਰਾਂ ਦੀ ਗ਼ੈਰ-ਜ਼ਰੂਰੀ ਮੁਰੰਮਤ ਅਤੇ ਮਹਿੰਗੀ ਮੀਡੀਆ ਇਸ਼ਤਿਹਾਰਬਾਜ਼ੀ ਵਰਗੇ ਬੇਲੋੜੇ ਖ਼ਰਚਿਆਂ ਲਈ ਫੰਡ ਅਲਾਟ ਕਰਨਾ ਇਸ ਮਸਲੇ ਨੂੰ ਹੋਰ ਗੰਭੀਰ ਬਣਾਉਂਦਾ ਹੈ। ਲਾਜ਼ਮੀ ਸਿਹਤ ਸੰਭਾਲ ਸੇਵਾਵਾਂ ਲਈ ਰੱਖੇ ਪੈਸੇ ਨੂੰ ਇਸ ਤਰ੍ਹਾਂ ਦੇ ਖ਼ਰਚਿਆਂ ਲਈ ਵਰਤਣਾ ਨਾ ਸਿਰਫ਼ ਮਾੜੇ ਸ਼ਾਸਨ ਪ੍ਰਬੰਧ ਦੀ ਨਿਸ਼ਾਨੀ ਹੈ ਬਲਕਿ ਇਹ ਲੋਕ ਭਲਾਈ ਪ੍ਰਤੀ ਪ੍ਰਸ਼ਾਸਨ ਦੀ ਵਚਨਬੱਧਤਾ ਬਾਰੇ ਨੈਤਿਕ ਪੱਖ ਤੋਂ ਵੀ ਕਈ ਸਵਾਲ ਖੜ੍ਹੇ ਕਰਦਾ ਹੈ। ਇਹ ਵਰਤਾਰਾ ਚਿੰਤਾਜਨਕ ਹੈ।

ਪੰਜਾਬ ਦਾ ਆਰਥਿਕ ਸੰਕਟ ਇਸ ਦੇ ਵਿੱਤੀ ਘਾਟੇ ਨਾਲ ਹੋਰ ਡੂੰਘਾ ਹੋ ਗਿਆ ਹੈ ਜਿਸ ਨੇ ਜ਼ਰੂਰੀ ਜਨਤਕ ਸੇਵਾਵਾਂ 'ਤੇ ਪਹਿਲਾਂ ਹੀ ਦਬਾਅ ਵਧਾਇਆ ਹੋਇਆ ਹੈ। ਰਾਜ ਦੀ ਫੰਡਾਂ ਦੀ ਗ਼ੈਰ-ਵਾਜਬ ਵਰਤੋਂ ਸ਼ਾਸਨ ਪ੍ਰਣਾਲੀ ਦੀ ਨਾਕਾਮੀ ਦੇ ਵਿਆਪਕ ਮੁੱਦੇ ਵੱਲ ਧਿਆਨ ਦਿਵਾਉਂਦੀ ਹੈ। ਰਿਪੋਰਟਾਂ ਮੁਤਾਬਿਕ ਇਨ੍ਹਾਂ ਖਰਚੀਲੇ ਕੰਮਾਂ ਨਾਲ ਸਿਆਸੀ ਆਗੂਆਂ ਤੇ ਨੌਕਰਸ਼ਾਹਾਂ ਨੂੰ ਲਾਹਾ ਮਿਲਿਆ ਹੈ ਅਤੇ ਹਸਪਤਾਲਾਂ ਤੇ ਸਿਹਤ ਸੇਵਾਵਾਂ ਨੂੰ ਕਰਜ਼ਿਆਂ ਨਾਲ ਦੋ-ਚਾਰ ਹੋਣ ਲਈ ਛੱਡ ਦਿੱਤਾ ਗਿਆ ਹੈ। ਢੁੱਕਵੇਂ ਫੰਡ ਨਾ ਮਿਲਣ ਕਾਰਨ ਮਰੀਜ਼ਾਂ ਦੀ ਸੰਭਾਲ ਅਤੇ ਜਨਤਕ ਸਿਹਤ ਸੰਭਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਸ ਦਾ ਸਿੱਧਾ ਅਸਰ ਆਮ ਲੋਕਾਂ ਦੇ ਜੀਵਨ ਉੱਤੇ ਪੈਂਦਾ ਹੈ। ਸਰਕਾਰੀ ਖ਼ਰਚ ਵਿੱਚ ਪਾਰਦਰਸ਼ਤਾ ਦੀ ਹਾਈਕੋਰਟ ਵੱਲੋਂ ਰੱਖੀ ਗਈ ਮੰਗ ਸਹੀ ਪਾਸੇ ਚੁੱਕਿਆ ਗਿਆ ਕਦਮ ਹੈ।

ਇਹ ਚੁਣੌਤੀਆਂ 'ਆਪ' ਸਰਕਾਰ ਦੇ ਸਾਹਮਣੇ ਬਹੁਤ ਵੱਡੀਆਂ ਹਨ ਅਤੇ ਇਨ੍ਹਾਂ ਦਾ ਹੱਲ ਪੰਜਾਬ ਦੀ ਜਨਤਾ ਸਰਕਾਰ ਕੋਲੋਂ ਚਾਹੁੰਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵੀ ਪਹਿਲੀਆਂ ਸਰਕਾਰਾਂ ਵਾਂਗ ਓਹੜ-ਪੋਹੜ ਕਰਕੇ ਟਾਈਮ ਨਾ ਪਾਸ ਕਰੇ ਸਗੋਂ ਪੰਜਾਬੀਆਂ ਦੀਆਂ ਉਮੀਦਾਂ ਉੱਪਰ ਖ਼ਰੀ ਉਤਰੇ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜ ਸਾਲਾਂ ਦਾ ਰੋਡ ਮੈਪ ਤਿਆਰ ਕਰਕੇ ਯੋਜਨਾਬੱਧ ਤਰੀਕੇ ਸਿਹਤ ਸੇਵਾਵਾਂ ਵਲ ਧਿਆਨ ਦੇਵੇ। ਕੇਂਦਰ ਸਰਕਾਰ ਦੀਆਂ ਬਹੁਤ ਸਾਰੀਆਂ ਸਕੀਮਾਂ ਦਾ ਵੀ ਸੂਬਾ ਸਰਕਾਰ ਫ਼ਾਇਦਾ ਲੈ ਸਕਦੀ ਹੈ। ਬੱਸ ਜ਼ਰੂਰਤ ਹੈ ਇਨ੍ਹਾਂ ਨੂੰ ਠੀਕ ਢੰਗ ਨਾਲ ਲਾਗੂ ਕਰਨ ਦੀ। ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਪੰਜਾਬ ਵਿੱਚ ਆਪਣੀ ਵਿਰੋਧੀ ਪਾਰਟੀ ਦੀ ਸਰਕਾਰ ਹੋਣ ਕਰਕੇ ਇਸ ਨਾਲ ਮਤਰੇਈ ਮਾਂ ਵਾਲਾ ਸਲੂਕ ਨਾ ਕਰੇ, ਸਗੋਂ ਸੂਬਾ ਸਰਕਾਰ ਨਾਲ ਸਹਿਯੋਗ ਕਰੇ।

## ਜੇਕਰ ਡੋਵਾਲ ਅਮਰੀਕਾ ਜਾਂਦੇ ਤਾਂ ਗ੍ਰਿਫਤਾਰ ਕੀਤੇ ਜਾਣ ਦੀ ਸੰਭਾਵਨਾ ਸੀ

ਗੋਦੀ ਮੀਡੀਆ ਜਿਸ ਸ਼ਖ਼ਸ ਨੂੰ 'ਇੰਡੀਆ ਦਾ ਜੇਮਸ ਬਾਂਡ' ਦੱਸਦਾ ਹੈ, ਉਹ ਇਸ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਅਮਰੀਕਾ ਫੇਰੀ 'ਤੇ ਨਹੀਂ ਜਾ ਸਕਿਆ। 'ਜੇਮਸ ਬਾਂਡ' ਭਾਵ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੇ ਨਾ ਜਾ ਸਕਣ ਦਾ ਜੋ ਅਧਿਕਾਰਤ ਕਾਰਨ ਦੱਸਿਆ ਗਿਆ, ਉਹ ਦਿਲਚਸਪ ਹੈ। ਸਰਕਾਰ ਦੇ ਇਕ ਉੱਚ ਅਹੁਦੇ 'ਤੇ ਤਾਇਨਾਤ ਸੂਤਰ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਦੇ 'ਜੇਮਸ ਬਾਂਡ', ਜੰਮੂ ਕਸ਼ਮੀਰ ਵਿਚ ਵਿਧਾਨ ਸਭਾ ਚੋਣਾਂ ਕਾਰਨ ਅਮਰੀਕਾ ਨਹੀਂ ਗਏ। ਪਰ ਸੱਚ ਇਹ ਹੈ ਕਿ ਕੈਨੇਡੀਆਈ-ਅਮਰੀਕੀ ਨਾਗਰਿਕ ਗੁਰਪਤਵੰਤ ਸਿੰਘ ਪੰਨੂੰ ਨੇ 17 ਸਤੰਬਰ ਨੂੰ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਦੇ ਯੂ.ਐੱਸ. ਡਿਸਟ੍ਰਿਕਟ ਕੋਰਟ ਵਿਚ ਇਕ ਦੀਵਾਨੀ ਮੁਕੱਦਮਾ ਦਾਇਰ ਕੀਤਾ ਹੈ, ਜਿਸ 'ਚ ਭਾਰਤ ਸਰਕਾਰ ਦੇ ਕੁਝ ਅਧਿਕਾਰੀਆਂ ਦੁਆਰਾ ਉਸ ਦੀ ਹੱਤਿਆ ਲਈ ਕਥਿਤ ਤੌਰ 'ਤੇ ਰਚੀ ਗਈ ਸਾਜਿਸ਼ ਲਈ ਹਰਜਾਨੇ ਦੀ ਮੰਗ ਕੀਤੀ ਗਈ ਹੈ।



ਅਦਾਲਤ ਨੇ ਭਾਰਤ ਸਰਕਾਰ, ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਰਾਅ ਦੇ ਸਾਬਕਾ ਮੁਖੀ ਸਾਮੰਤ ਗੋਇਲ, ਵਿਕਰਮ ਯਾਦਵ (ਜਿਨ੍ਹਾਂ ਨੂੰ ਖੁਫੀਆ ਏਜੰਸੀ ਦੇ ਏਜੰਟ ਦੇ ਰੂਪ ਵਿਚ ਪਛਾਣਿਆ ਗਿਆ ਹੈ) ਅਤੇ ਇਕ ਕਾਰੋਬਾਰੀ ਨਿਖਿਲ ਗੁਪਤਾ ਨੂੰ ਤਲਬ ਕੀਤਾ ਹੈ। ਖ਼ਾਲਿਸਤਾਨੀ ਸੰਗਠਨ ਸਿੱਖ ਫ਼ਾਰ ਜਸਟਿਸ ਦੇ ਨੇਤਾ ਗੁਰਪਤਵੰਤ ਸਿੰਘ ਪੰਨੂੰ ਨੇ ਇਸ ਨੂੰ ਵੱਡਾ ਮੁੱਦਾ ਬਣਾਈ ਰੱਖਿਆ ਹੈ। ਇਸ ਕਾਰਨ ਅਮਰੀਕੀ ਪ੍ਰਸ਼ਾਸਨ ਵੀ ਉਸ ਦੀ ਪਿੱਠ ਠੋਕਦਾ ਰਿਹਾ ਹੈ। ਹਾਲਾਂਕਿ ਭਾਰਤ ਸਰਕਾਰ ਨੇ ਮੁਕੱਦਮੇ ਨੂੰ 'ਪੂਰੀ ਤਰ੍ਹਾਂ ਨਾਲ ਗ਼ੈਰ-ਜ਼ਰੂਰੀ ਅਤੇ ਬੇਬੁਨਿਆਦ' ਦੱਸਿਆ ਹੈ, ਪਰ ਅਮਰੀਕੀ ਅਦਾਲਤਾਂ ਦਾ ਕੋਈ ਭਰੋਸਾ ਨਹੀਂ, ਕਿਉਂਕਿ ਉਹ ਭਾਰਤ ਦੀਆਂ ਅਦਾਲਤਾਂ ਵਾਂਗ ਨਹੀਂ ਹਨ ਅਤੇ ਪੂਰੀ ਤਰ੍ਹਾਂ ਦਬਾਅ ਮੁਕਤ ਹੋ ਕੇ ਕੰਮ ਕਰਦੀਆਂ ਹਨ। ਜੇਕਰ ਡੋਵਾਲ ਉਥੇ ਜਾਂਦੇ ਤਾਂ ਗ੍ਰਿਫਤਾਰ ਕੀਤੇ ਜਾਣ ਦੀ ਸੰਭਾਵਨਾ ਸੀ।

## ਟਰੂਡੋ ਸਰਕਾਰ ਵਲੋਂ ਇਮੀਗਰੇਸ਼ਨ ਦੀ ਉਲੰਘਣਾ ਕਾਰਣ 950 ਵਿਦਿਆਰਥੀ ਗ੍ਰਿਫਤਾਰ

ਸਰੀ-ਬੀਤੇ ਦਿਨੀਂ ਕੈਨੇਡਾ ਦੀ ਬਾਰਡਰ ਸੁਰੱਖਿਆ ਏਜੰਸੀ ਨੇ ਵੱਡੀ ਕਾਰਵਾਈ ਕਰਦਿਆਂ ਬ੍ਰਿਟਿਸ਼ ਕੋਲੰਬੀਆ (ਬੀ. ਸੀ.) ਦੇ 950 ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬ, ਭਾਰਤ ਤੋਂ ਹਨ। ਇਨ੍ਹਾਂ ਸਾਰਿਆਂ 'ਤੇ ਵਿਦਿਆਰਥੀ ਵੀਜ਼ੇ 'ਤੇ ਦਿੱਤੇ ਗਏ ਸਮੇਂ ਤੋਂ ਵੱਧ ਕੰਮ ਕਰਨ ਦਾ ਦੋਸ਼ ਹੈ।

ਗ੍ਰਿਫ਼ਤਾਰੀ ਤੋਂ ਬਾਅਦ ਇਨ੍ਹਾਂ ਭਾਰਤੀ ਵਿਦਿਆਰਥੀਆਂ ਦੀ ਕੈਨੇਡਾ ਵਿੱਚ ਪੱਕੀ ਰਿਹਾਇਸ਼ ਮਿਲਣ ਦੀ ਸੰਭਾਵਨਾ ਖ਼ਤਰੇ ਵਿੱਚ ਹੈ। ਇਸ ਦੇ ਨਾਲ ਹੀ ਕਿਰਤ ਕਾਨੂੰਨਾਂ ਦੀ ਉਲੰਘਣਾ ਕਰਕੇ ਉਨ੍ਹਾਂ ਨੂੰ ਨੌਕਰੀ 'ਤੇ ਰੱਖਣ ਵਾਲੀਆਂ ਸੰਸਥਾਵਾਂ 'ਤੇ ਲੱਖਾਂ ਡਾਲਰ ਦਾ ਜੁਰਮਾਨਾ ਲਗਾਇਆ ਗਿਆ ਹੈ।


ਟਰੂ ਸਕੂਪ ਦੀ ਰਿਪੋਰਟ ਮੁਤਾਬਕ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆਏ ਇਹ ਭਾਰਤੀ ਕਥਿਤ ਤੌਰ 'ਤੇ ਕਾਨੂੰਨੀ ਤਨਖਾਹ ਸਕੇਲ ਤੋਂ ਹੇਠਾਂ ਕੰਮ ਕਰ ਰਹੇ ਸਨ। ਕੈਨੇਡੀਅਨ ਸਰਕਾਰ ਨੇ ਹਾਲ ਹੀ ਵਿੱਚ ਨਵੇਂ ਨਿਯਮ ਲਾਗੂ ਕੀਤੇ ਹਨ ਜਿਸ ਤਹਿਤ ਵਿਦਿਆਰਥੀ ਵੀਜ਼ੇ 'ਤੇ ਆਏ ਵਿਦੇਸ਼ੀਆਂ ਨੂੰ ਸਿਰਫ਼ 20 ਘੰਟੇ ਕੰਮ ਕਰਨ ਦੀ ਇਜਾਜ਼ਤ ਹੈ।

ਕੈਨੇਡਾ ਵਿੱਚ ਕੰਮ ਲਈ ਘੱਟੋ-ਘੱਟ ਉਜਰਤ 35 ਕੈਨੇਡੀਅਨ ਡਾਲਰ ਪ੍ਰਤੀ ਘੰਟਾ ਹੈ। ਇਨ੍ਹਾਂ ਭਾਰਤੀਆਂ ਨੇ ਹਫ਼ਤੇ ਵਿੱਚ 40 ਘੰਟੇ ਤੋਂ ਵੱਧ ਕੰਮ ਕੀਤਾ, ਜਿਸ ਵਿੱਚੋਂ ਸਿਰਫ਼ 20 ਘੰਟੇ ਹੀ ਕਾਨੂੰਨੀ ਸਨ। ਬਾਕੀ ਦੇ ਘੰਟਿਆਂ



ਲਈ ਉਨ੍ਹਾਂ ਨੂੰ ਘੱਟ ਰੇਟ 'ਤੇ ਭੁਗਤਾਨ ਕੀਤਾ ਗਿਆ ਸੀ। ਇਸ ਕਨੂੰਨੀ ਉਲੰਘਣਾ ਕਾਰਣ ਭਾਰਤੀ ਵਿਦਿਆਰਥੀਆਂ ਦੇ ਭਵਿੱਖ ਨੂੰ ਅਸੁਰੱਖਿਅਤ ਸਥਿਤੀ ਵਿੱਚ ਪਾ ਦਿੱਤਾ ਹੈ।

ਕੈਨੇਡਾ ਸਰਕਾਰ ਨੇ ਇਮੀਗ੍ਰੇਸ਼ਨ ਨੂੰ ਲੈ ਕੇ ਸਖ਼ਤ ਰਵੱਈਆ ਅਪਨਾਇਆ ਹੋਇਆ ਹੈ। ਟਰੂਡੋ ਸਰਕਾਰ ਨੇ ਦੇਸ਼ ਵਿੱਚ ਪਰਵਾਸੀਆਂ ਦੀ ਗਿਣਤੀ ਘਟਾਉਣ ਦਾ ਐਲਾਨ ਕੀਤਾ ਹੈ। ਅਜਿਹੇ ਵਿਚ ਗੈਰ-ਕਾਨੂੰਨੀ ਕੰਮ ਵਿਚ ਸ਼ਾਮਲ ਹੋਣ ਕਾਰਨ ਇਨ੍ਹਾਂ ਵਿਦਿਆਰਥੀਆਂ ਦੀ ਪੱਕੀ ਰਿਹਾਇਸ਼ ਦੀ ਅਰਜ਼ੀ ਖਤਰੇ ਵਿਚ ਹੈ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ


**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

**Respectable Jatt Sikh family seek a suitable match for their good looking son. He is 35 years old, 5'11" tall, education Msc Accounting and Finance and runs his own Business, Girl should be from Jatt Sikh family, divorce & student welcome with no children. Please contact Mobile: 07859 056930 or reply to ref. 872 (3048)**

**For Hindu boy, very handsome, never married, 50 years, 5'10, M.S & B.E in IT, Software professional in Reading city. Looking Sikh/Hindu bride, tall, well educated professional match. Please contact: 07472 334567 or email: s2009king@gmail.com or reply to ref. 844 (3044)**

## ਪ੍ਰੋ. ਕੁਲਬੀਰ ਸਿੰਘ ਕਨੇਡਾ ਵਿਚ ਕਰਨਗੇ ਸਵੈ-ਜੀਵਨੀ ਰਲੀਜ਼




ਜਲੰਧਰ-ਵਿਸ਼ਵ ਪੰਜਾਬੀ ਮੀਡੀਆ ਕਾਨਫ਼ਰੰਸ ਅਤੇ ਗਲੋਬਲ ਮੀਡੀਆ ਅਕੈਡਮੀ ਦੇ ਸੰਸਥਾਪਕ ਤੇ ਚੇਅਰਮੈਨ ਪ੍ਰੋ. ਕੁਲਬੀਰ ਸਿੰਘ ਆਪਣੀ ਕਨੇਡਾ ਫੇਰੀ ਦੌਰਾਨ ਆਪਣੀ ਸਵੈ-ਜੀਵਨੀ ਮੀਡੀਆ ਆਲੋਚਕ ਦੀ ਆਤਮਕਥਾ ਰਲੀਜ਼ ਕਰਨਗੇ।ਆਪਣੀ ਸੰਖੇਪ ਫੇਰੀ ਦੌਰਾਨ ਉਹ 8 ਤੋਂ 13 ਅਕਤੂਬਰ ਤੱਕ ਟਰਾਂਟੋ ਅਤੇ ਬਰੈਂਪਟਨ ਵਿਖੇ ਦੋਸਤਾਂ-ਮਿੱਤਰਾਂ ਨੂੰ ਮਿਲਣਗੇ ਅਤੇ ਪੁਸਤਕ ਰਲੀਜ਼ ਸਮਾਰੋਹ ਵਿਚ ਸ਼ਾਮਲ ਹੋਣਗੇ। ਪ੍ਰੋ. ਕੁਲਬੀਰ ਸਿੰਘ 14 ਤੋਂ 19 ਅਕਤੂਬਰ ਤੱਕ ਸਰੀ ਅਤੇ ਵੈਨਕੂਵਰ ਵਿਖੇ ਲੇਖਕਾਂ, ਸਾਹਿਤਕਾਰਾਂ, ਮੀਡੀਆ ਸ਼ਖ਼ਸੀਅਤਾਂ ਅਤੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਪ੍ਰਸਾਰ ਲਈ ਕੰਮ ਕਰ ਰਹੀਆਂ ਹਸਤੀਆਂ ਨੂੰ ਮਿਲਣਗੇ ਅਤੇ ਪੁਸਤਕ ਰਲੀਜ਼ ਸਮਾਗਮਾਂ ਵਿਚ ਸ਼ਿਰਕਤ ਕਰਨਗੇ। ਉਹ ਇਨ੍ਹਾਂ ਮੌਕਿਆਂ ਤੇ ਸਵੈ-ਜੀਵਨੀ ਦੀ ਰਚਨਾ-ਪ੍ਰਕਿਰਿਆ ਅਤੇ ਮਹੱਤਵਪੂਰਨ ਪੱਖਾਂ-ਪਹਿਲੂਆਂ ਦੇ ਵੇਰਵੇ ਸਾਂਝੇ ਕਰਨਗੇ। ਰਲੀਜ਼ ਸਮਾਰੋਹਾਂ ਬਾਰੇ ਜਾਣਕਾਰੀ ਸੋਸ਼ਲ ਮੀਡੀਆ ਰਾਹੀਂ ਜਲਦੀ ਸਾਂਝੀ ਕੀਤੀ ਜਾਵੇਗੀ। ਉਨ੍ਹਾਂ ਨਾਲ ਮੋਬਾਈਲ ਨੰਬਰ 94171-53513 ਤੇ ਸੰਪਰਕ ਕੀਤਾ ਜਾ ਸਕਦਾ ਹੈ।

**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85

## ਮੋਟਰਵੇਅ ਤੇ ਹੋਈ ਵਾਹਨਾਂ ਦੀ ਟੱਕਰ ਦੇ ਸਬੰਧ ਵਿੱਚ ਪੁਲੀਸ ਨੂੰ ਇਕ ਵਿਅਕਤੀ ਦੀ ਭਾਲ

ਵਾਰਵਿਕਸ਼ਾਇਰ- ਪੁਲਿਸ ਇੱਕ ਘਾਤਕ ਛੇ ਵਾਹਨਾਂ ਦੀ ਮੋਟਰਵੇਅ ਟੱਕਰ ਦੇ ਸਬੰਧ ਵਿੱਚ ਇੱਕ ਵਿਅਕਤੀ ਦੀ ਭਾਲ ਕਰ ਰਹੀ ਹੈ।ਵਾਰਵਿਕਸ਼ਾਇਰ ਪੁਲਿਸ ਦਾ ਮੰਨਣਾ ਹੈ ਕਿ ਆਕਾਸ਼ਦੀਪ ਸਿੰਘ, 23, ਨੂੰ M40 'ਤੇ ਵਾਪਰੀ ਘਟਨਾ ਬਾਰੇ ਜਾਣਕਾਰੀ ਹੋ ਸਕਦੀ ਹੈ ਜਿਸ ਵਿੱਚ ਪੰਜ ਕਾਰਾਂ ਅਤੇ ਇੱਕ ਪਿਊਜੋਟ ਬਾਕਸਰ ਵੈਨ ਸ਼ਾਮਲ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਇਹ ਟੱਕਰ ਸ਼ਨੀਵਾਰ ਸ਼ਾਮ 7.15 ਵਜੇ ਤੋਂ ਥੋੜ੍ਹੀ ਦੇਰ ਪਹਿਲਾਂ ਹੋਈ ਅਤੇ 50 ਸਾਲਾਂ ਦੀ ਇੱਕ ਔਰਤ, ਜੋ ਇੱਕ ਕਾਰ ਵਿੱਚ ਸਵਾਰ ਸੀ, ਦੀ ਮੌਕੇ 'ਤੇ ਹੀ ਮੌਤ ਹੋ ਗਈ।

## ਅਮਰੀਕਾ ਵਿਚ ਆਏ ਜਬਰਦਸਤ ਤੂਫਾਨ ਕਾਰਨ 39 ਮੌਤਾਂ, ਵੱਡੀ ਪੱਧਰ 'ਤੇ ਮਕਾਨਾਂ ਤੇ ਹੋਰ ਇਮਾਰਤਾਂ ਨੂੰ ਪੁੱਜਾ ਨੁਕਸਾਨ, ਕਈ ਜਗਾ ਹੜ ਵਰਗੇ ਹਾਲਾਤ





ਤੂਫਾਨ ਕਾਰਨ ਡਿੱਗੀ ਇਕ ਇਮਾਰਤ ਤੇ ਇਕ ਸਟੋਰ ਵਿਚ ਦਾਖਲ ਹੋਏ ਪਾਣੀ ਨੂੰ ਕੱਢ ਰਹੀ ਇਕ ਔਰਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਕਈ ਰਾਜਾਂ ਵਿਚ ਆਏ ਜਬਰਦਸਤ ਤੂਫਾਨ ਕਾਰਨ 39 ਲੋਕਾਂ ਦੇ ਮਾਰੇ ਜਾਣ ਤੇ ਅਨੇਕਾਂ ਮਕਾਨਾਂ ਤੇ ਹੋਰ ਇਮਾਰਤਾਂ ਨੂੰ ਵੱਡੀ ਪੱਧਰ ਉਪਰ ਨੁਕਸਾਨ ਪੁੱਜਣ ਦੀਆਂ ਰਿਪੋਰਟਾਂ ਹਨ। ਕਈ ਜਗਾ ਹੜ ਵਰਗੇ ਹਾਲਾਤ ਹਨ। ਹੈਲਨ ਤੂਫਾਨ ਨੇ ਸਮੁੱਚੇ ਦੱਖਣ ਪੂਰਬੀ ਰਾਜਾਂ ਨੂੰ ਆਪਣੀ ਲਪੇਟ ਵਿਚ ਲਿਆ ਤੇ ਜਿਥੋਂ ਜਿਥੋਂ ਵੀ 140 ਮੀਲ ਦੀ ਰਫਤਾਰ ਨਾਲ ਹਵਾਵਾਂ ਲੰਘੀਆਂ ਉਥੇ ਉਥੇ ਭਾਰੀ ਤਬਾਹੀ ਹੋਈ ਹੈ। ਤੂਫਾਨ ਦੀ ਸ਼ੁਰੂਆਤ ਪੈਰੀ, ਫਲੋਰਿਡਾ ਨੇੜੇ ਸ਼ੁੱਕਰਵਾਰ ਨੂੰ 11.10 ਵਜੇ ਰਾਤ ਨੂੰ ਹੋਈ।**

ਤੂਫਾਨ ਕਾਰਨ ਸਮੁੰਦਰ ਵਿਚ ਖੜੀਆਂ ਕਿਸ਼ਤੀਆਂ ਉਲਟ ਗਈਆਂ, ਘਰ ਤਬਾਹ ਹੋ ਗਏ ਤੇ ਨੀਵੇਂ ਇਲਾਕਿਆਂ ਵਿਚ ਕਈ ਕਈ ਫੁੱਟ ਪਾਣੀ ਭਰ ਗਿਆ ਜਿਸ ਕਾਰਨ ਲੋਕਾਂ ਦੀਆਂ ਮੁਸ਼ਕਿਲਾਂ ਹੋਰ ਵਧ ਗਈਆਂ। ਤੱਟੀ ਕਸਬੇ ਸਟੀਨਹੈਚੀ ਵਿਚ 9.63 ਫੁੱਟ ਉੱਚੀਆਂ ਉੱਠੀਆਂ ਪਾਣੀ ਦੀਆਂ ਲਹਿਰਾਂ ਨੇ ਕਸਬਾ ਵਾਸੀਆਂ ਦੀ ਜਾਨ ਖਤਰੇ ਵਿਚ ਪਾ ਦਿੱਤੀ ਤੇ ਉਥੇ ਭਾਰੀ ਨੁਕਸਾਨ ਹੋਇਆ। ਜਗਾ ਜਗਾ ਦਰੱਖਤ ਡਿੱਗੇ ਹੋਏ ਹਨ ਤੇ ਮਲਬਾ ਖਿਲਰਿਆ ਪਿਆ ਹੈ। ਕਈ ਘੰਟਿਆਂ ਤੱਕ ਤੂਫਾਨ ਦੀ ਰਫਤਾਰ ਬਹੁਤ ਮਜਬੂਤ ਰਹੀ ਤੇ ਇਸ ਨੇ ਉੱਤਰੀ ਫਲੋਰਿਡਾ, ਜਾਰਜੀਆ ਕੈਂਟੁਕੀ ਵਿਚ ਤਬਾਹੀ ਮਚਾਈ। ਕੈਰੋਲੀਨਾਸ ਤੇ ਐਂਟਲਾਂਟਾ ਖੇਤਰ ਵਿਚ ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ਉੱਚੀਆਂ ਥਾਵਾਂ 'ਤੇ ਪਨਾਹ ਲੈਣ।

ਇਸ ਖੇਤਰ ਵਿਚ 10 ਇੰਚ ਤੱਕ ਬਾਰਿਸ਼ ਹੋਈ ਹੈ। ਫਲੋਰਿਡਾ ਤੋਂ ਲੈ ਕੇ ਵਿਰਜੀਨੀਆ ਤੱਕ ਬਿਜਲੀ ਠੱਪ ਹੋ ਗਈ ਹੈ ਤੇ ਲੱਖਾਂ ਲੋਕ ਬਿਜਲੀ ਬਿਨਾਂ ਰਹਿਣ ਲਈ ਮਜਬੂਰ ਹਨ । ਇਕ ਅੰਦਾਜੇ ਅਨੁਸਾਰ 45 ਲੱਖ ਤੋਂ ਵਧ ਲੋਕਾਂ ਨੂੰ ਬਿਜਲੀ ਨਹੀਂ ਮਿਲ ਰਹੀ। ਬਿਜਲੀ ਸੇਵਾ ਬਹਾਲ ਕਰਨ ਲਈ ਕਈ ਦਿਨ ਲੱਗ ਸਕਦੇ ਹਨ।

## ਹੈਤੀ ਪ੍ਰਵਾਸੀਆਂ ਬਾਰੇ ਬੇਬੁਨਿਆਦ ਦੋਸ਼ ਲਾਉਣ ਦੇ ਮਾਮਲੇ ਵਿਚ ਟਰੰਪ ਤੇ ਵੈਂਸ ਵਿਰੁੱਧ ਮੁਕੱਦਮਾ



ਵਕੀਲ ਸੁਬੋਧ ਚੰਦਰਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਓਹੀਓ ਰਾਜ ਦੇ ਸਪਰਿੰਗਫੀਲਡ ਸ਼ਹਿਰ ਵਿਚ ਰਹਿੰਦੇ ਹੈਤੀ ਪਰਵਾਸੀਆਂ ਬਾਰੇ ਬਿਨਾਂ ਸਬੂਤ ਗਲਤ ਦਾਅਵਾ ਕਰਨ ਦੇ ਮਾਮਲੇ ਵਿਚ ਰਾਸ਼ਟਰਪਤੀ ਅਹੁੱਦੇ ਲਈ ਰਿਪਬਲੀਕਨ ਉਮੀਦਵਾਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉੱਪ ਰਾਸ਼ਟਰਪਤੀ ਅਹੁੱਦੇ ਲਈ ਰਿਪਬਲੀਕਨ ਉਮੀਦਵਾਰ ਜੇ ਡੀ ਵੈਂਸ ਵਿਰੁੱਧ ਕਲਾਰਕ ਕਾਊਂਟੀ ਮਿਊਂਸਪਲ ਕੋਰਟ ਵਿਚ ਮੁਕੱਦਮਾ ਦਾਇਰ ਕੀਤਾ ਗਿਆ ਹੈ। ਇਸ ਕਾਨੂੰਨੀ ਲੜਾਈ ਦੀ ਅਗਵਾਈ ਮਾਨਵੀ ਹੱਕਾਂ ਬਾਰੇ ਭਾਰਤੀ ਮੂਲ ਦਾ ਤਜ਼ਰਬੇਕਾਰ ਵਕੀਲ ਸੁਬੋਧ ਚੰਦਰਾ ਸੈਨ ਡਇਏ-ਗੋ ਅਧਾਰਤ ਹੈਤੀਅਨ ਬਰਿਜ ਅਲਾਇੰਸ ਦੀ ਤਰਫੋਂ ਕਰ ਰਿਹਾ ਹੈ। ਦਾਇਰ ਮੁਕੱਦਮੇ ਵਿਚ ਅਪਰਾਧਕ ਦੋਸ਼ ਲਾਏ ਗਏ ਹਨ ਤੇ ਕਿਹਾ ਗਿਆ ਹੈ ਕਿ ਡੋਨਲਡ ਟਰੰਪ ਤੇ ਵੈਂਸ ਨੇ ਵਾਰ ਵਾਰ ਦਾਅਵਾ ਕੀਤਾ ਕਿ ਹੈਤੀ ਲੋਕ ਸਥਾਨਕ ਲੋਕਾਂ ਦੇ ਪਾਲਤੂ ਜਾਨਵਰ ਕੁੱਤੇ ਤੇ ਬਿੱਲੀਆਂ ਨੂੰ ਚੋਰੀ ਕਰਕੇ ਖਾਂਦੇ ਹਨ। ਇਸ ਦਾਅਵੇ ਨੂੰ ਸ਼ਹਿਰ ਤੇ ਰਾਜ ਦੇ ਅਧਿਕਾਰੀਆਂ ਨੇ ਮੂਲੋਂ ਹੀ ਰੱਦ ਕਰ ਦਿੱਤਾ ਸੀ। ਹੈਤੀਅਨ ਬਰਿਜ ਅਲਾਇੰਸ ਇਕ ਗੈਰ ਮੁਨਾਫਾ ਸਮਾਜਿਕ ਸੰਸਥਾ ਹੈ ਜੋ ਪ੍ਰਵਾਸੀਆਂ ਨੀਤੀਆਂ ਸਬੰਧੀ ਕੰਮ ਕਰਦੀ ਹੈ।

# ਸ਼੍ਰੀ ਫਤਹਿਗੜ੍ਹ ਸਾਹਿਬ ਤੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੱਢਿਆ ਗਿਆ ਰਿਹਾਈ ਮਾਰਚ-ਕੌਮੀ ਇਨਸਾਫ਼ ਮੋਰਚਾ

ਸ਼੍ਰੀ ਫਤਹਿਗੜ੍ਹ ਸਾਹਿਬ-ਮੰਗਲਵਾਰ ਸ਼੍ਰੀ ਫਤਹਿਗੜ੍ਹ ਸਾਹਿਬ ਤੋਂ ਚੰਡੀਗੜ੍ਹ ਵੱਲ ਰਿਹਾਈ ਮਾਰਚ ਵੱਡੀ ਗਿਣਤੀ ਚ ਕਾਫਲੇ ਨਾਲ ਰਵਾਨਾ ਹੋਇਆ, ਜਿਸ ਨੂੰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਾਈ. ਪੀ. ਐਸ ਚੌਂਕ ਵਿਖੇ ਪ੍ਰਸ਼ਾਸ਼ਨ ਵੱਲੋਂ ਰੋਕਿਆ ਗਿਆ, ਇਸ ਮੌਕੇ ਪੰਜਾਬ ਸਰਕਾਰ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵਾਲ ਪਹੁੰਚੇ ਅਤੇ ਓਹਨਾਂ ਵੱਲੋਂ ਕੌਮੀ ਇੰਨਸਾਫ ਮੋਰਚੇ ਦੀਆਂ ਮੰਗਾਂ ਪੂਰੀ ਕਰਨ ਦਾ ਭਰੋਸਾ ਦਵਾਇਆ ਗਿਆ ।





ਇਸ ਮਾਰਚ ਦੌਰਾਨ ਚੰਡੀਗੜ੍ ਅਤੇ ਪੰਜਾਬ ਸਰਕਾਰ ਵੱਲੋਂ ਇਹ ਮੰਗਾ ਪੂਰੀ ਕਰਨ ਦਾ ਮੋਰਚੇ ਇਕਰਾਰ ਕੀਤਾ ਗਿਆ

1, ਭਾਈ ਸ਼ਮਸ਼ੇਰ ਸਿੰਘ ਅਤੇ ਭਾਈ ਗੁਰਮੀਤ ਸਿੰਘ ਦੀ ਪੱਕੀ ਰਿਹਾਈ। ਜੋ ਕਿ ਹੁਣ ਸ਼ਰਤੀਆ ਜ਼ਮਾਨਤ ਤੇ ਹਨ।

2, ਜਲਦ ਹੀ ਭਾਈ ਪਰਮਜੀਤ ਸਿੰਘ ਭਿਓਰਾ ਨੂੰ ਪੈਰੋਲ (ਛੁੱਟੀ) ਦਿੱਤੀ ਜਾਵੇਗੀ।

3, ਜਥੇਦਾਰ ਜਗਤਾਰ ਸਿੰਘ ਹਵਾਰਾ ਬਾਬਤ ਸੁਪਰੀਮ ਕੋਰਟ ਦੇ ਨੋਟਿਸ, ਸਬੰਧੀਂ ਹਾਂ ਪੱਖੀ ਰਿਪੋਰਟ ਭੇਜਣਾ। ਜਿਸ ਅਨੁਸਾਰ ਜਥੇਦਾਰ ਨੂੰ ਦਿੱਲ੍ਹੀ ਜੇਲ੍ਹ ਤੋਂ ਪੰਜਾਬ ਦੀ ਕਿਸੇ ਵੀ ਜੇਲ੍ਹ ਭੇਜਣ ਤੇ ਕੋਈ ਇਤਰਾਜ ਨਹੀਂ ਹੋਵੇਗਾ ।

ਇਸ ਮੌਕੇ ਤੇ ਭਾਈ ਪਾਲ ਸਿੰਘ ਫਰਾਂਸ ਵੱਲੋਂ ਕਿਹਾ ਗਿਆ ਜੇਕਰ ਸਰਕਾਰ ਇੱਕ ਮਹੀਨੇ ਚ ਸਾਡੀਆਂ ਮੰਗਾਂ ਪੂਰੀ ਨਹੀਂ ਕਰਦੀ ਅਸੀ ਇਸ ਤੋਂ ਵੀ ਵੱਡਾ ਪ੍ਰੋਗਰਾਮ ਸਰਕਾਰ ਦੇ ਖਿਲਾਫ ਉਲਿਕਾਂਗੇ।

ਬੰਦੀ ਸਿੰਘ ਰਿਹਾਈ ਮਾਰਚ ਵਿੱਚ ਬੰਦੀ ਸਿੰਘ ਭਾਈ ਸ਼ਮਸ਼ੇਰ ਸਿੰਘ ਅਤੇ ਭਾਈ ਗੁਰਮੀਤ ਸਿੰਘ ਹਾਜ਼ਰ ਸਨ,

**ਵੱਖ ਵੱਖ ਪੰਥਕ ਆਗੂਆਂ ਦੀ ਸ਼ਮੂਲੀਅਤ**

ਬਾਪੂ ਤਰਸੇਮ ਸਿੰਘ, ਭਾਈ ਬਲਵਿੰਦਰ ਸਿੰਘ, ਭਾਈ ਰੇਸ਼ਮ ਸਿੰਘ ਵਡਾਲੀ, ਭਾਈ ਦਰਸ਼ਨ ਪਾਲ ਸਿੰਘ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਭਾਈ ਜਸਵਿੰਦਰ ਸਿੰਘ ਰਾਜਪੁਰਾ, ਭਾਈ ਇੰਦਰਵੀਰ ਸਿੰਘ, ਵਕੀਲ ਗੁਰਸਰਨ ਸਿੰਘ, ਬਾਪੂ ਗੁਰਚਰਨ ਸਿੰਘ, ਭਾਈ ਅਮਰਪ੍ਰੀਤ ਸਿੰਘ,ਭਾਈ ਕਰਨੈਲ ਸਿੰਘ ਪੰਜੋਲੀ, ਭਾਈ ਮਹਿੰਦਰ ਪਾਲ ਸਿੰਘ ਮਾਨ ਦਲ, ਭਾਈ ਅਵਤਾਰ ਸਿੰਘ ਮਹਿਮਾ, ਭਾਈ ਬਲਜੀਤ ਸਿੰਘ ਭਾਊ, ਭਾਈ ਬਲਵਿੰਦਰ ਸਿੰਘ ਕਾਲ਼ਾ, ਭਾਈ ਜਸਵੰਤ ਸਿੰਘ, ਭਾਈ ਜਰਨੈਲ ਸਿੰਘ ਮਗਰੋੜ, ਜਥੇਦਾਰ ਰਾਜਾ ਰਾਜ ਸਿੰਘ, ਭਾਈ ਹਰਪਾਲ ਸਿੰਘ ਕਰਨਾਲ, ਜੋਗਾ ਸਿੰਘ ਕਰਨਾਲ, ਜਥੇਦਾਰ ਕੁਲਵਿੰਦਰ ਸਿੰਘ, ਭਾਈ ਹਰਵਿੰਦਰ ਸਿੰਘ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਭਾਈ ਸੁਖਦੇਵ ਸਿੰਘ ਸੁੱਖਾ ਕੰਸਾਲਾ, ਲੋਕ ਹਿੱਤ ਮਿਸ਼ਨ, ਭਾਈ ਗੁਰਦੀਪ ਸਿੰਘ ਬਠਿੰਡਾ, ਆਦਿ ਹਾਜ਼ਰ ਸਨ।

# ਪੰਥਕ ਆਗੂ ਭਾਈ ਮਨਧੀਰ ਸਿੰਘ ਦਾ ਸਿੱਖ ਅਜਾਇਬਘਰ ਡਰਬੀ ਵਿਖੇ ਸਿਰੋਪਾਓ ਤੇ ਮੈਡਲ ਨਾਲ ਸਨਮਾਨ



ਭਾਈ ਮਨਧੀਰ ਸਿੰਘ ਦਾ ਸਨਮਾਨ ਕਰਦੇ ਹੋਏ, ਸ: ਰਾਜਿੰਦਰ ਸਿੰਘ ਪੁਰੇਵਾਲ, ਭਾਈ ਜੋਗਾ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਗੁਰਪ੍ਰੀਤ ਸਿੰਘ ਤੇ ਹੋਰ ਗੁਰਸਿੱਖ ਪਤਵੰਤੇ ਸੱਜਣ

***ਡਰਬੀ (ਪੰਜਾਬ ਟਾਈਮਜ਼) – ਬੀਤੇ ਦਿਨੀਂ ਪੰਥਕ ਆਗੂ ਤੇ ਉਘੇ ਸਿੱਖ ਪ੍ਰਚਾਰਕ ਭਾਈ ਮਨਧੀਰ ਸਿੰਘ ਜੀ ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਨੈਸ਼ਨਲ ਸਿੱਖ ਅਜਾਇਬਘਰ ਦੇਖਣ ਲਈ ਵਿਸ਼ੇਸ਼ ਤੌਰ ਤੇ ਪਹੁੰਚੇ ਜਿੱਥੇ ਆਉਣ ਤੇ ਉਹਨਾਂ ਦਾ ਗੁਰੂ ਘਰ ਦੇ ਜਨਰਲ ਸਕੱਤਰ ਅਤੇ ਅਜਾਇਬਘਰ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ, ਸੇਵਿੰਗ ਪੰਜਾਬ ਦੇ ਸੇਵਾਦਾਰ ਗੁਰਪ੍ਰੀਤ ਸਿੰਘ ਅਤੇ ਵਰਲਡ ਸਿੱਖ ਪਾਰਲੀਮੈਂਟ ਦੇ ਸੇਵਾਦਾਰ ਭਾਈ ਜੋਗਾ ਸਿੰਘ ਅਤੇ ਭਾਈ ਮਨਪ੍ਰੀਤ ਸਿੰਘ ਵੱਲੋਂ ਨਿੱਘਾ ਸਵਾਗਤ ਤੇ ਮਾਣ ਸਨਮਾਨ ਕੀਤਾ ਗਿਆ***

ਭਾਈ ਮਨਧੀਰ ਸਿੰਘ ਪੰਜ ਪ੍ਰਧਾਨੀ (ਭਾਈ ਦਲਜੀਤ ਸਿੰਘ) ਬਿੱਟੂ ਅਤੇ ਦਲ ਖਾਲਸਾ ਤੇ ਸਿੱਖ ਸਿਆਸਤ ਨਾਲ ਪੰਥਕ ਸੇਵਾਵਾਂ ਕਰ ਰਹੇ ਹਨ। ਯਾਦ ਰਹੇ ਉਹ ਸਿੱਖ ਫ਼ੈਡਰੇਸ਼ਨ ਯੂ ਕੇ ਵੱਲੋਂ ਬ੍ਰਮਿੰਘਮ ਵਿਖੇ ਕਰਵਾਈ ਗਈ ਸਿੱਖ ਕਾਨਫਰੰਸ ਵਿੱਚ ਸ਼ਾਮਿਲ ਹੋਣ ਲਈ ਆਏ ਸਨ।

ਉਹਨਾਂ ਨੇ ਸਿੱਖ ਅਜਾਇਬਘਰ ਅਤੇ ਇਥੇ ਲਗਾਈ ਗਈ 1984 ਨਾਲ ਸਬੰਧਿਤ ਪ੍ਰਦਰਸ਼ਨੀ ਅਤੇ ਸ਼ਹੀਦੀ ਯਾਦਗਾਰ ਦੇਖਣ ਉਪਰੰਤ ਸਾਰੇ ਸੇਵਾਦਾਰਾਂ ਦੀ ਭਰਪੂਰ ਸ਼ਲਾਘਾ ਕੀਤੀ ਜਿਹਨਾਂ ਨੇ ਬੜੀ ਸਖਤ ਮਿਹਨਤ ਨਾਲ ਸਿੱਖ ਪੰਥ ਦੀ ਨਵੀਂ ਪੀੜ੍ਹੀ ਲਈ ਇਹ ਸਭ ਕੁੱਝ ਸਥਾਪਤ ਕੀਤਾ ਹੈ। ਉਹਨਾਂ ਕਿਹਾ ਹੋਰ ਗੁਰੂ ਘਰਾਂ ਦੇ ਸੇਵਾਦਾਰਾਂ ਨੂੰ ਵੀ ਸਿੰਘ ਸਭਾ ਡਰਬੀ ਦੇ ਸੇਵਾਦਾਰਾਂ ਤੋਂ ਸੇਧ ਲੈ ਕੇ ਅਜਿਹੇ ਪੰਥਕ ਕਾਰਜ ਕਰਨੇ ਚਾਹੀਦੇ ਹਨ।

# ਡੰਗ ਮਨਚੰਦੇ ਦੇ

rajinder.pardesi7@gmail.com



ਤੇਜਿੰਦਰ ਮਨਚੰਦਾ ਪ੍ਰਦੇਸੀ



# ਚੰਗੇ ਬੈਕਟੀਰੀਆ





## YAKULT BALANCE:

- ਆਂਦਰਾਂ ਵਿੱਚ ਬੈਕਟੀਰੀਆ ਦੀ ਮਾਤਰਾ ਵਧਾਉਂਦਾ ਹੈ**
- ਘੱਟ ਮਿੱਠਾ ਅਤੇ ਘੱਟ ਕੈਲੋਰੀਆਂ***
- ਫ਼ੈਟ-ਮੁਕਤ ਅਤੇ ਗਲੂਟਨ-ਮੁਕਤ
- ਇਮਿਊਨਿਟੀ ਨੂੰ ਸਹਿਯੋਗ ਦੇਣ ਅਤੇ ਮਾਸਪੇਸ਼ੀਆਂ ਅਤੇ ਹੱਡੀਆਂ ਨੂੰ ਮਜ਼ਬੂਤ ਰੱਖਣ ਲਈ ਵਿਟਾਮਿਨ ਡੀ ਨਾਲ ਭਰਪੂਰ*
- ਸ਼ਾਕਾਹਾਰੀਆਂ ਲਈ ਢੁੱਕਵਾਂ


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ

ਗੁਰਤੇਜ ਸਿੰਘ ਆਈਏਐਸ



ਪਿਛਲੇ ਦਿਨੀਂ ਅਕਾਲ ਤਖ਼ਤ ਦੇ ਅਧਿਕਾਰੀ ਨੇ ਅਕਾਲੀ ਦਲ (ਮੂਰਾ) ਦੇ ਇੱਕ ਧੜੇ ਦੇ ਅਹਿਮ ਆਗੂ ਬੀਬੀ ਜਾਗੀਰ ਵਿਰੁੱਧ ਹੁਕਮ ਸਾਦਰ ਕੀਤਾ ਹੈ। ਏਸ ਹੁਕਮ ਦੀ ਸਾਰਥਕਤਾ ਦੀ ਪਰਖ ਕਰਨ ਦੀ ਲੋੜ ਹੈ।

(1) ਇਹ ਹੁਕਮ ਮੂਰਾ ਦਲ ਦੇ ਇੱਕ ਧੜੇ ਦੀ ਤਰਫ਼ਦਾਰੀ ਕਰਦਾ ਹੈ, ਦੂਜੇ ਦਾ ਵਿਰੋਧ। ਅਕਾਲ ਤਖ਼ਤ ਨਿਰਭੈ, ਨਿਰਵੈਰ ਅਕਾਲ ਪੁਰਖ ਦਾ ਤਖ਼ਤ ਹੈ। ਧੜੇਬਾਜੀ ਦਾ ਅਮਲ ਅਕਾਲ ਦੇ ਸੁਭਾਅ (ਗੁਣ) ਵਿਰੁੱਧ ਹੈ। ਇਸ ਲਈ ਮੁੱਢੋਂ ਅਵੈਧ ਹੈ (ਵੌਦਿ ਓਬ੍ਰਿ ਨਿਟਿ)।

(2) ਇਹ ਹੁਕਮ ਗੁਰੂ ਅਕਾਲ ਪੁਰਖ ਦੇ ਨਾਰੀ ਸਰੂਪ ਦੀ ਤੌਹੀਨ ਕਰਦਾ ਹੈ। (ਸੁੰਨ ਮੰਡਲ ਇਕੁ ਜੋਗੀ ਬੈਸੇ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ॥) ਬੀਬੀ ਆਪਣੇ ਨਾਰੀ ਸਰੂਪ ਨੂੰ ਸੰਵਾਰ ਕੇ ਕਾਇਮ ਰੱਖਣ ਦੀ ਅਧਿਕਾਰੀ ਹੈ।

(3) ਇਹ ਹੁਕਮ ਸਿੱਖ ਦੇ ਤਨ ਉੱਤੇ ਮਨੁੱਖੀ ਕਬਜੇ ਦੀ ਦੂਰ-ਭਾਵਨਾ ਨਾਲ ਲਿੱਬੜਿਆ ਹੋਇਆ ਹੈ। "ਜੀਉ ਪਿੰਡੁ ਸਭੁ ਤੇਰੈ ਪਾਸਿ" ਦੇ ਗੁਰੂ-ਹੁਕਮ ਅਨੁਸਾਰ ਕੇਵਲ ਅਕਾਲ ਪੁਰਖ ਸਭਨਾ ਦਾ ਮਾਲਕ ਹੈ, 'ਜਥੇਦਾਰ' ਅਕਾਲ ਤਖ਼ਤ ਨਹੀਂ। ਗੁਰੂ ਨਾਨਕ-ਗੋਬਿੰਦ ਨੇ ਮਾਨਵਤਾ ਦੇ ਉੱਤੇ ਸਭ ਤੋਂ ਵੱਡਾ ਪਰਉਪਕਾਰ ਇਹ ਕੀਤਾ ਸੀ ਕਿ ਓਸ ਨੇ ਮਨੁੱਖੀ ਤਨ ਨੂੰ ਪੁਜਾਰੀ ਜਮਾਤਾਂ ਦੇ ਹਰ ਕਿਸਮ ਦੇ ਕਬਜ਼ੇ ਤੋ ਮੁਕਤ ਕੀਤਾ ਸੀ। ਬੀਬੀ ਏਸੇ ਤਨ-ਬਦਨ ਨਾਲ ਜੁੰਮੇਵਾਰ ਪੰਥਕ ਅਹੁਦਿਆਂ ਉੱਤੇ ਰਹੀ ਹੈ। ਓਦੋਂ ਉਹ ਸੱਤਾਧਾਰੀ ਧੜੇ ਦੇ ਨਾਲ ਸੀ। ਏਸ ਲਈ ਇਤਰਾਜ਼ ਨਹੀਂ ਸੀ।

(4) ਇਹ ਹੁਕਮ ਅੱਜ ਸੰਸਾਰ ਵਿਆਪਕ ਹੋਈ ਨਾਰੀ-ਚੇਤਨਾ ਦਾ ਵਿਰੋਧ ਕਰਦਾ ਹੈ। ਸੁਹਜ, ਕੋਮਲਤਾ, ਸ਼ਿੰਗਾਰ ਹਰ ਜੂਨੀ ਦੀ ਨਾਰੀ ਦਾ ਅੰਤਰੀਵ ਸੁਭਾਅ ਹੈ। ਗੁਰਮਤਿ ਏਸ ਵਿਚਾਰ ਦੀ ਜਨਮ-ਦਾਤੀ ਹੈ ਅਤੇ ਭਰਪੂਰ ਪੁਸ਼ਟੀ ਕਰਦੀ ਹੈ। ਜਿਸ ਨੂੰ ਇਹ ਮਨਜ਼ੂਰ ਨਹੀਂ ਉਹ ਬੀਬੀ ਨਾਲ ਕੋਈ ਰਿਸ਼ਤਾ ਨਾ ਰੱਖੇ, ਨਾ ਨੇੜਤਾ। ਬੀਬੀ ਏਸ ਸਬੰਧੀ ਕਿਸੇ ਵੱਡੇ ਖੱਬੀ ਖਾਂ ਦਾ ਵੀ ਹੁਕਮ ਮੰਨਣ ਦੀ ਪਾਬੰਦ ਨਹੀਂ।

(5) ਨਾਰੀ ਸਰੂਪ ਨੂੰ ਕੁਦਰਤ ਦੀ ਜ਼ੱਦ ਵਿੱਚ ਲਿਆਉਣਾ ਗੁਰਮਤਿ ਦੀ ਉਲੰਘਣਾ ਨਹੀਂ। ਵਿਗਾੜ ਨੂੰ ਸੋਧਣਾ ਵੀ ਉਲੰਘਣਾ ਨਹੀਂ ਹੈ।

(6) ਅਸੀਂ ਸਾਰੇ ਅੰਮ੍ਰਿਤਧਾਰੀ ਗੁਰਸਿੱਖ ਬੀਬੀ ਦੇ ਗੁਰਭਾਈ ਹਾਂ। ਉਹ ਕਿਸੇ ਦੀ ਛੋਟੀ ਭੈਣ ਹੈ, ਕਿਸੇ ਦੀ ਵੱਡੀ। ਸਾਡਾ ਸਭ ਦਾ ਫਰਜ਼ ਹੈ ਕਿ ਬੀਬੀ ਭੈਣ ਦਾ ਮਾਣ ਸਤਿਕਾਰ ਕਾਇਮ ਰੱਖੀਏ। ਕੋਈ ਗੁਰਮੁਖ ਭੈਣ ਦੀ ਇੱਜ਼ਤ ਨੂੰ ਛੱਜ ਵਿੱਚ ਪਾ ਕੇ ਨਾ ਛੰਡੇ। ਕੁਹਜ ਸਾਡੀ ਨਜ਼ਰ ਵਿੱਚ ਹੈ। ਆਪਣੇ ਆਪ ਨੂੰ ਅਕਾਲ ਲਿਵ ਨਾਲ ਸੋਧ ਕੇ ਸ਼ੁਧ ਕਰੀਏ।

(7) ਬੀਬੀ ਨੂੰ 'ਕੁੜੀਮਾਰ' ਨਹੀਂ ਆਖਿਆ ਜਾ ਸਕਦਾ। ਇਹ ਲਫਜ਼ ਭਰੂਣ ਹੱਤਿਆ ਅਤੇ ਜੰਮਦੀਆਂ ਕੁੜੀਆਂ ਨੂੰ ਮਾਰਨ ਲਈ ਹੀ ਵਰਤਿਆ ਜਾ ਸਕਦਾ ਹੈ। ਓਸ ਨੇ ਆਪਣੀ ਬੇਟੀ ਨੂੰ ਜਨਮ ਦਿੱਤਾ, ਬੜੇ ਚਾਵਾਂ ਮਲ੍ਹਾਰਾਂ ਨਾਲ ਓਸ ਨੂੰ ਪਾਲਿਆ, ਪੋਸਿਆ ਪੜ੍ਹਾਇਆ। ਮਾੜੀ ਕਿਸਮਤ ਨੂੰ ਉਹ ਵੀ ਗ਼ੈਰ-ਜ਼ਿੰਮੇਵਾਰ ਨਿਕਲੀ ਅਤੇ ਹਾਦਸਾ ਵਾਪਰ ਗਿਆ। ਸਾਡੀ ਗੁਰਭਾਈਆਂ ਦੀ ਭਰਪੂਰ ਹਮਦਰਦੀ ਬੀਬੀ ਦੇ ਨਾਲ ਹੋਣੀ ਚਾਹੀਦੀ ਹੈ।

(8) ਬੀਬੀ ਜ਼ਿੰਮੇਵਾਰ ਗੁਰਸਿੱਖ ਹੈ। ਓਹ ਅੰਮ੍ਰਿਤਧਾਰੀ ਹੈ। ਜੇ ਓਸ ਕੋਲੋਂ ਰਹਿਤ ਦੀ ਕੁਈ ਢਿੱਲ ਹੋਵੇਗੀ ਤਾਂ ਉਹ ਖ਼ੁਦ ਸੰਗਤ ਵਿੱਚ ਪੇਸ਼ ਹੋ ਕੇ ਤਨਖਾਹ ਲਗਵਾਵੇਗੀ। ਪੰਜ ਪਿਆਰੇ ਚੁਣੇ ਜਾਣਗੇ ਅਤੇ ਯੋਗ ਤਨਖਾਹ ਲਾ ਕੇ ਬੀਬੀ ਨੂੰ ਪੰਥ ਵਿੱਚ ਪੂਰੀ ਸੁਹਿਰਦਤਾ ਨਾਲ, ਪੂਰੇ ਸਤਿਕਾਰ ਨਾਲ ਮੇਲ ਲੈਣਗੇ।

ਐਰੇ-ਗੈਰੇ ਨੱਥੂ ਖੈਰੇ ਦਾ ਬੀਬੀ ਦੀ ਕੀਤੀ ਕਿਸੇ 'ਕੁਰਹਿਤ' ਨਾਲ ਕੋਈ ਸਬੰਧ ਨਹੀਂ। ਰਹਿਤ ਦੀ ਉਲੰਘਣਾ ਕੁਈ ਜੁਰਮ ਨਹੀਂ - ਸਿਰਫ ਆਪਣੇ-ਆਪ ਵਿਰੁੱਧ ਅਣਗਹਿਲੀ ਹੈ। ਏਸ ਪੱਖੋਂ ਬੀਬੀ ਸਿਰਫ ਆਪਣੇ ਆਪ ਨੂੰ ਜਵਾਬਦੇਹ ਹੈ।

(9) ਅਕਾਲ ਤਖ਼ਤ ਠਾਣਾ ਨਹੀਂ ਬਖ਼ਸ਼ਿੰਦ ਅਕਾਲ ਪੁਰਖ ਦਾ ਤਖ਼ਤ ਹੈ। "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ" ਬਿਰਦ ਵਾਲੇ ਅਕਾਲ ਪੁਰਖ ਦਾ ਤਖ਼ਤ ਹੈ - ਓਸ ਮਹਾਂ ਬਖਸ਼ਿੰਦ ਅਕਾਲ ਪੁਰਖ ਰੂਪ ਗੁਰੂ ਹਰਗੋਬਿੰਦ ਦਾ ਤਖ਼ਤ ਹੈ ਜਿਸ ਬਾਰੇ ਭਾਈ ਗੁਰਦਾਸ ਆਖਦੇ ਹਨ: "ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ॥" ਏਥੇ ਢ੍ਰੀ ਨਹੀਂ ਕੱਟੀ ਜਾ ਸਕਦੀ, ਨਾ ਜੁਰਮ ਆਇਦ ਕੀਤੇ ਜਾ ਸਕਦੇ ਹਨ, ਨਾਂ ਸੰਮਨ ਜਾਰੀ ਕੀਤੇ ਜਾ ਸਕਦੇ ਹਨ। ਤਖ਼ਤ ਉੱਤੇ ਸ਼ਾਹਾਂ ਦਾ ਸ਼ਾਹ ਗੁਰੂ ਅਕਾਲ ਪੁਰਖ ਬਿਰਾਜਮਾਨ ਹੈ। ਉਸਦੇ ਕਰਿੰਦਿਆਂ ਦਾ ਈਰਖਾ, ਦ੍ਵੈਸ਼ ਰਹਿਤ ਹੋਣਾ ਜ਼ਰੂਰੀ ਹੈ; ਸੱਚੇ ਸਾਹਿਬ ਦੀ ਸਲਤਨਤ ਦੇ ਸੁਭਾਅ ਅਨੁਸਾਰ ਹੈ। ਤਖ਼ਤ ਦੇ ਅੰਮ੍ਰਿਤਧਾਰੀ ਕਰਿੰਦਿਆਂ ਲਈ ਸੱਚੇ ਦਾ ਬਿਰਦ ਪਾਲਣਾ ਲਾਜ਼ਮੀ ਹੈ। ਉਹਨਾਂ ਦਾ ਹੁਕਮ ਏਸ ਦੈਵੀ ਬਿਰਦ ਦੇ ਪ੍ਰਛਾਵੇਂ ਹੀ ਮੰਨਣਯੋਗ ਬਣਦਾ ਹੈ।

(10) ਸੁਧਾ ਸਰ ਦੇ ਤੀਰ ਉਸਰਿਆ ਅਕਾਲ ਤਖ਼ਤ, ਪਰਮ ਹੰਸਾਂ ਦੇ ਮਿਲ ਬੈਠਣ ਦਾ ਅਤੇ ਸੰਸਾਰ ਦੇ ਭਲੇ ਪ੍ਰਤੀ ਵਿਚਾਰਾਂ ਕਰਨ ਦਾ ਪਾਕ ਸਥਾਨ ਹੈ। ਏਸ ਉੱਤੇ ਬੈਠ ਕੇ ਕਿੜਾਂ ਨਹੀਂ ਕੱਢੀਆਂ ਜਾ ਸਕਦੀਆਂ।

ਗੁਰੂ ਸਭ ਦਾ ਭਲਾ ਕਰੇ। ਸਭ ਨੂੰ ਆਪਣੇ ਚਰਨਾਂ ਦੀ ਸ਼ਰਨ ਵਿੱਚ ਰੱਖੇ।

ਕੋਈ ਭੁਲੇਖਾ ਨਾ ਰਹੇ: ਮੈਂ ਬੀਬੀ ਜਗੀਰ ਕੌਰ ਨੂੰ ਕਦੇ ਨਹੀਂ ਮਿਲਿਆ; ਨਾ ਓਸ ਦਾ ਮੇਰੇ ਉੱਤੇ ਕੁਈ ਅਹਿਸਾਨ ਹੈ; ਨਾ ਮੈਂ ਦੋਨਾਂ ਧੜਿਆਂ ਵਿੱਚੋਂ ਕਿਸੇ ਦਾ ਪੱਖਧਰ ਹਾਂ। ਮੈਂ ਸਿਰਫ਼ ਪੈਦਾ ਹੋਈ ਮੌਜੂਦਾ ਹਾਲਤ ਉੱਤੇ ਤਬਸਰਾ ਕਰ ਰਿਹਾ ਹਾਂ। ਅਤੇ "ਸਚੁ ਸੁਣਾਇਸੀ ਸਚ ਕੀ ਬੇਲਾ" ਦੇ ਇਲਾਹੀ ਹੁਕਮ ਅਨੁਸਾਰ ਆਪਣਾ ਪ੍ਰਤੀਕਰਮ ਦੇ ਕੇ ਕੇਵਲ ਸੱਚੇ ਸਾਹਿਬ ਦੀ ਖੁਸ਼ੀ ਹਾਸਲ ਕਰਨ ਦਾ ਤਲਬਗਾਰ ਹਾਂ। "ਇੱਕ ਰੁੱਸੇ ਨਾ ਮੇਰਾ ਕਲਗੀਆਂ ਵਾਲਾ, ਜੱਗ ਭਾਵੇਂ ਸਾਰਾ ਰੁੱਸਜੇ।"


ਮੇਰਾ 'ਜਥੇਦਾਰ' ਅਕਾਲ ਤਖ਼ਤ ਨੂੰ ਵੀ ਕੋਈ ਉਲਾਂਭਾ ਨਹੀਂ। ਮੂਰੇ ਅਕਾਲੀ ਦਲ ਦੇ ਇੱਕ ਧੜੇਦਾਰ ਵੱਲੋਂ ਥਾਪੇ ਜਾਣ ਵਿੱਚ ਓਸ ਦਾ ਕੁਈ ਕਸੂਰ ਨਹੀਂ। ਪੰਥ ਦੀ ਅਣਗਹਿਲੀ ਹੈ, ਜੋ ਆਪਣਾ ਵਿਰਸਾ ਨਹੀਂ ਸੰਭਾਲ ਰਿਹਾ। ਗੁਰਭਾਈ ਗਿਆਨੀ ਰਘਬੀਰ ਸਿੰਘ ਓਸ ਤਖ਼ਤ ਦੇ ਅੰਗ-ਸੰਗ ਰਹਿੰਦੇ ਹਨ ਜਿਸ ਦੇ ਦੀਦਾਰ ਨੂੰ ਸੰਸਾਰ ਭਰ ਦੇ ਹਰ ਸਿੱਖ ਦੀਆਂ ਅੱਖਾਂ ਤਰਸਦੀਆਂ ਹਨ। ਏਸ ਲਈ ਇਹਨਾਂ ਪ੍ਰਤੀ ਮੇਰੀ ਓਹੋ ਪਹੁੰਚ ਹੈ ਜੋ ਸੱਸੀ ਦੀ ਪੁਨੂੰ ਨੂੰ ਖੜਨ ਵਾਲੀ ਡਾਚੀ ਪ੍ਰਤੀ ਸੀ: "ਫਿਰ ਦਿਲ ਸਮਝ ਕਰੇ ਲੱਖ ਤੌਬਾ, ਬਹੁਤ ਬੇਅਦਬੀ ਹੋਈ। ਜਿਸ ਪੁਰ ਯਾਰ ਕਰੇ ਅਸਵਾਰੀ, ਤਿਸਦੇ ਜੇਡ ਨ ਕੋਈ।"

## ਕੈਨੇਡਾ ਚ ਪੰਜਾਬੀਆਂ ਦੀ ਭਰਮਾਰ ਦੇਖ ਹੈਰਾਨ ਹੋਈ ਚੀਨੀ ਔਰਤ

ਓਟਾਵਾ : ਕੈਨੇਡਾ ਵਿਚ ਭਾਰਤੀਆਂ ਦੀ ਆਬਾਦੀ ਇੰਨੀ ਜ਼ਿਆਦਾ ਵਧ ਗਈ ਐ ਕਿ ਇਸ ਨੂੰ ਲੈ ਕੇ ਹੁਣ ਦੂਜੇ ਦੇਸ਼ਾਂ ਵੱਲੋਂ ਇਹ ਸ਼ੱਕ ਜਤਾਇਆ ਜਾ ਰਿਹਾ ਏ ਕਿ ਇਕ ਦਿਨ ਕੈਨੇਡਾ ਤੇ ਭਾਰਤੀਆਂ ਦਾ ਹੀ ਕਬਜ਼ਾ ਹੋ ਜਾਵੇਗਾ। ਦਰਅਸਲ ਚੀਨ ਦੀ ਰਹਿਣ ਵਾਲੀ ਇਕ ਮਹਿਲਾ ਵੱਲੋਂ ਭਾਰਤੀਆਂ ਦੀ ਕੈਨੇਡਾ ਵਿਚਲੀ ਆਬਾਦੀ ਤੇ ਹੈਰਾਨੀ ਜਤਾਉਂਦਿਆਂ ਸੋਸ਼ਲ ਮੀਡੀਆ ਤੇ ਇਕ ਵੀਡੀਓ ਸ਼ੇਅਰ ਕੀਤਾ ਗਿਆਏ ਜੋ ਕਾਫ਼ੀ ਜ਼ਿਆਦਾ ਵਾਇਰਲ ਹੋ ਰਿਹਾ ਏ। ਉਸ ਵੱਲੋਂ ਕੈਨੇਡਾ ਵਿਚ ਭਾਰਤੀਆਂ ਦੀ ਆਬਾਦੀ ਨੂੰ ਭਿਆਨਕ ਦੱਸਿਆ ਗਿਆ ਏ।ਚੀਨ ਦੀ ਰਹਿਣ ਵਾਲੀ ਇਕ ਮਹਿਲਾ ਵੱਲੋਂ ਕੈਨੇਡਾ ਵਿਚ ਭਾਰਤੀਆਂ ਦੀ ਆਬਾਦੀ ਤੇ ਹੈਰਾਨੀ ਜਤਾਈ ਗਈ ਐ ਜੋ ਕੈਨੇਡਾ ਘੁੰਮਣ ਦੇ ਲਈ ਗਈ ਸੀ। ਉਸ ਨੇ ਆਪਣਾ ਤਜ਼ਰਬਾ ਸਾਂਝਾ ਕਰਦਿਆਂ ਇਕ ਵੀਡੀਓ ਰਿਕਾਰਡ ਕੀਤਾ ਜੋ ਸੋਸ਼ਲ ਮੀਡੀਆ ਤੇ ਕਾਫ਼ੀ ਜ਼ਿਆਦਾ ਵਾਇਰਲ ਹੋ ਰਿਹਾ ਹੇ। ਵੀਡੀਓ ਵਿਚ ਚੀਨੀ ਮਹਿਲਾ ਵੱਲੋਂ ਕਿਹਾ ਗਿਆ ਕਿ ਕੈਨੇਡਾ ਵਿਚ ਹਰ ਪਾਸੇ ਭਾਰਤੀ ਹੀ ਭਾਰਤੀ ਦਿਖਾਈ ਦਿੰਦੇ ਨੇ। ਉਸ ਨੇ ਇਸ ਸਥਿਤੀ ਨੂੰ ਕੈਨੇਡਾ ਦੇ ਲਈ ਭਿਆਨਕ ਦੱਸਿਆ। ਚੀਨੀ ਮਹਿਲਾ ਕੈਨੇਡਾ ਵਿਚ ਥਿਊਰੀਟਿਕਲ ਡਰਾਇਵਿੰਗ ਟੈਸਟ ਲਈ ਪੁੱਜੀ ਸੀ, ਜਿੱਥੇ ਉਸ ਨੇ ਭਾਰਤੀਆਂ ਦੀ ਵੱਡੀ ਗਿਣਤੀ ਨੂੰ ਦੇਖ ਕੇ ਵੀਡੀਓ ਬਣਾ ਲਿਆ।

### TAIL PIECE

## RAJ NATH SINGH DEFENCE MINISTER TALKS OF FRIENDSHIP WITH PAKISTAN



As far as Pakistan is conerned, it is the result of follies ofpoliticians present in 1947 because the British had passed Independence Act giving independence to whole of India. The politicians present divided the country into two parts ignoring the facts when we were fighting our war of independence, we had been oneand there was no need of this partition of 1947.

It is also on record that Maharaj hari Singh of J and K himself had merged his state with India under his own signature and that instrument had been accepted and it is also on record that he had been getting Privy purse as other rules got from government of India.

The occupation of some part by Pakistan was through an illegal war and and because of Cease fire resolution, Pakistan is still in illegal occupation of that part. There had been war of 1965 and even war through terrorists had been continuing and Pakistan lost lives of youths turning terrorists without any gain.

People of India and Pakistan know that one day this illegally occupied area shall go to India and Pakistan shall not get any benefit. Pakistan must come on friendly terms with India and must hand over this occupied area to India and should come and sign No-War Pact with India so that people of both the countries could go ahead peacefully and develop with speed so that they could join line of developed countries before the target date of 2047. Because of disputes both the countries had been suffering andonly peace can bring progress and prosperity in this sub region.

dalip singh wasan, Advocate Email dalipsinghwassan@yahoo.co.in

# ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥

## ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

**ਬੀਬੀ ਜਗੀਰ ਕੌਰ**

ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ



ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਬਾਨੀ, ਸਿੱਖ ਧਰਮ ਦੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਸੇਵਾ, ਪ੍ਰੇਮਾ-ਭਗਤੀ ਤੇ ਸਦਗੁਣਾਂ ਨਾਲ ਭਰਪੂਰ ਹੈ। ਆਪ ਨੇ ਲੋਕਾਈ ਨੂੰ ਆਤਮਿਕ, ਧਾਰਮਿਕ, ਸਮਾਜਿਕ ਤੌਰ 'ਤੇ ਰੋਸ਼ਨ ਕੀਤਾ, ਜੀਵਨ ਦੇ ਹਰ ਪੱਖ ਨੂੰ ਸਾਰਥਕ ਬਣਾਉਣ ਲਈ ਜੁਗਤਿ ਸਮਝਾਈ। ਗੁਰੂ ਸਾਹਿਬ ਦੀ ਵਡਿਆਈ ਨੂੰ ਭਾਈ ਸੱਤਾ ਜੀ ਤੇ ਭਾਈ ਬਲਵੰਡ ਜੀ ਨੇ ਪਾਵਨ ਗੁਰਬਾਣੀ ਅੰਦਰ ਰਾਮਕਲੀ ਵਾਰ ਵਿਚ ਇਨ੍ਹਾਂ ਸ਼ਬਦਾਂ ਰਾਹੀਂ ਬਿਆਨ ਕੀਤਾ :

ਧੰਨੁ ਧੰਨੁ ਰਾਮਦਾਸ ਗੁਰੁ
ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ
ਆਪਿ ਸਿਰਜਣਹਾਰੈ ਧਾਰਿਆ ॥
ਸਿਖੀ ਅਤੈ ਸੰਗਤੀ
ਪਾਰਬ੍ਰਹਮੁ ਕਰਿ ਨਮਸਕਾਰਿਆ ॥
ਅਟਲੁ ਅਥਾਹੁ ਅਤੋਲੁ ਤੂ
ਤੇਰਾ ਅੰਤੁ ਨ ਪਾਰਾਵਾਰਿਆ ॥

ਗੁਰੂ ਸਾਹਿਬ ਦਾ ਜੀਵਨ ਸਧਾਰਨ ਪਰਿਵਾਰ ਤੋਂ ਆਰੰਭ ਹੋਇਆ ਤੇ ਨਿਸ਼ਕਾਮ ਸੇਵਾ ਤੇ ਸੱਚੇ ਸਿਦਕ ਕਰਕੇ ਗੁਰਗੱਦੀ 'ਤੇ ਬਿਰਾਜਮਾਨ ਹੋਏ। ਆਪ ਨੇ ਸਿੱਖੀ ਦੇ ਬੂਟੇ ਨੂੰ ਪ੍ਰਫੁੱਲਤ ਕਰਨ ਲਈ ਅਨੇਕਾਂ ਕਾਰਜ ਕੀਤੇ।

ਗੁਰੂ ਰਾਮਦਾਸ ਜੀ ਸੰਨ 1534 ਵਿਚ ਪਿਤਾ ਸ੍ਰੀ ਹਰਿਦਾਸ ਜੀ ਦੇ ਗ੍ਰਹਿ ਵਿਖੇ ਪ੍ਰਗਟ ਹੋਏ। ਸਮੇਂ ਦੀ ਪਰੰਪਰਾ ਅਨੁਸਾਰ ਵੱਡੇ ਪੁੱਤਰ ਨੂੰ, 'ਜੇਠਾ' ਕਿਹਾ ਜਾਂਦਾ ਸੀ ਜਿਸ ਕਰਕੇ ਆਪ ਜੀ 'ਭਾਈ ਜੇਠਾ ਜੀ' ਦੇ ਨਾਂ ਨਾਲ ਜਾਣੇ ਜਾਂਦੇ ਰਹੇ। ਛੋਟੀ ਉਮਰ ਵਿਚ ਹੀ ਆਪ ਜੀ ਦੇ ਮਾਤਾ-ਪਿਤਾ ਸਾਥ ਛੱਡ ਅਕਾਲ ਪੁਰਖ ਨੂੰ ਪਿਆਰੇ ਹੋ ਗਏ। ਪਰਿਵਾਰਕ ਨਿਰਬਾਹ ਲਈ ਆਪ ਨੂੰ ਘੁੰਗਣੀਆਂ ਵੇਚਣੀਆਂ ਪਈਆਂ।

ਇਤਿਹਾਸ ਅਨੁਸਾਰ ਆਪ ਦੇ ਨਾਨੀ ਜੀ ਆਪ ਨੂੰ ਬਾਸਰਕੇ ਲੈ ਆਏ। ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਸਦਕਾ ਆਪ ਬਾਸਰਕੇ ਗਿੱਲਾਂ ਤੋਂ ਸ੍ਰੀ ਗੋਇੰਦਵਾਲ ਸਾਹਿਬ ਆ ਗਏ। ਆਪ ਦੀ ਨਿਮਰਤਾ, ਸੇਵਾ-ਸਿਮਰਨ, ਕਿਰਤ ਤੇ ਨੇਕ-ਸੁਭਾਅ ਨੂੰ ਵੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਰਿਸ਼ਤਾ ਆਪ ਜੀ ਨਾਲ ਕਰ ਦਿੱਤਾ। ਗੁਰੂ-ਘਰ ਦਾ ਦਾਮਾਦ ਬਣ ਕੇ ਵੀ ਆਪ ਜੀ ਨੇ ਲੋਕ-ਲਾਜ ਦੀ ਪਰਵਾਹ ਨਾ ਕੀਤੀ ਤੇ ਦਿਨ-ਰਾਤ ਗੁਰੂ-ਘਰ ਦੀ ਸੇਵਾ 'ਚ ਤੱਤਪਰ ਰਹੇ। ਇਕ ਵਾਰ ਲਾਹੌਰ ਤੋਂ ਆਏ ਸ਼ਰੀਕੇ ਵਾਲਿਆਂ ਨੇ ਮਿਹਣਾ ਵੀ ਮਾਰਿਆ।

ਆਪ ਸ੍ਰੀ ਗੁਰੂ ਅਮਰਦਾਸ ਜੀ ਦੀ ਰਹਿਨੁਮਾਈ ਹੇਠ ਬਾਉਲੀ ਦੀ ਕਾਰ ਵਿਚ ਤਨੋਂ-ਮਨੋਂ ਖੁੱਭੇ ਹੋਏ ਸਨ। ਲਾਹੌਰ ਤੋਂ ਕੁਝ ਸ਼ਰੀਕੇ ਵਾਲੇ ਸ੍ਰੀ ਗੋਇੰਦਵਾਲ ਸਾਹਿਬ ਆਏ। ਆਪ ਨੂੰ ਟੋਕਰੀ ਢੋਂਹਦੇ ਤੇ ਬਸਤਰ ਚਿੱਕੜ ਨਾਲ ਲਿਬੜੇ ਹੋਏ ਵੇਖ ਕੇ ਉਨ੍ਹਾਂ ਨੇ ਬੁਰਾ ਮਨਾਇਆ। ਜਦੋਂ ਗੱਲ ਸ੍ਰੀ ਗੁਰੂ ਅਮਰਦਾਸ ਜੀ ਪਾਸ ਪਹੁੰਚੀ ਤਾਂ ਪਾਤਸ਼ਾਹ ਬਖ਼ਸ਼ਿਸ਼ਾਂ ਦੇ ਘਰ ਵਿਚ ਆ ਗਏ। ਤੀਸਰੇ ਸਤਿਗੁਰੂ ਜੀ ਦੇ ਮੂੰਹੋਂ ਨਿਕਲਿਆ। ਇਹ ਚਿੱਕੜ ਨਹੀਂ ਵਡਿਆਈ ਦਾ ਕੇਸਰ ਤੇ ਗੁਲਾਲ ਹੈ। ਸਿਰ 'ਤੇ ਆਮ ਟੋਕਰੀ ਨਹੀਂ, ਸਗੋਂ ਪਾਤਸ਼ਾਹੀ ਛਤਰ ਝੁੱਲਣ ਦਾ ਨਿਸ਼ਾਨ ਹੈ। ਇਸ ਤਰ੍ਹਾਂ ਆਪ ਦੀ ਨਿਮਰਤਾ ਤੇ ਸਦਗੁਣਾਂ ਨੂੰ ਦੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਆਪ ਨੂੰ ਸੌਂਪੀ ਦਿੱਤੀ।



ਗੁਰਗੱਦੀ 'ਤੇ ਸੁਭਾਏਮਾਨ ਹੋਣ ਤੋਂ ਬਾਅਦ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੀ ਬੁਲੰਦੀ ਤੇ ਚੜ੍ਹਦੀ ਕਲਾ ਲਈ ਅਨੇਕਾਂ ਕਾਰਜ ਕੀਤੇ, ਜਿਸ ਨਾਲ ਗੁਰੂ ਘਰ ਦੀ ਵਡਿਆਈ ਚੁਫੇਰੇ ਫੈਲੀ। ਸ੍ਰੀ ਅੰਮ੍ਰਿਤਸਰ ਦੀ ਸਥਾਪਨਾ ਆਪ ਦਾ ਅਹਿਮ ਕਾਰਜ ਹੈ। ਗੁਰੂ ਰਾਮਦਾਸ ਜੀ ਤੀਸਰੇ ਪਾਤਸ਼ਾਹ ਦੇ ਹੁਕਮ ਨਾਲ ਇਥੇ ਆਏ ਤੇ ਸਰੋਵਰ ਦੀ ਖੁਦਵਾਈ ਆਰੰਭ ਕਰਵਾਈ। ਇਹ ਸਰੋਵਰ ਸੰਤੋਖਸਰ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਸੇ ਦੌਰਾਨ ਆਪ ਨੇ ਨਗਰ 'ਗੁਰੂ ਕਾ ਚੱਕ' ਵਸਾਇਆ, ਜੋ ਬਾਅਦ ਵਿਚ 'ਰਾਮਦਾਸਪੁਰ' ਤੇ 'ਚੱਕ ਰਾਮਦਾਸ' ਦੇ ਨਾਂ ਨਾਲ ਜਾਣਿਆ ਗਿਆ ਤੇ ਫਿਰ 'ਸ੍ਰੀ ਅੰਮ੍ਰਿਤਸਰ' ਵਜੋਂ ਮਸ਼ਹੂਰ ਹੋਇਆ। ਆਪ ਨੇ ਇਥੇ ਵੱਸਣ ਲਈ ਸੰਗਤਾਂ ਨੂੰ ਪ੍ਰੇਰਿਆ। ਇਸ ਨਗਰ ਨੂੰ ਆਬਾਦ ਕਰਨ ਲਈ ਆਪ ਨੇ ਵੱਖ-ਵੱਖ ਹੁਨਰਾਂ ਦੇ ਕਿਰਤੀਆਂ ਨੂੰ ਇਥੇ ਵਸਾਇਆ। ਇਤਿਹਾਸ ਅਨੁਸਾਰ ਇਹ ਵੱਖ-ਵੱਖ ਤਰ੍ਹਾਂ ਦੇ 52 ਕਿੱਤਿਆਂ ਨਾਲ ਸਬੰਧਤ ਲੋਕ ਸਨ। ਗੁਰੂ ਰਾਮਦਾਸ ਜੀ ਵੱਲੋਂ ਵਸਾਇਆ ਇਹ ਨਗਰ ਮਨੁੱਖੀ ਬਰਾਬਰੀ ਤੇ ਭਰਾਤਰੀ ਭਾਵ ਦੀ ਇਕ ਮਿਸਾਲ ਬਣਿਆ। ਆਪ ਨੇ ਇਥੇ ਵੱਖ-ਵੱਖ ਸ਼੍ਰੇਣੀਆਂ ਦੇ ਲੋਕ ਵਸਾਏ। 'ਮਸੰਦ' ਪ੍ਰਣਾਲੀ ਦਾ ਆਰੰਭ ਵੀ ਆਪ ਦਾ ਇਕ ਅਹਿਮ ਫ਼ੈਸਲਾ ਸੀ। ਮਸੰਦਾਂ ਨੇ ਗੁਰੂ ਘਰ ਦੇ ਪ੍ਰਚਾਰ-ਪ੍ਰਸਾਰ ਲਈ ਅਹਿਮ ਭੂਮਿਕਾ ਨਿਭਾਈ। ਮਸੰਦ ਸਿੱਖੀ ਦੇ ਉਹ ਪ੍ਰਚਾਰਕ ਸਨ, ਜੋ ਸੰਗਤਾਂ ਤੋਂ ਗੁਰੂ-ਘਰ ਲਈ ਭੇਟਾ ਇਕੱਠੀ ਕਰਦੇ ਤੇ ਸਿੱਖੀ ਦਾ ਪ੍ਰਚਾਰ ਕਰਦੇ ਸਨ। ਇਸੇ ਤਰ੍ਹਾਂ ਗੁਰੂ ਸਾਹਿਬ ਨੇ ਸਿੱਖੀ ਦੀਆਂ ਪਰੰਪਰਾਵਾਂ ਦੇ ਪਾਲਣ ਲਈ ਸੰਗਤਾਂ ਨੂੰ ਪ੍ਰੇਰਿਆ ਤੇ ਸਿੱਖੀ ਮਰਯਾਦਾ ਨੂੰ ਹੋਰ ਪੱਕਿਆਂ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਆਰੰਭ ਕੀਤੀ ਗਈ ਲੰਗਰ ਦੀ ਮਰਯਾਦਾ ਨੂੰ ਅੱਗੇ ਤੋਰਨ ਵਿਚ ਵੀ ਆਪ ਦਾ ਵਡਮੁੱਲਾ ਯੋਗਦਾਨ ਹੈ।

ਆਪ ਨੇ ਧੁਰ ਕੀ ਬਾਣੀ ਦਾ ਅਮੁੱਲ ਤੇ ਵੱਡਾ ਭੰਡਾਰ ਮਨੁੱਖਤਾ ਦੀ ਝੋਲੀ ਪਾਇਆ। ਗੁਰੂ ਪਾਤਸ਼ਾਹ ਦੀ ਬਾਣੀ ਮਨੁੱਖ ਮਾਤਰ ਲਈ ਸੁੱਖਾਂ ਦਾ ਖ਼ਜ਼ਾਨਾ ਤੇ ਆਤਮਿਕ ਅਨੰਦ ਪ੍ਰਦਾਨ ਕਰਨ ਵਾਲੀ ਹੈ। ਇਸ ਵਿਚ ਮਨੁੱਖ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਮੌਜੂਦ ਹੈ। ਇਹ ਸਾਡੀ ਅਧਿਆਤਮਿਕ ਤੇ ਸਮਾਜਿਕ ਅਗਵਾਈ ਕਰਦੀ ਹੋਈ ਚੰਗਾ ਜੀਵਨ ਜਿਊਣ ਲਈ ਮਾਰਗ ਦਰਸ਼ਨ ਦਿੰਦੀ ਹੈ। ਆਪ ਦੀ ਸੁਖਦਾਈ ਗੁਰਬਾਣੀ ਦੀ ਵਡਿਆਈ ਕਰਦੇ ਹੋਏ ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਅੰਦਰ ਲਿਖਦੇ ਹਨ :

ਗੁਰ ਉਚਰੈਂ ਬਾਨੀ ਅਮ੍ਰਤ ਸਾਂਨੀ
ਬੇਦ ਅਧਕਾਨੀ ਸੁਖਦਾਨੀ।
ਜੋ ਸੁਨ ਨਰ ਨਾਰੀ ਕਟੈਂ ਬਿਕਾਰੀ
ਲਹਿ ਫਲ ਚਾਰੀ ਮੁਦ ਖਤਨੀ।

ਗੁਰੂ ਰਾਮਦਾਸ ਜੀ ਦੇ ਪਾਵਨ ਪ੍ਰਕਾਸ਼ ਪੁਰਬ ਮੌਕੇ ਸਮੂਹ ਸੰਗਤ ਨੂੰ ਅਪੀਲ ਹੈ ਕਿ ਆਪਾਂ ਸਾਰੇ ਗੁਰੂ ਸਾਹਿਬ ਦੇ ਮਹਾਨ ਜੀਵਨ ਨੂੰ ਯਾਦ ਕਰਦਿਆਂ ਆਪਣੇ ਅੰਦਰ ਨਿਮਰਤਾ, ਸੇਵਾ ਤੇ ਸਿਮਰਨ ਦੇ ਭਾਵ ਪੈਦਾ ਕਰਦੇ ਹੋਏ ਸਿੱਖ-ਪੰਥ ਦੇ ਸਿਧਾਂਤਾਂ ਨੂੰ ਵਿਵਹਾਰਕ ਜੀਵਨ ਦਾ ਹਿੱਸਾ ਬਣਾਈਏ। ਜੇਕਰ ਅਸੀਂ ਬਾਣੀ ਦੇ ਸੁਨੇਹੇ ਦਾ ਸਹੀ ਬੋਧ ਪ੍ਰਾਪਤ ਕਰ ਕੇ ਅਮਲ ਵਿਚ ਲਿਆਉਣ ਲਈ ਯਤਨਸ਼ੀਲ ਹੋਵਾਂਗੇ ਤਾਂ ਯਕੀਨਨ ਸਾਡੀ ਜੀਵਨ ਯਾਤਰਾ ਸਫ਼ਲ ਹੋ ਸਕਦੀ ਹੈ।

*******

# ਅਮਰੀਕਾ ਭਾਰਤੀਆਂ ਨੂੰ ਢਾਈ ਲੱਖ ਵੀਜ਼ੇ ਦੇਵੇਗਾ

### ⭘ 2023 ਵਿਚ ਭਾਰਤੀਆਂ ਨੂੰ 1.4 ਲੱਖ ਤੋਂ ਵਧ ਵਿਦਿਆਰਥੀ ਵੀਜ਼ੇ ਕੀਤੇ ਜਾਰੀ

ਨਵੀਂ ਦਿੱਲੀ-ਅਮਰੀਕੀ ਮਿਸ਼ਨ ਨੇ ਢਾਈ ਲੱਖ ਭਾਰਤੀਆਂ ਨੂੰ ਵੀਜ਼ੇ ਦੇਣ ਦੀ ਤਿਆਰੀ ਕੀਤੀ ਹੈ। ਅਮਰੀਕਾ ਵੱਲੋਂ ਸੈਲਾਨੀਆਂ, ਹੁਨਰਮੰਦ ਕਾਮਿਆਂ ਅਤੇ ਵਿਦਿਆਰਥੀਆਂ ਨੂੰ ਇਹ ਵਾਧੂ ਵੀਜ਼ੇ ਦਿੱਤੇ ਜਾਣਗੇ। ਅਮਰੀਕੀ ਸਫ਼ਾਰਤਖਾਨੇ ਨੇ ਕਿਹਾ ਕਿ ਇਸ ਨਾਲ ਭਾਰਤ-ਯੂਐੱਸ ਸਬੰਧਾਂ 'ਚ ਹੋਰ ਸੁਧਾਰ ਆਵੇਗਾ। 'ਐਕਸ' 'ਤੇ ਸਾਂਝੀ ਕੀਤੀ ਗਈ ਪੋਸਟ 'ਚ ਕਿਹਾ ਗਿਆ ਹੈ ਕਿ ਪਹਿਲੀ ਵਾਰ ਵਿਦਿਆਰਥੀ ਵੀਜ਼ੇ ਦੇ ਚਾਹਵਾਨਾਂ ਨੂੰ ਭਾਰਤ 'ਚ ਪੰਜ ਅਮਰੀਕੀ ਕੌਂਸੁਲੇਟਾਂ ਵਿਚੋਂ ਇਕ 'ਚ ਮਿਲਣ ਦਾ ਸਮਾਂ ਮਿਲ ਸਕਦਾ ਹੈ।

ਬਿਆਨ 'ਚ ਕਿਹਾ ਗਿਆ ਕਿ ਇਹ ਪਰਿਵਾਰਾਂ ਨੂੰ ਜੋੜਨ, ਕਾਰੋਬਾਰੀਆਂ ਨਾਲ ਸੰਪਰਕ ਕਾਇਮ ਕਰਨ ਅਤੇ ਸੈਰ-ਸਪਾਟੇ ਨੂੰ ਸਰਲ ਬਣਾਉਣ ਦਾ ਉਪਰਾਲਾ ਹੈ। ਬਿਆਨ ਮੁਤਾਬਕ ਬੀਤੇ ਇਕ ਸਾਲ ਦੌਰਾਨ 12 ਲੱਖ ਤੋਂ ਵੱਧ ਭਾਰਤੀਆਂ ਨੇ ਅਮਰੀਕਾ ਦਾ ਦੌਰਾ ਕੀਤਾ 2023 ਦੇ ਮੁਕਾਬਲੇ 'ਚ 35 ਫ਼ੀਸਦ ਦਾ ਵਾਧਾ ਹੈ। ਅਮਰੀਕਾ ਦੇ ਦੌਰੇ ਲਈ 60 ਲੱਖ ਭਾਰਤੀਆਂ ਕੋਲ ਪਹਿਲਾਂ ਹੀ ਨਾਨ ਇਮੀਗਰੈਂਟ ਵੀਜ਼ੇ ਹਨ ਅਤੇ ਰੋਜ਼ਾਨਾ ਮਿਸ਼ਨ ਵੱਲੋਂ ਹਜ਼ਾਰਾਂ ਹੋਰ ਵੀਜ਼ੇ ਜਾਰੀ ਕੀਤੇ ਜਾ ਰਹੇ ਹਨ। ਹੁਣੇ ਜਿਹੇ ਭਾਰਤ 'ਚ ਅਮਰੀਕੀ ਸਫ਼ੀਰ ਐਰਿਕ ਗਾਰਸੇਟੀ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਜੋਅ ਬਾਇਡਨ ਨੇ ਵੀਜ਼ਾ ਪ੍ਰਕਿਰਿਆ 'ਚ ਸੁਧਾਰ ਅਤੇ ਤੇਜ਼ੀ ਲਿਆਉਣ ਦਾ ਟੀਚਾ ਤੈਅ ਕੀਤਾ




ਅਤੇ ਉਨ੍ਹਾਂ ਇਹ ਵਾਅਦਾ ਨਿਭਾਇਆ ਜਾ ਰਿਹਾ ਹੈ। ਭਾਰਤੀਆਂ 'ਚ ਅਮਰੀਕਾ ਜਾਣ ਦਾ ਰੁਝਾਨ ਲਗਾਤਾਰ ਵਧਦਾ ਜਾ ਰਿਹਾ ਹੈ। ਅਮਰੀਕੀ ਸਫ਼ਾਰਤਖਾਨੇ ਅਤੇ ਕੌਂਸੁਲੇਟਾਂ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਅਮਰੀਕਾ ਨੇ 2023 'ਚ ਭਾਰਤੀਆਂ ਨੂੰ 1.4 ਲੱਖ ਤੋਂ ਵਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਸਨ। ਇਹ ਵੀਜ਼ੇ ਦੁਨੀਆ ਦੇ ਕਿਸੇ ਹੋਰ ਮੁਲਕ ਨਾਲੋਂ ਜ਼ਿਆਦਾ ਸਨ। ਲਗਾਤਾਰ ਤੀਜੇ ਸਾਲ ਇੰਨੇ ਜ਼ਿਆਦਾ ਵੀਜ਼ੇ ਜਾਰੀ ਕਰਕੇ ਰਿਕਾਰਡ ਸਥਾਪਤ ਕੀਤਾ ਗਿਆ ਹੈ।

ਮਾਮਲਾ ਬੰਦੀ ਸਿੰਘਾਂ ਦੀ ਰਿਹਾਈ ਦਾ

# ਕੌਮੀ ਇਨਸਾਫ਼ ਮੋਰਚੇ ਦੇ ਕਾਫ਼ਲੇ ਨੂੰ ਮੁਹਾਲੀ ਵਿਚ ਰੋਕਿਆ

## ਮੰਤਰੀ ਧਾਲੀਵਾਲ ਨੇ ਮੰਗਾਂ ਮੰਨਣ ਦਾ ਭਰੋਸਾ ਦਿਵਾਇਆ




ਐੱਸਏਐੱਸ ਨਗਰ (ਮੁਹਾਲੀ)-ਬੰਦੀ ਸਿੰਘਾਂ ਦੀ ਰਿਹਾਈ, 328 ਸਰੂਪਾਂ ਦਾ ਮਾਮਲਾ, ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀਕਾਂਡ ਮੁੱਦਿਆਂ 'ਤੇ ਕੌਮੀ ਇਨਸਾਫ਼ ਮੋਰਚਾ ਮੁਹਾਲੀ-ਚੰਡੀਗੜ੍ਹ, ਹਵਾਰਾ ਕਮੇਟੀ ਅਤੇ ਪੰਥਕ ਕਮੇਟੀ ਸਣੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉੱਤੇ ਪਿਛਲੇ ਸਾਲ 7 ਜਨਵਰੀ ਨੂੰ ਸ਼ੁਰੂ ਕੀਤਾ ਲੜੀਵਾਰ ਧਰਨਾ (ਪੱਕਾ ਮੋਰਚਾ) ਜਾਰੀ ਹੈ। ਬੀਤੇ ਦਿਨੀਂ ਵੱਡੀ ਗਿਣਤੀ ਲੋਕਾਂ ਨੇ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਮਾਰਚ ਕੀਤਾ ਅਤੇ ਚੰਡੀਗੜ੍ਹ ਵੱਲ ਕੂਚ ਕਰਨ ਦਾ ਯਤਨ ਕੀਤਾ ਪਰ ਮੁਹਾਲੀ ਪੁਲੀਸ ਨੇ ਵਾਈਪੀਐੱਸ ਚੌਂਕ ਨੇੜੇ ਬੈਰੀਕੇਡਿੰਗ ਕਰ ਕੇ ਸਿੱਖਾਂ ਦੇ ਕਾਫ਼ਲੇ ਨੂੰ ਅੱਗੇ ਵਧਣ ਤੋਂ ਰੋਕ ਲਿਆ। ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਮੌਕੇ 'ਤੇ ਪਹੁੰਚ ਕੇ ਕੌਮੀ ਇਨਸਾਫ਼ ਮੋਰਚੇ ਦੀਆਂ ਮੰਗਾਂ ਪੂਰੀ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਭਾਈ ਸ਼ਮਸ਼ੇਰ ਸਿੰਘ ਅਤੇ ਭਾਈ ਗੁਰਮੀਤ ਸਿੰਘ ਦੀ ਪੱਕੀ ਰਿਹਾਈ ਦੀ ਕੋਸ਼ਿਸ਼ ਕੀਤੀ ਜਾਵੇਗੀ, ਜੋ ਹੁਣ ਸ਼ਰਤੀਆ ਜ਼ਮਾਨਤ 'ਤੇ ਹਨ। ਇੰਜ ਹੀ ਜਲਦੀ ਭਾਈ ਪਰਮਜੀਤ ਸਿੰਘ ਭਿਓਰਾ ਨੂੰ ਪੈਰੋਲ (ਛੁੱਟੀ) ਦਿੱਤੀ ਜਾਵੇਗੀ ਅਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਬਾਬਤ ਸੁਪਰੀਮ ਕੋਰਟ ਦੇ ਨੋਟਿਸ ਸਬੰਧੀ ਹਾਂ-ਪੱਖੀ ਰਿਪੋਰਟ ਭੇਜਣਗੇ। ਇਸ ਅਨੁਸਾਰ ਜਥੇਦਾਰ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਵੀ ਜੇਲ੍ਹ ਭੇਜਣ 'ਤੇ ਕੋਈ ਇਤਰਾਜ਼ ਨਹੀਂ ਹੋਵੇਗਾ।

ਇਸ ਮੌਕੇ ਕੌਮੀ ਇਨਸਾਫ਼ ਮੋਰਚਾ ਦੇ ਕਨਵੀਨਰ ਭਾਈ ਪਾਲ ਸਿੰਘ ਫਰਾਂਸ ਨੇ ਪੰਜਾਬ ਸਰਕਾਰ ਨੂੰ ਮਹੀਨੇ ਦਾ ਅਲਟੀਮੇਟਮ ਦਿੰਦੇ ਹੋਏ ਕਿਹਾ ਕਿ ਜੇ ਇਸ ਦੌਰਾਨ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਜਲਦੀ ਹੀ ਵੱਡਾ ਐਕਸ਼ਨ ਉਲੀਕਿਆ ਜਾਵੇਗਾ। ਬੰਦੀ ਸਿੰਘ ਰਿਹਾਈ ਮਾਰਚ ਵਿੱਚ ਭਾਈ ਸ਼ਮਸ਼ੇਰ ਸਿੰਘ ਅਤੇ ਭਾਈ ਗੁਰਮੀਤ ਸਿੰਘ ਸਣੇ ਵੱਖ-ਵੱਖ ਪੰਥਕ ਆਗੂਆਂ ਬਾਪੂ ਤਰਸੇਮ ਸਿੰਘ, ਭਾਈ ਬਲਵਿੰਦਰ ਸਿੰਘ, ਭਾਈ ਰੇਸ਼ਮ ਸਿੰਘ ਵਡਾਲੀ, ਭਾਈ ਜਸਵਿੰਦਰ ਸਿੰਘ ਰਾਜਪੁਰਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਦਰਸ਼ਨ ਪਾਲ, ਭਾਈ ਇੰਦਰਵੀਰ ਸਿੰਘ, ਵਕੀਲ ਗੁਰਸ਼ਰਨ ਸਿੰਘ ਧਾਲੀਵਾਲ, ਬਾਪੂ ਗੁਰਚਰਨ ਸਿੰਘ, ਭਾਈ ਕਰਨੈਲ ਸਿੰਘ ਪੰਜੋਲੀ ਆਦਿ ਹਾਜ਼ਰ ਸਨ।


-ਮਾਮਲਾ ਸਿਖ ਕਤਲੇਆਮ 84 ਦਾ-

## ਹਾਈ ਕੋਰਟ ਵੱਲੋਂ ਟਾਈਟਲਰ ਮਾਮਲੇ ਦੀ ਸੁਣਵਾਈ 29 ਨਵੰਬਰ ਨੂੰ, ਨਹੀਂ ਮਿਲੀ ਰਾਹਿਤ



ਨਵੀਂ ਦਿੱਲੀ-ਦਿੱਲੀ ਹਾਈ ਕੋਰਟ ਨੇ ਕਿਹਾ ਕਿ ਉਹ ਦਿੱਲੀ ਕਤਲੇਆਮ ਦੌਰਾਨ ਤਿੰਨ ਲੋਕਾਂ ਦੀ ਹੱਤਿਆ ਦੇ ਮਾਮਲੇ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੀ ਪਟੀਸ਼ਨ 'ਤੇ 29 ਨਵੰਬਰ ਨੂੰ ਸੁਣਵਾਈ ਕਰੇਗੀ ਜਿਸ ਵਿਚ ਟਾਈਟਲਰ ਨੇ ਆਪਣੇ 'ਤੇ ਹੱਤਿਆ ਦੇ ਦੋਸ਼ਾਂ ਨੂੰ ਚੁਣੌਤੀ ਦਿੱਤੀ ਹੈ। ਇਹ ਮਾਮਲਾ 1984 ਦੇ ਸਿੱਖ ਵਿਰੋਧੀ ਕਤਲੇਆਮ ਦੌਰਾਨ ਦਿੱਲੀ ਦੇ ਪੁਲ ਬੰਗਸ਼ ਖੇਤਰ ਵਿੱਚ ਤਿੰਨ ਲੋਕਾਂ ਦੀ ਹੱਤਿਆ ਨਾਲ ਸਬੰਧਤ ਹੈ। ਜਸਟਿਸ ਮਨੋਜ ਕੁਮਾਰ ਓਹਰੀ ਨੇ ਮਾਮਲੇ ਦੀ ਸੁਣਵਾਈ ਤੋਂ ਬਾਅਦ ਟਾਈਟਲਰ ਦੇ ਵਕੀਲ ਨੂੰ ਕੁਝ ਗਵਾਹਾਂ ਦੇ ਬਿਆਨ ਦਰਜ ਕਰਨ ਲਈ ਕਿਹਾ ਜੋ ਰਿਕਾਰਡ 'ਤੇ ਨਹੀਂ ਸਨ। ਟਾਈਟਲਰ ਨੇ ਦਾਅਵਾ ਕੀਤਾ ਸੀ ਕਿ ਉਹ ਘਟਨਾ ਮੌਕੇ ਮੌਜੂਦ ਨਹੀਂ ਸੀ ਤੇ ਇਸ ਮਾਮਲੇ ਵਿਚ ਉਸ ਨੂੰ ਫਸਾਇਆ ਜਾ ਰਿਹਾ ਹੈ। ਟਾਈਟਲਰ ਨੇ ਕਿਹਾ ਕਿ ਉਹ 80 ਸਾਲਾਂ ਦੇ ਹਨ ਅਤੇ ਦਿਲ ਦੀ ਬਿਮਾਰੀ, ਸ਼ੂਗਰ ਤੇ ਹੋਰ ਬਿਮਾਰੀਆਂ ਤੋਂ ਪੀੜਤ ਹਨ।

# ਕ੍ਰਿਸ਼ਮਾ ਤਨਾ ਅੰਧ ਵਿਸ਼ਵਾਸਾਂ ਤੋਂ ਮੁਕਤ ਹੋਈ



ਧਰਮ, ਕਰਮ, ਪੂਜਾ ਤੇ ਪੁਰਾਤਨ ਵਿਧੀਆਂ ਤੇ ਅੰਧ-ਵਿਸ਼ਵਾਸ 'ਚ ਪੂਰਾ ਵਿਸ਼ਵਾਸ ਕ੍ਰਿਸ਼ਮਾ ਤਨਾ ਦਾ ਰਿਹਾ ਹੈ ਤੇ ਇਹ ਅਭਿਨੇਤਰੀ ਇਸ ਮਾਮਲੇ 'ਚ ਅਭਿਨੇਤਾ ਸੁਨੀਲ ਸ਼ੈਟੀ ਤੋਂ ਪ੍ਰਭਾਵਿਤ ਹੈ। ਹੁਣ ਇਹੀ ਅੰਧ-ਵਿਸ਼ਵਾਸੀ ਕ੍ਰਿਸ਼ਮਾ ਪੂਰੀ ਤਰ੍ਹਾਂ ਬਦਲ ਗਈ ਹੈ ਤੇ ਇਹ ਬਦਲਾਅ ਉਸ ਵਿਚ ਇਸ ਸਾਲ ਹੀ ਆਇਆ ਹੈ। ਕਿਸ ਨੇ ਉਸ ਨੂੰ ਵਹਿਮ-ਭਰਮ ਤੇ ਅੰਧ-ਵਿਸ਼ਵਾਸ ਤੋਂ ਪਰ੍ਹਾਂ ਕੀਤਾ, ਇਹ ਤਾਂ ਅਜੇ ਤੱਕ ਮਾਲੂਮ ਨਹੀਂ ਹੋ ਸਕਿਆ ਪਰ ਇਸ ਨਾਗ-ਪੰਚਮੀ ਤੇ ਕ੍ਰਿਸ਼ਮਾ ਨੇ ਖ਼ਾਸ ਪੋਸਟ ਪਾ ਕੇ ਕਿਹਾ ਕਿ 'ਸੱਪਾਂ ਤੇ ਨਾਗਾਂ ਨੂੰ ਲੋਕ ਦੁੱਧ ਨਾ ਪਾਉਣ ਤੇ ਨਾ ਹੀ ਇਨ੍ਹਾਂ ਦੀਆਂ ਮਟੀਆਂ ਤੇ ਖੁੱਡਾਂ 'ਤੇ ਦੁੱਧ ਚੜ੍ਹਾਉਣ। ਕ੍ਰਿਸ਼ਮਾ ਨੇ ਦਲੀਲ ਇਹ ਦਿੱਤੀ ਕਿ ਸੱਪ ਦੁੱਧ ਨਹੀਂ ਪੀਂਦੇ, ਇਹ ਸਾਰੀ ਸਪੇਰਿਆਂ ਦੀ ਚਾਲ ਹੈ ਜਿਹੜੇ ਉਨ੍ਹਾਂ ਨੂੰ ਭੁੱਖਾ ਰੱਖਦੇ ਹਨ।' ਅੱਜ ਤੋਂ ਤੇਈ ਸਾਲ ਪਹਿਲਾਂ 'ਕਿਉਂਕਿ ਸਾਸ ਭੀ ਕਭੀ ਬਹੂ ਥੀ' ਨਾਲ ਅਭਿਨੈ ਦਾ ਸਫ਼ਰ ਸ਼ੁਰੂ ਕਰਨ ਵਾਲੀ ਕ੍ਰਿਸ਼ਮਾ ਤਨਾ ਦੀ ਵੈੱਬ ਸੀਰੀਜ਼ 'ਜਾਗ੍ਰਿਤੀ' ਨਾਲ ਕਾਫੀ ਤਾਰੀਫ਼ ਹੋਈ ਹੈ। ਪਿਛਲੇ ਦਿਨੀਂ ਉਸ ਨੇ ਆਪਣੇ ਵਿਆਹ ਦੀ ਦੂਸਰੀ ਸਾਲਗਿਰਾਹ ਮਨਾਈ ਤੇ ਕਿਹਾ ਕਿ ਜਦ ਦੇ ਉਸ ਦੀ ਜ਼ਿੰਦਗੀ 'ਚ ਵਰੁਣ ਬੰਗੇਰਾ ਆਏ ਹਨ, ਉਸ ਲਈ ਅਸਲੀ ਜ਼ਿੰਦਗੀ ਸ਼ੁਰੂ ਹੋਈ ਹੈ। ਉਹ ਆਪਣੇ ਪਤੀ ਵਰੁਣ ਤੋਂ ਜਿੰਦ ਕੁਰਬਾਨ ਕਰਨ ਨੂੰ ਤਿਆਰ ਹੈ। ਜ਼ਿੰਦਗੀ ਖ਼ੂਬਸੂਰਤ ਹੈ, ਇਹ ਗੱਲ ਦੋ ਸਾਲ ਤੋਂ ਉਸ ਦੀ ਸਮਝ ਵਿਚ ਆਈ ਹੈ ਜਦ ਤੋਂ ਉਸ ਵਿਆਹ ਕਰਵਾਇਆ ਹੈ। ਸ਼ਾਹਰੁਖ ਖ਼ਾਨ ਨਾਲ ਬਿਸਕੁਟ ਦੀ ਮਸ਼ਹੂਰੀ ਕਰਕੇ ਉਸ ਨੇ ਇਹੀ ਮਹਿਸੂਸ ਕੀਤਾ ਸੀ ਜਿਵੇਂ ਕੋਈ ਫ਼ਿਲਮ ਬਤੌਰ ਹੀਰੋਇਨ ਉਸ ਨੇ ਸ਼ਾਹਰੁਖ ਨਾਲ ਕਰ ਲਈ ਹੋਵੇ। ਦੇਖ ਲਓ ਸ਼ਾਹਰੁਖ ਖ਼ਾਨ ਨਾਲ ਵਿਗਿਆਪਨ ਕਰਕੇ ਹੀ ਕ੍ਰਿਸ਼ਮਾ ਦੀ ਖ਼ੁਸ਼ੀ ਸੱਤਵੇਂ ਅਕਾਸ਼ 'ਤੇ ਹੈ। ਪਿਛਲੇ ਸਾਲ ਵੈੱਬ ਸੀਰੀਜ਼ 'ਸਕੂਪ' ਨੇ ਉਸ ਨੂੰ ਕਾਫੀ ਚਰਚਾ ਦਿੱਤੀ ਤੇ ਕ੍ਰਿਸ਼ਮਾ ਨੇ ਵਿੱਕੀ ਕੌਸ਼ਲ ਨਾਲ ਫ਼ਿਲਮ ਕਰਕੇ ਇਹ ਵੀ ਸਾਬਤ ਕੀਤਾ ਕਿ ਅਜੇ ਵੀ ਉਸ ਦੇ ਅਭਿਨੈ ਦੀ ਕਦਰ ਹੈ, ਪੁੱਛਗਿੱਛ ਹੈ। ਆਪਣਾ ਦਰਦ ਬਿਆਨ ਕਰਦਿਆਂ ਕ੍ਰਿਸ਼ਮਾ ਨੇ ਕਿਹਾ ਕਿ ਜਦ ਉਹ ਪੈਦਾ ਹੋਈ ਤਾਂ ਉਸ ਦੇ ਪਿਤਾ ਨੇ ਛੇ ਮਹੀਨੇ ਉਸ ਦੀ ਸ਼ਕਲ ਨਹੀਂ ਦੇਖੀ ਸੀ। ਦਾਦਾ-ਦਾਦੀ ਵੀ ਉਸ ਨੂੰ ਲਾਡ ਨਹੀਂ ਕਰਦੇ ਰਹੇ ਕਿਉਂਕਿ ਸਾਰੇ ਮੁੰਡਾ ਚਾਹੁੰਦੇ ਸੀ ਪਰ ਪੈਦਾ ਉਹ ਹੋਈ ਸੀ। ਮਾਂ ਨੇ ਹੀ ਕ੍ਰਿਸ਼ਮਾ ਤਨਾ ਨੂੰ ਇਸ ਮੁਕਾਮ 'ਤੇ ਪਹੁੰਚਾਇਆ ਹੈ ਤੇ ਮਾਂ ਨੂੰ ਉਹ ਕਦੇ ਨਹੀਂ ਭੁੱਲੇਗੀ। ਅੱਜ ਚੋਟੀ ਦੇ ਉਦਯੋਗਪਤੀ ਵਰੁਣ ਦੀ ਉਹ ਪਤਨੀ ਹੈ ਤਾਂ ਦੱਸੋ ਫਿਰ ਧੀ ਜੰਮ ਕੇ ਕਿਹੜਾ ਗੁਨਾਹ ਉਸ ਦੀ ਮਾਂ ਨੇ ਕੀਤਾ ਸੀ।

## ਸਾਲਾਂ ਬਾਅਦ ਮਹਿਮਾ ਚੌਧਰੀ ਨੇ ਫ਼ਿਲਮ 'ਐਮਰਜੈਂਸੀ' ਤੋਂ ਬਾਲੀਵੁੱਡ ਵਿਚ ਕੀਤੀ ਵਾਪਸੀ



90 ਦੇ ਦਹਾਕੇ ਦੀ ਬਾਲੀਵੁੱਡ ਦੀ ਖ਼ੂਬਸੂਰਤ ਅਤੇ ਹਰਮਨਪਿਆਰੀ ਅਦਾਕਾਰਾ ਮਹਿਮਾ ਚੌਧਰੀ ਦਾ ਜਨਮ 13 ਸਤੰਬਰ 1973 ਨੂੰ ਪੱਛਮੀ ਬੰਗਾਲ ਦੇ ਦਾਰਜਲਿੰਗ ਵਿਚ ਹੋਇਆ ਸੀ। ਫ਼ਿਲਮਾਂ ਵਿਚ ਆਉਣ ਤੋਂ ਪਹਿਲਾਂ ਇਕ ਲੰਮੇ ਸਮੇਂ ਤੱਕ ਮਹਿਮਾ ਮਾਡਲਿੰਗ ਵਿਚ ਰਹੀ। ਉਸ ਸਮੇਂ ਉਸ ਦਾ ਨਾਂਅ ਰੀਤੂ ਚੌਧਰੀ ਹੋਇਆ ਕਰਦਾ ਸੀ। ਜਦ ਕਿ ਸੁਭਾਸ਼ ਘਈ ਦੀ ਫ਼ਿਲਮ 'ਪਰਦੇਸ' (1997) ਲਈ ਆਡੀਸ਼ਨ ਤੋਂ ਬਾਅਦ ਰੀਤੂ ਦੀ ਚੋਣ ਹੋ ਗਈ। ਫ਼ਿਲਮ ਦੀ ਸ਼ੂਟਿੰਗ ਸ਼ੁਰੂ ਹੋਣ ਦੇ ਨਾਲ ਹੀ ਸੁਭਾਸ਼ ਘਈ ਨੇ ਉਸ ਦਾ ਨਾਂਅ ਰੀਤੂ ਤੋਂ ਬਦਲ ਕੇ ਮਹਿਮਾ ਕਰ ਦਿੱਤਾ। ਫ਼ਿਲਮ 'ਪਰਦੇਸ' (1997) ਵਿਚ ਮਹਿਮਾ ਚੌਧਰੀ, ਸ਼ਾਹਰੁਖ ਖਾਨ ਦੇ ਨਾਲ ਮੁੱਖ ਭੂਮਿਕਾ ਵਿਚ ਸੀ। ਫ਼ਿਲਮ ਵਿਚ ਮਹਿਮਾ ਦੀ ਸ਼ਾਨਦਾਰ ਸਮਾਈਲ ਅਤੇ ਬਿਹਤਰੀਨ ਐਕਟਿੰਗ ਨੇ ਉਸ ਨੂੰ ਰਾਤੋ-ਰਾਤ ਸਟਾਰ ਬਣਾ ਦਿੱਤਾ। ਫ਼ਿਲਮ 'ਦਾਗ : ਦ ਫਾਇਰ' (1999) ਤੋਂ ਬਾਅਦ ਹਰ ਕੋਈ ਉਸ ਦਾ ਦੀਵਾਨਾ ਹੋ ਗਿਆ। ਫਿਰ ਤੋਂ ਉੱਠ ਕੇ ਖੜ੍ਹੀ ਹੋ ਗਈ। ਇਕ ਵਾਰ ਫਿਰ ਉਸ ਨੇ 'ਦਿਲ ਕਿਆ ਕਰੇ' (1999), 'ਪਿਆਰ ਕੋਈ ਖੇਲ ਨਹੀਂ' (1999), 'ਧੜਕਨ' (2000), 'ਦੀਵਾਨੇ' (2000) ਅਤੇ 'ਕੁਰੂਕਸ਼ੇਤਰ' (2000) ਵਰਗੀਆਂ ਫ਼ਿਲਮਾਂ ਵਿਚ ਆਪਣੀ ਖ਼ੂਬਸੂਰਤੀ ਦਾ ਜਾਦੂ ਬਿਖੇਰਿਆ। ਪਰ ਉਸ ਤੋਂ ਬਾਅਦ ਮਹਿਮਾ 'ਖਿਲਾੜੀ 420', 'ਯੇ ਤੇਰਾ ਘਰ ਯੇ ਮੇਰਾ ਘਰ', 'ਓਮ ਜੈ ਜਗਦੀਸ਼', 'ਦਿਲ ਹੈ ਤੁਮਹਾਰਾ', 'ਸਾਇਆ', 'ਐਲ.ਓ.ਸੀ. ਕਾਰਗਿਲ' ਅਤੇ 'ਦੁਬਾਰਾ' ਵਰਗੀਆਂ ਫ਼ਿਲਮਾਂ ਵਿਚ ਉਸ ਤਰ੍ਹਾਂ ਦਾ ਜਾਦੂ ਨਹੀਂ ਜਗਾ ਸਕੀ, ਜਿਸ ਲਈ ਉਹ ਮਸ਼ਹੂਰ ਸੀ। ਸਾਲਾਂ ਬਾਅਦ ਮਹਿਮਾ ਚੌਧਰੀ ਨੇ ਫ਼ਿਲਮ 'ਐਮਰਜੈਂਸੀ' ਤੋਂ ਬਾਲੀਵੁੱਡ ਵਿਚ ਵਾਪਸੀ ਕੀਤੀ ਹੈ। ਇਸ ਤੋਂ ਇਲਾਵਾ ਮਹਿਮਾ ਦੇ ਕੋਲ ਇਕ ਹੋਰ ਫ਼ਿਲਮ 'ਦ ਸਿਗਨੇਚਰ' ਵੀ ਹੈ, ਜਿਸ ਦੀ ਸ਼ੂਟਿੰਗ ਖ਼ਤਮ ਹੋ ਚੁੱਕੀ ਹੈ

# ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਨਤਮਸਤਕ ਹੋਏ ਚੇਅਰਮੈਨ ਲਾਲਪੁਰਾ

## ✪ ਸਿਖ ਮੰਗਾਂ ਮੰਨਣ ਲਈ ਤਖ਼ਤ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਨੂੰ ਦਿਤਾ ਭਰੋਸਾ



ਅੰਮ੍ਰਿਤਸਰ-ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਇਕਬਾਲ ਸਿੰਘ ਲਾਲਪੁਰਾ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ। ਇਸ ਮੌਕੇ ਉਨ੍ਹਾਂ ਨੂੰ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ ਨੇ ਇਸ ਪਾਵਨ ਅਸਥਾਨ ਦੇ ਇਤਿਹਾਸ ਸੰਬੰਧੀ ਜਾਣਕਾਰੀ ਦਿੱਤੀ ਤੇ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ। ਜਦੋਂਕਿ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ, ਮੀਤ ਪ੍ਰਧਾਨ ਗੁਰਵਿੰਦਰ ਸਿੰਘ ਅਤੇ ਸਕੱਤਰ ਹਰਬੰਸ ਸਿੰਘ ਵਲੋਂ ਸ. ਲਾਲਪੁਰਾ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਪ੍ਰਧਾਨ ਸੋਹੀ ਨੇ ਦੱਸਿਆ ਕਿ ਉਨ੍ਹਾਂ ਬਿਹਾਰ ਵਿਚ ਸਿੱਖਾਂ ਲਈ ਆਨੰਦ ਮੈਰਿਜ ਐਕਟ ਲਾਗੂ ਕਰਾਉਣ, ਸਿੱਖਾਂ ਨੂੰ ਘੱਟ ਗਿਣਤੀ ਪ੍ਰਮਾਣ ਪੱਤਰ ਨਾ ਮਿਲਣ, ਸਰਕਾਰੀ ਨੌਕਰੀਆਂ ਵਿਚ ਸਿੱਖਾਂ ਦੀ ਭਾਗੀਦਾਰੀ, ਸਿੱਖ ਸੰਸਥਾਵਾਂ ਦੀ ਜ਼ਮੀਨ 'ਤੇ ਸ਼ਰਾਰਤੀ ਅਨਸਰਾਂ ਦੁਆਰਾ ਕਬਜ਼ੇ ਵਰਗੇ ਮਾਮਲੇ ਸ. ਲਾਲਪੁਰਾ ਕੋਲ ਉਠਾਏ ਜਿਨ੍ਹਾਂ ਨੂੰ ਉਨ੍ਹਾਂ ਜਲਦ ਹੱਲ ਕਰਾਉਣ ਦਾ ਭਰੋਸਾ ਦਿੱਤਾ।

# ਰਾਧਾ ਸਵਾਮੀ ਡੇਰਾ ਬਿਆਸ ਦੇ ਨਵੇਂ ਮੁਖੀ ਜਸਦੀਪ ਸਿੰਘ ਗਿੱਲ ਨੂੰ ਮਿਲੀ ਜ਼ੈੱਡ ਸੁਰੱਖਿਆ!



ਅੰਮ੍ਰਿਤਸਰ-ਡੇਰਾ ਬਿਆਸ ਦੇ ਹੋਣ ਵਾਲੇ ਨਵੇਂ ਮੁੱਖੀ ਜਸਦੀਪ ਸਿੰਘ ਗਿੱਲ ਨੂੰ ਜ਼ੈੱਡ ਸੁਰੱਖਿਆ ਦਿੱਤੀ ਗਈ ਹੈ। ਗ੍ਰਹਿ ਵਿਭਾਗ ਵੱਲੋਂ ਉਨ੍ਹਾਂ ਨੂੰ ਜ਼ੈੱਡ ਕੈਟਾਗਰੀ ਦੀ ਸੁਰੱਖਿਆ ਦਿੱਤੀ ਗਈ ਹੈ। ਦੱਸ ਦੇਈਏ ਕਿ ਕੁਝ ਦਿਨ ਪਹਿਲਾਂ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵਲੋਂ ਜਸਦੀਪ ਸਿੰਘ ਗਿੱਲ ਨੂੰ ਆਪਣਾ ਉਤਰਧਿਕਾਰੀ ਐਲਾਨਿਆ ਸੀ।

# ਨੂੰਹ ਨੂੰ ਪ੍ਰੇਮ ਸਬੰਧਾਂ ਤੋਂ ਰੋਕਿਆ ਤਾਂ ਪ੍ਰੇਮੀ ਨਾਲ ਮਿਲ ਕੇ ਮਾਰ'ਤਾ ਸਹੁਰਾ

ਘੱਲ ਖੁਰਦ/ਫਿਰੋਜ਼ਪੁਰ-ਫਿਰੋਜ਼ਪੁਰ ਦੇ ਪਿੰਡ ਭੰਬਾ ਲੰਡਾ ਤੋਂ ਅੰਨ੍ਹੇ ਇਸ਼ਕ ਦੀ ਇਕ ਹੈਰਾਨੀਜਨਕ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਪ੍ਰੇਮੀ ਨਾਲ ਨਾਜਾਇਜ਼ ਸਬੰਧਾਂ ਤੋਂ ਰੋਕਣ 'ਤੇ ਇਕ ਔਰਤ ਵੱਲੋਂ ਪ੍ਰੇਮੀ ਨਾਲ ਮਿਲ ਕੇ ਆਪਣੇ ਸਹੁਰੇ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਹੈ। ਥਾਣਾ ਘੱਲ ਖੁਰਦ ਦੇ ਐੱਸ.ਐੱਚ.ਓ. ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਔਰਤ ਅਤੇ ਉਸ ਦੇ ਪ੍ਰੇਮੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਸ਼ਿਕਾਇਤਕਰਤਾ ਆਤਮਾ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਭੰਬਾ ਲੰਡਾ ਨੇ ਪੁਲਸ ਨੂੰ ਦਿੱਤੀ ਲਿਖਤੀ ਸ਼ਿਕਾਇਤ ਵਿੱਚ ਦੱਸਿਆ ਕਿ 21 ਸਤੰਬਰ ਨੂੰ ਦੁਪਹਿਰ ਉਸ ਨੂੰ ਕਿਸੇ ਦਾ ਫੋਨ ਆਇਆ ਕਿ ਉਸ ਦਾ ਭਰਾ ਬਲਵਿੰਦਰ ਸਿੰਘ (65) ਆਪਣੀ ਕਾਰ ਲੈ ਕੇ ਘਰੋਂ ਚਲਾ ਗਿਆ, ਜੋ ਕਿ ਵਾਪਸ ਨਹੀਂ ਆਇਆ। ਬਾਅਦ ਵਿਚ ਉਸ ਨੂੰ ਪਤਾ ਲੱਗਾ ਕਿ ਉਸ ਦੇ ਭਰਾ ਬਲਵਿੰਦਰ ਸਿੰਘ ਨੂੰ ਉਸ ਦੀ ਨੂੰਹ ਅਮਨਦੀਪ ਕੌਰ ਨੇ ਆਪਣੇ ਪ੍ਰੇਮੀ ਬੋਹੜ ਸਿੰਘ ਨਾਲ ਮਿਲ ਕੇ ਕਤਲ ਕਰ ਦਿੱਤਾ ਹੈ ਅਤੇ ਲਾਸ਼ ਨਹਿਰ ਵਿਚ ਸੁੱਟ ਦਿੱਤੀ ਹੈ। ਪੁਲਸ ਵੱਲੋਂ ਬੋਹੜ ਸਿੰਘ ਤੇ ਅਮਨਦੀਪ ਕੌਰ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

# ਪੰਜਾਬ ਵਿਚ ਜਾਅਲੀ ਡਿਗਰੀਆਂ ਬਣਾਉਣ ਵਾਲੇ ਗਿਰੋਹ ਦੇ ਦੋ ਮੈਂਬਰ ਗ੍ਰਿਫ਼ਤਾਰ

## ✪ 196 ਫਰਜ਼ੀ ਡਿਗਰੀਆਂ, 6 ਲੈਪਟਾਪ, 3 ਪ੍ਰਿੰਟਰ, ਇਕ ਸਟਾਂਪ ਮਸ਼ੀਨ ਆਦਿ ਬਰਾਮਦ ਕੀਤੇ

ਜਲੰਧਰ-ਜਲੰਧਰ ਸਿਟੀ ਪੁਲਸ ਨੇ ਫਰਜ਼ੀ ਡਿਗਰੀ ਬਣਾਉਣ ਵਾਲੇ ਗਿਰੋਹ ਦਾ ਪਰਾਫ਼ਾਸ਼ ਕੀਤਾ ਹੈ। ਪੁਲਸ ਨੇ ਇਸ ਮਾਮਲੇ ਵਿਚ ਮਾਸਟਰਮਾਈਂਡ ਅਤੇ ਉਸ ਦੇ ਸਾਥੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦੋਸ਼ੀਆਂ ਕੋਲੋਂ ਪੁਲਸ ਨੇ 196 ਫਰਜ਼ੀ ਡਿਗਰੀਆਂ, 53 ਸਟਾਂਪ, 6 ਲੈਪਟਾਪ, 3 ਪ੍ਰਿੰਟਰ, ਇਕ ਸਟਾਂਪ ਮਸ਼ੀਨ ਅਤੇ 8 ਮੋਬਾਇਲ ਫੋਨ ਬਰਾਮਕ ਕੀਤੇ ਗਏ ਹਨ। ਦੋਸ਼ੀਆਂ ਨੂੰ ਜਲਦੀ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕੀਤੀ ਜਾਵੇਗੀ। ਦੋਸ਼ੀਆਂ ਗ੍ਰਿਫ਼ਤਾਰੀ ਥਾਣਾ ਸਦਰ ਦੀ ਚੌਕੀ ਜਲੰਧਰ ਹਾਈਟਸ ਦੀ ਪੁਲਸ ਵੱਲੋਂ ਕੀਤੀ ਗਈ ਹੈ।



ਜਾਣਕਾਰੀ ਮੁਤਾਬਕ ਜਲੰਧਰ ਹਾਈਟਸ ਦੇ ਥਾਣੇ ਇੰਚਾਰਜ ਗੁਰਵਿੰਦਰ ਸਿੰਘ ਵਿਰਕ ਨੂੰ ਸੂਚਨਾ ਮਿਲੀ ਸੀ ਕਿ ਦੋਵੇਂ ਦੋਸ਼ੀ ਉਨ੍ਹਾਂ ਦੇ ਇਲਾਕੇ ਵਿਚ ਹਨ ਅਤੇ ਜਾਅਲੀ ਡਿਗਰੀਆਂ ਬਣਾਉਣ ਦਾ ਧੰਦਾ ਕਰ ਰਹੇ ਹਨ। ਵਿਰਕ ਨੇ ਆਪਣੇ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਅਤੇ ਤੁਰੰਤ ਆਪਣੀ ਟੀਮ ਨਾਲ ਛਾਪੇਮਾਰੀ ਕਰਕੇ ਦੋਵਾਂ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਜਦੋਂ ਮੁਲਜ਼ਮਾਂ ਨੂੰ ਥਾਣੇ ਲਿਆ ਕੇ ਪੁੱਛਗਿੱਛ ਸ਼ੁਰੂ ਕੀਤੀ ਗਈ ਤਾਂ ਮੁਲਜ਼ਮਾਂ ਕੋਲੋਂ 196 ਜਾਅਲੀ ਡਿਗਰੀਆਂ ਬਰਾਮਦ ਹੋਈਆਂ।

ਮੁਲਜ਼ਮ ਨੇ ਮੰਨਿਆ ਕਿ ਉਹ ਇੰਜਨੀਅਰਿੰਗ, ਮੈਡੀਕਲ ਅਤੇ ਮੈਨੇਜਮੈਂਟ ਸਮੇਤ ਕਈ ਕੋਰਸਾਂ ਲਈ ਫਰਜ਼ੀ ਡਿਗਰੀਆਂ ਤਿਆਰ ਕਰਦਾ ਸੀ। ਇਹ ਘੋਟਾਲਾ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਯੂ. ਪੀ. ਸਮੇਤ ਕਈ ਰਾਜਾਂ ਵਿੱਚ ਚਲਾਇਆ ਗਿਆ।

# ਸੀਰੀਆ ਉਪਰ ਅਮਰੀਕੀ ਹਵਾਈ ਹਮਲਿਆਂ ਦੌਰਾਨ 37 ਜਿਹਾਦੀ ਮਰੇ

ਬੇਰੂਤ-ਸੀਰੀਆ ਵਿੱਚ ਦੋ ਹਮਲਿਆਂ ਵਿੱਚ ਕੱਟੜਪੰਥੀ ਇਸਲਾਮਿਕ ਸਟੇਟ (ਆਈ.ਐਸ.) ਸਮੂਹ ਅਤੇ ਅਲਕਾਇਦਾ ਨਾਲ ਸਬੰਧਤ 37 ਜਿਹਾਦੀ ਮਾਰੇ ਗਏ। ਅਮਰੀਕੀ ਫੌਜ ਨੇ ਕਿਹਾ ਕਿ ਮਰਨ ਵਾਲਿਆਂ ਵਿਚ ਦੋ ਚੋਟੀ ਦੇ ਖਾੜਕੂ ਆਗੂ ਵੀ ਸ਼ਾਮਲ ਹਨ।

ਯੂ.ਐਸ ਸੈਂਟਰਲ ਕਮਾਂਡ ਨੇ ਦੱਸਿਆ ਕਿ ਉਸਨੇ ਬੀਤੇ ਮੰਗਲਵਾਰ ਨੂੰ ਉੱਤਰ ਪੱਛਮੀ ਸੀਰੀਆ ਵਿੱਚ ਹਮਲੇ ਨੂੰ ਅੰਜਾਮ ਦਿੱਤਾ, ਜਿਸ ਵਿੱਚ ਅਲ ਕਾਇਦਾ ਨਾਲ ਜੁੜੇ ਹਰਾਸ ਅਲ-ਦੀਨ ਸਮੂਹ ਦੇ ਇੱਕ ਚੋਟੀ ਦੇ ਅੱਤਵਾਦੀ ਅਤੇ ਅੱਠ ਹੋਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਨੇ 16 ਸਤੰਬਰ ਨੂੰ ਕੀਤੇ ਗਏ ਇੱਕ ਹਮਲੇ ਦੀ ਵੀ ਰਿਪੋਰਟ ਕੀਤੀ ਜਿਸ ਵਿੱਚ ਉਨ੍ਹਾਂ ਨੇ ਮੱਧ ਸੀਰੀਆ ਵਿੱਚ ਇੱਕ ਦੂਰ-ਦੁਰਾਡੇ ਅਣਦੱਸੀ ਥਾਂ ਵਿੱਚ ਇੱਕ ਆਈ.ਐਸ ਸਿਖਲਾਈ ਕੈਂਪ 'ਤੇ "ਵੱਡਾ ਹਵਾਈ ਹਮਲਾ" ਕੀਤਾ।

ਇਸ ਹਮਲੇ ਵਿਚ 28 ਜਿਹਾਦੀ ਮਾਰੇ ਗਏ ਸਨ। ਸੀਰੀਆ ਵਿੱਚ ਲਗਭਗ 900 ਅਮਰੀਕੀ ਸੈਨਿਕ ਮੁੱਖ ਤੌਰ 'ਤੇ ਕੱਟੜਪੰਥੀ ਆਈ.ਐਸ ਸਮੂਹ ਦੀ ਵਾਪਸੀ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ। ਆਈ.ਐਸ ਨੇ 2014 ਵਿੱਚ ਇਰਾਕ ਅਤੇ ਸੀਰੀਆ ਵਿੱਚ ਵੱਡੇ ਖੇਤਰਾਂ 'ਤੇ ਕਬਜ਼ਾ ਕਰ ਲਿਆ ਸੀ।

# ਹੋਟਲ ਵਿਚ ਸੈਕਸ ਸਬੰਧ ਦੌਰਾਨ ਪ੍ਰੇਮਿਕਾ ਦੀ ਮੌਤ, ਪ੍ਰੇਮੀ ਗ੍ਰਿਫਤਾਰ



ਅਹਿਮਦਾਬਾਦ-ਹੋਟਲ 'ਚ ਸਰੀਰਕ ਸਬੰਧ ਬਣਾਉਂਦੇ ਸਮੇਂ 23 ਸਾਲਾ ਲੜਕੀ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮਾਮਲਾ ਗੁਜਰਾਤ ਦੇ ਨਵਸਾਰੀ ਜ਼ਿਲ੍ਹੇ ਦਾ ਹੈ। ਮ੍ਰਿਤਕ ਲੜਕੀ ਨਰਸਿੰਗ ਗ੍ਰੈਜੂਏਸ਼ਨ ਦੀ ਵਿਦਿਆਰਥਣ ਸੀ। ਪ੍ਰੇਮੀ ਲੜਕੀ ਨੂੰ ਆਪਣੇ ਨਾਲ ਨਵਸਾਰੀ ਦੇ ਹਸਾਪੁਰ ਪਿੰਡ ਕੋਲ ਸਥਿਤ ਹੋਟਲ 'ਚ ਲੈ ਗਿਆ। ਹੋਟਲ 'ਚ ਸੈਕਸ ਕਰਦੇ ਸਮੇਂ ਲੜਕੀ ਦੇ ਪ੍ਰਾਈਵੇਟ ਪਾਰਟਸ 'ਚੋਂ ਖੂਨ ਨਿਕਲਣ ਲੱਗਾ। ਜਦੋਂ ਖੂਨ ਵਗਣਾ ਬੰਦ ਨਾ ਹੋਇਆ ਤਾਂ ਪ੍ਰੇਮੀ ਨੇ ਇਸ ਨੂੰ ਰੋਕਣ ਦਾ ਤਰੀਕਾ ਗੂਗਲ 'ਤੇ ਸਰਚ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਕੱਪੜਿਆਂ ਨਾਲ ਖੂਨ ਵਹਿਣ ਤੋਂ ਰੋਕਣ ਦੀ ਕੋਸ਼ਿਸ਼ ਵੀ ਕੀਤੀ ਪਰ ਸਫਲਤਾ ਨਹੀਂ ਮਿਲੀ। ਕੁਝ ਸਮੇਂ ਬਾਅਦ ਲੜਕੀ ਦੀ ਸਿਹਤ ਹੋਰ ਵਿਗੜ ਗਈ। ਇਸ ਤੋਂ ਬਾਅਦ ਪ੍ਰੇਮੀ ਨੇ ਹੋਟਲ ਤੋਂ ਆਪਣੇ ਦੋਸਤਾਂ ਨੂੰ ਬੁਲਾਇਆ ਅਤੇ ਉਸ ਨੂੰ ਨਿੱਜੀ ਹਸਪਤਾਲ ਲੈ ਗਿਆ। ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਪ੍ਰਾਈਵੇਟ ਹਸਪਤਾਲ ਵੱਲੋਂ ਗੰਭੀਰ ਹਾਲਤ ਨੂੰ ਦੇਖਦੇ ਹੋਏ ਬੱਚੀ ਨੂੰ ਨਵਸਾਰੀ ਦੇ ਸਿਵਲ ਹਸਪਤਾਲ ਰੈਫਰ ਕਰ ਦਿੱਤਾ ਗਿਆ। ਇੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪ੍ਰੇਮੀ ਨੇ ਹੋਟਲ ਦੇ ਕਮਰੇ 'ਚ ਫੈਲਿਆ ਖੂਨ ਵੀ ਸਾਫ ਕੀਤਾ ਡਾਕਟਰਾਂ ਦਾ ਕਹਿਣਾ ਹੈ ਕਿ ਜੇਕਰ ਬੱਚੀ ਨੂੰ ਸਮੇਂ ਸਿਰ ਹਸਪਤਾਲ ਪਹੁੰਚਾਇਆ ਜਾਂਦਾ ਤਾਂ ਉਸ ਦੀ ਜਾਨ ਬਚਾਈ ਜਾ ਸਕਦੀ ਸੀ। ਪੁਲਿਸ ਨੇ ਲਾਪ੍ਰਵਾਹੀ ਅਤੇ ਸਬੂਤ ਨਸ਼ਟ ਕਰਨ ਦਾ ਮਾਮਲਾ ਦਰਜ ਕਰਕੇ ਦੋਸ਼ੀ ਪ੍ਰੇਮੀ ਨੂੰ ਗ੍ਰਿਫਤਾਰ ਕਰ ਲਿਆ ਹੈ।

# ਮਹਾਂ-ਦੌੜਾਂ ਦੀ ਸਿਰਮੌਰ ਦੌੜ

## (ਸਾਲਾਨਾ ਸ਼੍ਰੀ ਚਿਨਮੁਆਇਸਵੈ-ਸਾਧਨਾ 3100 ਮੀਲ ਦੀ ਦੌੜ)


ਇੰਜ ਈਸ਼ਰ ਸਿੰਘ
647 640 2014

ਅੱਜ-ਕੱਲ੍ਹ (30 ਅਗਸਤ ਤੋਂ 20 ਅਕਤੂਬਰ ਤੱਕ) ਅਮਰੀਕਾ ਦੇ ਨਿਊ ਯਾਰਕ ਮਹਾਂ-ਨਗਰ ਦੇ ਇੱਕ ਛੋਟੇ ਜਿਹੇ ਸ਼ਹਿਰ 'ਜਮਾਇਕਾ' ਵਿੱਚ ਇੱਕ ਦੌੜ ਚੱਲ ਰਹੀ ਹੈ ਜਿਸ ਦਾ ਨਾਉਂ ਹੈ '28ਵੀਂ ਸਾਲਾਨਾ ਸ਼੍ਰੀ ਚਿਨਮੁਆਇ ਸੈਲਫ-ਟਰਾਂਸੈਂਡੈਂਸ 3100 ਮੀਲ ਰੇਸ'। ਇਸ ਵਿੱਚ 12 ਦੌੜਾਕ ਹਿੱਸਾ ਲੈ ਰਹੇ ਹਨ, ਜਿਨ੍ਹਾਂ ਵਿੱਚੋਂ 2 ਔਰਤਾਂ ਹਨ। ਸਾਰੇ ਦੌੜਾਕ ਇਸ ਦੌੜ ਨੂੰ ਪੂਰਾ ਨਹੀਂ ਕਰ ਸਕਦੇ। ਇਹ ਦੁਨੀਆਂ ਦੀ ਸਭ ਤੋਂ ਲੰਬੀ, ਪਰਮਾਣਿਤ ਅਤੇ ਔਖੀ ਮਹਾਂ-ਦੌੜ ਹੈ ਜੋ ਹਰ ਸਾਲ ਸਤੰਬਰ-ਅਕਤੂਬਰ ਵਿੱਚ ਕੇਵਲ ਇਸੇ ਸ਼ਹਿਰ ਵਿੱਚ ਹੀ ਹੁੰਦੀ ਹੈ।

ਇਸ ਦੀ ਸ਼ੁਰੂਆਤ 1997 ਵਿੱਚ ਭਾਰਤ ਦੇ ਜੰਮ-ਪਲ਼ ਪ੍ਰਸਿੱਧ ਅਧਿਆਤਮਿਕ ਗੁਰੂ ਸ੍ਰੀ ਚਿਨਮੁਆਇ ਨੇ ਕੀਤੀ। ਆਪ ਦਾ ਜਨਮ 1931 ਵਿੱਚ ਬੰਗਾਲ ਦੇ ਇੱਕ ਵਿਦਵਾਨ ਪਰਿਵਾਰ ਵਿੱਚ ਹੋਇਆ ਅਤੇ 33 ਸਾਲ ਦੀ ਉਮਰ ਤੱਕ ਆਪ ਨੇ ਸ੍ਰੀ ਅਰਬਿੰਦੋ ਆਸ਼ਰਮ ਪਾਂਡੀਚਰੀ ਵਿੱਚ ਭਾਰਤੀ ਫ਼ਲਸਫ਼ੇ ਦਾ ਡੂੰਘਾ ਗਿਆਨ ਪ੍ਰਾਪਤ ਕੀਤਾ। ਉਸ ਤੋਂ ਬਾਅਦ 1964 ਵਿੱਚ ਆਪ ਨੇ ਨਿਯੂ ਯਾਰਕ ਸ਼ਹਿਰ ਵਿੱਚ ਆਪਣਾ ਆਸ਼ਰਮ ਖੋਲ੍ਹਿਆ ਅਤੇ ਸੰਸਾਰ ਵਿੱਚ 44 ਸਾਲ ਪ੍ਰਚਾਰ ਆਪਣੇ ਇਸ ਮੱਤ ਦਾ ਕੀਤਾ। ਆਪ ਵੇਦਾਂ ਸਣੇ ਅਧਿਆਤਮਵਾਦ ਦੇ ਸੰਪੰਨ ਗਿਆਤਾ, ਕਲਾਕਾਰ, ਅਤੇ ਸੰਗੀਤਕਾਰ ਹੋਣ ਦੇ ਨਾਲ਼-ਨਾਲ਼ ਬਹੁਤ ਪ੍ਰਤਿਭਾ-ਸ਼ਾਲੀ ਲੇਖਕ ਅਤੇ ਬੁਲਾਰੇ ਸਨ। ਆਪ ਕਈ ਪ੍ਰਕਾਰ ਦੀਆਂ ਖੇਡਾਂ ਵਿੱਚ ਨਿਪੁੰਨ, ਸਰੀਰਕ ਪੱਖੋਂ ਬਹੁਤ ਤਕੜੇ, ਪ੍ਰਸਿੱਧ ਅਥਲੀਟ, 'ਵੇਟ-ਲਿਫਟਰ' ਅਤੇ ਲੰਬੀ-ਦੂਰੀ ਦੇ ਦੌੜਾਕ ਸਨ। ਉਨ੍ਹਾਂ ਦਾ ਕਹਿਣਾ ਹੈ:

"ਸਵੈ-ਸਾਧਨਾ ਹੀ ਸੱਚੇ ਅਨੰਦ ਦੀ ਪ੍ਰਾਪਤੀ ਦਾ ਇੱਕੋ-ਇੱਕ ਸਾਧਨ ਹੈ। ਇਸ ਵਾਸਤੇ ਲੰਬੀ ਦੂਰੀ ਦੀਆਂ ਦੌੜਾਂ ਸਾਧਕਾਂ ਦੀ ਬਹੁਤ ਸਹਾਇਤਾ ਕਰਦੀਆਂ ਹਨ ਭਾਵੇਂ ਇਸ ਵਿੱਚ ਉਨ੍ਹਾਂ ਨੂੰ ਕਿੰਨੀਆਂ ਵੀ ਔਕੜਾਂ ਦਾ ਸਾਹਮਣਾ ਕਿਉਂ ਨਾ ਕਰਨਾ ਪਵੇ। ਅੰਤ ਨੂੰ ਜਦੋਂ ਦੌੜ ਸਮਾਪਤ ਹੋ ਜਾਂਦੀ ਹੈ ਤਾਂ ਉਨ੍ਹਾਂ ਨੂੰ ਇਸ ਮਹਾਨ ਪ੍ਰਾਪਤੀ ਦਾ ਅਨੁਭਵ ਹੁੰਦਾ ਹੈ"।

ਇਸ ਵਿਲੱਖਣ ਮਹਾਂ-ਦੌੜ ਦੀ ਵਡਿਆਈ ਸਮਝਣ ਵਾਸਤੇ ਦੌੜਾਂ, ਮਹਾਂ-ਦੌੜਾਂ ਅਤੇ ਖੇਡਾਂ ਦੇ ਖੇਤਰ 'ਤੇ ਨਜ਼ਰ-ਸਾਨੀ ਮਦਦ-ਗਾਰ ਹੋਵੇਗੀ। ਸ਼ੁਰੂ ਤੋਂ ਹੀ ਸੰਸਾਰ ਦੇ ਹਰ ਖ਼ਿੱਤੇ ਵਿੱਚ ਉਸ ਦੇ ਭੂਗੋਲਿਕ, ਸਭਿਆਚਾਰਕ ਅਤੇ ਇਤਿਹਾਸਕ ਹਾਲਾਤਾਂ ਅਨੁਸਾਰ ਖੇਡਾਂ ਖੇਡੀਆਂ ਜਾਂਦੀਆਂ ਰਹੀਆਂ ਹਨ ਪਰ ਸਮੇਂ ਅਤੇ ਸਥਾਨ ਅਨੁਸਾਰ ਇਨ੍ਹਾਂ ਦਾ ਸਰੂਪ ਅਤੇ ਮੰਤਵ ਅੱਡ-ਅੱਡ ਰਿਹਾ ਹੈ। ਪਹਿਲੇ ਸਮਿਆਂ ਵਿੱਚ ਇਹ ਬਹੁਤਾ ਕਰ ਕੇ ਧਾਰਮਿਕ ਅਤੇ ਸਮਾਜਿਕ ਤਿਉਹਾਰਾਂ, ਮਨ-ਪ੍ਰਚਾਵੇ ਜਾਂ ਜੰਗਾਂ-ਯੁੱਧਾਂ ਦੀ ਤਿਆਰੀ ਆਦਿਕ ਨਾਲ਼ ਜੁੜੀਆਂ ਹੁੰਦੀਆਂ ਸਨ। ਸਰੀਰਕ ਕਸਰਤ ਦੇ ਤੌਰ 'ਤੇ ਇਨ੍ਹਾਂ ਦੀ ਵਰਤੋਂ ਘੱਟ ਸੀ ਕਿਉਂਕਿ ਸਭ ਦਾ ਰੋਜ਼-ਮਰਾ ਦਾ ਜੀਵਨ ਹੀ ਮਿਹਨਤ-ਮੁਸ਼ੱਕਤ ਵਾਲ਼ਾ ਸੀ। ਪਰ ਅੱਜ ਦੇ ਮਸ਼ੀਨੀ ਯੁਗ ਵਿੱਚ ਮਨੁੱਖ ਦੀ ਜੀਵਨ-ਸ਼ੈਲੀ ਬੈਠਕ ਵਾਲ਼ੀ ਹੋ ਗਈ ਹੈ, ਸਭ ਨੂੰ ਸਰੀਰਕ ਕਸਰਤ ਦੀ ਲੋੜ ਹੈ ਅਤੇ ਖੇਡਾਂ



ਹੀ ਇਸ (ਕਸਰਤ) ਦਾ ਮੁੱਖ ਸਾਧਨ ਰਹਿ ਗਈਆਂ ਹਨ। ਇਸ ਕਰ ਕੇ ਇਨ੍ਹਾਂ ਦੀ ਅਤੇ ਇਨ੍ਹਾਂ ਵਿੱਚ ਭਾਗ ਲੈਣ ਵਾਲ਼ਿਆਂ, ਦੋਹਾਂ ਦੀ, ਗਿਣਤੀ ਵਿੱਚ ਬਹੁਤ ਵਾਧਾ ਹੋਇਆ ਹੈ।

ਸੰਸਾਰੀਕਰਨ ਅਤੇ ਤਕਨਾਲੋਜੀ ਕਰ ਕੇ, ਵੱਡੇ ਪੱਧਰ 'ਤੇ ਇਨ੍ਹਾਂ ਦਾ ਪ੍ਰਬੰਧ ਕਰਨਾ ਜ਼ਰੂਰੀ ਵੀ ਹੋ ਗਿਆ ਹੈ ਅਤੇ ਸੰਭਵ ਵੀ ਹੋ ਸਕਿਆ ਹੈ। ਪਰ ਅੱਜ ਇਨ੍ਹਾਂ ਦਾ ਸਰੂਪ ਬਹੁਤਾ ਪੱਛਮੀ ਅਤੇ ਮੰਤਵ ਬਹੁਤਾ ਵਪਾਰਕ ਹੈ। ਇਸ ਦੇ ਬਾਵਜੂਦ ਖੇਡਾਂ ਮਨੁੱਖੀ ਸ਼ਕਤੀ, ਨਿਪੁੰਨਤਾ 'ਤੇ ਸਿਰੜ ਦਾ ਸਹੀ ਪ੍ਰਗਟਾਵਾ ਕਰਦੀਆਂ ਹਨ। ਖੇਡਾਂ ਨਾਲ਼ ਖੇਡਣ, ਦੇਖਣ, ਸੁਣਨ, ਲਿਖਣ ਅਤੇ ਪੜ੍ਹਨ ਵਾਲ਼ਿਆਂ, ਸਭ ਦਾ ਸਾਰਥਿਕ ਮਨੋਰੰਜਨ ਹੁੰਦਾ ਹੈ ਜੋ ਮਾਨਵਤਾ ਦੀ ਭਲਾਈ ਵਿੱਚ ਬਹੁਤ ਸਹਾਈ ਹੋ ਰਿਹਾ ਹੈ।

ਖੇਡ ਤੋਂ ਭਾਵ ਸਾਰਥਿਕ ਮੁਕਾਬਲੇ-ਬਾਜੀ ਦੀ ਕੋਈ ਐਸੀ ਸਰੀਰਕ ਜਾਂ ਦਿਮਾਗੀ ਕਾਰਵਾਈ ਹੈ ਜਿਸ ਦਾ ਨਿਸ਼ਾਨਾ ਸਰੀਰਕ ਜਾਂ ਦਿਮਾਗੀ ਸਮਰੱਥਾ ਅਤੇ ਨਿਪੁੰਨਤਾ ਨੂੰ ਵਰਤਣ, ਸੰਭਾਲਣ ਜਾਂ ਵਿਕਾਸ ਕਰਨ ਦੇ ਨਾਲ਼-ਨਾਲ਼ ਹਿੱਸੇ-ਦਾਰਾਂ ਅਤੇ ਦਰਸ਼ਕਾਂ ਦਾ ਮਨ-ਪਰਚਾਵਾ ਵੀ ਹੋਵੇ। ਪਰ ਇਸ ਵਿੱਚ ਕੋਈ ਭਾਗਵਾਦੀ (ਜੂਏ ਆਦਿ ਦੀ ਤਰ੍ਹਾਂ) ਤੱਤ ਨਾ ਹੋਵੇ ਅਤੇ ਨਾਂ ਹੀ ਕਿਸੇ ਨੂੰ ਕੋਈ ਖ਼ਤਰਾ ਹੋਵੇ।

ਖੇਡਾਂ ਖਾਸ ਨਿਯਮਾਂ ਅਨੁਸਾਰ ਖੇਡੀਆਂ ਜਾਂਦੀਆਂ ਹਨ ਅਤੇ ਇਹ ਸ਼ੌਕੀਆ (ਐਮਾਚਿਊਰ) ਵੀ ਹੋ ਸਕਦੀਆਂ ਹਨ ਅਤੇ ਕਿੱਤਾ-ਮੁਖੀ ਜਾਂ ਮਾਇਕ ਲਾਭ-ਹਿਤ ਵੀ ਹੋ ਸਕਦੀਆਂ ਹਨ। ਇਹ ਸਰੀਰਕ ਵੀ ਹੁੰਦੀਆਂ ਹਨ ਜਿਵੇਂ ਕਿ ਦੌੜਨਾ ਅਤੇ ਕੁਸ਼ਤੀ ਕਰਨਾ; ਦਿਮਾਗੀ ਵੀ ਜਿਵੇਂ ਕਿ ਸ਼ਤਰੰਜ ਆਦਿਕ ਅਤੇ ਮਸ਼ੀਨਰੀ ਅਤੇ ਪਸ਼ੂਆਂ ਨਾਲ਼ ਜੁੜੀਆਂ ਵੀ ਜਿਵੇਂ ਕਿ ਕਾਰਾਂ ਦੀਆਂ ਰੇਸਾਂ ਅਤੇ ਘੋੜ-ਸਵਾਰੀ ਆਦਿਕ। ਦਰਅਸਲ ਵਿਹਾਰਕ ਪੱਖ ਤੋਂ ਤਾਂ ਅਥਲੈਟਿਕਸ ਦੀਆਂ ਖੇਡਾਂ (ਖਾਸ ਕਰ ਕੇ ਫੀਲਡ ਅਤੇ ਟਰੈਕ ਦੀਆਂ ਖੇਡਾਂ) ਨੂੰ ਖੇਡਾਂ ਸਮਝਣਾ ਬਾਜਵ ਹੈ। ਇਨ੍ਹਾਂ ਵਿੱਚੋਂ ਦੌੜਨਾ ਸ਼ੁਰੂ ਤੋਂ ਹੀ ਪ੍ਰਮੁੱਖ ਰਿਹਾ ਹੈ। ਇਹ ਨਾ-ਸਿਰਫ ਆਪਣੇ-ਆਪ ਵਿੱਚ ਇੱਕ ਸੁਤੰਤਰ ਖੇਡ ਹੈ ਬਲਕਿ ਹਰ ਵੱਡੀ ਖੇਡ ਦਾ ਬਹੁਤ ਅਹਿਮ ਅੰਗ ਹੈ। ਉਦਾਹਰਣ ਵਜੋਂ ਸੰਸਾਰ ਦੀਆਂ ਚਾਰ ਸਭ ਤੋਂ ਵੱਡੀਆਂ ਖੇਡਾਂ ਸੌਕਰ (ਫੁਟਬਾਲ), ਕ੍ਰਿਕਟ, ਹਾਕੀ ਅਤੇ ਟੈਨਿਸ ਸਣੇ ਹੋਰ ਅਨੇਕਾਂ ਖੇਡਾਂ, ਪੂਰੀ ਤਰ੍ਹਾਂ ਖਿਡਾਰੀਆਂ ਦੀ ਦੌੜਨ ਦੀ ਨਿਪੁੰਨਤਾ ਅਤੇ ਸਮਰੱਥਾ 'ਤੇ ਨਿਰਭਰ ਹਨ।

ਦੌੜਨਾ ਸਰਲ ਅਤੇ ਸਸਤੀ ਖੇਡ ਹੋਣ ਦੇ ਨਾਲ਼-ਨਾਲ਼ ਬਹੁਤ ਪ੍ਰਭਾਵ-ਕਾਰੀ ਹੈ, ਜਿਸ ਦਾ ਅਨੰਦ ਅਤੇ ਲਾਭ ਹਰ ਉਮਰ ਅਤੇ ਹਰ ਸਿਹਤ-ਪੱਧਰ ਦਾ ਇਨਸਾਨ ਲੈ ਸਕਦਾ ਹੈ। ਕੁਝ ਖਾਸ ਮੌਕਿਆਂ ਨੂੰ ਛੱਡ ਕੇ, ਇਸ ਵਾਸਤੇ ਕਿਸੇ ਟੀਮ, ਖਾਸ ਡਰੈੱਸ, ਮਹਿੰਗੇ ਸਮਾਨ ਜਾਂ ਖੇਡ-ਮੈਦਾਨ ਦੀ ਲੋੜ ਨਹੀਂ ਅਤੇ ਨਾਂ ਹੀ ਕਿਸੇ ਕਰੜੇ ਨਿਯਮ ਦਾ ਬੰਧਨ ਹੈ। ਇਸੇ ਕਰ ਕੇ ਅੱਜ ਸੰਸਾਰ ਵਿੱਚ, ਦੌੜਾਂ ਵਿੱਚ ਹਿੱਸਾ ਲੈਣ ਵਾਲ਼ਿਆਂ ਦੀ ਗਿਣਤੀ ਹੋਰ ਕਿਸੇ ਵੀ ਖੇਡ ਵਿੱਚ ਹਿੱਸਾ ਲੈਣ ਵਾਲ਼ਿਆਂ ਦੀ ਗਿਣਤੀ ਤੋਂ ਕਿਤੇ ਵੱਧ ਹੈ।

ਦੌੜਾਂ ਦੀਆਂ ਕਿਸਮਾਂ ਦਾ ਕੋਈ ਸ਼ੁਮਾਰ ਨਹੀਂ ਪਰ ਇਤਿਹਾਸਕ ਪਿਛੋਕੜ ਹੋਣ ਕਰ ਕੇ ਮੈਰਾਥਨ ਦੌੜ (42.2 ਕਿ.ਮੀ) ਦਾ ਇਨ੍ਹਾਂ ਵਿੱਚ ਖਾਸ ਸਥਾਨ ਹੈ। ਇਸ ਨੂੰ ਸਟੈਂਡਰਡ ਮੰਨਿਆ ਜਾਂਦਾ ਹੈ ਅਤੇ ਸਭ ਨੂੰ ਇਸ ਬਾਰੇ ਜਾਣਕਾਰੀ ਹੈ।

ਇਸ ਤੋਂ ਵੱਡੀ ਹਰ ਦੌੜ ਨੂੰ ਮਹਾਂ-ਦੌੜ (ਅਲਟਰਾ-ਮੈਰਾਥਨ) ਕਿਹਾ ਜਾਂਦਾ ਹੈ ਜੋ ਬਹੁਤਾ ਕਰ ਕੇ ਸੌ ਕਿਲੋ-ਮੀਟਰ ਜਾਂ ਮੀਲਾਂ ਤੱਕ ਸੀਮਤ ਹਨ ਪਰ ਕਈ ਦੌੜਾਂ ਸੈਂਕੜੇ ਕਿਲੋ-ਮੀਟਰ/ਮੀਲਾਂ ਤੱਕ ਦੀਆਂ ਵੀ ਹਨ। ਇਸ ਤਰ੍ਹਾਂ ਦੀਆਂ 'ਫਾਸਲੇ' ਨਾਲ਼ ਸਬੰਧਿਤ ਮਹਾਂ-ਦੌੜਾਂ ਤੋਂ ਇਲਾਵਾ 'ਸਮਾਂ-ਬੱਧ' ਮਹਾਂ-ਦੌੜਾ ਵੀ ਹੁੰਦੀਆਂ ਹਨ ਜਿਵੇਂ ਕਿ ਛੇ ਘੰਟਿਆਂ ਦੀਆਂ, 24 ਘੰਟਿਆਂ ਦੀਆਂ ਜਾਂ ਬਹੁ-ਦਿਵਸੀ ਦੌੜਾਂ। ਇਨ੍ਹਾਂ ਵਿੱਚ ਬਹੁਤ ਦਿਲਚਸਪੀ ਵਧ ਰਹੀ ਹੈ ਅਤੇ ਪਿਛਲੇ 25 ਸਾਲਾਂ ਅੰਦਰ ਮਹਾਂ-ਦੌੜਾਂ ਵਿੱਚ ਹਿੱਸਾ ਲੈਣ ਵਾਲ਼ਿਆਂ ਦੀ ਗਿਣਤੀ ਵਿੱਚ 17 ਗੁਣਾ ਵਾਧਾ ਹੋਇਆ ਹੈ। ਉਦਾਹਰਣ ਵਜੋਂ ਸੰਸਾਰ ਦੀਆਂ ਕੁਝ ਮਸ਼ਹੂਰ ਸਾਲਾਨਾ ਮਹਾਂ-ਦੌੜਾਂ ਇਹ ਹਨ:

- ਸਪਾਰਟੈਥਲਨ: ਐਥਨਜ ਵਿੱਚ 36 ਘੰਟਿਆਂ ਵਿੱਚ 246 ਕਿ.ਮੀ।
- ਅਲਟਰਾ ਐਕਸ ਜੌਰਡਨ: ਜੌਰਡਨ ਦੇ ਮਾਰੂਥਲ ਵਿੱਚ ਛੇ ਦਿਨਾਂ ਦੀ 260 ਕਿ.ਮੀ।
- ਲਾ ਅਲਟਰਾ: ਭਾਰਤ ਦੇ ਹਿਮਾਲਿਆ ਪਰਬਤ ਵਿੱਚ 72 ਘੰਟੇ ਦੀ 333 ਕਿ.ਮੀ।
- ਗ੍ਰੈਂਡ ਟੂ ਗ੍ਰੈਂਡ ਅਲਟਰਾ: ਉੱਤਰੀ ਅਮਰੀਕਾ ਵਿੱਚ 7 ਦਿਨਾਂ ਦੀ 275 ਕਿ.ਮੀ।

ਪਰ 'ਸ੍ਰੀ ਚਿਨਮੁਆਇ ਸਵੈ-ਸਾਧਨਾ ਮਹਾਂ-ਦੌੜ' ਇਨ੍ਹਾਂ ਸਭ ਤੋਂ ਵਿਲੱਖਣ ਹੈ।

ਅਧਿਆਤਮਵਾਦੀ ਮੰਤਵ ਨਾਲ਼ ਸ਼੍ਰੀ ਚਿਨਮੁਆਇ ਨੇ ਪੰਜਾਹ ਤੋਂ ਵੱਧ ਦੇਸ਼ਾਂ ਵਿੱਚ ਸਾਧਨਾ-ਕੇਂਦਰ ਖੋਲ੍ਹੇ ਅਤੇ ਕਈ ਮਹਾਂ-ਦੌੜਾਂ ('ਅਲਟਰਾ-ਮੈਰਾਥਨਜ') ਅਤੇ ਬਹੁ-ਦਿਵਸੀ ('ਮਲਟੀ-ਡੇ') ਦੌੜਾਂ ਦੀ ਨੀਂਹ ਰੱਖੀ। ਵਿਚਾਰ-ਅਧੀਨ ਮਹਾਂ-ਦੌੜ ਇਨ੍ਹਾਂ ਸਭ ਵਿੱਚੋਂ ਵਿਲੱਖਣ ਹੈ ਅਤੇ ਇਸ ਦੇ ਰੌਚਿਕ, ਹੈਰਾਨੀ-ਜਨਕ ਅਤੇ ਦਿਲਚਸਪ ਤੱਥ ਬੜੇ ਹਨ:

- ਜਿਵੇਂ ਕਿ ਸ਼ੁਰੂ ਵਿੱਚ ਦੱਸਿਆ ਗਿਆ ਹੈ, ਇਹ 5,000 ਕਿ.ਮੀ (3,100 ਮੀਲ) ਲੰਬੀ ਪਰਮਾਣਿਤ ਅਤੇ ਸਭ ਤੋਂ ਔਖੀ ਮਹਾਂ-ਦੌੜ ਹੈ।
- ਮਾਊਂਟ ਐਵਰੈਸਟ ਦੀ ਚੋਟੀ ਨੂੰ ਪਿਛਲੇ 72 ਸਾਲਾਂ ਵਿੱਚ ਸਰ ਕਰਨ ਵਾਲ਼ਿਆਂ ਦੀ ਗਿਣਤੀ 6,664 ਹੈ ਜਦਕਿ ਇਸ ਮਹਾਂ- ਦੌੜ ਨੂੰ ਪਿਛਲੇ 27 ਸਾਲਾਂ (2023 ਤੱਕ) ਵਿੱਚ ਪੂਰਾ ਕਰਨ ਵਾਲ਼ਿਆਂ ਦੀ ਗਿਣਤੀ ਸਿਰਫ 64 ਹੈ।
- ਇਹ ਨਿਊ ਯਾਰਕ ਮਹਾਂ-ਨਗਰ ਦੇ ਇੱਕ ਬਲਾਕ ਦੇ ਆਲ਼ੇ-ਦੁਆਲ਼ੇ ਹੀ ਦੌੜੀ ਜਾਂਦੀ ਹੈ ਜਿਸ ਦਾ ਘੇਰਾ 883 ਮੀਟਰ ਹੈ ਅਤੇ ਇਹ ਕੰਕਰੀਟ ਦੀ ਸਾਈਡ-ਵਾਕ ਹੈ। ਦੌੜਾਕਾਂ ਵਾਸਤੇ ਕੋਈ ਖਾਸ ਵੱਖਰਾ ਰਸਤਾ ਨਹੀਂ ਬਣਾਇਆ ਹੋਇਆ, ਟਰੈਫ਼ਿਕ ਆਮ ਵਾਂਗ ਚਲਦੀ ਰਹਿੰਦੀ ਹੈ ਅਤੇ ਸਕੂਲੀ ਬੱਚੇ ਵੀ ਉਸੇ ਰਸਤੇ ਤੋਂ ਲੰਘਦੇ ਹਨ।
- ਇਸ ਨੂੰ ਪੂਰਾ ਕਰਨ ਵਾਸਤੇ 52 ਦਿਨਾਂ ਵਿੱਚ ਬਲਾਕ ਦੇ 5,650 ਗੇੜੇ ਕੱਢਣੇ ਪੈਂਦੇ ਹਨ ਅਰਥਾਤ ਘੱਟੋ-ਘੱਟ 108 ਗੇੜੇ ਹਰ ਰੋਜ।
- 52 ਦਿਨ ਦੌੜ-ਰੂਪੀ ਤਪੱਸਿਆ ਕਰਨ ਵਾਲ਼ੇ ਇਹ ਦੌੜਾਕ-ਸਾਧਕ ਇਸ ਨੂੰ ਦੌੜ ਨਾਂ ਸਮਝਕੇ ਤੀਰਥ-ਯਾਤਰਾ ਮੰਨਦੇ ਹਨ।
- ਦੌੜਾਕ ਹਰ ਰੋਜ ਘੱਟੋ-ਘੱਟ 96 ਕਿਲੋ-ਮੀਟਰ ਦੌੜਦਾ ਹੈ ਅਰਥਾਤ ਸਵਾ ਦੋ ਮੈਰਾਥਨਾਂ ਦੇ ਬਰਾਬਰ ਅਤੇ ਉਸ ਦੇ ਦੌੜਨ ਦੀ ਦਿਸ਼ਾ ਹਰ ਰੋਜ ਬਦਲਦੀ ਰਹਿੰਦੀ ਹੈ।

ਬਾਕੀ ਹਿਸਾ ਸਫ਼ਾ 58 ਤੇ ਪੜ੍ਹੋ

57 ਸਫ਼ੇ ਦੀ ਬਾਕੀ

- ਉਹ ਹਰ ਰੋਜ ਸੁਭਾ 6 ਵਜੇ ਤੋਂ ਰਾਤ 12 ਵਜੇ ਤੱਕ, 18 ਘੰਟੇ ਦੌੜਦਾ ਜਾਂ ਤੁਰਦਾ ਹੈ; ਉਸ ਨੂੰ ਸਿਰਫ ਛੇ ਘੰਟੇ ਸੌਣ ਅਤੇ ਹੋਰ ਸਰੀਰਕ ਕਿਰਿਆ-ਕਰਮ ਵਾਸਤੇ ਮਿਲਦੇ ਹਨ।
- ਇੱਕ ਅਥਲੀਟ ਨੂੰ ਚਾਰ ਬੰਦਿਆਂ ਜਿੰਨੀ ਖੁਰਾਕ ਦੀ ਲੋੜ ਪੈਂਦੀ ਹੈ ਅਤੇ ਉਹ ਦੌੜਦੇ ਹੋਏ ਹੀ ਖਾਂਦੇ ਰਹਿਣੀ ਪੈਂਦੀ ਹੈ।
- ਮੌਸਮ ਦਾ ਕੋਈ ਭਰੋਸਾ ਨਹੀਂ ਹੁੰਦਾ, ਕਈ ਵਾਰ ਤਾਪਮਾਨ 38 ਡਿਗਰੀ ਸੈਂਟੀਗਰੇਡ ਤੱਕ ਪਹੁੰਚ ਜਾਂਦਾ ਹੈ ਅਤੇ ਅੰਤਾਂ ਦੀ ਹੁੰਮਸ ਹੋ ਜਾਂਦੀ ਹੈ। ਕਈ ਵਾਰ ਬਹੁਤ ਤੇਜ ਮੀਂਹ ਪੈਣ ਲੱਗ ਜਾਂਦਾ ਹੈ ਅਤੇ ਦੌੜਾਕ ਛਤਰੀਆਂ ਲੈ ਕੇ ਦੌੜਦੇ ਹਨ।
- ਉਹ 15-20 ਦੇ ਕਰੀਬ ਸ਼ੂਅ ਜੋੜੇ ਤੋੜ ਦਿੰਦੇ ਹਨ।
- ਉਨ੍ਹਾਂ ਨੂੰ ਸਿਰਫ ਇੱਕ ਟਰਾਫੀ ਜਾਂ ਕੋਈ ਸਧਾਰਨ ਨਿਸ਼ਾਨੀ ਤੋਹਫ਼ੇ ਵਜੋਂ ਮਿਲਦੀ ਹੈ; ਕੋਈ ਨਕਦ ਇਨਾਮ ਨਹੀਂ ਮਿਲਦਾ।.
- ਹੋਰ ਲੰਬੀਆਂ ਦੌੜਾਂ ਬਾਹਰ ਦੌੜੀਆਂ ਜਾਂਦੀਆਂ ਹਨ; ਅਥਲੀਟ ਦਾ ਬਦਲ ਰਹੇ ਕੁਦਰਤੀ ਨਜਾਰਿਆਂ ਕਰਕੇ ਮਨ-ਪਰਚਾਵਾ ਹੁੰਦਾ ਰਹਿੰਦਾ ਹੈ ਜਿਸ ਨਾਲ਼ ਦੌੜਨ ਵਿੱਚ ਸਹਾਇਤਾ ਹੁੰਦੀ ਹੈ। ਪਰ ਇਹ ਮਹਾਂ-ਦੌੜ ਅਕਾਊ ਹੈ।
- ਉਸੇ ਜਗ੍ਹਾ 'ਤੇ ਵਾਰ-ਵਾਰ ਗੇੜੇ ਕੱਢਣਾ ਨੀਰਸ ਜ਼ਰੂਰ ਲਗਦਾ ਹੈ ਪਰ ਪ੍ਰਬੰਧ ਦੇ ਪੱਖ ਤੋਂ ਇਸ ਦੇ ਆਪਣੇ ਫਾਇਦੇ ਹਨ। ਦੌੜਾਕ ਨੂੰ ਆਪਣਾ ਸਮਾਨ ਰੱਖਣ ਅਤੇ ਰਾਤ ਨੂੰ ਅਰਾਮ ਕਰਨ ਲਈ ਵਧੀਆ ਪ੍ਰਬੰਧ ਮਿਲ ਜਾਂਦਾ ਹੈ।
- ਦੌੜ ਸਮੇਂ ਸਾਰੇ ਇੱਕ-ਦੂਸਰੇ ਨੂੰ ਮਿਲਦੇ ਰਹਿੰਦੇ ਹਨ ਅਤੇ ਉਤਸ਼ਾਹਿਤ ਕਰਦੇ ਰਹਿੰਦੇ ਹਨ। ਗੁਆਂਢ ਦੇ ਲੋਕ ਅਤੇ ਹੋਰ ਦਰਸ਼ਕ ਹੱਲਾਸ਼ੇਰੀ ਦੇਣ ਆਉਂਦੇ ਹਨ।

ਇਸ ਵਿੱਚ ਹਿੱਸਾ ਲੈਣ ਵਾਲ਼ਾ ਹਰ ਅਥਲੀਟ ਸੰਸਾਰ ਦੇ ਚੋਣਵੇਂ ਚੋਟੀ ਦੇ ਦੌੜਾਕਾਂ ਵਿੱਚੋਂ ਹੁੰਦਾ ਹੈ। ਓਹ ਸੈਂਕੜੇ ਮਹਾਂ-ਦੌੜਾਂ ਦੌੜ ਚੁੱਕਾ ਹੁੰਦਾ ਹੈ ਅਤੇ ਅਨੇਕਾਂ ਰਿਕਾਰਡ ਬਣਾ ਚੁੱਕਾ ਹੁੰਦਾ ਹੈ। ਜਿਵੇਂ ਕਿ:

- ਅਮਰੀਕਨ ਬੀਬੀ ਸੁਪ੍ਰਭਾ ਬੈੱਕਜੌਰਡ ਸੰਸਾਰ ਦੀ ਇੱਕੋ-ਇੱਕ ਔਰਤ ਹੈ ਜੋ 1997 ਵਿੱਚ ਆਪਣੀ ਇਸਦੀ ਪਹਿਲੀ ਦੌੜ ਵਿੱਚ ਪਹਿਲੇ ਨੰਬਰ 'ਤੇ ਰਹੀ ਅਤੇ ਉਸ ਤੋਂ ਬਾਅਦ 2009 ਤੱਕ ਪੂਰੇ 13 ਸਾਲ ਪਹਿਲੇ ਨੰਬਰ 'ਤੇ ਹੀ ਆਉਂਦੀ ਰਹੀ। ਉਸ ਦਾ ਬਣਾਇਆ 1998 ਦਾ ਰਿਕਾਰਡ ਅੱਜ ਵੀ ਕਾਇਮ ਹੈ।
- ਫਿਨਲੈਂਡ ਦੇ ਐਸ਼ਪਰਿਹੈਨਲ ਆਲਟੋ ਦਾ ਇਸ ਦੌੜ ਦਾ ਚਾਲ਼ੀ ਦਿਨ ਨੌਂ ਘੰਟੇ ਦਾ 2015 ਦਾ ਰਿਕਾਰਡ ਹੈ। ਉਹ 14 ਵਾਰ ਇਸ ਦੌੜ ਵਿੱਚ ਹਿੱਸਾ ਲੈ ਚੁੱਕਿਆ ਹੈ ਅਤੇ ਅੱਠ ਵਾਰ ਪਹਿਲੇ ਨੰਬਰ 'ਤੇ ਰਿਹਾ ਹੈ। ਇਸ ਵਾਰ ਵੀ ਓਹ ਹਿੱਸਾ ਲੈ ਰਿਹਾ ਹੈ ਅਤੇ ਦੂਜੇ ਨੰਬਰ ਤੇ ਚੱਲ ਰਿਹਾ ਹੈ।
- 2021 ਵਿੱਚ ਪਹਿਲੇ ਨੰਬਰ 'ਤੇ ਆਉਣ ਵਾਲ਼ਾ ਇਟਲੀ ਦਾ ਐਂਡਰੀਆ ਮੈਰਕੋਟੋ ਨੇ ਇਹ ਦੌੜ 52 ਦਿਨਾਂ ਦੀ ਬਜਾਇ ਸਿਰਫ 42 ਦਿਨ 17 ਘੰਟੇ ਵਿੱਚ ਪੂਰੀ ਕੀਤੀ। ਆਖਰੀ ਦਿਨ ਓਹ 122 ਕਿਲੋ-ਮੀਟਰ ਦੌੜਿਆ ਅਤੇ ਇਸ ਸਾਲ ਵੀ ਪਹਿਲੇ ਨੰਬਰ ਤੇ ਚੱਲ ਰਿਹਾ ਹੈ। ਪਿਛਲੀਆਂ ਚਾਰ ਦੌੜਾਂ ਵਿੱਚ ਵੀ ਓਹ ਹੀ ਪਹਿਲੇ ਨੰਬਰ ਤੇ ਰਿਹਾ ਹੈ।

ਸਪਸ਼ਟ ਹੈ ਕਿ ਇਸ ਤਰ੍ਹਾਂ ਦੀਆਂ ਦੌੜਾਂ ਜਨ-ਸਧਾਰਨ ਦੌੜਾਕਾਂ ਵਾਸਤੇ ਨਹੀਂ ਹੁੰਦੀਆਂ। ਇਨ੍ਹਾਂ ਵਿੱਚ ਦਿਲਚਸਪੀ ਅਤੇ ਇਨ੍ਹਾਂ ਬਾਰੇ ਗਿਆਨ ਪ੍ਰਾਪਤ ਕਰਨ ਤੋਂ ਭਾਵ ਉਤਸ਼ਾਹਿਤ ਹੋਣ ਤੋਂ ਹੈ। ਆਪੋ-ਆਪਣੀ ਸਮਰੱਥਾ ਅਤੇ ਯੋਗਤਾ ਅਨੁਸਾਰ ਨਿਯਮਿਤ ਅਭਿਆਸ ਰਾਹੀਂ ਸਰੀਰਕ ਪੱਖੋਂ ਤੰਦਰੁਸਤ ਅਤੇ ਦਿਮਾਗੀ ਪੱਖੋਂ ਚੇਤੰਨ ਰਹਿਣਾ ਹੈ। ਇਨ੍ਹਾਂ ਤੋਂ ਸਾਡੇ ਸਿੱਖਣ ਵਾਲ਼ੀਆਂ ਕੁਝ ਗੱਲਾਂ ਇਹ ਹਨ:

- ਸਾਡੀ ਸਰੀਰਕ ਸਮਰੱਥਾ ਸਾਡੇ ਕਿਆਸ ਤੋਂ ਕਿਤੇ ਵੱਧ ਹੈ, ਸਰਸਰੀ ਆਦਤਾਂ ਛੱਡ ਕੇ ਸੁਚੇਤ ਅਤੇ ਸੁਹਿਰਦ ਢੰਗ ਨਾਲ਼ ਇਸ ਦਾ ਵਿਕਾਸ ਕਰਨਾ ਜ਼ਰੂਰੀ ਹੈ। ਤੰਦਰੁਸਤ ਸਰੀਰ ਹੀ ਤੰਦਰੁਸਤ ਮਨ ਦਾ ਅਧਾਰ ਹੈ।
- ਇਸ ਵਾਸਤੇ ਸਿਰੜ, ਨਿਯਮਿਤ ਅਭਿਆਸ ਅਤੇ ਸੁਯੋਗ ਰਹਿਨੁਮਾਈ ਦੀ ਲੋੜ ਹੈ। ਇਨ੍ਹਾਂ ਦੀ ਘਾਟ ਕਰ ਕੇ ਹੋਈ ਅਸਫਲਤਾ ਨੂੰ ਅਸੀਂ ਆਪਣੀ ਪ੍ਰਤਿਭਾ ਅਤੇ ਸਮਰੱਥਾ ਦੀ ਘਾਟ ਸਮਝ ਬੈਠਦੇ ਹਾਂ ਅਤੇ ਉਪਰਾਲੇ ਛੱਡ ਬੈਠਦੇ ਹਾਂ।
- ਇਸ ਤਰ੍ਹਾਂ ਦੀਆਂ ਪ੍ਰਾਪਤੀਆਂ ਕਰਨ ਵਾਲ਼ਿਆਂ ਦਾ ਵੀ ਇਸ ਸੰਸਾਰ ਵਿੱਚ ਕੋਈ ਸੁਮਾਰ ਨਹੀਂ। ਇਹ ਵਿਚਾਰ ਕਰ ਕੇ ਕਿ ਅਸੀਂ ਕਿਸੇ ਗਿਣਤੀ ਵਿੱਚ ਨਹੀਂ, ਨਿਮਰਤਾ ਸਿੱਖਣੀ ਬਹੁਤ ਜ਼ਰੂਰੀ ਹੈ।

ਇਸ ਸਾਲ (2024) ਦੇ 30 ਸਤੰਬਰ ਤੋਂ ਸ਼ੁਰੂ ਹੋਈ ਇਹ ਮਹਾਂ-ਦੌੜ 20 ਅਕਤੂਬਰ ਨੂੰ ਪੂਰੀ ਹੋਣੀ ਹੈ ਅਤੇ ਦਿਲਚਸਪੀ ਰੱਖਣ ਵਾਲ਼ੇ ਪਾਠਕ, ਇਸ ਨੂੰ ਪੂਰਾ ਕਰ ਸਕਣ ਵਾਲ਼ੇ ਦੌੜਾਕਾਂ ਬਾਰੇ ਅਤੇ ਸਮਾਪਤੀ ਦੇ ਦਿਨ ਦੀ ਗਹਿਮਾ-ਗਹਿਮੀ ਬਾਰੇ ਇੰਟਰ-ਨੈੱਟ ਤੋਂ ਜਾਣ ਸਕਦੇ ਹਨ।

ਅੱਜ ਤੱਕ ਭਾਰਤ ਦੇ ਕਿਸੇ ਦੌੜਾਕ ਨੇ ਇਸ ਮਹਾਂ-ਦੌੜ ਵਿੱਚ ਹਿੱਸਾ ਨਹੀਂ ਲਿਆ। ਫਿਰ ਵੀ ਇਸ ਮਹਾਂ-ਦੌੜ ਤੋਂ ਉਤਸ਼ਾਹਿਤ ਹੋ ਕੇ ਮੱਧ-ਪ੍ਰਦੇਸ਼ ਦੇ ਮਿ. ਸਮੀਰ ਸਿੰਘ ਨੇ 2017 ਵਿੱਚ 100 ਦਿਨਾਂ ਵਿੱਚ ਹਰ-ਰੋਜ 100 ਕਿ.ਮੀ ਦੌੜ ਕੇ 10,000 ਕਿਲੋ ਮੀਟਰ ਪੂਰੇ ਕੀਤੇ। ਭਾਰਤ ਦੇ ਮਸ਼ਹੂਰ ਡਾਕੂਮੈਂਟਰੀ ਪ੍ਰੋਡਿਊਜ਼ਰ ਮਿ. ਸੰਜੇ ਰਾਵਲ ਨੇ 2018 ਵਿੱਚ ਇਸ ਇਵੈਂਟ ਦੀ ਡਾਕੂਮੈਂਟਰੀ ਬਣਾਈ ਸੀ ਜੋ ਬਹੁਤ ਪਰਚੱਲਤ ਹੈ।

## ਲੇਖਕਾਂ ਲਈ ਜ਼ਰੂਰੀ ਸੂਚਨਾ

ਅਦਾਰਾ ਪੰਜਾਬ ਟਾਈਮਜ਼ ਵੱਲੋਂ ਆਪਣੇ ਸਾਰੇ ਲੇਖਕਾਂ, ਕਵੀਆਂ ਅਤੇ ਕਾਲਮ ਨਵੀਸਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪਣੀਆਂ ਰਚਨਾਵਾਂ ਵਿਚ ਸਮਾਜ ਦੇ ਕਿਸੇ ਵੀ ਵਰਗ ਜਾਂ ਵਿਅਕਤੀ ਖਿਲਾਫ਼ ਨਫ਼ਰਤ ਫੈਲਾਉਣ ਜਾਂ ਵੰਡੀਆਂ ਪਾਉਣ ਵਾਲੀ ਸ਼ਬਦਾਵਲੀ ਵਰਤਣ ਤੋਂ ਗੁਰੇਜ ਕੀਤਾ ਜਾਵੇ। ਮਿਆਰੀ ਤੇ ਆਪਸੀ ਸਹਿਣ ਸ਼ੀਲਤਾ ਵਾਲੀ ਸ਼ਬਦਾਵਲੀ ਵਰਤੀ ਜਾਵੇ। ਘਟੀਆ ਸ਼ਬਦਾਵਲੀ ਵਾਲੀਆਂ ਰਚਨਾਵਾਂ ਛਾਪਣ ਤੋਂ ਅਦਾਰਾ ਅਸਮਰੱਥ ਹੋਵੇਗਾ। - ਸੰਪਾਦਕ / ਡਾਇਰੈਕਟਰ

PUNJABTIMES.UK

## ਮਿੰਨੀ ਕਹਾਣੀ / ਫਿਕਰਾਂ ਦੀ ਪੰਡ

ਅੱਜ ਐਤਵਾਰ ਦਾ ਦਿਨ ਹੋਣ ਕਰਕੇ ਮਾਸਟਰ ਲਾਲ ਸਿੰਘ ਸਕੂਲ ਨਹੀਂ ਗਿਆ। ਅਚਾਨਕ ਉਸ ਦੇ ਘਰ ਦਾ ਗੇਟ ਕਿਸੇ ਨੇ ਖੜਕਾਇਆ ਹੈ। ਉਸ ਨੇ ਗੇਟ ਖੋਲ੍ਹ ਕੇ ਵੇਖਿਆ, ਬਾਹਰ ਉਸ ਦਾ ਵੱਡਾ ਭਰਾ ਖੜ੍ਹਾ ਸੀ। ਉਹ ਪਿੰਡ ਤੋਂ ਉਸ ਦੀ ਪਤਨੀ ਬਲਜੀਤ ਦੀ ਖਬਰ ਲੈਣ ਆਇਆ ਸੀ, ਜੋ ਕਿ ਇੱਕ ਮਹੀਨੇ ਤੋਂ ਪੀਲੀਏ ਦੀ ਬੀਮਾਰੀ ਨਾਲ ਜੂਝ ਰਹੀ ਸੀ। ਉਸ ਨੇ ਵੱਡੇ ਭਰਾ ਨੂੰ ਆਪਣੀ ਪਤਨੀ ਬਲਜੀਤ ਕੋਲ ਬਿਠਾ ਦਿੱਤਾ ਤੇ ਆਪ ਉਸ ਲਈ ਚਾਹ, ਪਾਣੀ ਦਾ ਪ੍ਰਬੰਧ ਕਰਨ ਚਲਾ ਗਿਆ। ਉਸ ਨੇ ਬਲਜੀਤ ਤੋਂ ਉਸ ਦੀ ਬੀਮਾਰੀ ਤੇ ਚੱਲ ਰਹੇ ਡਾਕਟਰੀ ਇਲਾਜ ਬਾਰੇ ਪੁੱਛਿਆ।

ਚਾਹ, ਪਾਣੀ ਦਾ ਪ੍ਰਬੰਧ ਕਰਨ ਪਿੱਛੋਂ ਲਾਲ ਸਿੰਘ ਉਸ ਕੋਲ ਆ ਕੇ ਬੈਠ ਗਿਆ। ਚਾਹ ਪੀਂਦਿਆਂ ਉਸ ਨੇ ਆਪਣੇ ਵੱਡੇ ਭਰਾ ਨੂੰ ਪੁੱਛਿਆ, "ਹੋਰ ਫਿਰ ਭਾਬੀ, ਜੀਤੇ ਤੇ ਕਮਲਜੀਤ ਦਾ ਕੀ ਹਾਲ ਆ? ਕਮਲਜੀਤ ਲਈ ਕੋਈ ਮੁੰਡਾ ਲੱਭਾ ਕਿ ਨਹੀਂ? ਉਹ ਤਾਂ 28 ਸਾਲ ਤੋਂ ਵੀ ਟੱਪ ਚੱਲੀ ਆ। ਇਹ ਉਸ ਦੇ ਵਿਆਹ ਦੀ ਸਹੀ ਉਮਰ ਆ।"

ਜਿਵੇਂ ਉਸ ਨੇ ਆਪਣੇ ਵੱਡੇ ਭਰਾ ਦੇ ਦਿਲ ਦੀ ਗੱਲ ਬੁੱਝ ਲਈ ਹੋਵੇ, ਉਹ ਇੱਕ ਦਮ ਬੋਲ ਉੱਠਿਆ, "ਮੈਂ ਬਲਜੀਤ ਦੀ ਖਬਰ ਲੈਣ ਆਇਆ ਸੀ। ਉਸ ਦਾ ਬਹੁਤ ਫਿਕਰ ਲੱਗਾ ਹੋਇਆ ਸੀ। ਅੱਜ ਕੱਲ੍ਹ ਬੀਮਾਰੀਆਂ ਬੜੀਆਂ ਭੈੜੀਆਂ, ਭੈੜੀਆਂ ਆ ਗਈਆਂ ਆਂ। ਨਾਲੇ ਮੈਂ ਆਖਿਆ ਤੈਨੂੰ ਦੱਸ ਆਵਾਂ ਕਿ ਕਮਲਜੀਤ ਦਾ ਰਿਸ਼ਤਾ ਬਡੇਸਰੋਂ ਪੱਕਾ ਹੋ ਗਿਆ ਆ। ਮੁੰਡਾ ਆਪਣੀ ਗੱਡੀ ਚਲਾਂਦਾ ਆ। ਅੱਜ ਕੱਲ੍ਹ ਨੌਕਰੀ ਲੱਗੇ ਮੁੰਡੇ ਕਿੱਥੇ ਮਿਲਦੇ ਆ?"

"ਇਹ ਤਾਂ ਬਹੁਤ ਚੰਗਾ ਹੋਇਆ। ਵਿਆਹ ਕਦੋਂ ਦਾ ਰੱਖਿਆ?"

"ਵਿਆਹ ਤੈਨੂੰ ਪੁੱਛ ਕੇ ਹੀ ਰੱਖਣਾ ਆਂ। ਨਾਲੇ ਤੈਨੂੰ ਪਤਾ ਹੀ ਆ, ਮੇਰੇ ਕੋਲ ਕਿਹੜਾ ਵਿਆਹ ਜੋਗੇ ਪੈਸੇ ਆ। ਦਿਹਾੜੀਦਾਰਾਂ ਲਈ ਵਿਆਹ ਕਰਨੇ ਬੜੇ ਔਖੇ ਆ। ਮਹਿੰਗਾਈ ਨੇ ਸਭ ਦਾ ਲੱਕ ਤੋੜ ਛੱਡਿਆ ਆ।"

"ਵੀਰਿਆ, ਤੂੰ ਆਪ ਅੰਨਪੜ੍ਹ ਰਹਿ ਕੇ ਮੈਨੂੰ ਪੜ੍ਹਨ ਦਾ ਮੌਕਾ ਦਿੱਤਾ ਆ। ਤੇਰੇ ਕਰਕੇ ਮੈਂ ਚਾਰ ਅੱਖਰ ਪੜ੍ਹ ਕੇ ਸਕੂਲ ਟੀਚਰ ਲੱਗਾ ਆਂ। ਹੁਣ ਮੇਰਾ ਵੀ ਫਰਜ਼ ਬਣਦਾ ਆ ਕਿ ਮੈਂ ਤੇਰਾ ਖ਼ਿਆਲ ਰੱਖਾਂ। ਕਮਲਜੀਤ ਦੇ ਵਿਆਹ ਦਾ ਤੂੰ ਫਿਕਰ ਨਾ ਕਰੀਂ। ਉਸ ਦੇ ਵਿਆਹ ਤੇ ਜਿੰਨਾ ਖਰਚ ਆਵੇਗਾ, ਮੈਂ ਕਰਾਂਗਾ।"



ਲਾਲ ਸਿੰਘ ਦੀਆਂ ਗੱਲਾਂ ਸੁਣ ਕੇ ਉਸ ਦੇ ਭਰਾ ਨੂੰ ਲੱਗਾ ਜਿਵੇਂ ਉਸ ਦੇ ਫਿਕਰਾਂ ਦੀ ਪੰਡ ਉਸ ਦੇ ਸਿਰ ਤੋਂ ਲਹਿ ਗਈ ਹੋਵੇ। ਉਹ ਹੌਲਾ ਫੁੱਲ ਹੋ ਕੇ ਲਾਲ ਸਿੰਘ ਕੋਲੋਂ ਆਗਿਆ ਲੈ ਕੇ ਉਸ ਦੇ ਘਰ ਤੋਂ ਚਲਾ ਗਿਆ।

ਮਹਿੰਦਰ ਸਿੰਘ ਮਾਨ, ਕੈਨਾਲ ਰੋਡ, ਸਾਮ੍ਹਣੇ ਅੰਗਦ ਸਿੰਘ ਐੱਮ ਐੱਲ ਏ ਹਾਊਸ, ਨਵਾਂ ਸ਼ਹਿਰ-144514, ਫੋਨ 9915803554

## ਅਪ੍ਰੀਲੀਆ ਵਿਖੇ ਮਨਾਇਆਂ ਗਿਆ ਸ਼ਹੀਦ ਸ. ਭਗਤ ਸਿੰਘ ਜੀ ਦਾ ਜਨਮ ਦਿਹਾੜਾ



ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਭਾਰਤ ਦੇਸ਼ ਨੂੰ ਸੁਤੰਤਰ ਕਰਵਾਉਣ ਲਈ ਅੰਗਰੇਜ ਹਕੂਮਤ ਨਾਲ ਮੱਥਾ ਲਾਉਣ ਵਾਲੇ ਅਤੇ ਦੇਸ਼ ਲਈ ਜਿੰਦਗੀ ਕਰਬਾਨ ਵਾਲੇ ਮਹਾਨ ਕ੍ਰਾਂਤੀਕਾਰੀ ਨੌਜਵਾਨ ਅਵਸਥਾਂ ਵਿੱਚ ਸ਼ਹੀਦੀ ਪਾਉਣ ਵਾਲੇ ਸ਼ਹੀਦ- ਏ- ਆਜ਼ਮ ਸ. ਭਗਤ ਸਿੰਘ ਦਾ ਜਨਮ ਦਿਹਾੜਾ ਇਟਲੀ ਦੇ ਸੂਬਾ ਲਾਸੀਓ ਦੇ ਪ੍ਰਸਿੱਧ ਸ਼ਹਿਰ ਅਪ੍ਰੀਲੀਆ ਵਿਖੇ ਨੌਜਵਾਨਾਂ ਵਲੋ "ਕਫੈ ਦਿੱਲ ਗਾਤੋ" (Caffe Del Gatto) ਬਾਰ ਵਿਖੇ ਇੱਕਤਰ ਹੋ ਕੇ ਕੇਕ ਕੱਟ ਕੇ ਮਨਾਇਆਂ ਗਿਆ।

ਇਸ ਮੌਕੇ ਨੌਜਵਾਨਾ ਵਲੋ ਸ਼ਹੀਦ- ਏ- ਆਜ਼ਮ ਸ. ਭਗਤ ਸਿੰਘ ਨੂੰ ਯਾਦ ਕਰਦਿਆਂ ਕਿਹਾ ਕਿ ਸ. ਭਗਤ ਸਿੰਘ ਨੌਜਵਾਨਾਂ ਲਈ ਇੱਕ ਹੀਰੋ ਤੇ ਪ੍ਰੇਰਣਾ ਸ੍ਰੋਤ ਸਨ ਅਤੇ ਉਨ੍ਹਾ ਨੇ ਆਪਣੀ ਸ਼ਹਾਦਤ ਭਾਰਤ ਦੇਸ਼ ਨੂੰ ਅੰਗਰੇਜ਼ੀ ਹਕੂਮਤ ਤੋ ਅਜ਼ਾਦ ਕਰਵਾਉਣ ਲਈ ਦਿੱਤੀ ਸੀ। ਇਸ ਮੌਕੇ ਬੌਬੀ ਅਟਵਾਲ, ਕੁਲਵਿੰਦਰ




ਸਿੰਘ ਕਿੰਦਾ, ਸੁਖਜਿੰਦਰ ਸਿੰਘ ਕਾਲਰੂ, ਸੋਨੀ ਅੰਜਲਾ, ਹਨੀ ਬਾਜਵਾ, ਸੋਨੀ ਸਿਆਣ, ਪਰਮਜੀਤ ਸਿੰਘ, ਅਮਰੀਕ ਸਿੰਘ, ਬਲਵੀਰ ਸਿੰਘ, ਸਾਬੀ, ਮਨੀ, ਸੁੱਖੀ, ਲੈਹਿਬਰ ਸਿੰਘ, ਦਲਜੀਤ ਭੁੱਲਰ ਸਮੇਤ ਆਦਿ ਹੋਰ ਬਹੁਤ ਸਾਰੇ ਨੌਜਵਾਨਾਂ ਵਲੋ ਕੇਕ ਕੱਟ ਕੇ ਜਨਮ ਦਿਹਾੜਾ ਮਨਾਇਆ। ਤੇ ਸ਼ਹੀਦ ਸ. ਭਗਤ ਸਿੰਘ ਨੂੰ ਸਿੰਜਦਾ ਕੀਤਾ।

# ਕਸੂਰ ਵਿਚ ਹੋਈ ਪਹਿਲੀ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ

## ✪ ਕੈਲਗਰੀ (ਕੈਨੇਡਾ) ਤੋਂ ਗੁਰਦੀਸ਼ ਕੌਰ ਗਰੇਵਾਲ ਨੇ ਹਾਜਰੀ ਲਵਾਈ







ਰਿਪੋਰਟ ਕਰਤਾ
**ਡਾ. ਮੁਹੰਮਦ ਰਿਆਜ਼ ਅੰਜੁਮ, ਕਸੂਰ**
ਗੁਰਮੁਖੀ ਰੂਪਾਂਤਰ
**ਜਸਵਿੰਦਰ ਸਿੰਘ ਰੁਪਾਲ, ਕੈਲਗਰੀ**

ਬੁਲ੍ਹੇ ਸ਼ਾਹ ਲਿਟਰੇਰੀ ਸੋਸਾਇਟੀ (ਰਜਿ.), ਕਸੂਰ ਦੀ ਸਰਪ੍ਰਸਤੀ ਹੇਠ ਪਹਿਲੀ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ 31 ਅਗਸਤ 2024 ਨੂੰ ਹੋਈ। ਕਾਨਫਰੰਸ ਦਾ ਮੁੱਖ ਵਿਸ਼ਾ ਸੀ "ਪੰਜਾਬੀ ਬੋਲੀ ਅਤੇ ਸਾਹਿਤ ਦੀ ਅਜੋਕੀ ਦਸ਼ਾ"। ਸੋਸਾਇਟੀ ਦੇ ਪ੍ਰਚਾਰ ਸਕੱਤਰ ਹਾਫ਼ਿਜ਼ ਅਲੀ ਅਹਿਮਦ ਸਾਬਿਰ ਦੇ ਕੁਰਾਨ ਦੀ ਆਇਤ ਪੇਸ਼ ਕਰਨ ਨਾਲ ਪ੍ਰੋਗਰਾਮ ਆਰੰਭ ਹੋਇਆ। ਚੇਅਰਮੈਨ ਅਲ-ਹਜ ਸ਼ੌਕਤ ਨਕਸ਼ਬੰਦੀ ਨੇ ਇਕ ਕਵਿਤਾ ਨਾਟ ਹਜ਼ਰਤ ਮੁਹੰਮਦ ਦੀ ਉਸਤਤ ਵਿਚ ਸੁਣਾਈ। ਕਾਨਫਰੰਸ ਦੇ ਪਹਿਲੇ ਦੋ ਸ਼ੈਸ਼ਨਾਂ ਦੀ ਪ੍ਰਧਾਨਗੀ ਡਾਕਟਰ ਮੁਜਾਹਿਦ ਬੱਟ, ਵੁਮੈਨ ਯੂਨੀਵਰਸਿਟੀ, ਲਾਹੌਰ ਦੇ ਪੰਜਾਬੀ ਵਿਭਾਗ ਦੇ ਮੁਖੀ ਵਲੋਂ ਕੀਤੀ ਗਈ। ਮੁੱਖ ਮਹਿਮਾਨਾਂ ਵਿਚ ਡਾਕਟਰ ਮੁਖਤਾਰ ਅਹਿਮਦ ਆਜ਼ਮੀ, ਮਿਨਹਾਜ਼ ਯੂਨੀਵਰਸਿਟੀ ਲਾਹੌਰ ਦੇ ਅਨੁਵਾਦ ਕੇਂਦਰ ਦੇ ਡਾਇਰੈਕਟਰ, ਡਾਕਟਰ ਨਿਘਾਤ ਖੁਰਸ਼ੀਦ, ਰਿਟਾਇਰਡ ਪ੍ਰਿੰਸੀਪਲ, ਗੁਰੂ ਨਾਨਕ ਕਾਲਜ ਫਾਰ ਵੂਮੈਨ, ਨਨਕਾਣਾ ਸਾਹਿਬ, ਡਾਕਟਰ ਮੁਹੰਮਦ ਅਰਸ਼ਾਦ ਇਕਬਾਲ, ਵਾਈਸ ਪ੍ਰਿੰਸੀਪਲ ਸਰਕਾਰੀ ਦਿਆਲ ਸਿੰਘ ਕਾਲਜ, ਲਾਹੌਰ ਅਤੇ ਡਾਕਟਰ ਹਾਫ਼ਿਜ਼ ਅਹਿਮਦ, ਗੁਜਰਾਂਵਾਲਾ ਬੋਰਡ ਦੇ ਰਿਟਾਇਰਡ ਸਹਾਇਕ ਵਿੱਤ ਸਕੱਤਰ ਸ਼ਾਮਲ ਸਨ।

ਪਹਿਲੇ ਸ਼ੈਸ਼ਨ ਵਿਚ ਪੇਪਰ ਪੜ੍ਹਨ ਵਾਲੇ ਸਨ- ਡਾ. ਅਰਸ਼ਾਦ ਮਹਿਮੂਦ ਨਾਸ਼ਾਦ, ਮੁਖੀ, ਉਰਦੂ ਵਿਭਾਗ, ਅਲਾਮਾ ਇਕਬਾਲ ਯੂਨੀਵਰਸਿਟੀ, ਇਸਲਾਮਾਬਾਦ, ਡਾ. ਰਿਆਜ਼ ਸ਼ਾਹਿਦ, ਰਿਟਾਇਰਡ ਮੁਖੀ ਪੰਜਾਬੀ ਵਿਭਾਗ, ਸਰਕਾਰੀ ਕਾਲਜ ਯੂਨੀਵਰਸਿਟੀ, ਫੈਸਲਾਬਾਦ, ਡਾ. ਮੁਹੰਮਦ ਆਯੂਬ, ਰਿਟਾਇਰਡ ਮੁਖੀ, ਪੰਜਾਬੀ ਵਿਭਾਗ, ਸਰਕਾਰੀ ਕਾਲਜ ਸਮਨਾਬਾਦ, ਡਾ. ਸਿਆਦਤ ਅਲੀ ਸਕੀਬ, ਰਿਟਾਇਰਡ ਪ੍ਰੋਫੈਸਰ, ਪੰਜਾਬ ਯੂਨੀਵਰਸਿਟੀ , ਲਾਹੌਰ, ਡਾ. ਫਜ਼ੀਲਤ ਬਾਨੋ, ਐਸੋਸੀਏਟ ਪ੍ਰੋਫੈਸਰ, ਮਿਨਹਾਜ਼ ਯੂਨੀਵਰਸਿਟੀ, ਲਾਹੌਰ, ਡਾ. ਅਰਸ਼ਾਦ ਇਕਬਾਲ ਅਰਸ਼ਾਦ, ਡਾ. ਇਹਸਾਨ ਉਲ੍ਹਾ ਤਾਹਿਰ, ਗੁਜਰਾਂਵਾਲਾ ਕਾਲਜ ਤੋਂ, ਡਾ. ਮੁਜਾਹਿਦ ਬੱਟ, ਮੁਹੰਮਦ ਅਖਤਿਆਰ ਖਾਂ, ਲਾਹੌਰ, ਡਾ. ਜੇਬਾ ਨੀਸਾ, ਅਲਾਮਾ ਇਕਬਾਲ ਯੂਨੀਵਰਸਿਟੀ, ਇਸਲਾਮਾਬਾਦ, ਡਾ. ਮੁਹੰਮਦ ਇਰਫਾਨ ਹੱਕ, ਪੰਜਾਬ ਯੂਨੀਵਰਸਿਟੀ, ਲਾਹੌਰ ਅਤੇ ਡਾ. ਗੁਲਾਮ ਦਸਤਗੀਰ , ਨਾਰੋਵਾਲ ਯੂਨੀਵਰਸਿਟੀ ਤੋਂ ।



ਅੰਤਰਰਾਸ਼ਟਰੀ ਵਿਦਵਾਨਾਂ ਨੇ ਆਪਣੇ ਪੇਪਰ ਆਨਲਾਈਨ ਪੇਸ਼ ਕੀਤੇ। ਇਹਨਾਂ ਵਿੱਚ ਗੁਰਦੀਸ਼ ਕੌਰ ਗਰੇਵਾਲ, ਵਾਈਸ ਪ੍ਰੈਜੀਡੈਂਟ, ਕੈਲਗਰੀ ਵੁਮੈਨ ਕਲਚਰਲ ਐਸੋਸੀਏਸ਼ਨ, ਕੈਲਗਰੀ (ਕੈਨੇਡਾ), ਡਾ. ਜੋਗਾ ਸਿੰਘ ਵਿਰਕ ਰਿਟਾਇਰਡ ਭਾਸ਼ਾ ਵਿਗਿਆਨੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (ਭਾਰਤ) ਡਾ. ਜਸਬੀਰ ਸਿੰਘ ਸਰਨਾ, ਰਿਟਾਇਰਡ ਅਫਸਰ, ਖੇਤੀਬਾੜੀ ਵਿਭਾਗ, ਜੰਮੂ ਕਸ਼ਮੀਰ (ਭਾਰਤ), ਦੇਵਿੰਦਰਪਾਲ ਸਿੰਘ, ਡਾਇਰੈਕਟਰ, ਕੈਨਮਬ੍ਰਿਜ ਲਰਨਿੰਗ, ਮਿਸੀਸਾਗਾ (ਕੈਨੇਡਾ), ਅਤੇ ਡਾ. ਜਸਵਿੰਦਰ ਸਿੰਘ, ਅਸਿਸਟੈਂਟ ਪ੍ਰੋਫੈਸਰ, ਖਾਲਸਾ ਕਾਲਜ ਪਟਿਆਲਾ (ਭਾਰਤ) ਸ਼ਾਮਲ ਸਨ।

ਦੂਜੇ ਸ਼ੈਸ਼ਨ ਵਿਚ ਡਾ ਸਆਦਤ ਅਲੀ ਸਾਦਿਕ, ਸਾਬਿਰ ਵਿਰਕ, ਜੇਵਡ ਮਹਿੰਦੀ, ਓਵਾਸ ਰਜ਼ਾ ਸਾਬਰੀ, ਹਾਜ਼ੀ ਅੱਲ੍ਹਾ ਵਾਸਿਆ ਗੌਹਰ, ਅਲੀ ਚੰਦ, ਅਤੇ ਅਨਮੋਲ ਬ੍ਰਦਰਜ਼ ਨੇ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਪੇਸ਼ ਕੀਤੀਆਂ। ਸ਼ੈਸ਼ਨਾਂ ਦੇ ਦੌਰਾਨ ਹੀ ਵਿਦਵਾਨਾਂ ਨੂੰ ਅਤੇ ਕਲਾਮ ਪੇਸ਼ ਕਰਨ ਵਾਲਿਆਂ ਨੂੰ ਸਰਟੀਫਿਕੇਟ ਅਤੇ ਇਨਾਮ ਵੀ ਪ੍ਰਦਾਨ ਕੀਤੇ ਗਏ।

ਬੁਲ੍ਹੇ ਸ਼ਾਹ ਐਵਾਰਡ ਸਾਹਿਤਿਕ ਪ੍ਰਾਪਤੀਆਂ ਵਾਲੀਆਂ ਸ਼ਖਸ਼ੀਅਤਾਂ ਨੂੰ ਤਕਸੀਮ ਕੀਤੇ ਗਏ , ਜਿਨਾਂ ਵਿਚ ਮੁਹੰਮਦ ਇਕਬਾਲ ਜਖਮੀ, ਡਾ ਮੁਹੰਮਦ ਯੂਨਿਸ ਅਹਕਰ, ਤਾਲਿਬ ਜੈਤੋਈ, ਅਬਦੁਲ ਹਮੀਦ ਨਿਜ਼ਾਮੀ ਅਤੇ ਨਜ਼ੀਰ ਅਹਿਮਦ ਜਾਹਿਦ ਨੂੰ ਉਹਨਾਂ ਦੀ ਸਾਹਿਤਿਕ ਦੇਣ ਨੂੰ ਵਡਿਆਇਆ ਗਿਆ। ਇੱਕ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਜਿਸ ਵਿਚ ਕਿਹਾ ਗਿਆ ਕਿ ਸਕੂਲਾਂ ਵਿਚ ਪੰਜਾਬੀ ਲਾਜ਼ਮੀ ਕੀਤੀ ਜਾਵੇ।

ਤੀਸਰੇ ਸ਼ੈਸ਼ਨ ਵਿਚ ਇਕ ਮੁਸ਼ਾਇਰਾ ਆਯੋਜਿਤ ਕੀਤਾ ਗਿਆ ਸੀ। ਜਿਸ ਵਿਚ ਮੁੱਖ ਮਹਿਮਾਨ ਫੈਸਲਾਬਾਦ ਤੋਂ ਮਹਿਬੂਬ ਸਰਮਦ ਸਨ। ਹੋਰ ਵਿਸ਼ੇਸ਼ ਮਹਿਮਾਨਾਂ ਵਿਚ ਡਾ ਨਿਘਾਤ ਖੁਰਸ਼ੀਦ, ਮੁਹੰਮਦ ਸਿਦੀਕ ਜੌਹਰ, ਮਲਿਕ ਸ਼ਰੀਫ ਅਰਸ਼ਾਦ ਅਤੇ ਜਾਵੇਦ ਕੰਵਲ ਸਨ। ਮੁਸ਼ਾਇਰੇ ਦਾ ਆਗਾਜ ਬੁਲ੍ਹੇ ਸ਼ਾਹ ਲਿਟਰੇਰੀ ਸੋਸਾਇਟੀ ਦੇ ਜਨਰਲ ਸਕੱਤਰ, ਸਲਿਮ ਅਫ਼ਤਾਬ ਸਲੀਮ ਨੇ ਕੀਤਾ। ਆਪਣਾ ਕਲਾਮ ਸੁਨਾਉਣ ਵਾਲੇ ਸਥਾਨਕ ਕਵੀ ਸਨ- ਅਜਮਾਤੁਲਾ ਖਾਂ ਅਜ਼ਮਤ, ਅਬਦੁਲ ਰਜਾਕ ਫੱਕਰ, ਮੁਹੰਮਦ ਅਸ਼ਰਫ ਨਸੀਰ, ਸਰਦਾਰ ਉਮੈਰ ਅਲੀ, ਜ਼ੁਲਫਿਕਾਰ ਨਜ਼ੀਰ, ਜਿਹਨਾਂ ਨੂੰ ਸਰੋਤਿਆਂ ਨੇ ਖੂਬ ਵਾਹ ਵਾਹ ਦਿੱਤੀ। ਬਾਹਰਲੇ ਖੇਤਰ ਤੋਂ ਆਏ ਸ਼ਾਇਰ ਇਕਬਾਲ ਦਰਵੇਸ਼ ਲਾਹੌਰ, ਆਦਿਲ ਮਿਨਹਾਸ ਲਾਹੌਰ, ਜੀ. ਐੱਮ. ਸਾਕੀ, ਲਾਹੌਰ, ਲਿਆਕਤ ਮਾਇਓ, ਲਾਹੌਰ, ਜ਼ਫ਼ਰ ਇਕਬਾਲ ਸਲੀਮ ਸਰਾਏ ਮੁਗਲ ਤੋਂ, ਯਾਸੀਨ ਯਸ ਫੂਲ ਨਗਰ ਤੋਂ ਅਤੇ ਹੋਰਾਂ ਨੇ ਵਧੀਆ ਰੰਗ ਬੰਨ੍ਹਿਆ।

ਬਹੁਤ ਸਾਰੇ ਵਿਦਿਆਰਥੀਆਂ ਸਮੇਤ ਹੋਰ ਪਤਵੰਤਿਆਂ ਨੇ ਵੀ ਕਾਨਫਰੰਸ ਵਿਚ ਸ਼ਾਮਲ ਹੋ ਕੇ ਵਿਦਵਾਨ ਬੁਲਾਰਿਆਂ ਅਤੇ ਮਕਬੂਲ ਸ਼ਾਇਰਾਂ ਨੂੰ ਸੁਣਿਆ। ਕਸੂਰ, ਲਾਹੌਰ ਅਤੇ ਹੋਰ ਨੇੜੇ ਦੇ ਖੇਤਰ ਤੋਂ ਵੱਡੀ ਗਿਣਤੀ ਵਿਚ ਸਾਹਿਤ ਪ੍ਰੇਮੀ ਹਾਜ਼ਰ ਹੋਏ। ਅਖੀਰ ਤੇ ਬੁਲ੍ਹੇ ਸ਼ਾਹ ਲਿਟਰੇਰੀ ਸੋਸਾਇਟੀ, ਕਸੂਰ ਦੇ ਪ੍ਰਧਾਨ ਡਾ. ਮੁਹੰਮਦ ਰਿਆਜ਼ ਅੰਜੁਮ ਨੇ ਸਭ ਵਿਦਵਾਨਾਂ ਅਤੇ ਸ਼ਾਇਰਾਂ ਪ੍ਰਤੀ ਆਭਾਰ ਪ੍ਰਗਟ ਕਰਦਿਆਂ ਪੰਜਾਬੀ ਬੋਲੀ ਅਤੇ ਸਾਹਿਤ ਦੇ ਵਿਕਾਸ ਵਿਚ ਅਜਿਹੀਆਂ ਕਾਨਫਰੰਸਾਂ ਨੂੰ ਇਕ ਮੀਲ ਪੱਥਰ ਦੱਸਿਆ।

## ਯੂਕੇ : ਨਕਲੀ ਏਅਰ ਬੈਗਾਂ ਤੇ ਨਗਦੀ ਸਮੇਤ ਤਿੰਨ ਗ੍ਰਿਫਤਾਰ





ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)-ਲੰਡਨ ਪੁਲਿਸ ਨੇ ਕਾਰਵਾਈ ਕਰਦਿਆਂ ਨਕਲੀ ਏਅਰ ਬੈਗਾਂ ਦੀ ਵਿਕਰੀ ਦੀ ਜਾਂਚ ਦੇ ਹਿੱਸੇ ਵਜੋਂ ਤਿੰਨ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਸਿਟੀ ਆਫ਼ ਲੰਡਨ ਪੁਲਿਸ ਦੀ ਅਪਰਾਧ ਯੂਨਿਟ (ਫੀਕੂ) ਦੇ ਅਧਿਕਾਰੀਆਂ ਦੁਆਰਾ ਪੂਰਬੀ ਲੰਡਨ ਵਿੱਚ ਤਿੰਨ ਥਾਵਾਂ 'ਤੇ ਕੀਤੀ ਛਾਪਾਮਾਰੀ ਵਿੱਚ ਲਗਭਗ 500 ਨਕਲੀ ਏਅਰਬੈਗ ਅਤੇ ਅੰਦਾਜ਼ਨ 140,000 ਪੌਂਡ ਦੀ ਨਕਦੀ ਜ਼ਬਤ ਕੀਤੀ ਹੈ। ਪੁਲਿਸ ਦੇ ਸਿੱਖਿਅਤ ਕੁੱਤਿਆਂ ਨੂੰ ਇੱਕ ਰਿਹਾਇਸ਼ੀ ਜਾਇਦਾਦ ਵਿੱਚ ਕੰਧ ਦੇ ਅੰਦਰ 110,000 ਪੌਂਡ ਦੀ ਨਕਦੀ ਬੱਚਿਆਂ ਦੀਆਂ ਨੈਪੀਆਂ ਵਿੱਚ ਲਪੇਟੀ ਹੋਈ ਹੋਈ ਮਿਲੀ ਤੇ ਬਾਕੀ 30,000 ਪੌਂਡ ਉੱਥੇ ਅਲਮਾਰੀ ਵਿੱਚ ਮਿਲੇ। ਇਸ ਸੰਬੰਧੀ ਤਿੰਨ ਵਿਅਕਤੀਆਂ ਨੂੰ ਮਨੀ ਲਾਂਡਰਿੰਗ ਦੀ ਸਾਜ਼ਿਸ਼ ਅਤੇ ਨਕਲੀ ਸਮਾਨ ਵੰਡਣ ਦੀ ਸਾਜ਼ਿਸ਼ ਰਚਣ ਦੇ ਸ਼ੱਕ ਵਿੱਚ ਗ੍ਰਿਫਤਾਰ ਕੀਤਾ ਗਿਆ। ਅਧਿਕਾਰੀਆਂ ਨੂੰ ਸ਼ੱਕ ਹੈ ਕਿ ਏਅਰਬੈਗ ਚੀਨ ਤੋਂ ਆਯਾਤ ਕੀਤੇ ਗਏ ਸਨ ਅਤੇ ਫਿਰ ਵਿਦੇਸ਼ਾਂ ਵਿੱਚ ਵੇਚੇ ਗਏ। ਬੇਸ਼ੱਕ ਉਕਤ ਏਅਰਬੈਗ ਮਹਿੰਗੀਆਂ ਕਾਰਾਂ ਨਾਲ ਸੰਬੰਧਿਤ ਹਨ, ਪਰ ਇਹ ਏਅਰਬੈਗ 25 ਪੌਂਡ ਤੋਂ ਘੱਟ ਵਿੱਚ ਵੇਚੇ ਗਏ।

# ਲਾਈਵ ਓਕ (ਯੂਬਾ ਸਿਟੀ) ਦੀਆਂ ਤੀਆਂ ਦੇ ਵਿੱਚ ਹੋਇਆ ਰਿਕਾਰਡ ਤੋੜ ਇਕੱਠ

## ਗੁਰਨਾਮ ਭੁੱਲਰ ਨੇ ਗੀਤਾਂ ਦੀ ਲਾਈ ਸ਼ਹਿਬਰ



ਸੈਕਰਾਮੈਂਟੋ (ਹੁਸਨ ਲੜੋਆ ਬੰਗਾ)- ਪੰਜਾਬੀ ਹੈਰੀਟੇਜ ਐਸੋਸੀਏਸ਼ਨ ਵੱਲੋਂ ਹਰ ਸਾਲ ਦੀ ਤਰਾਂ ਅਤਕਾਂ ਵੀ ਤੀਆਂ ਕਰਵਾਈਆਂ ਗਈਆਂ ਜਿਸ ਵਿੱਚ ਬੀਬੀਆਂ ਦੇ ਰਿਕਾਰਡ ਤੋੜ ਇਕੱਠ ਨੇ ਪ੍ਰਬੰਧਕਾਂ ਦੇ ਹੌਸਲੇ ਬੁਲੰਦ ਕੀਤੇ।

ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ ਤੇ ਪੰਜਾਬੀ ਗਾਇਕ ਗੁਰਨਾਮ ਭੁੱਲਰ ਨੇ ਆਪਣੇ ਗੀਤਾਂ ਰਾਹੀਂ ਬੀਬੀਆਂ ਨੂੰ ਨਚਾਇਆ ਤੇ ਬੀਬੀਆਂ ਦਾ ਭਰਪੂਰ ਮਨੋਰੰਜਨ ਕੀਤਾ। ਇਹ ਤੀਆਂ ਦਾ ਪ੍ਰੋਗਰਾਮ ਦੁਪਹਿਰ ਤੋਂ ਲੈ ਕੇ ਸ਼ਾਮ ਤੱਕ ਚਲਿਆ। ਭਾਵੇਂ ਕਿ ਇਸ ਪ੍ਰੋਗਰਾਮ ਨੂੰ ਵੱਖ-ਵੱਖ ਬਿਜਨਸਮੈਨਾਂ ਵੱਲੋਂ ਸਪੌਂਸਰ ਕੀਤਾ ਗਿਆ ਸੀ ਪਰ ਇਸ ਦੇ ਮੁੱਖ ਪ੍ਰਬੰਧਕ ਜਸਮਿੰਦਰ ਮੱਟੂ ਨੇ ਆਈਆਂ ਸਾਰੀਆਂ ਬੀਬੀਆਂ ਦਾ ਤੇ ਕਲਾਕਾਰ ਗਰੁੱਪਾਂ ਦਾ ਧੰਨਵਾਦ ਕੀਤਾ ਇਸ ਮੌਕੇ ਸਟੇਜ ਦੀ ਸ਼ਾਨ ਬੀਬੀ ਆਸ਼ਾ ਸ਼ਰਮਾ ਤੇ ਹਰਜੀਤ ਉਪਲ ਨੇ ਵੱਖ-ਵੱਖ ਕਲਾਕਾਰਾਂ ਤੇ ਵੱਖ ਵੱਖ ਕਲਾਕਾਰ ਗਰੁੱਪਾਂ ਨੂੰ ਸਟੇਜ ਤੇ ਕਰਮਵਾਰ ਬੁਲਾਇਆ, ਇਹ ਕਲਾਕਾਰ ਗਰੁੱਪ ਜਿਨਾਂ ਵਿੱਚ ਸਕਿੱਟ, ਭੰਗੜਾ, ਗਿੱਧਾ ਆਦਿ ਵੱਖ-ਵੱਖ ਦੂਰੋਂ ਨੇੜਿਓਂ ਸ਼ਾਮਿਲ ਹੋਏ। ਜਿਸ ਹਾਲ ਦੇ ਵਿੱਚ ਤੀਆਂ ਕਰਵਾਈਆਂ ਗਈਆਂ ਉਹ ਬੀਬੀਆਂ ਨਾਲ ਖਚਾ ਖੱਚ ਭਰਿਆ ਹੋਇਆ ਸੀ, ਇਹ ਹੁਣ ਤੱਕ ਲਾਗੇ ਤਾਗੇ ਦੀਆਂ ਲੱਗਣ ਵਾਲੀਆਂ ਤੀਆਂ ਦਾ ਸਭ ਤੋਂ ਵੱਡਾ ਇਕੱਠ ਸੀ। ਇਸ ਮੌਕੇ ਲਾਈਵ ਓਕ ਦੀਆਂ ਬੀਬੀਆਂ ਨੇ ਪੁਰਾਣੇ ਸੁਹਾਗ ਤੇ ਘੋੜੀਆਂ ਗਾ ਕੇ ਪੁਰਾਣੇ ਸਮੇਂ ਨੂੰ ਯਾਦ ਕਰਵਾ ਦਿੱਤਾ। ਮਾਵਾਂ ਧੀਆਂ ਦਾ ਗਿੱਧਾ ਇੱਕ ਵੱਖਰੀ ਕਿਸਮ ਦੀ ਛਾਪ ਛੱਡ ਗਿਆ।

ਇਸ ਮੌਕੇ ਸਿਆਟਲ ਤੋਂ ਟਿਕਟੌਕਰ ਪੁਸ਼ਪਾ ਰਾਣੀ ਤੇ ਟਿਕਟੌਕਰ ਰੂਬੀ ਬਾਸੀ ਨੂੰ ਸਨਮਾਨ ਕੀਤਾ ਗਿਆ ਤੇ ਸਪਾਂਸਰਾਂ ਦੀਆਂ ਬੀਬੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਵੱਖ ਵੱਖ ਕੀਮਤੀ ਸੋਨੇ ਦੇ ਗਹਿਣੇ ਵੀ ਰੈਫਲਾਂ ਰਾਹੀਂ ਕੱਢੇ ਗਏ। ਇਸ ਮੌਕੇ ਤੀਆਂ ਦੇ ਮੇਲੇ ਦੇ ਮੁੱਖ ਪ੍ਰਬੰਧਕ ਬੀਬੀ ਜਸਮਿੰਦਰ ਕੌਰ ਮੱਟੂ ਨੇ ਇਸ ਤੋਂ ਵੀ ਵਧੀਆ ਤੀਆਂ ਦਾ ਇਕੱਠ ਅਗਲੇ ਵਰ੍ਹੇ ਕਰਾਉਣ ਦਾ ਐਲਾਨ ਕੀਤਾ।

# ਭਾਰਤੀ ਮੂਲ ਦੇ ਡਾਕਟਰ ਵਿਰੁੱਧ ਦੂਸਰਾ ਦਰਜਾ ਹੱਤਿਆ ਦੀ ਕੋਸ਼ਿਸ਼ ਸਮੇਤ ਹੋਰ ਦੋਸ਼ ਆਇਦ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਕੋਲੋਰਾਡੋ ਰਾਜ ਵਿਚ ਕੋਲੋਰਾਡੋ ਸਪਰਿੰਗਜ ਸ਼ਹਿਰ ਵਿੱਚ ਗੋਲੀਬਾਰੀ ਕਰਕੇ ਇਕ ਵਿਅਕਤੀ ਨੂੰ ਜਖਮੀ ਕਰ ਦੇਣ ਦੇ ਮਾਮਲੇ ਵਿਚ ਭਾਰਤੀ ਮੂਲ ਦੇ ਇਕ ਲਾਇਸੰਸਸ਼ੁੱਦਾ ਪਲਾਸਟਿਕ ਸਰਜਨ ਰੁਪੇਸ਼ ਜੈਨ (53) ਵਿਰੁੱਧ ਦੂਸਰਾ ਦਰਜਾ ਹੱਤਿਆ ਦੀ ਕੋਸ਼ਿਸ਼ ਸਮੇਤ ਹੋਰ ਅਪਰਾਧਿਕ ਦੋਸ਼ ਆਇਦ ਕੀਤੇ ਗਏ ਹਨ। ਡਾਕਟਰ ਜੈਨ ਇਸ ਵੇਲੇ ਐਲ ਪਾਸੋ ਕਾਊਂਟੀ ਜੇਲ ਵਿਚ ਮਾਨਸਿਕ ਇਲਾਜ਼ ਅਧੀਨ ਹੈ। ਕੋਲੋਰਾਡੋ ਸਪਰਿੰਗਜ ਪੁਲਿਸ ਅਨੁਸਾਰ ਇਕ ਔਰਤ ਵੱਲੋਂ ਗੋਲੀ ਚੱਲਣ ਦੀ ਸੂਚਨਾ ਦੇਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ। ਗੋਲੀ ਨਾਲ ਲੱਗਦੇ ਡਾਕਟਰ ਦੇ ਅਪਾਰਟਮੈਂਟ ਵਿਚੋਂ ਚਲਾਈ ਗਈ ਸੀ ਜਿਸ ਨਾਲ 25 ਸਾਲਾ ਲੇਕਨ ਡੂਰਸਕਮਿਡਟ ਨਾਮੀ ਵਿਅਕਤੀ ਜਖਮੀ ਹੋ ਗਿਆ।

ਜਾਂਚ ਦੌਰਾਨ ਡਾਕਟਰ ਦੇ ਅਪਾਰਟਮੈਂਟ ਦੀ ਕੰਧ ਵਿਚ ਗੋਲੀਆਂ ਦੇ ਕਈ ਨਿਸ਼ਾਨ ਮਿਲੇ। ਮੌਕੇ ਤੋਂ ਗੋਲੀਆਂ ਦੇ ਕਈ ਖੋਲ ਵੀ ਬਰਾਮਦ ਹੋਏ। ਜੈਨ ਵੱਲੋਂ ਦੋ ਪ੍ਰਮੁੱਖ ਬੈਂਕ ਸਥਾਨਾਂ 'ਤੇ ਵੀ ਗੋਲੀਆਂ ਚਲਾਈਆਂ ਗਈਆਂ। ਪੁਲਿਸ ਅਨੁਸਾਰ ਇਸ ਤੋਂ ਇਲਾਵਾ ਵਿਲਜ਼ ਇਨ ਰੈਸਟੋਰੈਂਟ ਦੇ ਮੈਨੇਜਰ ਨੇ ਰਿਪੋਰਟ ਲਿਖਵਾਈ ਹੈ ਕਿ ਜੈਨ ਨੇ ਪੀਜ਼ਾ ਮੰਗਣ ਤੋਂ ਪਹਿਲਾਂ ਰੈਸਟੋਰੈਂਟ ਦੇ ਮੋਹਰਲੇ ਦਰਵਾਜ਼ੇ ਉਪਰ ਕਈ ਗੋਲੀਆਂ ਚਲਾਈਆਂ। ਜਦੋਂ ਜੈਨ ਅਪਾਰਟਮੈਂਟ ਵਿਚ ਵਾਪਸ ਆਇਆ ਤਾਂ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ। ਉਸ ਸਮੇ ਵੀ ਉਸ ਦੇ ਹੱਥ ਵਿਚ ਪੀਜ਼ਾ ਸੀ। ਜੈਨ ਨੇ ਪੁਲਿਸ ਅਫਸਰਾਂ ਨੂੰ ਦੱਸਿਆ ਕਿ ਉਸ ਵੱਲੋਂ ਖੁਦਕੁੱਸ਼ੀ ਕਰਨ ਦੀ ਯੋਜਨਾ ਸੀ। ਪੁਲਿਸ ਅਨੁਸਾਰ ਡਾਕਟਰ ਨੇ 2 ਏ ਟੀ ਐਮ ਨੂੰ ਤਬਾਹ ਕਰਨ ਸਮੇਤ ਇਕ ਲੱਖ ਡਾਲਰ ਤੋਂ ਵਧ ਦਾ ਨੁਕਸਾਨ ਪਹੁੰਚਾਇਆ ਹੈ।

# ਕੈਲੀਫੋਰਨੀਆ ਦੀ ਅਦਾਲਤ ਵਿਚ ਬਰੂਦ ਨਾਲ ਭਰਿਆ ਬੈਗ ਸੁੱਟਣ 'ਤੇ ਹੋਏ ਧਮਾਕੇ ਵਿਚ ਕਈ ਲੋਕ ਜ਼ਖਮੀ




ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਹਥਿਆਰਾਂ ਨਾਲ ਸਬੰਧਤ ਮਾਮਲੇ ਵਿਚ ਦੋਸ਼ਾਂ ਦਾ ਸਾਹਮਣਾ ਕਰ ਰਹੇ ਇਕ ਵਿਅਕਤੀ ਵੱਲੋਂ ਆਪਣੀ ਪੇਸ਼ੀ ਸਮੇ ਕੈਲੀਫੋਰਨੀਆ ਕੋਰਟਹਾਊਸ ਵਿਚ ਬਰੂਦ ਨਾਲ ਭਰਿਆ ਬੈਗ ਸੁੱਟਣ ਕਾਰਨ ਹੋਏ ਧਮਾਕੇ ਵਿਚ ਕਈ ਲੋਕਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਅਧਿਕਾਰੀਆਂ ਅਨੁਸਾਰ ਸਾਂਤਾ ਮਾਰੀਆ ਦੀ ਕੋਰਟ ਹਾਊਸ ਵਿਚ ਵਾਪਰੀ ਇਹ ਘਟਨਾ ਆਪਣੀ ਕਿਸਮ ਦੀ ਹੈ। ਪੁਲਿਸ ਕੋਲ ਸ਼ੱਕੀ ਵਿਅਕਤੀ ਦੇ ਅਤਿਵਾਦੀਆਂ ਨਾਲ ਸਬੰਧਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ ਪਰੰਤੂ ਮਾਮਲੇ ਦੀ ਜਾਂਚ ਯੂ ਐਸ ਅਟਾਰਨੀ ਦੇ ਦਫਤਰ ਦੇ ਸਹਿਯੋਗ ਨਾਲ ਐਫ ਬੀ ਆਈ ਕਰ ਰਹੀ ਹੈ।

ਸਾਂਤਾ ਬਰਬਰਾ ਕਾਊਂਟੀ ਸ਼ੈਰਿਫ ਦੇ ਡਿਪਟੀ ਤੇ ਕੈਲੀਫੋਰਨੀਆ ਹਾਈ ਵੇਅ ਗਸ਼ਤੀ ਦਲ ਦੇ ਅਫਸਰ ਕਰੈਗ ਬੋਨਰ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਧਮਾਕੇ ਦੇ ਬਾਅਦ ਸਕਿਉਰਿਟੀ ਗਾਰਡ ਦੁਆਰਾ ਸ਼ੱਕੀ ਨੂੰ ਕਾਬੂ ਕਰ ਲਿਆ ਗਿਆ ਜਿਸ ਦੀ ਪਛਾਣ ਨਥਾਨੀਅਲ ਮੈਕਗੁਰੀ ਵਜੋਂ ਹੋਈ ਹੈ। ਉਸ ਨੂੰ ਹੱਤਿਆ ਦੀ ਕੋਸ਼ਿਸ਼ ਤੇ ਹੱਤਿਆ ਲਈ ਬਰੂਦ ਵਰਤਣ ਤੇ ਬਰੂਦ ਰਖਣ ਸਮੇਤ ਕਈ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਘਟਨਾ ਵਿਚ ਕੁਲ 6 ਵਿਅਕਤੀ ਜਖਮੀ ਹੋਏ ਹਨ ਜਿਨਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ।

# ਢਿੱਡ-ਪੀੜ ਬਣੀ ਆਮ ਸਮੱਸਿਆ

**ANIL DHEER**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)



**"ਵਿਸ਼ਵ ਭਰ ਵਿਚ ਪੇਟ ਦੀ ਹਰ ਸਮੱਸਿਆ ਲਈ ਜ਼ਿੰਮੇਵਾਰ ਬਣਿਆ ਅੱਜ ਦਾ ਲਾਈਫ-ਸਟਾਈਲ। ਛੋਟੇ ਬੱਚੇ, ਨੌਜਵਾਨ, ਗਰਭਵਤੀ ਔਰਤਾਂ ਤੇ ਸੀਨੀਅਰਜ਼ ਹਰ ਮੌਸਮ ਵਿਚ ਪੇਟ-ਦਰਦ ਦਾ ਸ਼ਿਕਾਰ ਹੋ ਰਹੇ ਹਨ। ਲੋੜ ਹੈ ਆਪਣਾ ਲਾਈਫ-ਸਟਾਈਲ ਠੀਕ ਰੱਖਣ ਦੀ-**

**ਹੈਲਥ ਮੀਡੀਆ ਕੈਨੇਡਾ :** ਦੁਨੀਆ ਭਰ ਵਿਚ ਬਦਲ ਰਹੇ ਲਾਈਫ-ਸਟਾਈਲ ਨੇ ਵਧਾ ਦਿੱਤੀ ਹੈ ਪੇਟ-ਦਰਦ ਦੀ ਸਮੱਸਿਆ। ਛੋਟੇ ਬੱਚੇ, ਨੌਜਵਾਨ, ਗਰਭਵਤੀ ਔਰਤਾਂ ਤੇ ਸੀਨੀਅਰਜ਼ ਹਰ ਮੌਸਮ ਵਿਚ ਪੇਟ-ਦਰਦ ਦਾ ਸ਼ਿਕਾਰ ਹੋ ਰਹੇ ਹਨ। ਅਸਲ ਵਿਚ ਪੇਟ ਅੰਦਰ ਜ਼ਿਆਦਾ ਅੰਗ ਹੋਣ ਕਰਕੇ ਕੋਈ ਵੀ ਹਿੱਸਾ ਇਫੈਕਟ ਹੋ ਸਕਦਾ ਹੈ। ਪੇਟ ਦਰਦ ਕਿਸੇ ਵੀ ਸਮੇ ਘੱਟ ਜਾਂ ਵੱਧ ਸਮੇ ਲਈ ਰਹਿ ਸਕਦਾ ਹੈ।

ਇਕ ਸਟਡੀ ਮੁਤਾਬਿਕ ਤਕਰੀਬਨ ਇਕ ਤਿਹਾਈ ਰੋਗੀਆਂ ਵਿਚ ਪੇਟ ਦਰਦ ਦੀ ਸ਼ਿਕਾਇਤ ਦਾ ਮੂਲ ਕਾਰਨ ਖੂਨ ਤੇ ਪਿਸ਼ਾਬ ਦੇ ਕੁੱਝ ਟੈਸਟਾਂ ਦੁਆਰਾ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ। ਆਮ ਪੇਟ ਦਰਦ 7.2-18.7% ਗੈਸਰੋਐਂਟਰਾਈਟਸ, ਬਦਬੂਦਾਰ ਸਟੂਲ, ਕਬਜ਼ 2.6-13.2%, ਯੂਰੀਨ ਸਿਸਟਮ 5.3%, ਗੈਸਟਰਾਈਟਸ 5.2%, ਅਪੈਂਡਸਿਸ 1.9%, ਡਾਈਵਰਟੀਕੁਲਾਈਟਸ 3.0%, ਬਿਲੀਰੀ-ਪੈਨਕ੍ਰੇਟਿਕ 4.0%, ਅਤੇ ਨਿਓਪਲਾਸਟਿਕ 1.0% ਵਗੈਰਾ ਗੰਭੀਰ ਕਾਰਨ ਹੋ ਸਕਦੇ ਹਨ।

ਪੇਟ ਯਾਨਿ ਸਟੋਮੇਕ ਜੋ ਉੱਪਰਲੀਆਂ ਪੱਸਲੀਆਂ ਦੇ ਹੇਠਾਂ ਪੇਲਵਿਕ ਹੱਡੀ ਅਤੇ ਹਰ ਪਾਸਿਓਂ ਕੰਧ ਨਾਲ ਬਣਿਆ ਹੋਇਆ ਹੈ। ਹਾਲਾਂਕਿ ਪੇਟ ਵਿਚ ਦਰਦ ਪੇਟ ਦੀ ਕੰਧ ਦੇ ਟਿਸ਼ੂਆਂ ਤੋਂ ਪੈਦਾ ਹੋ ਸਕਦਾ ਹੈ, ਜੋ ਪੇਟ ਦੀਆਂ ਗੁਫਾਵਾਂ ਨੂੰ ਘੇਰਦੇ ਹਨ।ਦਰਦ ਦੀ ਹਾਲਤ ਵਿਚ ਪੇਟ ਦੇ ਅੰਦਰਲੇ ਅੰਗ- ਛੋਟੀ ਆਂਤੜੀ, ਕੋਲਨ, ਜਿਗਰ, ਥੈਲੀ ਅਤੇ ਪੈਨਕ੍ਰੀਆਸ ਸ਼ਾਮਲ ਹੁੰਦੇ ਹਨ। ਕਈ ਬਾਰ ਮਹਿਸੂਸ ਕੀਤਾ ਜਾ ਸਕਦਾ ਹੈ ਭਾਂਵੇ ਇਹ ਅੰਗਾਂ ਤੋਂ ਪੈਦਾ ਹੁੰਦਾ ਹੈ ਜੋ ਪੇਟ ਦੀਆਂ ਗੁਫਾਵਾਂ ਦੇ ਅੰਦਰ ਨਹੀਂ ਹੁੰਦੇ, ਉਦਾਹਰਣ ਵੱਜੋਂ ਹੇਠਲੇ ਫੇਫੜੇ, ਗੁਰਦੇ ਅਤੇ ਬੱਚੇਦਾਨੀ ਦੇ ਕਿਸਮ ਦੀ ਦਰਦ ਨੂੰ ਰੈਫਰਡ ਦਰਦ ਵੀ ਕਿਹਾ ਜਾਂਦਾ ਹੈ। ਇਹ ਦਰਦ ਪੇਟ ਦੇ ਅੰਦਰ ਤੇ ਬਾਹਰ ਮਹਿਸੂਸ ਕੀਤਾ ਜਾ ਸਕਦਾ ਹੈ।

ਪੇਟ ਦਰਦ ਕੰਮ ਕਰਦੇ ਹੋਏ, ਚਲਦੇ-ਫਿਰਦੇ, ਸਲੀਪ ਦੌਰਾਣ, ਅਤੇ ਘੱਟ ਜਾਂ ਤੇਜ਼ ਕਦੇ ਵੀ ਸ਼ੁਰੂ ਹੋ ਜਾਂਦਾ ਹੈ। ਅਚਾਨਕ ਤੇ ਜਿਆਦਾ ਸਮੇ ਤੱਕ ਰਹਿਣ ਵਾਲਾ ਦਰਦ ਗੰਭੀਰ ਵੀ ਹੋ ਸਕਦਾ ਹੈ। ਛੋਟੇ ਬੱਚੇ ਅਤੇ ਗਰਭਵਤੀ ਔਰਤਾਂ ਜਿਆਦਾ ਪਰੇਸ਼ਾਨ ਹੋ ਜਾਂਦੇ ਹਨ।ਦਰਦ ਵੇਲੇ ਕੁੱਝ ਵੀ ਕਰਨਾ



ਮੁਸ਼ਕਲ ਹੋ ਜਾਂਦਾ ਹੈ।ਸਹੀ ਜਾਂਚ ਬਾਅਦ ਹੀ ਕਾਰਨ ਦਾ ਪਤਾ ਲਗਦਾ ਹੈ।

ਪੇਟ ਅੰਦਰ ਦਰਦ ਖਾਣਾ ਖਾਣ ਤੋਂ ਬਾਅਦ ਬਦਹਜ਼ਮੀ, ਪੇਚਿਸ, ਪੇਟ ਦੇ ਕੀੜੇ, ਪੱਥਰੀ ਦੀ ਸੋਜਸ਼, ਗਰਭ, ਗੈਸ, ਏਸੀਡਿਟੀ, ਅਲਸਰੇਟਿਵ ਕੋਲਾਈਟਸਪੇਟ ਦੀ ਮਾਸਪੇਸ਼ੀਆਂ ਦੀ ਸੱਟ, ਲੜਕੀਆਂ ਨੂੰ ਮਾਹਵਾਰੀ ਦੋਰਾਣ, ਇਨਫੈਕਸ਼ਨ,ਲੈਕਟੋਜ਼ ਦੀ ਅਸਹਿਣਸ਼ੀਲਤਾ, ਕਬਜ਼, ਬਾਸੀ ਭੋਜਨ ਤੇ ਲਗਾਤਾਰ ਜੰਕ ਫੂਡ ਅਤੇ ਨਸ਼ਿਆਂ ਦੀ ਵਰਤੋਂ ਗੰਭੀਰ ਪੇਟ ਦਰਦ ਦੀ ਸ਼ਿਕਾਇਤ ਪੈਦਾ ਕਰ ਦਿੰਦੇ ਹਨ।

### ਪੇਟ ਦਰਦ ਦੀ ਹਾਲਤ ਵਿਚ ਵਿਅਕਤੀ ਆਮ ਰੇਮੀਡੀਜ਼ ਵਰਤ ਸਕਦਾ ਹੈ :

- ਭੋਜਨ ਨੂੰ ਪਚਣ ਤੇ ਜਜ਼ਬ ਕਰਨ ਲਈ ਸਰੀਰ ਨੂੰ ਪਾਣੀ ਦੀ ਲੋੜ ਹੁੰਦੀ ਹੈ। ਔਰਤਾਂ ਨੂੰ ਦਿਨ ਵਿਚ 3 ਲੀਟਰ, ਆਦਮੀ ਨੂੰ 4 ਲੀਟਰ, ਅਤੇ ਛੋਟੇ ਬਚਿਆਂ ਨੂੰ 1-2 ਲੀਟਰ ਪਾਣੀ ਦੀ ਲੋੜ ਹੁੰਦੀ ਹੈ। ਪੇਟ ਦੇ ਰੋਗਾਂ ਵਿਚ ਘੱਟ ਗਰਮ ਪਾਣੀ ਨਿੰਬੂ ਰਸ ਮਿਲਾ ਕੇ ਵੀ ਪੀ ਸਕਦੇ ਹੋ।
- ਪੇਟ ਦੇ ਰੋਗੀਆਂ ਨੂੰ ਦਿਨ ਦੇ ਸਮੇ ਘੱਟ ਸੌਣਾ ਚਾਹੀਦਾ ਹੈ। ਪੇਟ ਅੰਦਰ ਏਸਿਡ ਪਿੱਛੇ ਅਤੇ ਛਾਤੀ ਵੱਲ ਵਧਣ ਦੀ ਸੰਭਾਵਨਾ ਹੁੰਦੀ ਹੈ।ਅਗਰ ਲੇਟਣਾ ਪਵੇ ਤਾਂ ਸਿਰ ਤੇ ਗਰਦਨ ਹੇਠਾਂ 30 ਡਿਗਰੀ ਤੇ' ਪਿਲੋ ਇਸਤੇਮਾਲ ਕਰਨਾ ਚਾਹੀਦਾ ਹੈ।
- ਪੇਟ ਦਰਦ ਦੇ ਸ਼ਿਕਾਰ ਤਾਜ਼ੇ ਪੁਦੀਨਾ ਪੱਤਾ-12, ਛੋਟੀ ਇਲਾਚੀ-2, ਮੋਟੀ ਸੌਂਫ-1 ਚੁਟਕੀ, 1-ਕੱਪ ਪਾਣੀ ਵਿਚ ਉਬਾਲੋ, ਅੱਧਾ ਰਹਿ ਜਾਣ ਤੇ' ਭੋਜਨ ਤੋਂ 15 ਮਿਨਟ ਪਹਿਲਾਂ ਸਵੇਰੇ-ਸ਼ਾਮ ਇਸਤੇਮਾਲ ਕਰਨ ਨਾਲ ਆਰਾਮ ਮਿਲਦਾ ਹੈ।
- ਪੁਦੀਨੇ ਵਿਚ ਮੌਜੂਦ ਰਸਾਇਣ ਆਂਤੜੀ ਅੰਦਰ ਮਾਸਪੇਸ਼ੀ ਸਪਾਜ਼ਮ ਘਟਾ ਕੇ ਬਦਹਜ਼ਮੀ, ਗੈਸ, ਉਲਟੀਆਂ, ਦਸਤ, ਘਬਰਾਹਟ, ਦੀ ਹਾਲਤ ਵਿਚ ਰਾਤ ਦਿੰਦਾ ਹੈ।ਚਾਹ ਦੇ ਸ਼ੌਕੀਨ ਚਾਹ ਲਈ ਪੁਦੀਨੇ ਵਾਲੇ ਪਾਣੀ ਸਿਤੇਮਾਲ ਕਰ ਸਕਦੇ ਹਨ।
- ਗਰਮ ਪਾਣੀ ਵਾਲੀ ਰਬੜ ਦੀ ਬੋਤਲ ਜਾਂ ਹੀਟਿੰਗ ਪੈਡ ਟੈਨਸ ਮਾਸਪੇਸ਼ੀਆਂ ਨੂੰ ਲਚੀਲਾ ਕਰਦੇ ਹਨ। ਦਿਨ ਚ' 2 ਬਾਰ ਬੈਗ ਜਾਂ ਹੀਟ ਪੈਡ ਨੂੰ ਪੇਟ 'ਤੇ ਉਦੋਂ ਤਕ ਰੱਖੋ ਜੱਦ ਤਕ ਪਾਣੀ ਠੰਡਾ ਨਾ ਹੋ ਜਾਵੇ।ਕਦੇ-ਕਦੇ ਇਹ ਕ੍ਰਿਆ ਛੇਤੀ ਆਰਾਮ ਵੀ ਦੇ ਸਕਦੀ ਹੈ।
- ਪੇਟ ਦੀ ਸਮੱਸਿਆ ਵਿਚ ਤਾਜ਼ੇ ਅਦਰਕ ਦਾ ਰਸ ਅੱਧਾ ਚਮਚ, ਸ਼ਹਿਦ 1 ਚਮਚ, ਦਿਨ ਵਿਚ 2 ਬਾਰ ਲੈ ਕੇ ਗਰਮ ਪਾਣੀ ਜਾਂ ਚਾਹ ਪੀ ਕੇ ਆਰਾਮ ਮਹਿਸੂਸ ਕਰੋ। ਖਾਣੇ ਨਾਲ ਸਲਾਦ ਵਿਚ ਤਾਜ਼ਾ ਅਦਰਕ ਖਾਓ।
- ਪੇਟ ਦਰਦ ਤੇ ਦਸਤ ਦੀ ਹਾਲਤ ਵਿਚ ਆਪਣੀ ਖੁਰਾਕ ਵਿਚ ਬ੍ਰੈਡ-ਟੋਸਟ, ਦਹੀਂ, ਕੇਲਾ, ਚਾਵਲ, ਪਪੀਤਾ, ਨਮਕੀਨ ਨਿੰਬੂ ਪਾਣੀ ਅਤੇ ਜਿੰਜਰ ਵਾਲੇ ਪਾਣੀ ਨੂੰ ਸ਼ਾਮਿਲ ਕਰਨ ਨਾਲ ਆਰਾਮ ਮਿਲਦਾ ਹੈ।
- ਤੰਦਰੁਸਤੀ ਤੇ ਰੂਟੀਨ ਨੂੰ ਸੁਖਾਂਵਾ ਬਣਾਉਣ ਲਈ ਰਾਤ ਦੇ ਸਮੇ ਹਲਕਾ ਭੋਜਨ ਕਰੋ। ਮਸਾਲੇਦਾਰ ਚਟਪਟੇ ਜੰਕ ਫੂਡ ਲੈਣ ਦੀ ਆਦਤ ਛੱਡ ਦਿਓ।
- ਪੇਟ ਦੇ ਰੋਗੀ ਰੋਜ਼ਾਨਾ ਅੱਧਾ ਘੰਟਾ ਸੈਰ, ਕਸਰਤ ਕਰਨ ਨਾਲ ਆਰਾਮ ਮਹਿਸੂਸ ਕਰਨਗੇ।ਦੇਰ ਰਾਤ ਜਾਗਣਾ ਬੀਮਾਰੀ ਨੂੰ ਸੱਦਾ ਦੇਣ ਵਾਲੀ ਗੱਲ ਹੋ ਜਾਂਦੀ ਹੈ।
- ਜਿਆਦਾ ਸ਼ਰਾਬ, ਤੰਬਾਕੂਨੋਸ਼ੀ ਗਲੇ ਅਤੇ ਪੇਟ ਅੰਦਰ ਜਲਨ ਪੈਦਾ ਕਰਕੇ ਮੁਸ਼ਕਲਾਂ ਵਧਾ ਦਿੰਦੀ ਹੈ। ਜਿਗਰ ਅਤੇ ਪੇਟ ਦੇ ਅੰਦਰਲੀ ਪਰਤ ਨੂੰ ਡੈਮੇਜ ਕਰ ਸਕਦੀ ਹੈ। ਇਹਨਾਂ ਦੀ ਵਰਤੋਂ ਤੋਂ ਹਮੇਸ਼ਾ ਬਚੋ।

**ਨੋਟ : ਗਰਭਵਤੀ ਔਰਤਾਂ ਅਤੇ ਛੋਟੇ ਬੱਚਿਆਂ ਅੰਦਰ ਪੇਟ ਦਰਦ ਦੇ ਲੱਛਣ ਲੰਮੇ ਸਮੇਂ ਤੱਕ ਰਹਿਣ ਦੀ ਹਾਲਤ ਵਿਚ ਬਿਨਾ ਦੇਰ ਕੀਤੇ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਇਲਾਜ ਕਰਾਉਣਾ ਚਾਹੀਦਾ ਹੈ।**

# ਗੁਰੂ ਨਾਨਕ ਪਾਤਸ਼ਾਹ ਨੇ ਕਿਰਤ ਤੇ ਕੀਰਤੀ ਨਾਲ ਜੋੜਿਆ-ਭਗਵਾਨ ਸਿੰਘ ਜੌਹਲ

**ਪਤਾਰਾ-ਸ਼੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੀ ਪਾਵਨ ਧਰਤੀ 'ਤੇ ਨਤਮਸਤਕ ਹੁੰਦਿਆਂ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਂਦਿਆਂ ਹੋਇਆਂ ਉੱਘੇ ਸਿੱਖ ਚਿੰਤਕ, ਵਿਦਵਾਨ ਤੇ ਪੰਥਕ ਬੁਲਾਰੇ ਭਗਵਾਨ ਸਿੰਘ ਜੌਹਲ ਨੇ ਕਿਹਾ ਕਿ ਸਿੱਖ ਧਰਮ ਦੇ ਮੋਢੀ ਤੇ ਪਹਿਲੇ ਪਾਤਸ਼ਾਹ ਧੰਨ-ਧੰਨ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵੱਲੋਂ ਜੀਵਨ ਦੇ ਆਖਰੀ ਵਰ੍ਹਿਆਂ 'ਚ ਸਮੁੱਚੀ ਲੁਕਾਈ ਨੂੰ ਹੱਥੀਂ ਕਿਰਤ ਕਰਨ ਅਤੇ ਪਰਮ ਪਿਤਾ ਪ੍ਰਮਾਤਮਾ ਦੀ ਸਿਫਤ ਸਲਾਹ ਕਰਨ ਦਾ ਸਿਧਾਂਤ ਦਿੱਤਾ ਗਿਆ, ਜੋ ਗੁਰਮਤਿ ਮਰਿਆਦਾ ਤੇ ਸਿਧਾਂਤਾ ਦਾ ਅਹਿਮ ਹਿੱਸਾ ਹੈ।**

**ਉਨ੍ਹਾਂ ਕਿਹਾ ਕਿ ਜਿੱਥੇ ਸੰਸਾਰ ਦੇ ਬਾਕੀ ਧਰਮ ਕੇਵਲ ਪ੍ਰਭੂ ਨਾਮ ਤੇ ਸਿਮਰਨ ਨਾਲ ਜੋੜਦੇ ਹਨ ਉਥੇ ਗੁਰੂ ਸਾਹਿਬ ਨੇ ਲੁਕਾਈ ਨੂੰ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਸੁਨੇਹਾ ਦਿੱਤਾ । ਉਨ੍ਹਾਂ ਕਿਹਾ ਕਿ ਸੰਸਾਰ ਭਰ ਵਿੱਚ ਸਿੱਖ ਧਰਮ 'ਚ ਵਿਸ਼ਵਾਸ ਰੱਖਣ ਵਾਲੇ ਹਰ ਸਿੱਖ ਨੂੰ ਇਸ ਵਿਚਾਰਧਾਰਾ ਨਾਲ ਜੋੜਣ ਲਈ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਵੇਂ ਭਾਰਤ ਵਿੱਚ ਪਹਿਲੇ ਪਾਤਸ਼ਾਹ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜੋਤੀ-ਜੋਤ ਦਿਵਸ ਮਨਾਇਆ ਜਾ ਰਿਹਾ ਹੈ ਉਵੇਂ ਹੀ ਦੇਸ਼ ਵਿਦੇਸ਼ ਤੋਂ ਭਾਰੀ ਗਿਣਤੀ**



**ਵਿੱਚ ਸੰਗਤਾਂ ਨੇ ਸ਼੍ਰੀ ਕਰਤਾਰਪੁਰ ਸਾਹਿਬ ਵਿਖੇ ਗੁਰੂ ਘਰ ਦੇ ਦਰਸ਼ਨ ਦਿਦਾਰੇ ਕਰਕੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਹਾਜ਼ਰੀ ਲਗਵਾਈ।**

**ਉਨ੍ਹਾਂ ਦੱਸਿਆ ਕਿ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੈੱਡ ਗ੍ਰੰਥੀ ਗਿਆਨੀ ਗੋਬਿੰਦ ਸਿੰਘ, ਮੈਂਬਰ ਇੰਦਰਜੀਤ ਸਿੰਘ, ਭਾਈ ਬਿਕਰਮ ਸਿੰਘ, ਭਾਈ ਜਸਪਾਲ ਸਿੰਘ, ਪ੍ਰਭਜੋਤ ਸਿੰਘ ਬਾਹੀਆ ਅਤੇ ਯੂਐਸਏ ਤੇ ਦੱਖਣੀ ਭਾਰਤ ਤੋਂ ਸਿੰਧੀ ਸੰਗਤ ਸਮੇਤ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਗੁਰੂ ਘਰ ਵਿੱਚ ਸ਼ਮੂਲੀਅਤ ਕੀਤੀ।**

# “ਸਾਦਗੀ” ਗੀਤ ਨਾਲ ਸਰਹੱਦ ਪਾਰ ਲਾਹੌਰ ਵਿਖੇ ਵੀ ਚਰਚਾ ਓਹ ਹੈ ਗਾਇਕ ਸਿਮਰਨ ਢਿੱਲੋਂ

ਡੀ ਐਸ ਪੀ ਪੰਜਾਬ ਪੁਲਿਸ ਪਿਤਾ ਅਮਰੀਕ ਸਿੰਘ ਢਿੱਲੋਂ ਚਾਹੁੰਦੇ ਸਨ ਕਿ ਓਹਨਾਂ ਦਾ ਦੋ ਭੈਣਾਂ ਦਾ ਇਕਲੌਤਾ ਵੀਰ ਸਿਮਰਨ ਢਿੱਲੋਂ ਪੰਜਾਬ ਪੁਲਿਸ ਵਿੱਚ ਇੰਸਪੈਕਟਰ ਭਰਤੀ ਹੋਏ ਤੇ ਅੱਗੇ ਪੇਪਰ ਦੇ ਕਿ ਪੜ੍ਹਾਈ ਕਰ ਕਲ ਨੂੰ ਐਸ ਐਸ ਪੀ ਬਣੇ ਪਰ ਸਿਮਰਨ ਨੇ ਜਦ ਘਰੇ ਹਰਮੋਨੀਅਮ ਲਿਆਂਦਾ ਗਾਇਕੀ ਦੇ ਸੁਰ ਲਾਓਣ ਦੀ ਕਿਰਿਆ ਸ਼ੁਰੂ ਕੀਤੀ ਤਾਂ ਓਸ ਨੂੰ ਸਮਝਾਉਣ ਦੀ ਕੋਸ਼ਿਸ਼ ਬੇਕਾਰ। ਖ਼ੈਰ ਫਿਰ ਅੱਜ ਦੇ ਯੁਵਾ ਪੰਜਾਬੀ ਸਟਾਰ ਗਾਇਕ ਸਿਮਰਨ ਢਿੱਲੋਂ ਨੂੰ ਓਹਨਾਂ ਇਜ਼ਾਜ਼ਤ ਦਿੱਤੀ ਤੇ ਫਿਰ ਸਿਮਰਨ ਢਿੱਲੋਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਪੜਦਿਆਂ ਇੱਕ ਅੱਠ ਗਾਣਿਆਂ ਦੀ ਸੀ ਡੀ ਕੀਤੀ , ਜਿਸ ਦਾ ਟਾਇਟਲ ਗਾਣਾ ‘ਗੋਰੀ ਗੋਰੀ’ ਪੂਰਾ ਚਰਚਿਤ ਹੋਇਆ ਤੇ ਸਿਮਰਨ ਦੀ ਸੰਗੀਤ ਦੁਨੀਆਂ ਚ ਸਫਲ ਐਂਟਰੀ ਹੋ ਗਈ। ”ਗੋਰੀ ਗੋਰੀ ” ਦੀ ਚਰਚਾ ਨੇ ਦੂਰਦਰਸ਼ਨ ਜਲੰਧਰ ਦੇ ਨਵੇਂ ਸਾਲ ਦੇ ਪ੍ਰੋਗਰਾਮਾਂ ਦਾ ਸਟਾਰ ਗਾਇਕ ਓਸ ਨੂੰ ਬਣਾ ਦਿੱਤਾ।ਫਿਰ ‘ਇੱਕ ਚੰਨ’ ਤੇ ‘ਜਸ਼ਨ’ ਗੀਤ ਵੀ ਸਫਲ ਰਹੇ , ਜਿਸ ਨਾਲ ਸਿਮਰਨ ਢਿੱਲੋਂ ਦਾ ਸੰਗੀਤ ਖੇਤਰ ਚ ਘੇਰਾ ਵਿਸ਼ਾਲ ਹੋ ਗਿਆ।

ਫਿਰ ਗਾਇਕ ਕੁਲਦੀਪ ਪਾਰਸ ਦੀ ਦੇਖ ਰੇਖ ਹੇਠ ਓਸ ਆਸਟਰੀਆ ਸ਼ੋ ਲਾ ਕਿ ਆਪਣਾ ਝਾਕਾ ਲਾਹਿਆ ਤੇ ਅੱਜ ਓਹ ਸਪੇਨ ਤੱਕ ਸ਼ੋ ਕਰਨ ਜਾ ਰਿਹਾ ਹੈ। ਸੁਰ ਰਾਗਾਂ ਦੀ ਮਿਹਨਤ ਕਰਕੇ ਸਿਮਰਨ ਇੱਕ ਵਾਰ ਫਿਰ ਪ੍ਰਮਾਤਮਾ ਦਾ



ਓਟ ਆਸਰਾ ਲੈ ਕੇ ਸਫਲਤਾ ਲਈ ਪੱਕਾ ਇਰਾਦਾ ਧਾਰ ਕੇ ਸੰਗੀਤ ਜਗਤ ਵਿੱਚ ਓਹ ਸਰਗਰਮ ਹੈ ਹਾਲਾਂ ਕਿ ਵਿਸ਼ਾਲ ਖੇਤੀ ਬਾੜੀ ਹੋਣ ਕਾਰਨ ਓਸ ਪਿਤਾ ਦੀ ਪਿੱਠ ਵੀ ਨਹੀਂ ਲੱਗਣ ਦਿੱਤੀ ਤੇ ਕਿਸਾਨ ਪੁੱਤ ਬਣ ਓਧਰ ਵੀ ਵਕਤ ਦਿੱਤਾ ਹੈ।ਕਿਸਾਨ ਅੰਦੋਲਨ ਵਕਤ ਸਿਮਰਨ ਦੇ ਗੀਤ ਨੇ ਬੱਲੇ ਬੱਲੇ ਲਈ ਸੀ ਤੇ ਹੁਣ ਜਦ ਓਸ ਸੋਨੂੰ ਸ਼ਾਹ ਨਾਲ ”ਚਾਚੇ ਮਾਮੇ ” ਦੋਗਾਣਾ ਕੀਤਾ ਤਾਂ ਕੰਪਨੀਆਂ ਓਸ ਨੂੰ ਦੋਗਾਣਿਆਂ ਦੀ ਮੰਗ ਪੂਰੀ ਕਰਨ ਲਈ ਆਖ ਰਹੀਆਂ ਹਨ ਪਰ ਓਹ ਖਾਸ ਇਮੇਜ ਵਿੱਚ ਨਹੀਂ ਵਿਚਰਨਾ ਚਾਹੁੰਦਾ।

‘ਅੱਤ ਗੱਭਰੂ’ ‘ਬੈਡ ਕੰਪਨੀ’ ‘ਚਾਚੇ ਮਾਮੇ’ ‘ਦੇਗ ਤੇਗ’ (ਧਾਰਮਿਕ) ਤੇ ‘ਗੋਰੀ’ ਸਿੰਗਲ ਟਰੈਕ ਲੈ ਕੇ ਹਾਜਰ ਹੋ ਚੁੱਕੇ ਸਿਮਰਨ ਢਿੱਲੋਂ ਕੋਲ ਵੱਡੇ ਵੱਡੇ ਈਵੈਂਟ ਸ਼ੋ ਵੀ ਹਨ ਤੇ ਸੱਭਿਆਚਾਰਕ ਮੇਲਿਆਂ ਵਿੱਚ ਵੀ ਇਸ ਸਾਲ ਓਸ ਦੀ ਝੰਡੀ ਰਹੀ ਹੈ। ਇਸ ਵੇਲੇ ਚੱਲ ਰਿਹਾ ‘ਸਾਦਗੀ’ ਟਰੈਕ ਸਿਮਰਨ ਢਿੱਲੋਂ ਲਈ ਸਫਲਤਾ ਵੱਲ ਨੂੰ ਵੱਡਾ ਕਦਮ ਸਾਬਿਤ ਹੋ ਰਿਹਾ ਹੈ। ‘ਸਾਦਗੀ’ ਦੇ ਰਾਜਵੀਰ ਪੰਨੂੰ ਦੇ ਬੋਲ, ਸਿਮਰਨ ਦੀ ਗਾਇਕੀ, ਯਾਕੂਬ ਦੀ ਅਗਵਾਈ, ਐਰਿਗ ਦੇ ਸੰਗੀਤ ਅਤੇ ਸੁਮਿਤ ਸੈਮੀ ਦੀ ਵੀਡਿਓ ਨੂੰ ਜਿੱਥੇ ਸਰੋਤਿਆਂ ਨੇ ਆਸ਼ੀਰਵਾਦ ਦਿੰਦਿਆਂ ਪ੍ਰਵਾਨਿਆ ਹੈ ਉਥੇ ਸੀਨੀਅਰ ਗਾਇਕਾਂ ਨੇ ਸਿਮਰਨ ਨੂੰ ਸ਼ਾਬਾਸ਼ ਦਿੰਦਿਆਂ ਹੱਲਾਸ਼ੇਰੀ ਦਿੱਤੀ ਹੈ। ‘ਸਾਦਗੀ’ ਗਾਣਾ ਤਾਂ ਸੱਚੀ ਬਹੁਤ ਹੀ ਖੂਬਸੂਰਤ ਬਣਿਆ ਹੈ ਜਿਸ ਵਾਰ ਵਾਰ ਸੁਣਨ ਨੂੰ ਚਿੱਤ ਕਰਦਾ ਹੈ ਤੇ ਸਿਮਰਨ ਲਈ ਇਹ ਓਸਦੇ ਚਹੇਤੇ ਆਖਦੇ ਨੇ ਕਿ ਓਹ ਐਮੀ ਵਿਰਕ ਦੀ ਦਿੱਖ ਵਰਗਾ ਹੈ ਤੇ ਫਿਲਮੀ ਪਰਦੇ ਤੇ ਜਚੇਗਾ। ਆਪਣੀ ਲਾਈਵ ਗਾਇਕੀ ਨਾਲ ਸਟੇਜ ਉੱਪਰ ਸਿਮਰਨ ਢਿੱਲੋਂ ਬਹੁਤ ਅੱਛੀ ਪ੍ਰਫਾਰਮੈਂਸ ਦਿੰਦਾ ਹੈ ਉੱਥੇ ਸਿਮਰਨ ਦੀ ਕੈਮਰੇ ਸਾਹਮਣੇ ਐਕਟਿੰਗ ਵੀ ਪ੍ਰਭਾਵਸ਼ਾਲੀ ਹੁੰਦੀ ਹੈ। ਜਲਦੀ ਹੀ ਇੱਕ ਪੰਜਾਬੀ ਵੈੱਬ ਸੀਰੀਜ਼ ਵਿੱਚ ਓਹ ਦੋ ਗੀਤ ਪਲੇ ਬੈਕ ਕਰਦਾ ਤੇ ਖਾਸ ਭੂਮਿਕਾ ਵਿੱਚ ਨਜ਼ਰ ਆਏਗਾ। ਹਾਂ ਪੱਖੀ ਇਹ ਗਾਇਕ ਸਿਮਰਨ ਢਿੱਲੋਂ ਜਲਦ ਹੀ ‘ਦਇਆ ਰਿਕਾਰਡਜ’ ਦੇ ਨਿਰਮਾਣ ਹੇਠ ਆਪਣੀ ਮਿਹਨਤੀ ਟੀਮ ਨਾਲ ਚਾਰ ਨਵੇਂ ਸਿੰਗਲ ਟਰੈਕ ਤੇ ਇੱਕ ਈ ਪੀ ਲੈ ਜਲਦ ਹਾਜਿਰ ਹੋ ਰਿਹਾ ਹੈ।ਓਸ ਕਿਹਾ ਘੱਟ ਤੋਂ ਘੱਟ ਸਿਪਾਹੀ ਬਣ ਗਾਇਕੀ ਵਿੱਚ ਭਰਤੀ ਹੋ ਕਿ ਅੱਜ ਓਹ ਇੰਸਪੈਕਟਰ ਬਣ ਚੁੱਕਾ ਹੈ ਤੇ ਗਾਇਕੀ ਦਾ ਡੀ ਐਸ ਪੀ ਬਣਿਆ ਹੀ ਬਣਿਆ।ਮਤਲਬ ਕਿ ਆ ਰਹੇ ਸਾਲ ਤੱਕ ਵਿਸ਼ਵ ਪੱਧਰ ਦਾ ਗਾਇਕ ਸਿਮਰਨ ਢਿੱਲੋਂ ਹੋਏਗਾ ਤੇ ਨਾਇਕ ਵੀ ਤੇ ਇਹ ਗੱਲ ਪੱਕੀ ਕਿ ਸ਼ੌਂਕ ਅੱਗੇ ਆ.ਫਰੀਨ ਅ.ਫਸਰੀ ਵੀ ਫਿੱਕੀ ਪਰ ਸ਼ੌਂਕ ਕਾਮਯਾਬ ਰਹਿਣ ਤਾਂ ਨਿੱਤ ਸਲਾਮਾਂ ਤੇ ਇਹ ਗੱਲ ਸਿਮਰਨ ਢਿੱਲੋਂ ਤੇ ਢੁੱਕਦੀ ਹੈ।

-ਅੰਮ੍ਰਿਤ ਪਵਾਰ

# ਸੈਕਰਾਮੈਂਟੋ ਵਿੱਚ ਮੇਲੇ ਦੌਰਾਨ ਗਦਰੀ ਬਾਬਿਆਂ ਦੀ ਮਜਾਰ ’ਤੇ ਫੁੱਲ ਮਾਲਾਂ ਅਰਪਤ ਕੀਤੀਆਂ

## ✪ ਮਨਜੀਤ ਰੂਪੋਵਾਲੀਏ ਤੇ ਹੋਰਨਾਂ ਨੇ ਦੇਸ਼ ਭਗਤਾਂ ਦਾ ਸੰਗੀਤ ਸੁਣਾਇਆ

ਸੈਕਰਾਮੈਂਟੋ (ਕੈਲੀਫੋਰਨੀਆ) ( ਹੁਸਨ ਲੜੋਆ ਬੰਗਾ)-ਇੰਡੋ ਅਮਰੀਕਨ ਕਲਚਰ ਆਰਗਨਾਈਜੇਸ਼ਨ ਕੈਲੀਫੋਰਨੀਆ ਵੱਲੋਂ ਸੈਕਰਾਮੈਂਟੋ ਵਿੱਚ ਗਦਰੀ ਬਾਬਿਆਂ ਨੂੰ ਸਮਰਪਿਤ ਮੇਲੇ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ ਵੱਖ ਗਦਰੀ ਬਾਬਿਆਂ ਨੂੰ ਸਮਰਪਿਤ ਇਸ ਪ੍ਰੋਗਰਾਮ ਵਿੱਚ ਵੱਖ ਵੱਖ ਸੱਭਿਆਚਾਰਕ ਗੀਤ ਸੰਗੀਤ ਤੇ ਦੇਸ਼ ਭਗਤੀ ਦੇ ਪ੍ਰੋਗਰਾਮ ਦੇਖਣ ਨੂੰ ਮਿਲੇ ਐਤਕਾਂ ਇਹ ਮੇਲਾ ਅਬਦੁੱਲ ਨਾਹਲਬੰਦ ਬੂਟਾ ਸਿੰਘ ਕਸੇਲ, ਭਗਤ ਸਿੰਘ ਰੂੜੀਵਾਲ, ਇੰਦਰ ਸਿੰਘ ਸਾਹਿਬਾਜਪੁਰ, ਹਰੀ ਸਿੰਘ ਢੋਟੀਆਂ ਨੂੰ ਸਮਰਪਿਤ ਕੀਤਾ ਗਿਆ ਸੀ।

ਇਸ ਪ੍ਰੋਗਰਾਮ ਦਾ ਆਯੋਜਨ ਸਟੋਕਟਨ ਬੁੱਲੇਵਾਡ ਤੇ ਸਥਿਤ ਐਸ ਸੀ ਐਸ ਹਾਲ ਵਿੱਚ ਕੀਤਾ ਗਿਆ। ਇਸ ਪ੍ਰੋਗਰਾਮ ਦੀ ਫਰੀ ਐਂਟਰੀ ਦੇ ਨਾਲ ਨਾਲ ਲੰਗਰ ਦੀ ਸੁਵਿਧਾ ਵੀ ਕੀਤੀ ਗਈ ਸੀ। ਗੀਤ ਸੰਗੀਤ ਦੌਰਾਨ ਮਨਜੀਤ ਸਿੰਘ ਰੂਪੋਵਾਲੀਆ ਨੇ ਦੇਸ਼ ਭਗਤੀ ਦੇ ਗੀਤਾਂ ਦੇ ਨਾਲ ਨਾਲ ਸੱਭਿਆਚਾਰਕ ਗੀਤ ਗਾ ਕੇ ਲੋਕਾਂ ਦਾ ਮਨੋਰੰਜਨ ਕੀਤਾ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਸ਼ਹੀਦਾਂ ਦੇਸ਼ ਭਗਤਾਂ ਤੇ ਗਦਰੀ ਬਾਬਿਆਂ ਦੀਆਂ ਜੀਵਨੀਆਂ ਬਾਰੇ




ਵਿਸਥਾਰ ਸਹਿਤ ਚਾਨਣਾ ਪਾਇਆ ਇਹਨਾਂ ਬੁਲਾਰਿਆਂ ਵਿੱਚ ਕਸ਼ਮੀਰ ਸਿੰਘ ਕਾਂਗਣਾ, ਸੁਰਿੰਦਰ ਸਿੰਘ ਬਿੰਦਰਾ, ਗਿਆਨ ਸਿੰਘ ਬਿਲਗਾ ਡਾਕਟਰ ਸਵੈਮਾਨ ਸਿੰਘ ਦੇ ਪਿਤਾ ਜਸਵਿੰਦਰ ਪਾਲ ਸਿੰਘ ਉਹਨਾਂ ਦੀ ਮਾਤਾ ਸੁਰਿੰਦਰ ਕੌਰ ਤੇ ਉਹਨਾਂ ਦੇ ਭਰਾ ਸੰਗਰਾਮ ਸਿੰਘ ਨੇ ਆਪਣੇ ਆਪਣੇ ਵਿਚਾਰ ਰੱਖੇ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਸਥਾਨਕ ਢਾਡੀ ਗੁਰਨਾਮ ਸਿੰਘ ਭੰਡਾਲ ਦੇ ਜੱਥੇ ਨੇ ਢਾਡੀ ਵਾਰਾਂ ਰਾਹੀਂ ਸ਼ਹੀਦਾਂ ਦੀਆਂ ਵਾਰਾਂ ਗਾਈਆਂ। ਇਸ ਤੋਂ ਇਲਾਵਾ ਬੱਚਿਆਂ ਤੇ ਬੀਬੀਆਂ ਤੇ ਨੌਜਵਾਨਾਂ ਨੇ ਗਿੱਧੇ ਭੰਗੜੇ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕੀਤਾ, ਇਸ ਤੋਂ ਇਲਾਵਾ ਪੰਮੀ ਮਾਨ, ਰਾਜ ਬਰਾੜ, ਸ਼ੇਰ ਗਿੱਲ ਤੇ ਪੂਨਮ ਕੌੜਾ ਨੇ ਸਟੇਜ ਤੋਂ ਗੀਤ ਸੁਣਾਏ।

ਇਸ ਪ੍ਰੋਗਰਾਮ ਤੋਂ ਪਹਿਲਾਂ ਪ੍ਰੋਫੈਸਰ ਮੌਲਵੀ ਬਰਕਤਤੁੱਲਾ ਜੋ ਕਿ ਉਸ ਵੇਲੇ ਅਫਗਾਨਿਸਤਾਨ ਵਿੱਚ ਗਦਰ ਪਾਰਟੀ ਦੇ ਮੀਤ ਪ੍ਰਧਾਨ ਸਨ,ਦੀ ਮਜ਼ਾਰ ਤੇ ਜੋ ਕਿ ਡਾਊਨ ਟਾਊਨ ਸੈਕਰਾਮੈਂਟੋ ਵਿੱਚ ਪੈਂਦੀ ਹੈ ਉੱਥੇ ਜਾ ਕੇ ਪ੍ਰਬੰਧਕਾਂ ਵੱਲੋਂ ਫੁੱਲ ਮਾਲਾ ਅਰਪਤ ਕੀਤੀਆਂ ਤੇ ਤੇ ਝੰਡੇ ਚੜਾਉਣ ਦੀ ਰਸਮ ਤੇ ਗਿਆਨ ਸਿੰਘ ਬਿਲਗਾ, ਪਾਲ ਬਿੰਦਰਾ, ਬਲਵੰਤ ਬਾਂਕਾ ਤੇ ਹੋਰ ਪ੍ਰਬੰਧਕਾਂ ਨੇ ਕੀਤੀ।